ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARDHIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 237
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Thursday, 28 August, 2025) ਵੀਰਵਾਰ, 28 ਅਗਸਤ, 2025, 13 ਭਾਦੋਂ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਅਗਲੇ 4 ਦਿਨ ਤੇਜ਼ ਹਨ੍ਹੇਰੀ ਨਾਲ ਭਾਰੀ ਮੀਂਹ ਦਾ ਅਲਰਟ

ਨਵੀਂ ਦਿੱਲੀ, 27 ਅਗਸਤ (ਚੜ੍ਹਦੀਕਲਾ ਬਿਊਰੋ) : ਦੇਸ਼ ਭਰ ਵਿੱਚ ਮਾਨਸੂਨ ਇੱਕ ਵਾਰ ਫਿਰ ਪੂਰੀ ਰਫ਼ਤਾਰ ਨਾਲ ਵਾਪਸ ਆ ਗਿਆ ਹੈ। ਜਿੱਥੇ ਇੱਕ ਪਾਸੇ ਤਾਪਮਾਨ ਵਿੱਚ ਗਿਰਾਵਟ ਨੇ ਲੋਕਾਂ ਨੂੰ ਰਾਹਤ ਦਿੱਤੀ ਹੈ, ਉੱਥੇ ਦੂਜੇ ਪਾਸੇ ਭਾਰੀ ਬਾਰਿਸ਼ ਅਤੇ ਬੱਦਲ ਫਟਣ ਵਰਗੀਆਂ ਘਟਨਾਵਾਂ ਨੇ ਕਈ ਸੂਬਿਆਂ ਵਿੱਚ ਆਮ ਜਨਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਭਾਰਤੀ ਮੌਸਮ ਵਿਭਾਗ ਨੇ 28 ਤੋਂ 31 ਅਗਸਤ ਦੇ ਵਿਚਕਾਰ ਦੇਸ਼ ਦੇ ਕਈ ਹਿੱਸਿਆਂ ਵਿੱਚ ਭਾਰੀ ਬਾਰਿਸ਼, ਤੇਜ਼ ਹਵਾਵਾਂ ਅਤੇ ਹਨ੍ਹੇਰੀ-ਤੂਫ਼ਾਨ ਦੀ ਚੇਤਾਵਨੀ ਦਿੱਤੀ ਹੈ। ਰਾਜਧਾਨੀ ਦਿੱਲੀ ਵਿੱਚ ਵੀ ਮੀਂਹ ਦਾ ਦੌਰ ਜਾਰੀ ਹੈ। ਮੌਸਮ ਵਿਭਾਗ ਨੇ (ਬਾਕੀ ਸਫਾ 2 'ਤੇ)

# ਪੰਜਾਬ 'ਚ ਹੜ੍ਹਾਂ ਕਾਰਨ ਵਿਗੜੇ ਹਾਲਾਤ, ਬਚਾਅ ਕਾਰਜ ਲਈ ਫ਼ੌਜ ਨੇ ਸੰਭਾਲੀ ਕਮਾਨ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 27 ਅਗਸਤ : ਪੰਜਾਬ ਵਿੱਚ ਲਗਾਤਾਰ ਮੀਂਹ ਕਾਰਨ ਨਦੀਆਂ ਵਿੱਚ ਹੜ੍ਹ ਆਇਆ ਹੋਇਆ ਹੈ। ਇਸ ਕਾਰਨ ਕਈ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਦੇ ਨੀਵੇਂ ਇਲਾਕੇ ਡੁੱਬ ਗਏ ਹਨ। ਕਈ ਜ਼ਿਲ੍ਹਿਆਂ ਵਿੱਚ ਬਚਾਅ ਕਾਰਜ ਚਲਾਏ ਗਏ ਹਨ। ਕੇਂਦਰੀ ਅਤੇ ਸੂਬਾਈ ਏਜੰਸੀਆਂ ਦੇ ਨਾਲ ਮਿਲ ਕੇ ਫੌਜ ਦੀਆਂ ਟੀਮਾਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾ ਰਹੀਆਂ ਹਨ। ਮੌਸਮ ਵਿਭਾਗ ਨੇ ਸੂਬੇ ਵਿੱਚ ਭਾਰੀ ਮੀਂਹ ਦਾ ਅਲਰਟ ਜਾਰੀ ਕੀਤਾ ਹੈ ਅਤੇ ਇਸ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 27 ਤੋਂ 30 ਅਗਸਤ ਤੱਕ ਸੂਬੇ ਦੇ ਸਾਰੇ ਸਕੂਲ ਬੰਦ ਰੱਖਣ ਦਾ ਐਲਾਨ ਕੀਤਾ ਹੈ।

ਭਾਰੀ ਮੀਂਹ ਤੋਂ ਬਾਅਦ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਪੰਜਾਬ ਵਿੱਚ ਹੜ੍ਹ ਦੀ ਸਥਿਤੀ ਗੰਭੀਰ ਹੋ ਗਈ ਹੈ। ਪੌਂਗ, ਭਾਖੜਾ ਅਤੇ ਰਣਜੀਤ ਸਾਗਰ ਡੈਮਾਂ ਤੋਂ ਹੋਰ ਪਾਣੀ ਛੱਡਣ ਨਾਲ ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਪਿੰਡਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ, ਕਿਉਂਕਿ ਉਨ੍ਹਾਂ ਨੂੰ ਫਸਲਾਂ ਦੇ ਵੱਡੇ ਪੱਧਰ 'ਤੇ ਨੁਕਸਾਨ ਦਾ ਡਰ ਹੈ।

**ਇਨ੍ਹਾਂ ਜ਼ਿਲ੍ਹਿਆਂ ਦੇ ਪਿੰਡ ਸਭ ਤੋਂ ਵੱਧ ਪ੍ਰਭਾਵਿਤ**

ਸਭ ਤੋਂ ਵੱਧ ਪ੍ਰਭਾਵਿਤ ਪਿੰਡ ਪਠਾਨਕੋਟ, ਗੁਰਦਾਸਪੁਰ, ਫਾਜ਼ਿਲਕਾ, ਕਪੂਰਥਲਾ, ਤਰਨਤਾਰਨ, ਫਿਰੋਜ਼ਪੁਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਹਨ। ਅਧਿਕਾਰੀਆਂ ਨੇ ਦੱਸਿਆ ਕਿ ਪੰਜਾਬ ਵਿੱਚ ਕਿਸੇ ਵੀ ਸੰਭਾਵੀ ਹੜ੍ਹ ਦੀ ਸਥਿਤੀ ਨਾਲ ਨਜਿੱਠਣ ਅਤੇ ਪ੍ਰਭਾਵਿਤ ਖੇਤਰਾਂ ਵਿੱਚ ਤੁਰੰਤ ਰਾਹਤ ਯਕੀਨੀ ਬਣਾਉਣ ਲਈ ਜਲੰਧਰ ਦੇ ਸਰਕਟ ਹਾਊਸ ਵਿਖੇ ਇੱਕ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਸੂਬੇ ਵਿੱਚ ਲਗਾਤਾਰ ਮੀਂਹ ਅਤੇ ਹੜ੍ਹਾਂ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਹੈ ਅਤੇ 23 ਜ਼ਿਲ੍ਹਿਆਂ ਵਿੱਚੋਂ 16 ਵਿੱਚ ਕੁੱਲ 44,899 ਹੈਕਟੇਅਰ ਫਸਲੀ ਰਕਬਾ ਪ੍ਰਭਾਵਿਤ ਹੋਇਆ ਹੈ। ਕਈ ਜ਼ਿਲ੍ਹਿਆਂ ਵਿੱਚ ਮਕਾਨ ਢਹਿ ਗਏ ਹਨ ਅਤੇ ਮੌਤਾਂ ਵੀ ਖ਼ਬਰ ਹੈ। ਕਪੂਰਥਲਾ ਦੇ ਮੰਡ ਖੇਤਰ ਅਤੇ ਦੋਆਬਾ ਖੇਤਰ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡਾਂ ਵਿੱਚ ਸਥਿਤੀ ਹੋਰ ਵਿਗੜ ਗਈ। ਦੋਵਾਂ ਜ਼ਿਲ੍ਹਿਆਂ ਵਿੱਚ ਲਗਭਗ 15,000 ਏਕੜ ਖੇਤੀਬਾੜੀ ਜ਼ਮੀਨ ਡੁੱਬ ਗਈ ਹੈ। ਇਕੱਲੇ ਸੁਲਤਾਨਪੁਰ ਵਿੱਚ ਲਗਭਗ 30-35 ਪਿੰਡਾਂ ਦੀ ਲਗਭਗ 10,000 ਏਕੜ ਖੇਤੀਬਾੜੀ ਜ਼ਮੀਨ ਪ੍ਰਭਾਵਿਤ ਹੋਈ ਹੈ। ਕਪੂਰਥਲਾ ਜ਼ਿਲ੍ਹੇ ਦੇ ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਵਿੱਚ ਬੰਨ੍ਹ ਵਿੱਚ ਦਰਾਰ ਪੈਣ ਕਾਰਨ ਸਥਿਤੀ ਗੰਭੀਰ ਹੋ ਗਈ ਹੈ। ਦਰਿਆ ਦੇ ਕੰਢੇ 'ਤੇ ਉਗਾਈਆਂ ਗਈਆਂ ਫ਼ਸਲਾਂ ਦੀ ਰੱਖਿਆ ਲਈ ਬਣਾਇਆ ਗਿਆ ਇਹ ਬੰਨ੍ਹ ਤਿੰਨ ਥਾਵਾਂ ਤੋਂ ਟੁੱਟ ਗਿਆ, ਜਿਸ ਕਾਰਨ ਹੜ੍ਹਾਂ ਦੇ (ਬਾਕੀ ਸਫਾ 2 'ਤੇ)

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਵਿੱਤਰ ਸਰੂਪਾਂ ਦੇ ਗਾਇਬ ਹੋਣ ਦੇ ਮਾਮਲੇ 'ਚ ਪਟੀਸ਼ਨ ਦਾ ਨਿਪਟਾਰਾ

**ਅਸੀਂ ਉਮੀਦ ਕਰਦੇ ਹਾਂ ਕਿ ਸਰਕਾਰ ਇਸ ਮਾਮਲੇ 'ਚ ਚੁੱਕੇਗੀ ਢੁਕਵੇਂ ਕਦਮ: ਹਾਈ ਕੋਰਟ**

ਚੜ੍ਹਦੀਕਲਾ ਬਿਊਰੋ

================




ਚੰਡੀਗੜ੍ਹ, 27 ਅਗਸਤ :ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਵਿੱਤਰ ਸਰੂਪਾਂ ਦੇ ਗਾਇਬ ਹੋਣ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਥਿਤ ਲਾਪਰਵਾਹੀ ਵਿਰੁੱਧ ਇੱਕ ਜਨਹਿੱਤ ਪਟੀਸ਼ਨ ਦਾ ਹਾਈ ਕੋਰਟ ਨੇ ਨਿਪਟਾਰਾ ਕਰ ਦਿੱਤਾ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੀ ਡਿਵੀਜ਼ਨ ਬੈਂਚ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਸਰਕਾਰ ਇਸ ਮਾਮਲੇ ਵਿੱਚ ਢੁਕਵੇਂ ਕਦਮ ਚੁੱਕੇਗੀ। ਪਟੀਸ਼ਨਕਰਤਾ ਗੁਰਵਤਨ ਸਿੰਘ ਨੇ ਪਟੀਸ਼ਨ ਵਿੱਚ ਕਿਹਾ ਸੀ ਕਿ ਇਹ ਮਾਮਲਾ 2015 ਤੋਂ 2018 ਤੱਕ ਦਾ ਹੈ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਕਾਸ਼ਨ ਵਿਭਾਗ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਵਿੱਤਰ ਸਰੂਪ ਗਾਇਬ ਹੋ ਗਏ ਸਨ। ਇਸ ਮਾਮਲੇ ਦੀ ਜਾਂਚ ਲਈ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਇੱਕ ਕਮੇਟੀ ਬਣਾਈ ਗਈ ਸੀ। ਆਪਣੀ ਜਾਂਚ ਤੋਂ ਬਾਅਦ ਇਸ ਕਮੇਟੀ ਨੇ 23 ਅਗਸਤ, 2020 ਨੂੰ ਸ਼੍ਰੋਮਣੀ ਕਮੇਟੀ ਨੂੰ ਇੱਕ ਵਿਸਤ੍ਰਿਤ ਰਿਪੋਰਟ ਸੌਂਪੀ।

ਪਟੀਸ਼ਨਰਾਂ ਅਨੁਸਾਰ, ਉਨ੍ਹਾਂ ਨੇ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੀ ਲਾਪਰਵਾਹੀ ਨੂੰ ਦੇਖਦੇ ਹੋਏ 21 ਨਵੰਬਰ, 2024 ਨੂੰ ਇੱਕ ਪ੍ਰਤੀਨਿਧਤਾ ਸੌਂਪੀ ਸੀ। ਉਸੇ ਦਿਨ ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਵੀ ਇੱਕ ਪ੍ਰਤੀਨਿਧਤਾ ਦਿੱਤੀ ਸੀ, ਪਰ ਕਿਸੇ ਵੀ ਜਵਾਬਦੇਹ ਨੇ ਕੋਈ ਕਾਰਵਾਈ ਨਹੀਂ ਕੀਤੀ। ਜਦੋਂ ਇਨ੍ਹਾਂ ਪ੍ਰਤੀਨਿਧਤਾਵਾਂ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ ਤਾਂ ਪਟੀਸ਼ਨਰਾਂ ਨੇ 11 ਫਰਵਰੀ, 2025 ਨੂੰ ਇੱਕ ਹੋਰ ਯਾਦ ਪੱਤਰ ਭੇਜਿਆ। ਜਦੋਂ ਵਾਰ-ਵਾਰ ਅਪੀਲਾਂ ਕਰਨ ਦੇ ਬਾਵਜੂਦ ਕੋਈ ਜਵਾਬ ਨਹੀਂ ਮਿਲਿਆ ਤਾਂ ਪਟੀਸ਼ਨਰਾਂ ਨੇ 11 ਮਾਰਚ, 2025 ਨੂੰ ਸ਼੍ਰੋਮਣੀ ਕਮੇਟੀ ਨੂੰ ਕਾਨੂੰਨੀ ਨੋਟਿਸ ਭੇਜਿਆ। ਹਾਲਾਂਕਿ, ਇਸ ਨੋਟਿਸ ਦਾ ਵੀ ਕੋਈ ਜਵਾਬ ਨਹੀਂ ਆਇਆ, ਜਿਸ ਕਾਰਨ ਪਟੀਸ਼ਨਰਾਂ ਨੂੰ ਇਨਸਾਫ਼ ਲਈ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ। ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਹਾਈ ਕੋਰਟ ਇਸ ਮਾਮਲੇ ਵਿੱਚ ਕਾਰਵਾਈ ਕਰਨ ਲਈ ਜਵਾਬਦੇਹ ਨੂੰ ਨਿਰਦੇਸ਼ ਦੇਵੇ। ਪਟੀਸ਼ਨਰ ਚਾਹੁੰਦੇ ਹਨ ਕਿ ਅਦਾਲਤ ਜਨਤਕ ਹਿੱਤ ਦੇ ਇਸ ਮਾਮਲੇ ਦੀ ਸੁਣਵਾਈ ਕਰੇ ਅਤੇ ਸ਼੍ਰੋਮਣੀ ਕਮੇਟੀ ਦੀ ਲਾਪਰਵਾਹੀ ਨੂੰ ਦੂਰ ਕਰਨ ਲਈ ਢੁਕਵੇਂ ਨਿਰਦੇਸ਼ ਜਾਰੀ ਕਰੇ। (ਬਾਕੀ ਸਫਾ 2 'ਤੇ)

## ਜਰਮਨ ਅਖ਼ਬਾਰ ਵੱਲੋਂ ਖ਼ਬਰਨੁਮਾ ਰਿਪੋਰਟ 'ਚ ਦਾਅਵਾ 'ਆਪ੍ਰੇਸ਼ਨ ਸਿੰਦੂਰ' ਦੌਰਾਨ ਮੋਦੀ ਨੇ ਟਰੰਪ ਦੀਆਂ ਫ਼ੋਨ ਕਾਲਾਂ ਨੂੰ ਕੀਤਾ ਸੀ ਨਜ਼ਰਅੰਦਾਜ਼ !

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 27 ਅਗਸਤ: ਜਰਮਨ ਅਖ਼ਬਾਰ Frankfurter Allgemeine Zeitung ਜਿਸ ਨੂੰ ਇਸ ਦੇ ਸੰਖੇਪ ਨਾਮ ਐਫ.ਏ.ਜ਼ੈਡ. ਨਾਲ ਵੀ ਜਾਣਿਆ ਜਾਂਦਾ ਹੈ, ਦੀ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲੀਆ ਹਫ਼ਤਿਆਂ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫ਼ੋਨ 'ਤੇ ਗੱਲ ਕਰਨ ਦੀਆਂ ਘੱਟੋ-ਘੱਟ ਚਾਰ ਕੋਸ਼ਿਸ਼ਾਂ ਕੀਤੀਆਂ, ਪਰ ਭਾਰਤੀ ਪ੍ਰਧਾਨ ਮੰਤਰੀ ਨੇ ਉਨ੍ਹਾਂ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਅਖ਼ਬਾਰ ਦਾ ਕਹਿਣਾ ਹੈ ਕਿ ਇਹ 'ਉਨ੍ਹਾਂ (ਮੋਦੀ) ਦੇ ਗੁੱਸੇ ਦੀ ਡੂੰਘਾਈ, ਪਰ ਉਨ੍ਹਾਂ ਦੀ ਚੌਕਸੀ' ਨੂੰ ਦਰਸਾਉਂਦਾ ਹੈ। ਕਾਬਿਲੇਗੌਰ ਹੈ ਕਿ ਅਮਰੀਕੀ ਰਾਸ਼ਟਰਪਤੀ ਵੱਲੋਂ ਭਾਰਤ 'ਤੇ ਰੂਸ ਤੋਂ ਤੇਲ ਦੀ ਖਰੀਦ ਬਦਲੇ ਜੁਰਮਾਨੇ ਵਜੋਂ 25 ਫੀਸਦੀ ਵਾਧੂ ਟੈਕਸ ਲਗਾਉਣ ਮਗਰੋਂ ਪਿਛਲੇ ਕੁਝ ਹਫ਼ਤਿਆਂ ਵਿੱਚ ਭਾਰਤ-ਅਮਰੀਕਾ ਸਬੰਧਾਂ ਵਿੱਚ ਕਸ਼ੀਦਗੀ ਵਧੀ ਹੈ।ਬਰਲਿਨ ਸਥਿਤ ਗਲੋਬਲ (ਬਾਕੀ ਸਫਾ 2 'ਤੇ)

## ਹਥਿਆਰਬੰਦ ਬਲਾਂ ਨੂੰ ਲੰਬੇ ਸੰਘਰਸ਼ਾਂ ਲਈ ਤਿਆਰ ਰਹਿਣਾ ਚਾਹੀਦੈ: ਰਾਜਨਾਥ ਸਿੰਘ

ਮਹੂ (ਮੱਧ ਪ੍ਰਦੇਸ਼), 27 ਅਗਸਤ (ਚੜ੍ਹਦੀਕਲਾ ਬਿਊਰੋ) : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਬੁੱਧਵਾਰ ਨੂੰ ਕਿਹਾ ਕਿ ਅਣਕਿਆਸੀ ਭੂ-ਰਾਜਨੀਤਿਕ ਸਥਿਤੀ ਦੇ ਮੱਦੇਨਜ਼ਰ ਦੇਸ਼ ਦੀਆਂ ਹਥਿਆਰਬੰਦ ਫੌਜਾਂ ਨੂੰ ਹਰ ਤਰ੍ਹਾਂ ਦੀਆਂ ਸੁਰੱਖਿਆ ਚੁਣੌਤੀਆਂ ਲਈ ਤਿਆਰ ਰਹਿਣਾ ਚਾਹੀਦਾ ਹੈ, ਜਿਸ ਵਿੱਚ ਥੋੜ੍ਹੇ ਸਮੇਂ ਦੇ ਟਕਰਾਅ ਤੋਂ ਲੈ ਕੇ ਪੰਜ ਸਾਲਾਂ ਦੀ ਜੰਗ ਤੱਕ ਸ਼ਾਮਲ ਹੈ। ਮਹੂ ਫੌਜੀ ਛਾਉਣੀ ਦੇ ਆਰਮੀ ਵਾਰ ਕਾਲਜ ਵਿਖੇ ਤਿੰਨਾਂ ਸੈਨਾਵਾਂ ਦੇ ਸਾਂਝੇ ਸਿੰਪੋਜ਼ੀਅਮ 'ਰਣ ਸੰਵਾਦ 2025' ਦੇ ਦੂਜੇ ਅਤੇ ਆਖਰੀ ਦਿਨ ਪੂਰਨ ਸੈਸ਼ਨ ਨੂੰ ਸੰਬੋਧਨ ਕਰਦੇ ਸਿੰਘ ਨੇ ਕਿਹਾ ਕਿ ਭਾਰਤ ਕਿਸੇ ਦੀ ਜ਼ਮੀਨ ਨਹੀਂ ਚਾਹੁੰਦਾ ਪਰ ਆਪਣੀ ਖੇਤਰੀ ਅਖੰਡਤਾ ਦੀ (ਬਾਕੀ ਸਫਾ 2 'ਤੇ)

## ਮੁੱਖ ਮੰਤਰੀ ਵੱਲੋਂ ਹੜ੍ਹ ਪੀੜਤ ਖੇਤਰਾਂ ਦੇ ਦੌਰੇ ਸਮੇਂ ਲੋਕਾਂ ਨਾਲ ਗੱਲਬਾਤ

# ਮਾਨ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਤਾਇਨਾਤ ਕੀਤਾ ਆਪਣਾ ਹੈਲੀਕਾਪਟਰ

ਡਾਕਟਰ ਨਰਿੰਦਰ ਸਿੰਘ ਘੁਮਾਣ
ਜਗਮੋਹਣ ਬਾਗੋਂਵਾਣੀ

================



ਬਟਾਲਾ, ਨੁਸ਼ਹਿਰਾ ਮੱਝਾ ਸਿੰਘ, 27 ਅਗਸਤ: ਅੱਜ ਜਦੋਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਬਹਿਰਾਮਪੁਰ ਵਿਖੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰ ਰਹੇ ਸਨ ਤਾਂ ਮੁੱਖ ਮੰਤਰੀ ਪੰਜਾਬ ਨੂੰ ਸੂਬੇ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨਾਲ ਬਹਿਰਾਮਪੁਰ ਦੇ ਪੰਚ-ਸਰਪੰਚ ਮਿਲੇ ਤੇ ਸਾਰੀ ਸਥਿਤੀ ਤੋਂ ਜਾਣੂੰ ਕਰਵਾਇਆ। ਮੁੱਖ ਮੰਤਰੀ ਪੰਜਾਬ ਨੇ ਤੁਰੰਤ ਹੜ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਸਮੱਗਰੀ ਵੰਡਣ ਲਈ ਆਪਣਾ ਹੈਲੀਕਾਪਟਰ ਤਾਇਨਾਤ ਕੀਤਾ ਤਾਂ ਜੋ ਪੀੜਤਾਂ ਨੂੰ ਤੁਰੰਤ ਰਾਹਤ ਸਮੱਗਰੀ ਵੰਡਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵਲੋਂ ਰਾਵੀ ਦਰਿਆ ਨਾਲ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਗਿਆ ਹੈ। (ਬਾਕੀ ਸਫਾ 2 'ਤੇ)

## ਸੂਬੇ 'ਚ 24 ਘੰਟੇ ਹੜ੍ਹ ਕੰਟਰੋਲ ਰੂਮ ਕਰਨਗੇ ਕੰਮ, ਲੋਕ ਹੰਗਾਮੀ ਹਾਲਤ 'ਚ ਸੰਪਰਕ ਕਰਨ: ਗੋਇਲ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 27 ਅਗਸਤ :ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਕਿਹਾ ਕਿ ਹੰਗਾਮੀ ਸਥਿਤੀਆਂ ਵਿੱਚ ਲੋਕਾਂ ਦੀ ਸਹਾਇਤਾ ਲਈ ਸੂਬੇ ਭਰ ਵਿੱਚ ਹੜ੍ਹ ਕੰਟਰੋਲ ਰੂਮ 24x7 ਕੰਮ ਕਰ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਇਨ੍ਹਾਂ ਨੰਬਰਾਂ 'ਤੇ ਤੁਰੰਤ ਸੰਪਰਕ ਕਰ ਸਕਦੇ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਦਾ ਹੜ੍ਹ ਕੰਟਰੋਲ ਰੂਮ ਨੰਬਰ 0161-2433100 ਹੈ ਜਦਕਿ ਜ਼ਿਲ੍ਹਾ ਰੋਪੜ ਦਾ ਕੰਟਰੋਲ ਰੂਮ ਨੰਬਰ 01881-221157, ਗੁਰਦਾਸਪੁਰ ਕੰਟਰੋਲ ਰੂਮ ਨੰ. 01874-266376 ਅਤੇ 18001801852, ਮਾਨਸਾ ਕੰਟਰੋਲ ਰੂਮ ਨੰਬਰ 01652-229082, ਪਠਾਨਕੋਟ ਕੰਟਰੋਲ ਰੂਮ ਨੰ. 0186-2346944 ਅਤੇ 97791-02351, ਅੰਮ੍ਰਿਤਸਰ ਕੰਟਰੋਲ ਰੂਮ ਨੰ. 0183-2229125, ਤਰਨ ਤਾਰਨ ਕੰਟਰੋਲ ਰੂਮ ਨੰ. 01852-224107, ਹੁਸ਼ਿਆਰਪੁਰ ਕੰਟਰੋਲ ਰੂਮ ਨੰ. 01882-220412, ਜਲੰਧਰ ਕੰਟਰੋਲ ਰੂਮ ਨੰ. 0181-2224417 ਅਤੇ 94176-57802, ਐਸ.ਬੀ.ਐਸ ਨਗਰ ਕੰਟਰੋਲ ਰੂਮ ਨੰ. 01823-220645, ਸੰਗਰੂਰ ਕੰਟਰੋਲ ਰੂਮ ਨੰ. 01672-234196, ਪਟਿਆਲਾ ਕੰਟਰੋਲ ਰੂਮ ਨੰ. 0175-2350550 ਅਤੇ 2358550, ਐਸ.ਏ.ਐਸ ਨਗਰ ਕੰਟਰੋਲ ਰੂਮ ਨੰ. 0172-2219506, ਸ੍ਰੀ ਮੁਕਤਸਰ ਸਾਹਿਬ ਕੰਟਰੋਲ ਰੂਮ ਨੰ. 01633-260341, ਫ਼ਰੀਦਕੋਟ ਕੰਟਰੋਲ ਰੂਮ ਨੰ. 01639-250338, ਫ਼ਾਜ਼ਿਲਕਾ ਕੰਟਰੋਲ ਰੂਮ ਨੰ. 01638-262153, ਫ਼ਿਰੋਜ਼ਪੁਰ ਕੰਟਰੋਲ ਰੂਮ ਨੰ. 01632-245366, (ਬਾਕੀ ਸਫਾ 2 'ਤੇ)

## ਏਕਤਾ ਲਈ ਇਕਸਾਰਤਾ ਦੀ ਲੋੜ ਨਹੀਂ: ਭਾਗਵਤ

ਨਵੀਂ ਦਿੱਲੀ, 27 ਅਗਸਤ (ਚੜ੍ਹਦੀਕਲਾ ਬਿਊਰੋ) : ਦੇਸ਼ ਵਿੱਚ ਏਕਤਾ ਦਾ ਸੰਦੇਸ਼ ਦਿੰਦੇ ਹੋਏ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਮੁਖੀ ਮੋਹਨ ਭਾਗਵਤ ਨੇ ਮੰਗਲਵਾਰ ਨੂੰ ਏਕਤਾ ਲਈ ਇਕਸਾਰਤਾ ਦੀ ਜ਼ਰੂਰਤ ਨੂੰ ਨਕਾਰਦੇ ਹੋਏ ਕਿਹਾ, 'ਅਨੇਕਤਾ ਵਿੱਚ ਏਕਤਾ ਹੈ ਅਤੇ ਵਿਭਿੰਨਤਾ ਏਕਤਾ ਦਾ ਨਤੀਜਾ ਹੈ।' ਆਰਐਸਐਸ ਦੇ 100 ਸਾਲ ਪੂਰੇ ਹੋਣ ਦੇ ਮੌਕੇ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸ਼ਖਸੀਅਤਾਂ ਨੂੰ ਸੰਬੋਧਨ ਕਰਦੇ ਉਨ੍ਹਾਂ ਨੇ ਹਿੰਦੂਆਂ ਨੂੰ ਭੂਗੋਲ ਅਤੇ ਪਰੰਪਰਾਵਾਂ ਦੇ ਵਿਸ਼ਾਲ ਢਾਂਚੇ ਵਿੱਚ ਪਰਿਭਾਸ਼ਿਤ ਕੀਤਾ ਅਤੇ ਕਿਹਾ ਕਿ ਕੁਝ ਲੋਕ ਜਾਣਦੇ ਹਨ ਪਰ ਆਪਣੇ ਆਪ ਨੂੰ ਹਿੰਦੂ ਨਹੀਂ ਮੰਨਦੇ, ਜਦੋਂ ਕਿ ਕੁਝ ਹੋਰ ਇਸਨੂੰ ਨਹੀਂ ਜਾਣਦੇ। ਉਹਨਾਂ ਨੇ ਇਹ ਗੱਲ ਵਿਗਿਆਨ ਭਵਨ ਵਿਖੇ ਆਯੋਜਿਤ 'ਆਰਐਸਐਸ ਦੀ 100 ਸਾਲਾਂ ਦੀ ਯਾਤਰਾ: ਨਵੇਂ ਦਿਸਹੱਦੇ' ਵਿਸ਼ੇ 'ਤੇ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਕਹੀ। (ਬਾਕੀ ਸਫਾ 2 'ਤੇ)

# ਸ੍ਰੀ ਕਰਤਾਰਪੁਰ ਸਾਹਿਬ ਗੁਰਦੁਆਰਾ ਹੜ੍ਹਾਂ 'ਚ ਡੁੱਬਿਆ

**ਦੇਸ਼-ਵਿਦੇਸ਼ ਦੀ ਸੰਗਤ ਤੇ ਸਿੱਖ ਪੰਥ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ**

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

===========



ਦੇਸ਼-ਵਿਦੇਸ਼ ਵਿੱਚ ਨਾਨਕ ਨਾਮ ਲੇਵਾ ਸੰਗਤ ਅਤੇ ਸਿੱਖ ਪੰਥ ਲਈ ਹੁਣ ਚਿੰਤਾ ਦਾ ਵਿਸ਼ਾ ਹੈ ਕਿ ਪਵਿੱਤਰ ਗੁਰਦੁਆਰਾ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਜੋ ਗੁਰੂ ਨਾਨਕ ਦੇਵ ਜੀ ਦਾ ਅੰਤਿਮ ਸਥਾਨ ਜੋ ਪਾਕਿਸਤਾਨ ਵਿੱਚ ਰਾਵੀ ਨਦੀ ਦੇ ਬਿਲਕੁਲ ਕਿਨਾਰੇ 'ਤੇ ਸਥਿਤ ਹੈ, ਹੁਣ ਰਾਵੀ ਨਦੀ ਵਿੱਚ ਆਏ ਤਬਾਹੀ ਵਾਲੇ ਹੜ੍ਹਾਂ ਦੇ ਕਾਰਨ ਪਾਣੀ ਦੀ ਮਾਰ ਹੇਠ ਆ ਗਿਆ ਹੈ ਤੇ ਹੁਣ ਤੱਕ ਪ੍ਰਾਪਤ ਸੂਚਨਾਵਾਂ ਦੇ ਅਨੁਸਾਰ ਸਮੁੱਚੇ ਗੁਰਦੁਆਰਾ ਸਾਹਿਬ ਤੇ ਉਸਦੇ ਆਲੇ ਦੁਆਲੇ ਸੱਤ ਤੋਂ 10 ਫੁੱਟ ਤੱਕ ਪਾਣੀ ਹੈ ਅਤੇ ਉਥੇ ਫ਼ਸੇ ਹੋਏ ਸੇਵਾਦਾਰਾਂ ਨੂੰ ਸੁਰੱਖਿਅਤ ਕੱਢਣ ਲਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਲਾਮਤੀ ਲਈ ਵੱਖਰੇ ਪ੍ਰਬੰਧ ਕੀਤੇ ਗਏ ਹਨ।

ਪ੍ਰਾਪਤ ਜਾਣਕਾਰੀ ਤੇ ਸੂਤਰਾਂ ਅਨੁਸਾਰ ਪਾਕਿਸਤਾਨੀ ਪੰਜਾਬ ਵਿੱਚ ਭਾਰੀ ਮੀਂਹ ਅਤੇ ਰਾਵੀ ਦਰਿਆ ਦੇ ਖਤਰਨਾਕ ਵਹਾਓ ਕਾਰਨ ਸਿੱਖਾਂ ਦਾ ਸਭ ਤੋਂ ਪਵਿੱਤਰ ਸਥਾਨ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਇਸ ਵੇਲੇ ਹੜ੍ਹਾਂ ਦੀ ਚਪੇਟ ਵਿੱਚ ਹੈ। ਤਸਵੀਰਾਂ ਅਤੇ ਵੀਡੀਓਜ਼ ਦਰਸਾਉਂਦੀਆਂ ਹਨ ਕਿ ਦਰਬਾਰ ਸਾਹਿਬ ਦਾ ਵੱਡਾ ਹਿੱਸਾ 3-6 ਤੇ ਕਈ ਪਾਸੇ ਤੋਂ 10 ਫੁੱਟ ਤੱਕ ਪਾਣੀ ਨਾਲ ਡੁੱਬਿਆ ਹੋਇਆ ਹੈ। ਹਾਲਾਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਚੀ ਮੰਜ਼ਿਲ 'ਤੇ ਸੁਰੱਖਿਅਤ ਹਨ, ਪਰ ਗੁਰਦੁਆਰੇ ਦੇ ਨੀਵੇਂ ਹਿੱਸੇ, ਲੰਗਰ ਹਾਲ ਅਤੇ ਕੋਰੀਡੋਰ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਗਏ ਹਨ।ਸੂਚਨਾਵਾਂ ਅਨੁਸਾਰ ਸੇਵਾਦਾਰਾਂ ਅਤੇ ਕਰਮਚਾਰੀਆਂ ਨੂੰ ਫੌਜੀ ਤੇ ਸਿਵਲ ਰੈਸਕਿਊ ਟੀਮਾਂ ਦੁਆਰਾ ਸੁਰੱਖਿਅਤ ਥਾਵਾਂ ਵੱਲ ਲਿਜਾਇਆ ਜਾ ਰਿਹਾ ਹੈ। (ਬਾਕੀ ਸਫਾ 2 'ਤੇ)

## ਸ੍ਰੀ ਕਰਤਾਰਪੁਰ ਸਾਹਿਬ 'ਚ ਹੜ੍ਹ ਦਾ ਪਾਣੀ ਦਾਖ਼ਲ ਹੋਣਾ ਚਿੰਤਾ ਦਾ ਵਿਸ਼ਾ: ਜਥੇਦਾਰ ਗੜਗੱਜ



ਅੰਮ੍ਰਿਤਸਰ, 27 ਅਗਸਤ (ਬਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਲਹਿੰਦੇ ਪੰਜਾਬ ਪਾਕਿਸਤਾਨ ਵਿੱਚ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਅੰਦਰ ਰਾਵੀ ਦਰਿਆ ਵਿੱਚ ਆਏ ਹੜ੍ਹ ਦਾ ਪਾਣੀ ਵੜਨ ਉੱਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਕਰਤਾਰਪੁਰ ਸਾਹਿਬ ਦੇ ਮੁੱਖ ਦਰਬਾਰ ਸਮੇਤ ਸਮੁੱਚੇ ਸਮੂਹ ਅੰਦਰ ਕਈ-ਕਈ ਫੁੱਟ ਪਾਣੀ ਨੇ ਮਾਰ ਕੀਤੀ ਹੈ ਜਿਸ ਨਾਲ ਦੇਸ਼-ਵਿਦੇਸ਼ ਵਿੱਚ ਵੱਸਦੀ ਸਿੱਖ ਸੰਗਤ ਦੇ ਮਨਾਂ ਅੰਦਰ (ਬਾਕੀ ਸਫਾ 2 'ਤੇ)

# ਗੁਜਰਾਤ ਮਾਡਲ 'ਵੋਟ ਚੋਰੀ' ਦਾ ਮਾਡਲ: ਰਾਹੁਲ ਗਾਂਧੀ

**'ਟਰੰਪ ਦੇ ਹੁਕਮਾਂ 'ਤੇ ਪ੍ਰਧਾਨ ਮੰਤਰੀ ਨੇ 5 ਘੰਟਿਆਂ 'ਚ ਜੰਗ ਰੁਕਵਾਈ'**

ਚੜ੍ਹਦੀਕਲਾ ਬਿਊਰੋ

================



ਮੁਜ਼ੱਫਰਪੁਰ , 27 ਅਗਸਤ: ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਦੋਸ਼ ਲਗਾਇਆ ਕਿ ਗੁਜਰਾਤ ਦੇ ਮੁੱਖ ਮੰਤਰੀ ਰਹਿਣ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿਸ 'ਗੁਜਰਾਤ ਮਾਡਲ' ਦਾ ਜ਼ਿਕਰ ਕਰਦੇ ਸਨ ਉਹ ਅਸਲ ਵਿਚ 'ਵੋਟ ਚੋਰੀ' ਮਾਡਲ ਸੀ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ 'ਚ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ, ਜਿੱਥੇ ਉਨ੍ਹਾਂ ਦੇ ਨਾਲ ਡੀ.ਐਮ.ਕੇ. ਦੇ ਐਮ.ਕੇ. ਸਟਾਲਿਨ ਅਤੇ ਆਰ.ਜੇ.ਡੀ. ਦੇ ਤੇਜਸਵੀ ਯਾਦਵ ਵੀ ਸ਼ਾਮਲ ਹੋਏ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਭਾਜਪਾ ਨੇ ਗੁਜਰਾਤ ਦੇ ਲੋਕਾਂ ਦੀਆਂ ਵੋਟਾਂ ਚੋਰੀ ਕਰਨੀਆਂ ਸ਼ੁਰੂ ਕਰ ਦਿਤੀਆਂ। ਉਨ੍ਹਾਂ ਕਿਹਾ,"ਭਾਜਪਾ, ਮੋਦੀ ਅਤੇ ਸ਼ਾਹ ਚੋਣ ਕਮਿਸ਼ਨ ਦੀ ਮਦਦ ਨਾਲ ਵੋਟਾਂ ਚੋਰੀ ਕਰ ਕੇ ਚੋਣਾਂ ਜਿੱਤਦੇ ਹਨ।" ਉਨ੍ਹਾਂ ਅੱਗੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਪਾਕਿਸਤਾਨ ਨਾਲ ਫੌਜੀ ਸੰਘਰਸ਼ ਨੂੰ ਪੰਜ ਘੰਟਿਆਂ ਦੇ ਅੰਦਰ ਖਤਮ ਕਰਨ ਲਈ ਸਹਿਮਤ ਹੋ ਗਏ ਸਨ। ਲੋਕ ਸਭਾ 'ਚ (ਬਾਕੀ ਸਫਾ 2 'ਤੇ)

## ਗੁਜਰਾਤ 'ਚ 'ਗੁੰਮਨਾਮ ਪਾਰਟੀਆਂ' ਦੇ 4300 ਕਰੋੜ ਦੇ ਚੰਦੇ 'ਤੇ ਰਾਹੁਲ ਨੇ ਚੁੱਕੇ ਸਵਾਲ

ਨਵੀਂ ਦਿੱਲੀ , 27 ਅਗਸਤ (ਚੜ੍ਹਦੀਕਲਾ ਬਿਊਰੋ) : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਇਕ ਮੀਡੀਆ ਰਿਪੋਰਟ ਦਾ ਹਵਾਲਾ ਦਿਤਾ, ਜਿਸ 'ਚ ਦਾਅਵਾ ਕੀਤਾ ਗਿਆ ਹੈ ਕਿ ਗੁਜਰਾਤ 'ਚ ਕੁੱਝ 'ਗੁੰਮਨਾਮ ਪਾਰਟੀਆਂ' ਨੂੰ 2019-20 ਤੋਂ 2023-24 ਦਰਮਿਆਨ 4,300 ਕਰੋੜ ਰੁਪਏ ਦਾ ਚੰਦਾ ਮਿਲਿਆ ਹੈ। ਚੋਣ ਕਮਿਸ਼ਨ ਵਲੋਂ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੀਡੀਆ ਰਿਪੋਰਟ ਸਾਂਝੀ ਕੀਤੀ, ਜਿਸ 'ਚ ਦਾਅਵਾ ਕੀਤਾ ਗਿਆ ਹੈ ਕਿ ਗੁਜਰਾਤ 'ਚ 10 ਗੁੰਮਨਾਮ ਰਜਿਸਟਰਡ (ਬਾਕੀ ਸਫਾ 2 'ਤੇ)

## ਕੈਨੇਡਾ ਵੱਲੋਂ ਭਾਰਤੀ ਵਿਦਿਆਰਥੀਆਂ ਦੇ ਸਟੱਡੀ ਵੀਜ਼ਿਆਂ 'ਚ ਵੱਡੀ ਕਟੌਤੀ

ਚੰਡੀਗੜ੍ਹ, 27 ਅਗਸਤ (ਚੜ੍ਹਦੀਕਲਾ ਬਿਊਰੋ) : ਅਮਰੀਕਾ ਵਲੋਂ ਭਾਰਤੀਆਂ 'ਤੇ ਲਗਾਈਆਂ ਜਾ ਰਹੀਆਂ ਪਾਬੰਦੀਆਂ ਤੋਂ ਬਾਅਦ ਹੁਣ ਕੈਨੇਡਾ ਨੇ ਵੀ ਇਕ ਵਾਰੀ ਮੁੜ ਭਾਰਤੀਆਂ ਤੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸਦਾ ਅੰਦਾਜ਼ਾ ਇਸ ਗੱਲ ਤੋਂ ਲਗਦਾ ਹੈ ਕਿ ਕੈਨੇਡਾ ਨੇ ਇਸ ਵਾਰੀ ਭਾਰਤੀ ਵਿਦਿਆਰਥੀਆਂ ਨੂੰ ਸਟੱਡੀ ਵੀਜ਼ਾ ਦੇਣ 'ਚ ਭਾਰੀ ਕਮੀ ਕਰ ਦਿੱਤੀ ਹੈ। ਕੈਨੇਡਾਈ ਨਾਗਰਿਕਤਾ ਤੇ ਇਮੀਗ੍ਰੇਸ਼ਨ ਵਿਭਾਗ ਵਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਅਪ੍ਰੈਲ ਤੋਂ ਜੂਨ 2025 ਤੱਕ ਭਾਰਤੀ ਵਿਦਿਆਰਥੀਆਂ ਨੂੰ ਸਿਰਫ਼ 17,885 ਸਟੱਡੀ ਵੀਜ਼ੇ ਜਾਰੀ ਕੀਤੇ ਗਏ ਹਨ। ਜਦਕਿ ਇਸੇ ਸਮੇਂ ਦੌਰਾਨ 2024 ਵਿਚ 55,660 ਵੀਜ਼ੇ ਜਾਰੀ ਕੀਤੇ ਗਏ ਸਨ। ਇਸ 'ਚ 66 ਫ਼ੀਸਦੀ ਦੀ ਗਿਰਾਵਟ (ਬਾਕੀ ਸਫਾ 2 'ਤੇ)

# ਮਹਾਰਾਸ਼ਟਰ-ਛੱਤੀਸਗੜ੍ਹ ਸਰਹੱਦ ਨੇੜੇ ਮੁਕਾਬਲੇ 'ਚ 4 ਨਕਸਲੀ ਢੇਰ

ਚੜ੍ਹਦੀਕਲਾ ਬਿਊਰੋ

================



ਗੜ੍ਹਚਿਰੌਲੀ, 27 ਅਗਸਤ: ਪੂਰਬੀ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਜ਼ਿਲ੍ਹੇ 'ਚ ਬੁੱਧਵਾਰ ਨੂੰ ਮੁਕਾਬਲੇ 'ਚ ਤਿੰਨ ਔਰਤਾਂ ਸਮੇਤ ਘੱਟੋ-ਘੱਟ ਚਾਰ ਨਕਸਲੀ ਮਾਰੇ ਗਏ। ਪੁਲਿਸ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਘਟਨਾ ਛੱਤੀਸਗੜ੍ਹ ਦੇ ਗੜ੍ਹਚਿਰੌਲੀ ਅਤੇ ਨਰਾਇਣਪੁਰ ਜ਼ਿਲ੍ਹੇ ਦੀ ਸਰਹੱਦ ਨੇੜੇ ਵਾਪਰੀ। ਪੁਲਿਸ ਨੂੰ 25 ਅਗੱਸਤ ਨੂੰ ਭਰੋਸੇਯੋਗ ਜਾਣਕਾਰੀ ਮਿਲੀ ਸੀ ਕਿ ਗੱਟਾ ਦਲਮ, ਕੰਪਨੀ ਨੰਬਰ 10 ਅਤੇ ਗੜ੍ਹਚਿਰੌਲੀ ਡਿਵੀਜ਼ਨ ਦੇ ਹੋਰ ਮਾਓਵਾਦੀ ਸੰਗਠਨ ਕੋਪਰਸ਼ੀ ਜੰਗਲ ਖੇਤਰ ਵਿਚ ਮੌਜੂਦ ਹਨ। ਗੜ੍ਹਚਿਰੌਲੀ ਪੁਲਿਸ ਦੀ ਨਕਸਲ ਵਿਰੋਧੀ ਕਮਾਂਡੋ ਫੋਰਸ ਸੀ-60 ਦੀਆਂ 19 ਇਕਾਈਆਂ ਅਤੇ ਸੀ.ਆਰ.ਪੀ.ਐਫ. ਦੀ ਕੁਇਕ ਐਕਸ਼ਨ ਟੀਮ ਦੀਆਂ ਦੋ ਯੂਨਿਟਾਂ ਨੂੰ ਇਲਾਕੇ ਵਿਚ ਭੇਜਿਆ ਗਿਆ। ਪਿਛਲੇ ਦੋ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਦੇ ਬਾਵਜੂਦ ਵਧੀਕ ਪੁਲਿਸ ਸੁਪਰਡੈਂਟ ਓਰਾਟਿਜਨ ਐਮ. ਰਮੇਸ਼ ਦੀ (ਬਾਕੀ ਸਫਾ 2 'ਤੇ)

# ਯੋਗੀ ਵੱਲੋਂ ਮੰਤਰੀਆਂ ਨੂੰ ਤੁਰੰਤ ਆਪੋ-ਆਪਣੇ ਜ਼ਿਲ੍ਹਿਆਂ 'ਚ ਹੜ੍ਹ ਰਾਹਤ-ਬਚਾਅ ਕਾਰਜਾਂ ਦੀ ਕਮਾਨ ਸੰਭਾਲਣ ਦੇ ਨਿਰਦੇਸ਼

ਚੜ੍ਹਦੀਕਲਾ ਬਿਊਰੋ

================

**ਯੂ.ਪੀ. ਦੇ 17 ਜ਼ਿਲ੍ਹੇ ਹੜ੍ਹ ਦੀ ਚਪੇਟ 'ਚ**

ਲਖਨਊ, 27 ਅਗਸਤ: ਉੱਤਰ ਪ੍ਰਦੇਸ਼ ਵਿੱਚ ਲਗਾਤਾਰ ਭਾਰੀ ਬਾਰਿਸ਼ ਕਾਰਨ ਦੇਸ਼ ਦੇ 17 ਜ਼ਿਲ੍ਹੇ ਹੜ੍ਹਾਂ ਦੀ ਲਪੇਟ ਵਿੱਚ ਹਨ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ, ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਬੁੱਧਵਾਰ ਨੂੰ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦੇ ਇੰਚਾਰਜ ਮੰਤਰੀਆਂ ਨੂੰ ਆਪਣੇ-ਆਪਣੇ ਜ਼ਿਲ੍ਹਿਆਂ ਵਿੱਚ ਰਾਹਤ ਅਤੇ ਬਚਾਅ ਕਾਰਜਾਂ ਦੀ ਜ਼ਿੰਮੇਵਾਰੀ ਤੁਰੰਤ ਸੰਭਾਲਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਸਾਰੇ ਜਨ ਪ੍ਰਤੀਨਿਧੀਆਂ ਨੂੰ ਇਸ ਗਤੀਵਿਧੀ ਵਿੱਚ ਬਹੁਤ ਉਤਸ਼ਾਹ ਨਾਲ ਹਿੱਸਾ ਲੈਣ ਅਤੇ ਪ੍ਰਭਾਵਿਤ ਲੋਕਾਂ ਦੀ ਹਰ ਜ਼ਰੂਰਤ ਦਾ ਧਿਆਨ ਰੱਖਣ ਲਈ ਵੀ ਕਿਹਾ। ਮੁੱਖ ਮੰਤਰੀ ਯੋਗੀ ਨੇ ਅਧਿਕਾਰੀਆਂ ਨੂੰ ਵਿਸ਼ੇਸ਼ ਨਿਰਦੇਸ਼ ਦਿੱਤੇ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਵਿਅਕਤੀ ਹੜ੍ਹ ਦੀ ਸਮੱਸਿਆ ਤੋਂ ਪ੍ਰੇਸ਼ਾਨ ਨਾ ਹੋਵੇ, ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਜਾਵੇ ਅਤੇ ਪਸ਼ੂਆਂ ਲਈ ਵੀ ਢੁਕਵੇਂ ਪ੍ਰਬੰਧ ਕੀਤੇ ਜਾਣ। ਲਗਭਗ ਢਾਈ ਲੱਖ ਲੋਕਾਂ ਅਤੇ 30 ਹਜ਼ਾਰ ਪਸ਼ੂਆਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਹੈ।

ਰਾਹਤ ਕਮਿਸ਼ਨਰ ਭਾਨੂ ਚੰਦਰ ਗੋਸਵਾਮੀ ਦੇ ਅਨੁਸਾਰ, ਦੇਸ਼ ਦੀਆਂ 37 ਤਹਿਸੀਲਾਂ ਅਤੇ 688 ਪਿੰਡ ਹੜ੍ਹਾਂ ਤੋਂ ਪ੍ਰਭਾਵਿਤ ਹਨ, ਜਿਨ੍ਹਾਂ ਵਿੱਚ 2,45,980 ਲੋਕਾਂ ਅਤੇ 30,030 ਪਸ਼ੂਆਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਹੈ। ਕੁੱਲ 27061 ਹੈਕਟੇਅਰ ਰਕਬਾ ਹੜ੍ਹਾਂ ਤੋਂ ਪ੍ਰਭਾਵਿਤ ਹੋਇਆ ਹੈ। 548 ਕਿਸ਼ਤੀਆਂ ਅਤੇ ਮੋਟਰਬੋਟਾਂ ਦੀ ਮਦਦ ਨਾਲ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਬੁੱਧਵਾਰ ਨੂੰ, 1,904 ਖਾਣੇ ਦੇ ਪੈਕੇਟ ਅਤੇ 11,350 ਦੁਪਹਿਰ ਦੇ ਖਾਣੇ ਦੇ ਪੈਕੇਟ ਵੰਡੇ ਗਏ। ਪ੍ਰਭਾਵਿਤ ਖੇਤਰਾਂ ਵਿੱਚ 996 ਹੜ੍ਹ ਪੋਸਟਾਂ ਸਥਾਪਤ ਕੀਤੀਆਂ ਗਈਆਂ ਹਨ। ਕੁੱਲ 284 ਹੜ੍ਹ ਆਸਰਾ ਸਥਾਪਤ ਕੀਤੇ ਗਏ ਹਨ, ਜਿੱਥੇ 4,440 ਲੋਕ ਅਸਥਾਈ ਤੌਰ 'ਤੇ ਰਹਿ ਰਹੇ ਹਨ ਅਤੇ 626 ਮੈਡੀਕਲ ਟੀਮਾਂ ਦੁਆਰਾ ਉਨ੍ਹਾਂ ਦੀ ਡਾਕਟਰੀ ਜਾਂਚ ਕੀਤੀ ਜਾ ਰਹੀ ਹੈ। (ਬਾਕੀ ਸਫਾ 2 'ਤੇ)

## ਹਰਿਆਣਾ ਵਿਧਾਨ ਸਭਾ ਦੇ ਮਾਨਸੂਨ ਇਜਲਾਸ 'ਚ ਸੈਣੀ ਵੱਲੋਂ ਐਲਾਨ

# ਪੇਂਡੂ ਖੇਤਰ 'ਚ 100 ਗਜ਼ ਤੇ ਸ਼ਹਿਰੀ ਖੇਤਰ 'ਚ 50 ਗਜ਼ ਤੱਕ ਦੇ ਰਿਹਾਇਸ਼ੀ ਪਲਾਟ 'ਤੇ ਅਸ਼ਟਾਮ ਡਿਊਟੀ ਖ਼ਤਮ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 27 ਅਗਸਤ :ਹਰਿਆਣਾ ਸਰਕਾਰ ਨੇ ਸੂਬੇ ਵਿੱਚ ਪੇਂਡੂ ਖੇਤਰ ਦੇ 100 ਗਜ਼ ਤੇ ਸ਼ਹਿਰੀ ਖੇਤਰ ਦੇ 50 ਗਜ਼ ਤੱਕ ਦੇ ਰਿਹਾਇਸ਼ੀ ਪਲਾਟ 'ਤੇ ਅਸ਼ਟਾਮ ਡਿਊਟੀ ਖਤਮ ਕਰ ਦਿੱਤੀ ਹੈ। ਇਹ ਐਲਾਨ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਹਰਿਆਣਾ ਵਿਧਾਨ ਸਭਾ ਵਿੱਚ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਪ੍ਰਧਾਨ ਮੰਤਰੀ ਆਵਾਸ ਯੋਜਨਾ, ਮੁੱਖ ਮੰਤਰੀ ਸ਼ਹਿਰੀ ਆਵਾਸ ਯੋਜਨਾ ਤੇ ਮੁੱਖ ਮੰਤਰੀ ਗ੍ਰਾਮੀਣ ਆਵਾਸ ਯੋਜਨਾ ਦੇ ਲਾਭਪਾਤਰੀਆਂ ਅਤੇ ਆਮ ਲੋਕਾਂ ਲਈ ਉਪਰੋਕਤ ਵਰਗ ਦੇ ਰਿਹਾਇਸ਼ੀ ਪਲਾਟਾਂ 'ਤੇ ਅਸ਼ਟਾਮ ਡਿਊਟੀ ਖਤਮ ਕਰ ਦਿੱਤੀ ਗਈ ਹੈ। ਇਸ ਤੋ ਪਹਿਲਾਂ ਹਰਿਆਣਾ ਵਿਧਾਨ ਸਭਾ ਵਿਚ ਮਾਨਸੂਨ ਇਜਲਾਸ ਦੇ ਚੌਥੇ ਦਿਨ ਵਿਰੋਧੀ ਧਿਰ ਕਾਂਗਰਸ ਨੇ ਅੱਜ ਕਾਨੂੰਨ ਵਿਵਸਥਾ ਦੇ ਮੁੱਦੇ ਉੱਤੇ ਹੰਗਾਮਾ ਕੀਤਾ। ਇਸ ਦੌਰਾਨ ਮੁੱਖ ਮੰਤਰੀ ਨਾਇਬ ਸੈਣੀ ਨੇ ਕਿਹਾ ਕਿ ਕਾਨੂੰਨ ਵਿਵਸਥਾ ਦੇ ਮੁੱਦੇ ਉੱਤੇ ਕੱਲ੍ਹ ਚਰਚਾ ਹੋ ਚੁੱਕੀ ਹੈ, ਜਿਸ ਕਰਕੇ ਅੱਜ ਇਸ ਮੁੱਦੇ 'ਤੇ ਚਰਚਾ ਕਰਨੀ ਨਹੀਂ ਬਣਦੀ ਹੈ। ਸਪੀਕਰ ਹਰਵਿੰਦਰ ਕਲਿਆਣ ਨੇ ਵੀ ਕਾਨੂੰਨ ਵਿਵਸਥਾ ਦੇ ਮੁੱਦੇ ਉੱਤੇ ਚਰਚਾ ਨਾ ਕਰਵਾਉਣ ਦੀ ਗੱਲ ਕਹੀ। ਜ਼ਿਕਰਯੋਗ ਹੈ ਕਿ ਕਾਂਗਰਸੀ ਵਿਧਾਇਕ ਆਦਿਤਿਆ ਸੁਰਜੇਵਾਲਾ ਨੇ ਪ੍ਰਸ਼ਨਕਾਲ ਦੌਰਾਨ (ਬਾਕੀ ਸਫਾ 2 'ਤੇ)

# 10,000 ਰੁਪਏ ਰਿਸ਼ਵਤ ਲੈਣ ਵਾਲਾ ਸਹਾਇਕ ਜੇਲ੍ਹ ਸੁਪਰਡੈਂਟ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ



ਚੰਡੀਗੜ੍ਹ, 27 ਅਗਸਤ (ਚ.ਨ.ਸ.): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਆਪਣੀ ਮੁਹਿੰਮ ਦੌਰਾਨ ਅਤਿ-ਸੁਰੱਖਿਆ ਜੇਲ੍ਹ, ਨਾਭਾ ਜ਼ਿਲ੍ਹਾ ਪਟਿਆਲਾ ਦੇ ਸਹਾਇਕ ਜੇਲ੍ਹ ਸੁਪਰਡੈਂਟ ਭਿਵਮਤੇਜ ਸਿੰਗਲਾ ਨੂੰ 10,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਖੁਲਾਸਾ ਕਰਦਿਆਂ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਉਕਤ ਸਹਾਇਕ ਜੇਲ੍ਹ ਸੁਪਰਡੈਂਟ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹਾ ਪਟਿਆਲਾ ਦੇ ਪਾਤੜਾਂ ਕਸਬੇ ਦੀ ਇੱਕ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਕਤ ਮੁਲਜ਼ਮ ਕੇਂਦਰੀ ਜੇਲ੍ਹ, ਨਾਭਾ ਵਿਖੇ ਬੰਦ ਉਸਦੇ ਪਤੀ ਨੂੰ ਤੰਗ ਪ੍ਰੇਸ਼ਾਨ ਕਰ ਰਿਹਾ ਸੀ ਅਤੇ 20,000 ਰੁਪਏ ਰਿਸ਼ਵਤ ਵਜੋਂ ਮੰਗ ਰਿਹਾ ਸੀ। ਬਾਅਦ ਵਿੱਚ, ਸ਼ਿਕਾਇਤਕਰਤਾ ਨੇ ਗੂਗਲ ਪੇਅ ਰਾਹੀਂ 10000 ਰੁਪਏ ਰਿਸ਼ਵਤ ਵਜੋਂ ਵਿੱਚ ਤਬਦੀਲ ਕਰ ਦਿੱਤੇ।

ਬੁਲਾਰੇ ਨੇ ਦੱਸਿਆ ਕਿ ਜਾਂਚ ਤੋਂ ਬਾਅਦ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ ਸੱਚੇ ਪਾਏ ਗਏ ਅਤੇ ਉਕਤ ਸਹਾਇਕ ਜੇਲ੍ਹ ਸੁਪਰਡੈਂਟ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਵਿਖੇ ਭ੍ਰਿਸ਼ਟਾਚਾਰ ਦਾ ਮੁਕੱਦਮਾ ਦਰਜ ਕੀਤਾ ਗਿਆ। ਇਸ ਪਿੱਛੋਂ ਦੋਸ਼ੀ ਫਰਾਰ ਚੱਲ ਰਿਹਾ ਸੀ ਅਤੇ ਹੁਣ ਉਸਦੀ ਜ਼ਮਾਨਤ ਅਰਜ਼ੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਖਾਰਜ ਕਰ ਦਿੱਤੀ ਸੀ। ਅੱਜ ਅਦਾਲਤ ਵਿੱਚ ਉਸ ਵੱਲੋਂ ਆਤਮ ਸਮਰਪਣ ਕਰਨ ਤੋਂ ਬਾਅਦ ਵਿਜੀਲੈਂਸ ਬਿਊਰੋ ਨੇ ਉਸਨੂੰ ਇੱਕ ਦਿਨ ਦੇ ਪੁਲਿਸ ਰਿਮਾਂਡ 'ਤੇ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

## ਤਰਨ ਤਾਰਨ ਵਿਧਾਨ ਸਭਾ ਹਲਕੇ ਦੇ ਪੋਲਿੰਗ ਸਟੇਸ਼ਨਾਂ ਨੂੰ ਤਰਕਸੰਗਤ ਬਣਾਉਣ ਦਾ ਐਲਾਨ

ਚੰਡੀਗੜ੍ਹ, 27 ਅਗਸਤ (ਚ.ਨ.ਸ.) : ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਹੈ ਕਿ ਭਾਰਤ ਦੇ ਚੋਣ ਕਮਿਸ਼ਨ ਨੇ 21-ਤਰਨ ਤਾਰਨ ਵਿਧਾਨ ਸਭਾ ਹਲਕੇ ਵਿੱਚ ਪੋਲਿੰਗ ਸਟੇਸ਼ਨਾਂ ਦੇ ਰੈਸ਼ਨੇਲਾਈਜੇਸ਼ਨ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਵਿਧਾਨ ਸਭਾ ਹਲਕੇ ਵਿੱਚ ਜਲਦ ਹੀ ਜ਼ਿਮਨੀ ਚੋਣ ਹੋਣ ਵਾਲੀ ਹੈ। ਉਨ੍ਹਾਂ ਕਿਹਾ ਕਿ ਪੋਲਿੰਗ ਸਟੇਸ਼ਨਾਂ ਨੂੰ ਤਰਕ ਸੰਗਤ ਚੋਣਕਾਰ ਰਜਿਸਟਰੇਸ਼ਨ ਅਫਸਰ (ਈ.ਆਰ.ਓ.), 21-ਤਰਨ ਤਾਰਨ ਦੁਆਰਾ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ, ਤਰਨ ਤਾਰਨ ਦੀ ਨਿਗਰਾਨੀ ਹੇਠ ਕੀਤਾ ਗਿਆ ਸੀ। ਇਹ ਯਕੀਨੀ ਬਣਾਇਆ ਗਿਆ ਹੈ ਕਿ ਪ੍ਰਤੀ ਪੋਲਿੰਗ ਸਟੇਸ਼ਨ 1200 ਤੋਂ ਵੱਧ ਵੋਟਰ ਨਾ ਹੋਣ। ਇਸ ਪ੍ਰਕਿਰਿਆ ਦੌਰਾਨ ਸਿਆਸੀ ਪਾਰਟੀਆਂ ਦੇ ਸਲਾਹ-ਮਸ਼ਵਰੇ ਨਾਲ ਸੱਤ ਪੋਲਿੰਗ ਸਟੇਸ਼ਨ ਬਣਾਏ ਗਏ ਸਨ। ਇਸ ਸੋਧ ਦੇ ਨਾਲ ਹਲਕੇ ਵਿੱਚ ਪੋਲਿੰਗ ਸਟੇਸ਼ਨਾਂ ਦੀ ਕੁੱਲ ਗਿਣਤੀ ਹੁਣ 222 ਹੋ ਗਈ ਹੈ।

# ਪੰਜਾਬ ਵਿੱਚ ਪਸ਼ੂ ਪਾਲਕਾਂ ਲਈ ਕੀਤੇ ਵਿਲੱਖਣ ਉਪਰਾਲਿਆਂ ਨੂੰ ਕੇਂਦਰ ਸਰਕਾਰ ਨੇ ਸਲਾਹਿਆ




ਚੰਡੀਗੜ੍ਹ,27 ਅਗਸਤ (ਚ.ਨ.ਸ.): ਪਸ਼ੂ ਪਾਲਣ ਵਿੱਚ ਪੰਜਾਬ ਦੇ ਮਿਸਾਲੀ ਕੰਮ ਨੂੰ ਮਾਨਤਾ ਦਿੰਦਿਆਂ ਕੇਂਦਰ ਸਰਕਾਰ ਨੇ ਪਸ਼ੂ ਪਾਲਕਾਂ ਨੂੰ ਅਹਿਮ ਜਾਣਕਾਰੀ ਦੇਣ ਅਤੇ ਵੱਖ-ਵੱਖ ਪਸਾਰ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਵਾਸਤੇ ਯੂਟਿਊਬ ਅਤੇ ਫੇਸਬੁੱਕ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਸੁਚੱਜੀ ਵਰਤੋਂ ਲਈ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਦੀ ਸ਼ਲਾਘਾ ਕੀਤੀ ਹੈ। ਕੇਂਦਰ ਸਰਕਾਰ ਨੇ ਵਿਭਾਗ ਵੱਲੋਂ ਪਸ਼ੂ-ਪਾਲਕਾਂ ਨੂੰ ਡੋਰ ਸਟੈੱਪ ਉੱਤੇ ਦਿੱਤੀ ਜਾ ਰਹੀ ਮਸਨੂਈ ਗਰਭਦਾਨ ਸੇਵਾ ਦੀ ਵੀ ਸ਼ਲਾਘਾ ਕੀਤੀ ਹੈ ਅਤੇ ਹੋਰ ਉੱਤਰੀ ਰਾਜਾਂ ਨੂੰ ਵੀ ਪੰਜਾਬ ਦੇ ਇਸ ਸਫ਼ਲ ਮਾਡਲ ਨੂੰ ਅਪਣਾਉਣ ਲਈ ਕਿਹਾ। ਭਾਰਤ ਸਰਕਾਰ ਦੇ ਪਸ਼ੂ ਪਾਲਣ ਤੇ ਡੇਅਰੀ ਵਿਭਾਗ ਦੇ ਵਧੀਕ ਸਕੱਤਰ ਵਰਸ਼ਾ ਜੋਸ਼ੀ ਦੀ ਪ੍ਰਧਾਨਗੀ ਹੇਠ ਹੋਈ ਉੱਤਰੀ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਖੇਤਰੀ ਸਮੀਖਿਆ ਮੀਟਿੰਗ (ਆਰ.ਆਰ.ਐਮ.), ਜਿਸ ਦੀ ਮੇਜ਼ਬਾਨੀ ਪੰਜਾਬ ਸਰਕਾਰ ਨੇ ਕੀਤੀ, ਦੌਰਾਨ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਨੂੰ ਇਹ ਪ੍ਰਸ਼ੰਸਾ ਹਾਸਲ ਹੋਈ। ਮੀਟਿੰਗ ਵਿੱਚ ਪਸ਼ੂਧਨ ਸਿਹਤ ਰੋਗ ਨਿਯੰਤਰਣ ਪ੍ਰੋਗਰਾਮ ਅਤੇ ਰਾਸ਼ਟਰੀ ਪਸ਼ੂਧਨ ਮਿਸ਼ਨ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ। ਇਸ ਮੀਟਿੰਗ ਵਿੱਚ ਅੱਠ ਉੱਤਰੀ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ, ਜਿਨ੍ਹਾਂ ਵਿੱਚ ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਉਤਰਾਖੰਡ, ਹਰਿਆਣਾ, ਲੱਦਾਖ, ਚੰਡੀਗੜ੍ਹ ਅਤੇ ਪੰਜਾਬ ਸ਼ਾਮਲ ਸਨ, ਦੇ ਅਧਿਕਾਰੀ ਇਕੱਤਰ ਹੋਏ। ਇਸ ਮੀਟਿੰਗ ਦੌਰਾਨ ਪ੍ਰਵਾਨਿਤ ਸਾਲਾਨਾ ਕਾਰਜ ਯੋਜਨਾਵਾਂ ਅਨੁਸਾਰ ਸਾਲ 2024-25 ਲਈ ਪਸ਼ੂਧਨ ਸਿਹਤ ਅਤੇ ਵਿਕਾਸ ਯੋਜਨਾਵਾਂ ਦੀ ਪ੍ਰਗਤੀ ਦੀ ਸਮੀਖਿਆ ਦੇ ਨਾਲ-ਨਾਲ ਸਾਲ 2025-26 ਲਈ ਯੋਜਨਾਵਾਂ ਤਿਆਰ ਕਰਨ ਬਾਰੇ ਵਿਚਾਰ-ਵਟਾਂਦਰਾ ਵੀ ਕੀਤਾ ਗਿਆ।

ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ ਨੇ ਵਿਭਾਗ ਦੀਆਂ ਮੁੱਖ ਪ੍ਰਾਪਤੀਆਂ 'ਤੇ ਚਾਨਣਾ ਪਾਇਆ, ਜਿਸ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿੱਠਣ ਤੇ ਨਸਲ ਸੁਧਾਰ ਲਈ ਕੱਟੀਆਂ/ਵੱਛੀਆਂ ਪੈਦਾ ਕਰਨ ਲਈ ਸੈਕਸ-ਸੌਰਟਿਡ ਸੀਮਨ ਦੀਆਂ 3.75 ਲੱਖ ਖੁਰਾਕਾਂ ਦੀ ਖਰੀਦ ਅਤੇ ਟੀਚਾਗਤ ਪਸ਼ੂ ਆਬਾਦੀ ਦੀ 100 ਫੀਸਦ ਮੂੰਹ-ਖੁਰ ਦੀ ਬਿਮਾਰੀ ਤੋਂ ਬਚਾਅ ਲਈ ਐਫਐਮਡੀ ਟੀਕਾਕਰਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਵਿਭਾਗ ਨੇ ਮਿਸਾਲੀ ਕੰਮ ਕਰਦਿਆਂ ਵਿੱਤੀ ਸਾਲ 2024-25 ਵਿੱਚ 22.26 ਲੱਖ ਮਸਨੂਈ ਗਰਭਧਾਰਨ ਕੀਤੇ ਹਨ। ਇਸ ਤੋਂ ਇਲਾਵਾ 18.50 ਲੱਖ ਸੀਮਨ ਸਟਰਾਅਜ਼ (ਗਾਵਾਂ ਲਈ 6.47 ਲੱਖ ਅਤੇ ਮੱਝਾਂ ਲਈ 12.03 ਲੱਖ) ਦਾ ਉਤਪਾਦਨ ਵੀ ਕੀਤਾ ਹੈ।

## ਪੰਜਾਬ 'ਚ ਹੜ੍ਹਾਂ ਕਾਰਨ ਵਿਗੜੇ ਹਾਲਾਤ

ਪਾਣੀ ਨੇ ਸੈਂਕੜੇ ਏਕੜ ਖੇਤੀਯੋਗ ਜ਼ਮੀਨ ਡੁੱਬ ਗਈ।

**ਹਜ਼ਾਰਾਂ ਏਕੜ ਝੋਨੇ ਦੀ ਫ਼ਸਲ ਖ਼ਤਰੇ ਵਿੱਚ**

ਅਧਿਕਾਰੀਆਂ ਨੇ ਦੱਸਿਆ ਕਿ ਆਹਲੀਵਾਲ, ਆਹਲੀਵਾਲ ਖੁਰਦ ਅਤੇ ਬਾਊਪੁਰ ਕਰੀਮ ਸਮੇਤ ਲਗਭਗ 30-35 ਪਿੰਡ ਖੇਤੀਬਾੜੀ ਯੋਗ ਜ਼ਮੀਨ ਦੇ ਡੁੱਬਣ ਦੇ ਖ਼ਤਰੇ ਵਿੱਚ ਹਨ। ਹਾਲਾਂਕਿ ਇਸ ਖੇਤਰ ਵਿੱਚ ਘਰਾਂ ਦੀ ਗਿਣਤੀ ਸੀਮਤ ਹੈ, ਪਰ ਹਜ਼ਾਰਾਂ ਏਕੜ ਝੋਨੇ ਦੀ ਫ਼ਸਲ ਅਜੇ ਵੀ ਖ਼ਤਰੇ ਵਿੱਚ ਹੈ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ, ਜੋ ਸਾਰੀ ਸਥਿਤੀ ਦੀ ਨਿਗਰਾਨੀ ਕਰ ਰਹੇ ਹਨ, ਨੇ ਕਿਹਾ ਕਿ ਜ਼ਿਆਦਾਤਰ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਤਬਦੀਲ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ, ਪ੍ਰਸ਼ਾਸਨ ਮੰਡ ਦੇ ਅੰਦਰ ਰਹਿਣ ਵਾਲੇ ਲੋਕਾਂ ਨੂੰ ਰਾਸ਼ਨ ਅਤੇ ਦਵਾਈਆਂ ਮੁਹੱਈਆ ਕਰਵਾ ਰਿਹਾ ਹੈ। ਹਦ ਪੀੜੀ ਸੰਘਰਸ਼ ਸਮਿਤੀ ਪੰਜਾਬ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਸਾਂਗਰਾ ਨੇ ਕਿਹਾ, ਭਾਵੇਂ ਅਸੀਂ ਮੰਡ ਇਲਾਕੇ ਵਿੱਚ ਰਹਿੰਦੇ ਹਾਂ ਜੋ ਕਿ ਦਰਿਆ ਦੇ ਨੇੜੇ ਹੈ, ਸਾਡੇ ਵਿੱਚੋਂ ਇੱਕ ਦਰਿਆ ਦੀ ਜ਼ਮੀਨ 'ਤੇ ਬੈਠਾ ਹੈ ਜੋ ਕਿ ਸਾਡੀ ਪੂਰੀ ਮਲਕੀਅਤ ਵਾਲੀ ਜ਼ਮੀਨ ਹੈ ਅਤੇ ਇੱਕ ਨੀਵਾਂ ਇਲਾਕਾ ਹੋਣ ਕਰਕੇ ਅਤੇ ਸਾਡੀ ਜ਼ਮੀਨ ਤੋਂ ਬਾਹਰ ਧੁੱਸੀ ਬੰਨ੍ਹ ਬਣ ਰਿਹਾ ਹੈ, ਪਰ ਹੁਣ ਅਸੀਂ ਕਈ ਵਾਰ ਆਮ ਬਾਰਿਸ਼ ਹੋਣ ਦੇ ਬਾਵਜੂਦ ਅਕਸਰ ਹੜ੍ਹਾਂ ਵਿੱਚ ਫਸ ਜਾਂਦੇ ਹਾਂ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕੀ ਕਿਹਾ?

ਹਿਮਾਚਲ ਪ੍ਰਦੇਸ਼ ਵਿੱਚ ਲਗਾਤਾਰ ਮੀਂਹ ਪੈਣ ਤੋਂ ਬਾਅਦ ਹੁਸ਼ਿਆਰਪੁਰ ਜ਼ਿਲ੍ਹੇ ਦੇ ਪੌਂਗ ਬੰਨ੍ਹ ਵਿੱਚ ਪਾਣੀ ਦਾ ਪੱਧਰ ਭਾਰੀ ਹੋਣ ਕਾਰਨ ਸਮੱਸਿਆ ਹੋਰ ਵੀ ਵਿਗੜ ਗਈ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਚੱਕੀ ਦਰਿਆ ਵਿੱਚ ਅਚਾਨਕ ਵਾਧੇ ਕਾਰਨ ਮੁਕੇਰੀਆਂ ਦੇ ਮੋਟਲਾ, ਮਹਿਤਾਬਪੁਰ ਅਤੇ ਹਾਲੇਡ ਜਨਾਰਦਨ ਪਿੰਡਾਂ ਨੇੜੇ ਬੰਨ੍ਹ ਟੁੱਟ ਗਿਆ। ਡਰੇਨੇਜ ਅਤੇ ਨਰੇਗਾ ਵਿਭਾਗ ਦੀਆਂ ਟੀਮਾਂ ਨੂੰ ਤੁਰੰਤ ਕਾਰਵਾਈ ਲਈ ਭੇਜਿਆ ਗਿਆ। ਆਸ਼ਿਕਾ ਜੈਨ ਨੇ ਕਿਹਾ ਕਿ ਨੈਸ਼ਨਲ ਹਾਈਵੇਅ ਪੁਲ ਦੇ ਗਾਈਡ ਬੰਨ੍ਹ ਵਿੱਚ ਸਮੱਸਿਆ ਮਿਲਣ ਤੋਂ ਬਾਅਦ ਟਾਂਡਾ ਦੇ ਅਬਦੁੱਲਾਪੁਰ, ਰਾੜਾ ਅਤੇ ਫਤਿਹਪੁਰ ਕੁੱਲਾ ਇਲਾਕਿਆਂ ਵਿੱਚ ਵੀ ਪਾਣੀ ਦਾਖਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਡੈਮ ਤੋਂ ਪਾਣੀ ਦੇ ਵਹਾਅ ਨੂੰ ਕੰਟਰੋਲ ਕਰਨ ਲਈ ਭਾਖੜਾ ਬਿਆਸ ਪ੍ਰਬੰਧਨ ਬੋਰਡ ਅਤੇ ਜਲ ਸਰੋਤ ਵਿਭਾਗ ਨਾਲ ਲਗਾਤਾਰ ਤਾਲਮੇਲ ਕਰ ਰਿਹਾ ਹੈ।

## ਅਗਲੇ 4 ਦਿਨ ਤੇਜ਼ ਹਨੇਰੀ

ਚੇਤਾਵਨੀ ਦਿੱਤੀ ਹੈ ਕਿ 31 ਅਗਸਤ ਤੱਕ ਦਿੱਲੀ ਵਿੱਚ ਕੁਝ ਥਾਵਾਂ 'ਤੇ ਗਰਜ ਅਤੇ ਬਿਜਲੀ ਦੇ ਨਾਲ ਭਾਰੀ ਮੀਂਹ ਪੈ ਸਕਦਾ ਹੈ। ਇਸ ਦੇ ਨਾਲ ਹੀ ਤੇਜ਼ ਹਵਾਵਾਂ ਅਤੇ ਬਿਜਲੀ ਡਿੱਗਣ ਦੀ ਵੀ ਭਵਿੱਖਬਾਣੀ ਕੀਤੀ ਗਈ ਹੈ। ਅਗਲੇ 4 ਦਿਨਾਂ ਤੱਕ ਹਿਮਾਚਲ ਪ੍ਰਦੇਸ਼, ਉਤਰਾਖੰਡ ਅਤੇ ਜੰਮੂ-ਕਸ਼ਮੀਰ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਕੁਝ ਥਾਵਾਂ 'ਤੇ ਜ਼ਮੀਨ ਖਿਸਕਣ ਅਤੇ ਹੜ੍ਹ ਆ ਸਕਦੇ ਹਨ। ਇਸ ਦੇ ਨਾਲ ਹੀ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਮੀਂਹ ਅਤੇ ਗਰਜ ਦੀ ਚੇਤਾਵਨੀ ਦਿੱਤੀ ਗਈ ਹੈ। ਪਿਛਲੇ ਕੁਝ ਦਿਨਾਂ ਤੋਂ ਮੌਨਸੂਨ ਦੀ ਗਤੀਵਿਧੀ ਨੇ ਰਾਜਸਥਾਨ ਵਿੱਚ ਮੌਸਮ ਨੂੰ ਸੁਹਾਵਣਾ ਬਣਾ ਦਿੱਤਾ ਹੈ। ਆਈਐਮਡੀ ਦੇ ਅਨੁਸਾਰ, 28 ਤੋਂ 31 ਅਗਸਤ ਦੇ ਵਿਚਕਾਰ ਰਾਜ ਦੇ ਕਈ ਜ਼ਿਲ੍ਹਿਆਂ ਵਿੱਚ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਕੁਝ ਇਲਾਕਿਆਂ ਵਿੱਚ ਤੇਜ਼ ਹਵਾਵਾਂ ਅਤੇ ਗਰਜ-ਤੂਫ਼ਾਨ ਦੇ ਨਾਲ-ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਵੀ ਹੋ ਸਕਦੀ ਹੈ। ਮੌਸਮ ਵਿਭਾਗ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਭਾਰੀ ਮੀਂਹ ਦੌਰਾਨ ਬੇਲੋੜੀ ਯਾਤਰਾ ਤੋਂ ਬਚਣ ਅਤੇ ਮੌਸਮ ਨਾਲ ਜੁੜੇ ਅਧਿਕਾਰਤ ਅਪਡੇਟਸ 'ਤੇ ਧਿਆਨ ਦੇਣ। ਨੀਵੇਂ ਇਲਾਕਿਆਂ 'ਚ ਭਰੇ ਪਾਣੀ ਅਤੇ ਤੇਜ਼ ਹਵਾਵਾਂ ਦੇ ਚੱਲਦੇ ਸਾਵਧਾਨੀ ਵਰਤਨ ਦੀ ਸਲਾਹ ਦਿੱਤੀ ਗਈ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਵਿੱਤਰ

ਇਹ ਜਨਹਿੱਤ ਪਟੀਸ਼ਨ ਇਸ ਉਮੀਦ ਨਾਲ ਦਾਇਰ ਕੀਤੀ ਗਈ ਹੈ ਕਿ ਗੁੰਮ ਹੋਏ ਪਵਿੱਤਰ ਸਰੂਪਾਂ ਦੇ ਮਾਮਲੇ ਵਿੱਚ ਇਨਸਾਫ਼ ਮਿਲ ਸਕੇ ਅਤੇ ਜ਼ਿੰਮੇਵਾਰਾਂ ਖਿਲਾਫ ਕਾਰਵਾਈ ਕੀਤੀ ਜਾ ਸਕੇ। ਇਹ ਮਾਮਲਾ ਸਿੱਖ ਭਾਈਚਾਰੇ ਲਈ ਬਹੁਤ ਮਹੱਤਵਪੂਰਨ ਹੈ। ਕਿਉਂਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨਾਲ ਸਬੰਧਤ ਹੈ। ਕੇਸ ਦੀ ਸੁਣਵਾਈ ਦੌਰਾਨ ਸਰਕਾਰ ਨੇ ਦੱਸਿਆ ਕਿ ਪੰਜਾਬ ਦੇ ਗ੍ਰਹਿ ਸਕੱਤਰ ਨੇ ਇਸ ਮਾਮਲੇ ਸਬੰਧੀ ਡੀ.ਜੀ.ਪੀ. ਨੂੰ ਇੱਕ ਪੱਤਰ ਲਿਖਿਆ ਹੈ। ਸਰਕਾਰ ਦੇ ਇਸ ਜਵਾਬ 'ਤੇ ਅਦਾਲਤ ਨੇ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਸਰਕਾਰ ਇਸ ਮਾਮਲੇ ਵਿੱਚ ਢੁਕਵੇਂ ਕਦਮ ਚੁੱਕੇਗੀ।

## 'ਆਪ੍ਰੇਸ਼ਨ ਸਿੰਦੂਰ' ਦੌਰਾਨ ਮੋਦੀ ਨੇ

ਪਬਲਿਕ ਪਾਲਿਸੀ ਇੰਸਟੀਚਿਊਟ ਦੇ ਸਹਿ-ਬਾਨੀ ਅਤੇ ਨਿਰਦੇਸ਼ਕ Thorsten Benner ਨੇ ਮੰਗਲਵਾਰ ਨੂੰ ਐਕਸ 'ਤੇ ਪੋਸਟ ਕੀਤਾ: 'ਐਫ.ਏ.ਜ਼ੈਡ. ਦਾ ਦਾਅਵਾ ਹੈ ਕਿ ਟਰੰਪ ਨੇ ਹਾਲੀਆ ਹਫ਼ਤਿਆਂ ਵਿੱਚ ਮੋਦੀ ਨੂੰ ਚਾਰ ਵਾਰ ਫ਼ੋਨ ਕਰਨ ਦੀ ਕੋਸ਼ਿਸ਼ ਕੀਤੀ, ਪਰ ਮੋਦੀ ਨੇ ਇਨ੍ਹਾਂ ਕਾਲਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ।" ਬੈਂਨਰ ਨੇ ਐਕਸ 'ਤੇ ਖ਼ਬਰਨੁਮਾ ਰਿਪੋਰਟ ਦੀ ਇੱਕ ਕਾਪੀ ਵੀ ਪੋਸਟ ਕੀਤੀ ਹੈ।

ਇਹ ਖ਼ਬਰਨੁਮਾ ਰਿਪੋਰਟ ਅਮਰੀਕਾ ਵੱਲੋਂ ਭਾਰਤ 'ਤੇ 50 ਫੀਸਦ ਟੈਰਿਫ ਲਗਾਏ ਜਾਣ ਤੋਂ ਇੱਕ ਦਿਨ ਪਹਿਲਾਂ ਆਈ ਹੈ। ਇਨ੍ਹਾਂ ਟੈਰਿਫਾਂ ਵਿੱਚੋਂ 25 ਫੀਸਦ ਜੁਰਮਾਨਾ ਹੈ, ਜੋ ਭਾਰਤ ਵੱਲੋਂ ਰੂਸੀ ਕੱਚਾ ਤੇਲ ਖਰੀਦਣ ਕਾਰਨ ਲਗਾਇਆ ਗਿਆ ਹੈ। ਬਾਕੀ ਅੱਧਾ ਨਵੀਂ ਦਿੱਲੀ ਵੱਲੋਂ ਆਪਣੇ ਖੇਤੀਬਾੜੀ ਅਤੇ ਡੇਅਰੀ ਸੈਕਟਰ ਨੂੰ ਅਮਰੀਕੀ ਵਸਤਾਂ ਲਈ ਨਾ ਖੋਲ੍ਹਣ ਦੀ ਜ਼ਿੱਦ ਕਾਰਨ ਵਪਾਰਕ ਗੱਲਬਾਤ ਠੱਪ ਹੋਣ ਕਾਰਨ ਹੈ।

ਜਰਮਨ ਅਖ਼ਬਾਰ ਨੇ ਦਾਅਵਾ ਕੀਤਾ ਕਿ 'ਮੋਦੀ ਨਾਰਾਜ਼ ਸਨ।' ਉਨ੍ਹਾਂ ਕਿਹਾ ਕਿ ਟਰੰਪ ਦੇ ਦ੍ਰਿਸ਼ਟੀਕੋਣ ਨੇ ਆਮ ਤੌਰ 'ਤੇ ਉਨ੍ਹਾਂ ਨੂੰ ਅਮਰੀਕੀ ਬਾਜ਼ਾਰ ਉੱਤੇ ਦੂਜੇ ਦੇਸ਼ਾਂ ਦੀ ਨਿਰਭਰਤਾ ਦਾ ਫਾਇਦਾ ਉਠਾਉਣ ਦੀ ਇਜਾਜ਼ਤ ਦਿੱਤੀ। ਪਰ ਮੋਦੀ ਨੇ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ 'ਇਸ ਦਾ ਵਿਰੋਧ ਕੀਤਾ' ਅਤੇ ਭਾਰਤ ਦੇ ਆਰਥਿਕ ਹਿੱਤਾਂ ਨਾਲ ਸਮਝੌਤਾ ਕੀਤੇ ਬਿਨਾਂ ਟਰੰਪ ਨਾਲ ਸਹਿਯੋਗੀ ਸਬੰਧ ਬਣਾਈ ਰੱਖੇ।

ਪਰ ਐਫ.ਏ.ਜ਼ੈਡ. ਨੇ ਨੋਟ ਕੀਤਾ ਕਿ ਇਸ ਸਥਿਤੀ ਦਾ ਹੈਰਾਨੀਜਨਕ ਤੱਤ ਟਰੰਪ ਵੱਲੋਂ ਮੋਦੀ ਨੂੰ ਮਨਾਉਣ ਦੀਆਂ ਵਾਰ-ਵਾਰ ਕੋਸ਼ਿਸ਼ਾਂ ਸਨ। ਜਰਮਨ ਅਖ਼ਬਾਰ ਦੀ ਰਿਪੋਰਟ ਵਿਚ ਕਿਹਾ ਗਿਆ, "ਇਹ ਤੱਥ ਕਿ ਭਾਰਤ (ਮੋਦੀ) ਅਜੇ ਵੀ ਗੱਲ ਕਰਨ ਤੋਂ ਇਨਕਾਰ ਕਰਦਾ ਹੈ, ਉਨ੍ਹਾਂ ਦੇ ਗੁੱਸੇ ਦੀ ਡੂੰਘਾਈ ਤੇ ਚੌਕਸੀ ਨੂੰ ਵੀ ਦਰਸਾਉਂਦਾ ਹੈ।" ਐਫ.ਏ.ਜ਼ੈਡ. ਨੇ ਫਿਰ ਸਾਵਧਾਨੀ ਦੇ ਪਿੱਛੇ ਦਾ ਕਾਰਨ ਦੱਸਿਆ। ਟਰੰਪ ਨੇ ਪਹਿਲਾਂ ਜਨਰਲ ਸਕੱਤਰ ਟੂ ਲਾਮ ਨਾਲ ਇੱਕ ਫ਼ੋਨ ਕਾਲ ਦੌਰਾਨ ਅਮਰੀਕਾ ਅਤੇ ਵੀਅਤਨਾਮ ਵਿਚਕਾਰ ਇੱਕ ਵਪਾਰ ਸਮਝੌਤੇ 'ਤੇ ਮੁੜ ਗੱਲਬਾਤ ਕੀਤੀ ਸੀ, ਜਿਸ ਨੂੰ ਦੋਵਾਂ ਦੇਸ਼ਾਂ ਦੇ ਵਫ਼ਦਾਂ ਨੇ ਬੜੀ ਮਿਹਨਤ ਨਾਲ ਵਿਉਂਤਿਆ ਸੀ।

# ਪਹਿਲੇ ਸ.ਫੇ ਦੀ ਬਾਕੀ

ਕਿਸੇ ਸਮਝੌਤੇ 'ਤੇ ਪਹੁੰਚੇ ਬਿਨਾਂ ਹੀ ਟਰੰਪ ਨੇ ਸੋਸ਼ਲ ਮੀਡੀਆ 'ਤੇ ਐਲਾਨ ਕੀਤਾ ਕਿ ਇੱਕ ਵਪਾਰ ਸਮਝੌਤਾ ਹੋ ਗਿਆ ਹੈ।ਐਫ.ਏ.ਜ਼ੈਡ. ਨੇ ਕਿਹਾ, "ਮੋਦੀ ਉਸੇ ਜਾਲ ਵਿੱਚ ਨਹੀਂ ਫਸਣਾ ਚਾਹੁੰਦੇ।" ਐਫ.ਏ.ਜ਼ੈਡ. ਨੇ ਦਾਅਵਾ ਵੀ ਕੀਤਾ ਕਿ ਨਵੀਂ ਦਿੱਲੀ ਨੇੜੇ ਟਰੰਪ ਦੇ ਨਿਰਮਾਣ ਪ੍ਰਾਜੈਕਟਾਂ ਨੇ ਵੀ ਭਾਰਤ ਵਿਚ ਵਿਵਾਦ ਖੜ੍ਹਾ ਕਰ ਦਿੱਤਾ ਹੈ। ਟਰੰਪ ਪਰਿਵਾਰ ਦੀ ਕੰਪਨੀ ਨੇ 'ਟਰੰਪ' ਨਾਮ ਹੇਠ ਲਗਜ਼ਰੀ ਟਾਵਰ ਬਣਾਏ। ਐਫ.ਏ.ਜ਼ੈਡ. ਦੀ ਰਿਪੋਰਟ ਅਨੁਸਾਰ 300 ਅਪਾਰਟਮੈਂਟ, ਜਿਨ੍ਹਾਂ ਦੀ ਕੀਮਤ ਬਾਰਾਂ ਮਿਲੀਅਨ ਯੂਰੋ ਤੱਕ ਹੈ, ਮਈ ਦੇ ਅੱਧ ਵਿੱਚ ਇੱਕ ਦਿਨ ਵਿੱਚ ਵਿਕ ਗਏ। ਅਖ਼ਬਾਰ ਨੇ ਕਿਹਾ ਕਿ ਟਰੰਪ ਵੱਲੋਂ ਭਾਰਤ-ਪਾਕਿ ਫੌਜੀ ਟਕਰਾਅ ਵਿੱਚ ਜੰਗਬੰਦੀ ਕਰਵਾਉਣ ਦੇ ਵਾਰ ਵਾਰ ਕੀਤੇ ਜਾਂਦੇ ਦਾਅਵਿਆਂ ਤੋਂ ਬਾਅਦ ਭਾਰਤ ਵਾਲੇ ਪਾਸੇ ਗੁੱਸਾ ਸੀ।

ਰਿਪੋਰਟ ਵਿਚ ਕਿਹਾ ਗਿਆ ਕਿ 'ਟਰੰਪ ਦੇ ਇਸ ਐਲਾਨ ਕਿ ਉਹ ਪਾਕਿਸਤਾਨ ਵਿਚ ਤੇਲ ਭੰਡਾਰ ਵਿਕਸਤ ਕਰੇਗਾ, ਜਿਸ ਨੂੰ ਭਾਰਤ ਫਿਰ ਆਪਣੇ ਕੱਟੜ ਦੁਸ਼ਮਣ ਤੋਂ ਖਰੀਦੇਗਾ' ਨੇ ਹਾਲਾਤ ਨੂੰ ਹੋਰ ਵਿਗਾੜ ਦਿੱਤਾ। ਟਰੰਪ ਵੱਲੋਂ ਓਵਲ ਦਫ਼ਤਰ ਵਿੱਚ ਰਾਤਰੀ ਭੋਜ ਵਿਚ ਪਾਕਿਸਤਾਨ ਦੇ ਫੌਜ ਮੁਖੀ ਆਸਿਮ ਮੁਨੀਰ ਦੀ ਮੇਜ਼ਬਾਨੀ ਨੂੰ, ਭਾਰਤ ਵਿੱਚ ਇੱਕ ਭੜਕਾਹਟ ਵਜੋਂ ਦੇਖਿਆ ਗਿਆ।"

ਉਧਰ ਵਿਦੇਸ਼ ਮੰਤਰਾਲੇ (ਐਮ.ਈ.ਏ.) ਮੁਤਾਬਕ ਮੋਦੀ ਨੇ 17 ਜੂਨ ਨੂੰ ਰਾਸ਼ਟਰਪਤੀ ਦੀ ਬੇਨਤੀ 'ਤੇ ਟਰੰਪ ਨਾਲ ਗੱਲ ਕੀਤੀ। ਦੋਵਾਂ ਨੇ ਕੈਨੇਡਾ ਵਿੱਚ 77 ਸੰਮੇਲਨ ਤੋਂ ਇਕਪਾਸੇ ਮਿਲਣਾ ਸੀ, ਪਰ ਟਰੰਪ ਨਿਰਧਾਰਤ ਸਮੇਂ ਤੋਂ ਪਹਿਲਾਂ ਅਮਰੀਕਾ ਵਾਪਸ ਆ ਗਏ। ਵਿਦੇਸ਼ ਮੰਤਰਾਲੇ ਨੇ 18 ਜੂਨ ਨੂੰ ਜਾਰੀ ਬਿਆਨ ਵਿਚ ਕਿਹਾ, "ਇਸ ਤੋਂ ਬਾਅਦ, ਰਾਸ਼ਟਰਪਤੀ ਟਰੰਪ ਦੀ ਬੇਨਤੀ 'ਤੇ ਦੋਵਾਂ ਆਗੂਆਂ ਨੇ 17 ਜੁਲਾਈ ਨੂੰ ਫ਼ੋਨ 'ਤੇ ਗੱਲ ਕੀਤੀ। ਗੱਲਬਾਤ ਕਰੀਬ 35 ਮਿੰਟ ਚੱਲੀ।" ਵਿਦੇਸ਼ ਮੰਤਰਾਲੇ ਨੇ ਕਿਹਾ, "(ਹਮਲੇ ਅਤੇ ਆਪ੍ਰੇਸ਼ਨ ਸਿੰਧੂਰ) ਤੋਂ ਬਾਅਦ ਇਹ ਦੋਵਾਂ ਆਗੂਆਂ ਵਿਚਕਾਰ ਪਹਿਲੀ ਗੱਲਬਾਤ ਸੀ। ਇਸ ਲਈ, ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਟਰੰਪ ਨਾਲ ਆਪ੍ਰੇਸ਼ਨ ਸਿੰਧੂਰ ਬਾਰੇ ਵਿਸਥਾਰ ਵਿੱਚ ਗੱਲ ਕੀਤੀ।"

## ਹਥਿਆਰਬੰਦ ਬਲਾਂ ਨੂੰ ਲੰਬੇ ਸੰਘਰਸ਼ਾਂ ਲਈ

ਰੱਖਿਆ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ।

ਸਿੰਘ ਨੇ ਕਿਹਾ, ਅੱਜ ਦੇ ਯੁੱਗ ਵਿੱਚ ਜੰਗਾਂ ਇੰਨੀਆਂ ਅਚਾਨਕ ਅਤੇ ਅਣਪਛਾਤੀਆਂ ਹੋ ਗਈਆਂ ਹਨ ਕਿ ਇਹ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਲ ਹੈ ਕਿ ਜੰਗ ਕਦੋਂ ਖ਼ਤਮ ਹੋਵੇਗੀ ਅਤੇ ਇਹ ਕਿੰਨੀ ਦੇਰ ਤੱਕ ਚੱਲੇਗੀ। ਭਾਰਤੀ ਹਥਿਆਰਬੰਦ ਸੈਨਾਵਾਂ ਨੂੰ ਹਰ ਸਥਿਤੀ ਲਈ ਤਿਆਰ ਰਹਿਣਾ ਚਾਹੀਦਾ ਹੈ। ਰੱਖਿਆ ਮੰਤਰੀ ਨੇ ਕਿਹਾ, ਇਸਦਾ ਮਤਲਬ ਹੈ ਕਿ ਜੇਕਰ ਕੋਈ ਜੰਗ ਦੋ ਮਹੀਨੇ, ਚਾਰ ਮਹੀਨੇ, ਇੱਕ ਸਾਲ, ਦੋ ਸਾਲ, ਇੱਥੋਂ ਤੱਕ ਕਿ ਪੰਜ ਸਾਲ ਤੱਕ ਵੀ ਚੱਲਦੀ ਹੈ, ਤਾਂ ਸਾਨੂੰ ਇਸਦੇ ਲਈ ਪੂਰੀ ਤਰ੍ਹਾਂ ਤਿਆਰ ਰਹਿਣਾ ਚਾਹੀਦਾ ਹੈ। ਰਾਸ਼ਟਰੀ ਸੁਰੱਖਿਆ ਹੁਣ ਸਿਰਫ਼ ਫੌਜ ਦਾ ਮਾਮਲਾ ਨਹੀਂ ਹੈ, ਸਗੋਂ ਇਹ ਪੂਰੇ ਦੇਸ਼ ਦੇ ਦ੍ਰਿਸ਼ਟੀਕੋਣ ਦਾ ਮੁੱਦਾ ਬਣ ਗਿਆ ਹੈ।

ਉਨ੍ਹਾਂ ਕਿਹਾ, ਅਸੀਂ ਕਿਸੇ ਦੀ ਜ਼ਮੀਨ ਨਹੀਂ ਚਾਹੁੰਦੇ ਪਰ ਅਸੀਂ ਆਪਣੀ ਜ਼ਮੀਨ ਦੀ ਰੱਖਿਆ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹਾਂ। ਰੱਖਿਆ ਮੰਤਰੀ ਨੇ ਇਹ ਗੱਲ ਭਾਰਤ ਦੇ ਉੱਚ ਫੌਜੀ ਅਧਿਕਾਰੀਆਂ, ਜਿਨ੍ਹਾਂ ਵਿੱਚ ਚੀਫ਼ ਆਫ਼ ਡਿਫੈਂਸ ਸਟਾਫ਼ (ਸੀਡੀਐਸ) ਜਨਰਲ ਅਨਿਲ ਚੌਹਾਨ, ਏਅਰ ਚੀਫ਼ ਮਾਰਸ਼ਲ ਏਪੀ ਸਿੰਘ ਅਤੇ ਨੇਵੀ ਚੀਫ਼ ਐਡਮਿਰਲ ਦਿਨੇਸ਼ ਕੇ. ਤ੍ਰਿਪਾਠੀ ਸ਼ਾਮਲ ਹਨ, ਦੀ ਮੌਜੂਦਗੀ ਵਿੱਚ ਕਹੀ। ਉਨ੍ਹਾਂ ਨੇ 'ਆਪ੍ਰੇਸ਼ਨ ਸਿੰਦੂਰ' ਲਈ ਤਿੰਨਾਂ ਫੌਜਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਹ ਆਪ੍ਰੇਸ਼ਨ ਭਾਰਤ ਦੇ ਸਵਦੇਸ਼ੀ ਪਲੇਟਫਾਰਮਾਂ, ਉਪਕਰਣਾਂ ਅਤੇ ਹਥਿਆਰ ਪ੍ਰਣਾਲੀਆਂ ਦੀ ਸਫਲਤਾ ਦੀ ਇੱਕ ਵੱਡੀ ਉਦਾਹਰਣ ਵਜੋਂ ਉਭਰਿਆ ਹੈ।

ਸਿੰਘ ਨੇ ਕਿਹਾ, ਇਸ ਮੁਹਿੰਮ ਦੀਆਂ ਪ੍ਰਾਪਤੀਆਂ ਨੇ ਇੱਕ ਵਾਰ ਫਿਰ ਇਸ ਗੱਲ ਨੂੰ ਰੇਖਾਂਕਿਤ ਕੀਤਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਵੈ-ਨਿਰਭਰਤਾ ਇੱਕ ਪੂਰਨ ਲੋੜ ਹੈ। ਅਸੀਂ ਸਵੈ-ਨਿਰਭਰਤਾ ਦੇ ਰਾਹ 'ਤੇ ਮਹੱਤਵਪੂਰਨ ਤਰੱਕੀ ਕੀਤੀ ਹੈ ਪਰ ਸਾਨੂੰ ਅਜੇ ਵੀ ਲੰਮਾ ਸਫ਼ਰ ਤੈਅ ਕਰਨਾ ਹੈ।ਰੱਖਿਆ ਮੰਤਰੀ ਨੇ ਕਿਹਾ ਕਿ 'ਆਪ੍ਰੇਸ਼ਨ ਸਿੰਦੂਰ' ਦੀ ਸਫਲਤਾ ਭਾਰਤੀ ਉਸ ਬਹਾਦਰੀ ਅਤੇ ਗਤੀ ਦੀ ਸ਼ਾਨਦਾਰ ਉਦਾਹਰਣ ਹੈ, ਜਿਸ ਦੇ ਨਾਲ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਵਿੱਚ ਅੱਤਵਾਦੀਆਂ ਦੇ ਖ਼ਿਲਾਫ਼ ਕਾਰਵਾਈ ਕੀਤੀ।

ਉਨ੍ਹਾਂ ਕਿਹਾ ਕਿ ਇਹ ਕਾਰਵਾਈ ਅਜਿਹੀ ਸੀ, ਜਿਸਦੀ ਇਨ੍ਹਾਂ ਅੱਤਵਾਦੀਆਂ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ। ਜੇਕਰ ਅਸੀਂ ਆਪ੍ਰੇਸ਼ਨ ਸਿੰਦੂਰ ਬਾਰੇ ਗੱਲ ਕਰੀਏ, ਤਾਂ ਇਹ ਸੱਚਮੁੱਚ ਤਕਨਾਲੋਜੀ-ਅਧਾਰਤ ਯੁੱਧ ਦਾ ਇੱਕ ਸ਼ਾਨਦਾਰ ਪ੍ਰਦਰਸ਼ਨ ਸੀ। 'ਯੁੱਧ ਯੁੱਧ 'ਤੇ ਤਕਨਾਲੋਜੀ ਦਾ ਪ੍ਰਭਾਵ' ਵਿਸ਼ੇ 'ਤੇ ਦੋ ਦਿਨਾਂ ਸੈਮੀਨਾਰ 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ ਆਯੋਜਿਤ ਕੀਤਾ ਗਿਆ ਸੀ। ਹਾਲਾਂਕਿ, ਫੌਜ ਦੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਪ੍ਰੋਗਰਾਮ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਹੋਣ ਤੋਂ ਬਹੁਤ ਪਹਿਲਾਂ ਯੋਜਨਾਬੱਧ ਕੀਤਾ ਗਿਆ ਸੀ। 'ਰਣ ਸੰਵਾਦ 2025' ਵਿੱਚ, ਤਿੰਨਾਂ ਫੌਜਾਂ ਦੇ ਅਧਿਕਾਰੀਆਂ ਨੇ ਰੱਖਿਆ ਖੇਤਰ ਵਿੱਚ ਮੌਜੂਦਾ ਅਤੇ ਭਵਿੱਖ ਦੀਆਂ ਚੁਣੌਤੀਆਂ ਅਤੇ ਉਨ੍ਹਾਂ ਨਾਲ ਨਜਿੱਠਣ ਦੇ ਉਪਾਵਾਂ 'ਤੇ ਵਿਚਾਰ-ਵਟਾਂਦਰਾ ਕੀਤਾ। ਇਸ ਦੌਰਾਨ, ਕੁਝ ਸਾਂਝੇ ਸਿਧਾਂਤ ਵੀ ਜਾਰੀ ਕੀਤੇ ਗਏ।

## ਮਾਨ ਨੇ ਹੜ੍ਹ ਪੀੜਤਾਂ ਦੀ ਮਦਦ

ਉਨ੍ਹਾਂ ਵਲੋਂ ਅਧਿਕਾਰੀਆਂ ਨੂੰ ਪ੍ਰਭਾਵਿਤ ਪਿੰਡਾਂ ਵਿੱਚ ਨਿਰਵਿਘਨ ਰਾਹਤ ਸਮੱਗਰੀ ਵੰਡਣ ਲਈ ਕਿਹਾ ਹੈ ਤਾਂ ਜੋ ਲੋਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਸਰਕਾਰ ਕਿਸਾਨਾਂ ਤੇ ਲੋਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਇਸ ਮੌਕੇ ਜੋਬਨ ਰੰਧਾਵਾ, ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਅਤੇ ਜਿਲ੍ਹਾ ਪ੍ਰਧਾਨ ਆਪ ਪਾਰਟੀ, ਚੇਅਰਮੈਨ ਰਾਜੀਵ ਸ਼ਰਮਾ, ਚੇਅਰਮੈਨ ਬਲਜੀਤ ਸਿੰਘ ਦੀਨਾਨਗਰ, ਮੁੱਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਮੀਡੀਆ ਇੰਚਾਰਜ ਆਪ ਪਾਰਟੀ ਅਤੇ ਪਾਰਟੀ ਦੇ ਆਗੂ ਤੇ ਵਲੰਟੀਅਰ ਮੌਜੂਦ ਸਨ।

## ਸੂਬੇ 'ਚ 24 ਘੰਟੇ ਹੜ੍ਹ ਕੰਟਰੋਲ ਰੂਮ ਕਰਨਗੇ

ਬਰਨਾਲਾ ਕੰਟਰੋਲ ਰੂਮ ਨੰ. 01679-233031, ਬਠਿੰਡਾ ਹੜ੍ਹ ਕੰਟਰੋਲ ਰੂਮ ਨੰ. 0164-2862100 ਅਤੇ 0164-2862101, ਕਪੂਰਥਲਾ ਕੰਟਰੋਲ ਰੂਮ ਨੰ. 01822-231990, ਫਤਹਿਗੜ੍ਹ ਸਾਹਿਬ ਹੜ੍ਹ ਕੰਟਰੋਲ ਰੂਮ ਨੰ. 01763-232838, ਮੋਗਾ ਹੜ੍ਹ ਕੰਟਰੋਲ ਰੂਮ ਨੰ. 01636-235206 ਅਤੇ ਜ਼ਿਲ੍ਹਾ ਮਾਲੇਰਕੋਟਲਾ ਲਈ ਹੜ੍ਹ ਕੰਟਰੋਲ ਰੂਮ ਨੰ. 01675-252003 ਹੈ।

ਉਨ੍ਹਾਂ ਕਿਹਾ ਕਿ ਇਹ ਸਾਰੇ ਕੰਟਰੋਲ ਰੂਮ ਐਮਰਜੈਂਸੀ ਸਥਿਤੀਆਂ ਦੌਰਾਨ ਤੁਰੰਤ ਜਵਾਬੀ ਪ੍ਰਤੀਕਿਰਿਆ ਨੂੰ ਯਕੀਨੀ ਬਣਾਉਣ ਲਈ ਦਿਨ-ਰਾਤ ਕਾਰਜਸ਼ੀਲ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਰ ਸੰਭਾਵੀ ਸਥਿਤੀ ਨਾਲ ਨਜਿੱਠਣ ਲਈ ਠੋਸ ਹੜ੍ਹ ਰੋਕਥਾਮ ਉਪਾਅ ਅਤੇ ਵਿਆਪਕ ਤਿਆਰੀ ਸਬੰਧੀ ਪ੍ਰੋਟੋਕੋਲ ਲਾਗੂ ਕੀਤੇ ਗਏ ਹਨ।

ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਇਹ ਕੰਟਰੋਲ ਰੂਮ ਆਧੁਨਿਕ ਸੰਚਾਰ ਪ੍ਰਣਾਲੀਆਂ ਨਾਲ ਲੈਸ ਹਨ ਅਤੇ ਇਨ੍ਹਾਂ ਦਾ ਪ੍ਰਬੰਧਨ ਸਿਖਲਾਈ ਪ੍ਰਾਪਤ ਕਰਮਚਾਰੀਆਂ ਵੱਲੋਂ ਕੀਤਾ ਜਾ ਰਿਹਾ ਹੈ, ਜੋ ਬਚਾਅ ਅਤੇ ਰਾਹਤ ਕਾਰਜਾਂ ਸਬੰਧੀ ਪ੍ਰਭਾਵਸ਼ਾਲੀ ਢੰਗ ਨਾਲ ਤਾਲਮੇਲ ਕਰ ਸਕਦੇ ਹਨ। ਉਨ੍ਹਾਂ ਲੋਕਾਂ ਨੂੰ ਚੌਕਸ ਰਹਿਣ ਅਤੇ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਤੁਰੰਤ ਕੰਟਰੋਲ ਰੂਮਾਂ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ।

## ਗੁਜਰਾਤ ਮਾਡਲ 'ਵੋਟ ਚੋਰੀ' ਦਾ

ਵਿਰੋਧੀ ਧਿਰ ਦੇ ਨੇਤਾ ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ 'ਚ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ, ਜਿੱਥੇ ਉਨ੍ਹਾਂ ਦੇ ਨਾਲ ਡੀ.ਐਮ.ਕੇ. ਦੇ ਐਮ.ਕੇ. ਸਟਾਲਿਨ ਅਤੇ ਆਰ.ਜੇ.ਡੀ. ਦੇ ਤੇਜਸਵੀ ਯਾਦਵ ਵੀ ਸ਼ਾਮਲ ਹੋਏ। ਉਨ੍ਹਾਂ ਕਿਹਾ,"ਤੁਸੀਂ ਜਾਣਦੇ ਹੋ ਕਿ ਟਰੰਪ ਨੇ ਅੱਜ ਕੀ ਕਿਹਾ ਹੈ? ਉਨ੍ਹਾਂ ਕਿਹਾ ਕਿ ਜਦੋਂ ਪਾਕਿਸਤਾਨ ਨਾਲ ਤਣਾਅ ਸਿਖਰ ਉਤੇ ਸੀ ਤਾਂ ਉਨ੍ਹਾਂ ਨੇ ਮੋਦੀ ਨੂੰ ਫੋਨ ਕੀਤਾ ਅਤੇ ਉਨ੍ਹਾਂ ਨੂੰ 24 ਘੰਟਿਆਂ ਦੇ ਅੰਦਰ ਲੜਾਈ ਰੋਕਣ ਲਈ ਕਿਹਾ। ਅਤੇ ਮੋਦੀ ਨੇ ਤੁਰਤ ਗੱਲ ਮੰਨੀ। ਟਰੰਪ ਨੇ 24 ਘੰਟੇ ਦਾ ਸਮਾਂ ਦਿਤਾ ਗਿਆ ਸੀ ਪਰ ਉਨ੍ਹਾਂ ਨੇ ਟਰੰਪ ਦੇ ਨਿਰਦੇਸ਼ਾਂ ਅਨੁਸਾਰ ਪੰਜ ਘੰਟਿਆਂ 'ਚ ਅਜਿਹਾ ਕਰ ਦਿਤਾ।" ਇਹ ਇਸ਼ਾਰਾ ਟਰੰਪ ਦੇ ਇਕ ਵੀਡੀਉ ਵਲ ਸੀ ਜਿਸ ਵਿਚ ਉਹ ਵ੍ਹਾਈਟ ਹਾਊਸ ਵਿਚ ਕੈਬਨਿਟ ਦੀ ਬੈਠਕ ਨੂੰ ਸੰਬੋਧਨ ਕਰਦੇ ਹੋਏ ਦੇਖੇ ਜਾ ਸਕਦੇ ਹਨ। ਅਮਰੀਕੀ ਰਾਸ਼ਟਰਪਤੀ ਇਸ ਗੱਲ ਉਤੇ ਜ਼ੋਰ ਦੇ ਰਹੇ ਹਨ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਉਨ੍ਹਾਂ ਦੇ ਦਖ਼ਲ ਤੋਂ ਬਾਅਦ ਰੁਕ ਗਿਆ ਸੀ, ਜਿਸ ਦਾਅਵੇ ਨੂੰ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਰੱਦ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਨੇ ਅਮਰੀਕਾ ਦੀ ਕਿਸੇ ਵਿਚੋਲਗੀ ਤੋਂ ਬਿਨਾਂ ਅਪਣੀਆਂ ਫ਼ੌਜਾਂ ਵਿਚਾਲੇ ਸਿੱਧੀ ਗੱਲਬਾਤ ਤੋਂ ਬਾਅਦ ਮਈ ਵਿਚ ਅਪਣੀਆਂ ਫ਼ੌਜੀ ਕਾਰਵਾਈਆਂ ਰੋਕ ਦਿਤੀਆਂ ਸਨ। ਰਾਹੁਲ ਗਾਂਧੀ ਨੇ ਮੀਡੀਆ ਉਤੇ ਵੀ ਨਿਸ਼ਾਨਾ ਵਿੰਨ੍ਹਦਿਆਂ ਕਿਹਾ,"ਮੀਡੀਆ ਤੁਹਾਨੂੰ ਇਹ ਨਹੀਂ ਵਿਖਾਏਗਾ ਕਿ ਟਰੰਪ ਨੇ ਕੀ ਕਿਹਾ ਹੈ ਕਿਉਂਕਿ ਉਹ ਸਿਰਫ ਮੋਦੀ ਅਤੇ ਉਨ੍ਹਾਂ ਦੇ ਦੋਸਤਾਨਾ ਕਾਰੋਬਾਰੀਆਂ ਦੀ ਪਰਵਾਹ ਕਰਦਾ ਹੈ ਨਾ ਕਿ ਮੇਰੇ, ਸਟਾਲਿਨ ਜਾਂ ਤੇਜਸਵੀ ਵਰਗੇ ਲੋਕਾਂ ਦੀ।" ਰਾਏਬਰੇਲੀ ਦੇ ਸੰਸਦ ਮੈਂਬਰ ਨੇ ਬਿਹਾਰ 'ਚ ਵੋਟਰ ਸੂਚੀ ਦੇ ਖਰੜੇ ਵਿਚੋਂ 65 ਲੱਖ ਲੋਕਾਂ ਦੇ ਨਾਂ ਹਟਾਉਣ ਉਤੇ ਵੀ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ। ਉਨ੍ਹਾਂ ਕਿਹਾ, "ਬਿਹਾਰ ਦੇ ਹਜ਼ਾਰਾਂ ਲੋਕਾਂ ਨੇ ਸਾਨੂੰ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਦੇ ਨਾਂ ਗਲਤ ਤਰੀਕੇ ਨਾਲ ਹਟਾ ਦਿਤੇ ਗਏ ਹਨ। ਇੰਨਾ ਜ਼ਿਆਦਾ ਕਿ ਬਹੁਤ ਸਾਰੇ ਜਿਉਂਦੇ ਲੋਕਾਂ ਨੂੰ ਮ੍ਰਿਤਕ (ਖਰੜਾ ਸੂਚੀ ਵਿਚ) ਵਿਖਾਇਆ ਗਿਆ ਹੈ।" ਉਨ੍ਹਾਂ ਦੋਸ਼ ਲਾਇਆ ਕਿ ਚੋਣ ਕਮਿਸ਼ਨ ਅਮੀਰਾਂ ਦੇ ਨਾਂ ਨਹੀਂ ਬਲਕਿ ਦਲਿਤਾਂ, ਓ.ਬੀ.ਸੀ., ਅਤਿ ਪੱਛੜੇ ਵਰਗਾਂ ਅਤੇ ਘੱਟ ਗਿਣਤੀਆਂ ਦੇ ਨਾਂ ਹਟਾ ਰਿਹਾ ਹੈ। ਉਹ ਅਜਿਹਾ ਇਸ ਲਈ ਕਰ ਰਹੀ ਹੈ ਕਿਉਂਕਿ ਕੇਂਦਰ 'ਚ ਸੱਤਾਧਾਰੀ ਭਾਜਪਾ ਨਹੀਂ ਚਾਹੁੰਦੀ ਕਿ ਆਮ ਲੋਕਾਂ ਦੀ ਆਵਾਜ਼ ਸੁਣੀ ਜਾਵੇ।

## ਗੁਜਰਾਤ 'ਚ 'ਗੁੰਮਨਾਮ ਪਾਰਟੀਆਂ' ਦੇ 4300 ਕਰੋੜ ਦੇ

ਸਿਆਸੀ ਪਾਰਟੀਆਂ ਨੂੰ 2019-20 ਤੋਂ 2023-24 ਤਕ 4,300 ਕਰੋੜ ਰੁਪਏ ਦਾ ਚੰਦਾ ਮਿਲਿਆ। ਰੀਪੋਰਟ ਮੁਤਾਬਕ ਇਸ ਸਮੇਂ ਦੌਰਾਨ ਤਿੰਨ ਚੋਣਾਂ 2019, 2024 ਦੀਆਂ ਲੋਕ ਸਭਾ ਚੋਣਾਂ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਇਨ੍ਹਾਂ ਪਾਰਟੀਆਂ ਨੇ ਸਿਰਫ 43 ਉਮੀਦਵਾਰ ਖੜ੍ਹੇ ਕੀਤੇ, ਜਿਨ੍ਹਾਂ ਨੂੰ ਮਿਲ ਕੇ 54,069 ਵੋਟਾਂ ਮਿਲੀਆਂ। ਰੀਪੋਰਟ 'ਚ ਕਿਹਾ ਗਿਆ ਹੈ ਕਿ ਉਨ੍ਹਾਂ ਦੀਆਂ ਚੋਣ ਰੀਪੋਰਟਾਂ 'ਚ ਸਿਰਫ 39.02 ਲੱਖ ਰੁਪਏ ਖਰਚ ਕੀਤੇ ਗਏ, ਜਦਕਿ ਆਡਿਟ ਰੀਪੋਰਟ 'ਚ 3,500 ਕਰੋੜ ਰੁਪਏ ਖਰਚ ਕੀਤੇ ਗਏ। ਇਸ 'ਤੇ ਰਾਹੁਲ ਗਾਂਧੀ ਨੇ ਕਿਹਾ, "ਗੁਜਰਾਤ 'ਚ ਕੁੱਝ ਗੁੰਮਨਾਮ ਪਾਰਟੀਆਂ ਹਨ, ਜਿਨ੍ਹਾਂ ਦੇ ਨਾਂ ਕਿਸੇ ਨੇ ਨਹੀਂ ਸੁਣੇ ਪਰ ਉਨ੍ਹਾਂ ਨੂੰ 4,300 ਕਰੋੜ ਰੁਪਏ ਦਾ ਚੰਦਾ ਮਿਲਿਆ। ਇਨ੍ਹਾਂ ਪਾਰਟੀਆਂ ਨੇ ਚੋਣਾਂ ਲੜੀਆਂ ਹਨ ਜਾਂ ਬਹੁਤ ਘੱਟ ਮੌਕਿਆਂ ਉਤੇ ਉਨ੍ਹਾਂ ਉਤੇ ਪੈਸਾ ਖਰਚ ਕੀਤਾ ਹੈ।" ਸਾਬਕਾ ਕਾਂਗਰਸ ਪ੍ਰਧਾਨ ਨੇ ਚੋਣ ਕਮਿਸ਼ਨ ਉਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ,"ਇਹ ਹਜ਼ਾਰਾਂ ਕਰੋੜ ਰੁਪਏ ਕਿੱਥੋਂ ਆਏ? ਉਨ੍ਹਾਂ ਨੂੰ ਕੌਣ ਚਲਾ ਰਿਹਾ ਹੈ? ਅਤੇ ਪੈਸਾ ਕਿੱਥੇ ਗਿਆ? ਕੀ ਚੋਣ ਕਮਿਸ਼ਨ ਜਾਂਚ ਕਰੇਗਾ ਜਾਂ ਇੱਥੇ ਵੀ ਹਲਫ਼ਨਾਮਾ ਮੰਗੇਗਾ? ਜਾਂ ਕੀ ਇਹ ਕਾਨੂੰਨ ਨੂੰ ਹੀ ਬਦਲ ਦੇਵੇਗਾ, ਤਾਂ ਜੋ ਇਹ ਅੰਕੜੇ ਵੀ ਲੁਕਾਏ ਜਾ ਸਕਨ?"

## ਸ੍ਰੀ ਕਰਤਾਰਪੁਰ ਸਾਹਿਬ 'ਚ ਹੜ੍ਹ ਦਾ

ਗਹਿਰੀ ਚਿੰਤਾ ਵਾਲਾ ਮਾਹੌਲ ਬਣਿਆ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਸਾਲ ਭਾਰੀ ਮੀਂਹ ਦੇ ਕਾਰਨ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਾਲੇ ਪਾਸੇ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਵਿੱਚ ਬਹੁਤ ਭਾਰੀ ਮਾਤਰਾ ਵਿੱਚ ਪਾਣੀ ਦਾ ਵਹਿਣ ਹੋਇਆ ਹੈ, ਜਿਸ ਨਾਲ ਦੋਵੇਂ ਪਾਸੇ ਫਸਲਾਂ, ਪਿੰਡਾਂ ਵਿੱਚ ਲੋਕਾਂ ਦੇ ਘਰਾਂ ਅਤੇ ਮਾਲ ਡੰਗਰਾਂ ਦਾ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਆਫ਼ਤ ਦੇ ਅਜਿਹੇ ਸਮੇਂ ਵਿੱਚ ਸਾਨੂੰ ਇਕ ਦੂਜੇ ਦਾ ਸਹਾਰਾ ਬਣਦਿਆਂ ਮੁਸੀਬਤ ਵਿੱਚ ਫਸੇ ਲੋਕਾਂ ਦੀ ਹਰ ਸੰਭਵ ਮਦਦ ਯਕੀਨੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕੁਦਰਤ ਦੇ ਅੱਗੇ ਕਿਸੇ ਦਾ ਵੱਸ ਨਹੀਂ ਲੇਕਿਨ ਸਰਕਾਰਾਂ ਨੂੰ ਆਪਣੀ ਬਣਦੀ ਭੂਮਿਕਾ ਠੀਕ ਤਰ੍ਹਾਂ ਨਿਭਾਉਣੀ ਚਾਹੀਦੀ ਹੈ ਤਾਂ ਜੋ ਲੋਕਾਂ ਨੂੰ ਅਜਿਹੀ ਆਫ਼ਤ ਤੋਂ ਬਚਾਇਆ ਜਾ ਸਕੇ।

ਜਥੇਦਾਰ ਗੜਗੱਜ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਕਈ ਸਿੱਖ ਜਥੇਬੰਦੀਆਂ, ਕਾਰ ਸੇਵਾ ਵਾਲੀਆਂ ਸੰਸਥਾਵਾਂ ਅਤੇ ਹੋਰ ਪੰਜਾਬੀ ਸੰਸਥਾਵਾਂ ਵੱਲੋਂ ਇਸ ਮੁਸੀਬਤ ਦੇ ਸਮੇਂ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਾਰੀ ਕੀਤੀ ਗਈ ਅਪੀਲ ਅਨੁਸਾਰ ਹੜ੍ਹ ਨਾਲ ਜ਼ਿਆਦਾ ਪ੍ਰਭਾਵਿਤ ਹੋਏ ਪਿੰਡ ਵਾਸੀ ਗੁਰੂ ਘਰਾਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਪਹੁੰਚਾਉਣਾ ਯਕੀਨੀ ਬਣਾਉਣ।

ਜਥੇਦਾਰ ਗੜਗੱਜ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਸਿੱਖਾਂ ਲਈ ਧਾਰਮਿਕ ਆਸਥਾ ਦਾ ਅਤਿ ਅਹਿਮ ਕੇਂਦਰ ਅਤੇ ਸਿੱਖ ਵਿਰਾਸਤ ਹੈ, ਇੱਥੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਬਹੁਤ ਅਹਿਮ ਅਤੇ ਅੰਤਿਮ ਸਮਾਂ ਬਿਤਾਇਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਸ ਸਾਲ ਗੁਰੂ ਘਰ ਦੀ ਹਦੂਦ ਅੰਦਰ ਹੜ੍ਹ ਦਾ ਪਾਣੀ ਵੜ ਗਿਆ ਹੈ ਲੇਕਿਨ ਭਵਿੱਖ ਵਾਸਤੇ ਪਾਕਿਸਤਾਨ ਅਤੇ ਲਹਿੰਦੇ ਪੰਜਾਬ ਦੀਆਂ ਸਰਕਾਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਜਿਹਾ ਨਾ ਹੋਵੇ, ਇਸ ਲਈ ਲੋੜ ਅਨੁਸਾਰ ਰਾਵੀ ਦਰਿਆ ਦੇ ਵਹਿਣ ਨੂੰ ਗੁਰੂ ਘਰ ਦੀ ਹਦੂਦ ਅਤੇ ਸਮੂਹ ਅੰਦਰ ਆਉਣ ਤੋਂ ਰੋਕਣ ਲਈ ਢੁਕਵੀਂ ਥਾਵਾਂ ਉੱਤੇ ਧੁੱਸੀ ਬੰਨ੍ਹ ਜਾਂ ਹੋਰ ਪੱਕੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਖਿਆ ਕਿ ਉਹ ਪਾਕਿਸਤਾਨ ਓਕਾਫ਼ ਬੋਰਡ ਦਾ ਸਹਿਯੋਗ ਲੈ ਕੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦੀ ਇਮਾਰਤ ਨੂੰ ਪੁੱਜੇ ਨੁਕਸਾਨ ਦਾ ਵੇਰਵਾ ਇਕੱਤਰ ਕਰੇ ਅਤੇ ਇਸ ਦੀ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਰਾਹੀਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਣਾ ਯਕੀਨੀ ਬਣਾਏ। ਜਥੇਦਾਰ ਗੜਗੱਜ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਓਕਾਫ਼ ਬੋਰਡ ਨਾਲ ਰਾਬਤਾ ਕਰਕੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਹੜ੍ਹ ਕਾਰਨ ਹੋਏ ਨੁਕਸਾਨ ਦੀ ਸਮੁੱਚੀ ਰਿਪੋਰਟ ਪ੍ਰਾਪਤ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਣ ਲਈ ਆਖਿਆ।

ਜਥੇਦਾਰ ਗੜਗੱਜ ਨੇ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਨੂੰ ਕਿਹਾ ਕਿ ਦੋਵੇਂ ਦੇਸ਼ ਸਾਂਝੇ ਯਤਨਾਂ ਅਤੇ ਆਪਸੀ ਤਾਲਮੇਲ ਨਾਲ ਇਹ ਯਕੀਨੀ ਬਣਾਉਣ ਕਿ ਭਵਿੱਖ ਵਿੱਚ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਵਿੱਚ ਇਸ ਤਰ੍ਹਾਂ ਹੜ੍ਹ ਦਾ ਪਾਣੀ ਨਾ ਆਵੇ, ਇਸ ਲਈ ਦੋਵੇਂ ਪਾਸੇ ਜੋ ਪ੍ਰਬੰਧ ਕਰਨੇ ਲੋੜੀਂਦੇ ਹਨ ਉਹ ਕੀਤੇ ਜਾਣ ਤਾਂ ਜੋ ਸਿੱਖ ਸੰਗਤਾਂ ਨੂੰ ਕਿਸੇ ਕਿਸਮ ਦੀ ਚਿੰਤਾ ਨਾ ਹੋਵੇ। ਉਨ੍ਹਾਂ ਭਾਰਤ ਸਰਕਾਰ ਨੂੰ ਇੱਕ ਵਾਰ ਫਿਰ ਅਪੀਲ ਕੀਤੀ ਕਿ ਹੜ੍ਹ ਦਾ ਪਾਣੀ ਉਤਰ ਜਾਣ ਦੇ ਤੁਰੰਤ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਜੋ ਬੀਤੇ ਦਿਨੀਂ ਦੋਵੇਂ ਦੇਸ਼ਾਂ ਵਿਚਕਾਰ ਕੁੜੱਤਣ ਵਾਲੇ ਮਾਹੌਲ ਕਰਕੇ ਬੰਦ ਕੀਤਾ ਗਿਆ ਸੀ ਉਸ ਨੂੰ ਜਲਦ ਹੀ ਖੋਲ੍ਹਿਆ ਜਾਵੇ ਤਾਂ ਜੋ ਆਪਸੀ ਸਾਂਝ ਤੇ ਪਿਆਰ ਵਧੇ ਤੇ ਭਾਰਤ ਵਾਲੇ ਪਾਸਿਓਂ ਸਿੱਖ ਸੰਗਤ ਸ੍ਰੀ ਕਰਤਾਰਪੁਰ ਸਾਹਿਬ ਜਾ ਕੇ ਗੁਰੂ ਘਰ ਦੀ ਮੌਜੂਦਾ ਸਥਿਤੀ ਵਾਚ ਸਕੇ ਅਤੇ ਲੋੜੀਂਦੀ ਕਾਰ ਸੇਵਾ ਅਰੰਭੀ ਜਾ ਸਕੇ।

## ਸ੍ਰੀ ਕਰਤਾਰਪੁਰ ਸਾਹਿਬ ਗੁਰਦੁਆਰਾ

ਲਗਭਗ 200 ਤੋਂ ਵੱਧ ਲੋਕ ਬਚਾਓ ਕਾਰਜ ਦੌਰਾਨ ਸੁਰੱਖਿਅਤ ਕੀਤੇ ਗਏ ਹਨ। ਕਰਤਾਰਪੁਰ ਕੋਰੀਡੋਰ ਵੀ ਇਸ ਵੇਲੇ ਬੰਦ ਕਰ ਦਿੱਤਾ ਗਿਆ ਹੈ।

ਧਾਰਮਿਕ ਤੇ ਰਾਜਨੀਤਿਕ ਪ੍ਰਤੀਕ੍ਰਿਆ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਨੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ ਪਾਕਿਸਤਾਨ ਸਰਕਾਰ, ETPB ਅਤੇ PSGPC ਤੋਂ ਤੁਰੰਤ ਕਾਰਵਾਈ ਕਰਨ ਅਤੇ ਨੁਕਸਾਨ ਦੀ ਪੂਰੀ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ। ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਇਸ ਧਾਰਮਿਕ ਵਿਰਾਸਤ ਨੂੰ ਬਚਾਉਣ ਲਈ ਭਾਰਤ-ਪਾਕਿਸਤਾਨ ਸਾਂਝੇ ਤੌਰ 'ਤੇ ਯੋਜਨਾਬੱਧ ਉਪਰਾਲੇ ਕਰਨ।

## ਏਕਤਾ ਲਈ ਇਕਸਾਰਤਾ ਦੀ ਲੋੜ ਨਹੀਂ:ਭਾਗਵਤ

ਪ੍ਰੋਗਰਾਮ ਦਾ ਵਿਸ਼ਾ ਭੂਗੋਲਿਕ ਨਹੀਂ ਸਗੋਂ ਭਾਰਤ ਮਾਤਾ ਪ੍ਰਤੀ ਸ਼ਰਧਾ ਅਤੇ ਪੁਰਖਿਆਂ ਦੀਆਂ ਪਰੰਪਰਾਵਾਂ ਸਨ, ਜੋ ਸਾਰਿਆਂ ਲਈ ਸਾਂਝੀਆਂ ਹਨ। ਉਹਨਾਂ ਕਿਹਾ ਕਿ ਸਾਡਾ ਡੀਐਨਏ ਵੀ ਇਕ ਹੈ... ਸਦਭਾਵਨਾ ਵਿੱਚ ਰਹਿਣਾ ਸਾਡੀ ਸੰਸਕ੍ਰਿਤੀ ਹੈ। ਅਸੀਂ ਏਕਤਾ ਲਈ ਇਕਸਾਰਤਾ ਨੂੰ ਜ਼ਰੂਰੀ ਨਹੀਂ ਮੰਨਦੇ; ਵਿਭਿੰਨਤਾ ਵਿੱਚ ਏਕਤਾ ਹੈ। ਵਿਭਿੰਨਤਾ ਏਕਤਾ ਦਾ ਨਤੀਜਾ ਹੈ।"

ਆਰਐਸਐਸ ਮੁਖੀ ਨੇ ਕਿਹਾ ਕਿ ਭਾਰਤ ਆਜ਼ਾਦੀ ਦੇ 75 ਸਾਲਾਂ ਵਿੱਚ ਉਹ ਦਰਜਾ ਪ੍ਰਾਪਤ ਨਹੀਂ ਕਰ ਸਕਿਆ ਜੋ ਉਸਨੂੰ ਮਿਲਣਾ ਚਾਹੀਦਾ ਸੀ। ਆਰਐਸਐਸ ਦਾ ਉਦੇਸ਼ ਦੇਸ਼ ਨੂੰ ਵਿਸ਼ਵਗੁਰੂ ਬਣਾਉਣਾ ਹੈ ਅਤੇ ਦੁਨੀਆ ਵਿੱਚ ਭਾਰਤ ਦੇ ਯੋਗਦਾਨ ਦਾ ਸਮਾਂ ਆ ਗਿਆ ਹੈ। ਉਨ੍ਹਾਂ ਨੇ ਦੇਸ਼ ਦੇ ਉਥਾਨ ਲਈ ਸਮਾਜਿਕ ਪਰਿਵਰਤਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਹਨਾਂ ਕਿਹਾ, ਜੇਕਰ ਸਾਨੂੰ ਦੇਸ਼ ਨੂੰ ਉੱਚਾ ਚੁੱਕਣਾ ਹੈ, ਤਾਂ ਇਹ ਕੰਮ ਇੱਕ ਵਿਅਕਤੀ 'ਤੇ ਛੱਡ ਕੇ ਨਹੀਂ ਹੋਵੇਗਾ। ਹਰ ਕਿਸੇ ਦੀ ਆਪਣੀ ਭੂਮਿਕਾ ਹੋਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਨੇਤਾਵਾਂ, ਸਰਕਾਰਾਂ ਅਤੇ ਰਾਜਨੀਤਿਕ ਪਾਰਟੀਆਂ ਦੀ ਭੂਮਿਕਾ ਇਸ ਪ੍ਰਕਿਰਿਆ ਵਿੱਚ ਸਹਾਇਤਾ ਕਰਨਾ ਹੈ। ਪਰ ਮੁੱਖ ਕਾਰਨ ਸਮਾਜ ਦਾ ਪਰਿਵਰਤਨ ਅਤੇ ਇਸਦੀ ਹੌਲੀ-ਹੌਲੀ ਤਰੱਕੀ ਹੋਵੇਗੀ।

ਉਨ੍ਹਾਂ ਕਿਹਾ ਕਿ ਪ੍ਰਾਚੀਨ ਸਮੇਂ ਤੋਂ ਭਾਰਤੀਆਂ ਨੇ ਕਦੇ ਵੀ ਲੋਕਾਂ ਵਿੱਚ ਵਿਤਕਰਾ ਨਹੀਂ ਕੀਤਾ। ਕਿਉਂਕਿ ਉਹ ਸਮਝਦੇ ਸਨ ਕਿ ਹਰ ਕੋਈ ਅਤੇ ਦੁਨੀਆ ਇੱਕੋ ਬ੍ਰਹਮਤਾ ਨਾਲ ਬੱਝੇ ਹੋਏ ਹਨ। ਹਿੰਦੂ ਸ਼ਬਦ ਦੀ ਵਰਤੋਂ ਬਾਹਰੀ ਲੋਕਾਂ ਦੁਆਰਾ ਭਾਰਤੀਆਂ ਦਾ ਵਰਣਨ ਕਰਨ ਲਈ ਕੀਤੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਹਿੰਦੂ ਆਪਣੇ ਰਸਤੇ 'ਤੇ ਚੱਲਣ ਅਤੇ ਦੂਜਿਆਂ ਦਾ ਸਤਿਕਾਰ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਉਹ ਕਿਸੇ ਵੀ ਮੁੱਦੇ 'ਤੇ ਲੜਨ ਵਿੱਚ ਨਹੀਂ, ਸਗੋਂ ਤਾਲਮੇਲ ਵਿੱਚ ਵਿਸ਼ਵਾਸ ਰੱਖਦੇ ਹਨ।

ਇਸ ਦੇ ਪਿਛੋਕੜ ਵਿਚ ਭਾਰੀ ਬਰਸਾਤ, ਭਾਰਤ ਵੱਲੋਂ ਵਾਧੂ ਜਲ ਰਿਲੀਜ਼ ਅਤੇ ਰਾਵੀ-ਚਿਨਾਬ-ਸਤਲੁਜ ਨਦੀਆਂ ਦੇ ਅਸਾਧਾਰਣ ਜਲ ਪੱਧਰ ਕਾਰਨ ਸਿਰਫ ਗੁਰਦੁਆਰਾ ਸਾਹਿਬ ਹੀ ਨਹੀਂ, ਸਗੋਂ ਪੰਜਾਬ-ਪਾਕਿਸਤਾਨ ਦੇ ਹਜ਼ਾਰਾਂ ਪਿੰਡ ਵੀ ਹੜ੍ਹਾਂ ਦੀ ਚਪੇਟ ਵਿੱਚ ਹਨ।

ਸ੍ਰੀ ਕਰਤਾਰਪੁਰ ਸਾਹਿਬ ਵਿੱਚ ਆਇਆ ਇਹ ਸੰਗੀਨ ਸੰਕਟ ਸਿਰਫ ਪਾਕਿਸਤਾਨੀ ਪੰਜਾਬ ਦੀ ਤ੍ਰਾਸਦੀ ਨਹੀਂ, ਸਗੋਂ ਪੂਰੇ ਸਿੱਖ ਸੰਸਾਰ ਲਈ ਆਤਮਕ ਚਿੰਤਾ ਹੈ। ਹੁਣ ਲੋੜ ਹੈ ਕਿ ਧਾਰਮਿਕ ਸਥਾਨ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਤੇ ਸਾਂਝੇ ਉਪਰਾਲੇ ਕੀਤੇ ਜਾਣ।

## ਕੈਨੇਡਾ ਵੱਲੋਂ ਭਾਰਤੀ ਵਿਦਿਆਰਥੀਆਂ ਦੇ ਸਟੱਡੀ

ਆਈ ਹੈ। ਇਸ ਸਮੇਂ ਦੌਰਾਨ ਜਾਰੀ ਕੁਲ ਸਟੱਡੀ ਵੀਜ਼ਿਆਂ 'ਚ ਭਾਰਤੀ ਵਿਦਿਆਰਥੀਆਂ ਦੀ ਹਿੱਸੇਦਾਰੀ ਵੀ ਪਿਛਲੇ ਸਾਲ ਦੇ 45 ਫ਼ੀਸਦੀ ਤੋਂ ਘੱਟ ਕੇ ਇਸ ਸਾਲ 32 ਫ਼ੀਸਦੀ 'ਤੇ ਆ ਗਈ। ਭਾਰਤ ਤੇ ਕੈਨੇਡਾ ਦੇ ਰਿਸ਼ਤੇ ਹਾਲੀਆ ਸਾਲਾਂ 'ਚ ਖਾਸੇ ਤਣਾਅਪੂਰਣ ਹੋ ਗਏ ਹਨ। ਭਾਰਤ ਲੰਬੇ ਸਮੇਂ ਤੋਂ ਕੈਨੇਡਾ 'ਤੇ ਦੋਸ਼ ਲਗਾਉਂਦਾ ਆ ਰਿਹਾ ਹੈ ਕਿ ਉਹ ਗਰਮਖਿਆਲੀ ਸਮਰਥਕ ਸੰਗਠਨਾਂ ਨੂੰ ਖੁੱਲ੍ਹੀ ਛੋਟ ਦਿੰਦਾ ਹੈ, ਜਿਹੜੇ ਭਾਰਤ ਦੀ ਅਖੰਡਤਾ ਤੇ ਸੁਰੱਖਿਆ ਲਈ ਖਤਰਾ ਹਨ। ਸਤੰਬਰ 2023 'ਚ ਇਹ ਵਿਵਾਦ ਉਸ ਸਮੇਂ ਹੋਰ ਵੱਧ ਗਿਆ ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖੁੱਲ੍ਹੇਆਮ ਭਾਰਤ 'ਤੇ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦੇ ਹੋਏ ਕੈਨੇਡਾ 'ਤੇ ਅੱਤਵਾਦੀਆਂ ਨੂੰ ਸੁਰੱਖਿਆ ਦੇਣ ਦਾ ਦੋਸ਼ ਲਗਾਇਆ। ਇਸਦੇ ਬਾਅਦ ਦੋਵੇਂ ਦੇਸ਼ਾਂ ਨੇ ਇਕ ਦੂਜੇ ਦੇ ਕੂਟਨੀਤਕਾਂ ਨੂੰ ਬਰਖਾਸਤ ਕੀਤਾ ਤੇ ਵਪਾਰ ਤੇ ਵੀਜ਼ਾ ਸਬੰਧਾਂ 'ਤੇ ਵੀ ਅਸਰ ਪਿਆ। ਅੰਕੜਿਆਂ ਅਨੁਸਾਰ ਜਨਵਰੀ ਤੋਂ ਜੂਨ 2025 ਤੱਕ ਭਾਰਤੀ ਵਿਦਿਆਰਥੀਆਂ ਲਈ ਜਾਰੀ ਕੁੱਲ ਸਟਡੀ ਪਰਮਿਟ 99,950 ਤੋਂ ਘੱਟ ਕੇ 47,695 ਰਹਿ ਗਏ। ਉੱਥੇ ਹੀ ਕੁੱਲ ਮਿਲਾ ਕੇ ਕੈਨੇਡਾ ਵਲੋਂ ਜਾਰੀ ਸਾਰੇ ਸਟੱਡੀ ਪਰਮਿਟਾਂ ਦੀ ਗਿਣਤੀ 245,055 ਤੋਂ ਘੱਟ ਕੇ 149,860 ਹੋ ਗਈ। ਯਾਨੀ ਲਗਪਗ ਇਕ ਲੱਖ ਦੀ ਕਮੀ। ਮਾਹਿਰਾਂ ਦੇ ਮੁਤਾਬਕ, ਇਹ ਗਿਰਾਵਟ ਕੈਨੇਡਾ ਦੀਆਂ ਸਖਤ ਨੀਤੀਆਂ ਦਾ ਨਤੀਜਾ ਹੈ। ਕੈਨੇਡਾ ਸਰਕਾਰ ਦੀ ਨਵੀਂ ਪਾਲਿਸੀ ਦੇ 2025 'ਚ ਸਟਡੀ ਪਰਮਿਟ ਦੀ ਵੱਧ ਤੋਂ ਵੱਧ ਹੱਦ 4,37,000 ਤੈਅ ਕੀਤੀ ਗਈ ਹੈ, ਜਿਹੜੀ 2024 ਦੇ ਟੀਚੇ 4,85,000 ਤੋਂ ਘੱਟ ਹੈ। ਇਹ ਨਵੀਂ ਹੱਦ 2026 'ਤੇ ਵੀ ਲਾਗੂ ਹੋਵੇਗੀ। ਜਨਵਰੀ 2024 ਤੋਂ ਨਵੇਂ ਨਿਯਮਾਂ ਦੇ ਤਹਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜ਼ਿਆਦਾ ਵਿੱਤੀ ਵਸੀਲਿਆਂ ਦਾ ਸਬੂਤ ਦੇਣਾ ਪਵੇਗਾ, ਜਿਸ ਨਾਲ ਅਰਜ਼ੀਆਂ ਔਖੀਆਂ ਹੋ ਗਈਆਂ ਹਨ। ਜਦਕਿ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਟਰੈਂਡ ਆਉਣ ਵਾਲੇ ਮਹੀਨਿਆਂ 'ਚ ਵੀ ਜਾਰੀ ਰਹਿ ਸਕਦਾ ਹੈ, ਜਿਸ ਨਾਲ ਕੈਨੇਡਾ 'ਚ ਭਾਰਤੀ ਵਿਦਿਆਰਥੀਆਂ ਦਾ ਦਾਖਲਾ ਹੋਰ ਪ੍ਰਭਾਵਿਤ ਹੋ ਸਕਦਾ ਹੈ।

## ਮਹਾਰਾਸ਼ਟਰ-ਛੱਤੀਸਗੜ੍ਹ ਸਰਹੱਦ

ਅਗਵਾਈ ਵਾਲੀ ਟੀਮ ਬੁਧਵਾਰ ਸਵੇਰੇ ਜੰਗਲ ਪਹੁੰਚੀ। ਬਿਆਨ 'ਚ ਕਿਹਾ ਗਿਆ ਹੈ ਕਿ ਨਕਸਲੀਆਂ ਨੇ ਉਸ ਸਮੇਂ ਗੋਲੀਬਾਰੀ ਸ਼ੁਰੂ ਕਰ ਦਿਤੀ ਜਦੋਂ ਟੀਮ ਤਲਾਸ਼ੀ ਮੁਹਿੰਮ ਚਲਾ ਰਹੀ ਸੀ। ਸੁਰੱਖਿਆ ਕਰਮਚਾਰੀਆਂ ਨੇ ਜਵਾਬੀ ਕਾਰਵਾਈ ਕੀਤੀ ਅਤੇ ਗੋਲੀਬਾਰੀ ਲਗਭਗ ਅੱਠ ਘੰਟਿਆਂ ਤਕ ਰੁਕ-ਰੁਕ ਕੇ ਜਾਰੀ ਰਹੀ। ਅਧਿਕਾਰੀਆਂ ਨੇ ਦਸਿਆ ਕਿ ਇਸ ਤੋਂ ਬਾਅਦ ਤਿੰਨ ਔਰਤਾਂ ਅਤੇ ਇਕ ਪੁਰਸ਼ ਦੀਆਂ ਲਾਸ਼ਾਂ, ਇਕ ਐਸ.ਐਲ.ਆਰ. ਰਾਈਫਲ, ਦੋ ਇੰਸਾਸ ਰਾਈਫਲਾਂ ਅਤੇ ਇਕ .303 ਰਾਈਫਲ ਬਰਾਮਦ ਕੀਤੀ ਗਈ। ਬਿਆਨ 'ਚ ਕਿਹਾ ਗਿਆ ਹੈ ਕਿ ਬਾਕੀ ਨਕਸਲੀਆਂ ਦੀ ਭਾਲ ਇਲਾਕੇ 'ਚ ਜਾਰੀ ਹੈ।

## ਯੋਗੀ ਵੱਲੋਂ ਮੰਤਰੀਆਂ ਨੂੰ ਤੁਰੰਤ ਆਪੋ-ਆਪਣੇ

ਸਰਕਾਰ ਨੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ 12,298 ਕਲੋਰੋਕੁਇਨ ਗੋਲੀਆਂ ਅਤੇ 4,422 ਓ.ਆਰ.ਐਸ. ਪੈਕੇਟ ਵੰਡੇ ਹਨ। ਪ੍ਰਭਾਵਿਤ ਖੇਤਰਾਂ ਵਿੱਚ 996 ਹੜ੍ਹ ਪੋਸਟਾਂ ਸਥਾਪਤ ਕੀਤੀਆਂ ਗਈਆਂ ਹਨ, ਜੋ ਸਥਿਤੀ ਦੀ ਲਗਾਤਾਰ ਨਿਗਰਾਨੀ ਕਰ ਰਹੀਆਂ ਹਨ।

## ਪੇਂਡੂ ਖੇਤਰ 'ਚ 100 ਗਜ਼ ਤੇ ਸ਼ਹਿਰੀ ਖੇਤਰ

ਸੂਬੇ ਵਿੱਚ ਅਪਰਾਧਕ ਮਾਮਲਿਆਂ ਬਾਰੇ ਸਵਾਲ ਪੁੱਛਿਆ ਤਾਂ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ। ਇਸ ਦੌਰਾਨ ਕਾਂਗਰਸੀ ਵਿਧਾਇਕਾਂ ਨੇ ਹੰਗਾਮਾ ਸ਼ੁਰੂ ਕਰ ਦਿੱਤਾ। ਕਾਂਗਰਸੀ ਵਿਧਾਇਕਾਂ ਨੇ ਸਦਨ ਦੇ ਐਨ ਵਿਚਾਲੇ ਪਹੁੰਚ ਕੇ ਨਾਅਰੇਬਾਜ਼ੀ ਕੀਤੀ। ਕਾਂਗਰਸੀ ਵਿਧਾਇਕਾਂ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਲੰਘੇ ਦਿਨ ਆਪਣੇ ਭਾਸ਼ਣ ਦੌਰਾਨ ਸ਼ੈਤਾਨ ਸ਼ਬਦ ਦੀ ਵਰਤੋਂ ਕੀਤੀ ਹੈ, ਉਹ ਗਲਤ ਹੈ। ਇਹ ਕਿਸ ਨੂੰ ਕਿਹਾ ਗਿਆ ਹੈ। ਵਿਧਾਨ ਸਭਾ ਸਪੀਕਰ ਹਰਵਿੰਦਰ ਕਲਿਆਣ ਨੇ ਸਾਰਿਆਂ ਨੂੰ ਸ਼ਾਂਤ ਕਰਵਾਇਆ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

# ਚੀਮਾ ਵੱਲੋਂ ਕਰਮਚਾਰੀ ਯੂਨੀਅਨਾਂ ਨਾਲ ਮੁੱਦਿਆਂ ਨੂੰ ਹੱਲ ਕਰਨ ਲਈ ਮੀਟਿੰਗਾਂ ਦਾ ਦੌਰ ਜਾਰੀ

ਚੰਡੀਗੜ੍ਹ, 27 ਅਗਸਤ (ਚ.ਨ.ਸ.): ਪੰਜਾਬ ਦੇ ਵਿੱਤ ਮੰਤਰੀ ਅਤੇ ਕਰਮਚਾਰੀਆਂ ਦੇ ਮਸਲਿਆਂ ਦੇ ਹੱਲ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਵੱਖ-ਵੱਖ ਆਰਟ ਐਂਡ ਕਰਾਫਟ ਟੀਚਰਜ਼ ਯੂਨੀਅਨਾਂ, ਈ.ਟੀ.ਟੀ. ਟੀ.ਈ.ਟੀ. ਪਾਸ ਅਧਿਆਪਕ ਐਸੋਸੀਏਸ਼ਨ (ਜੈ ਸਿੰਘ ਵਾਲਾ), ਏ.ਆਈ.ਈ. ਕੱਚੇ ਅਧਿਆਪਕ ਯੂਨੀਅਨ, ਐਸੋਸੀਏਟ ਪ੍ਰੀ ਪ੍ਰਾਇਮਰੀ ਅਧਿਆਪਕ ਯੂਨੀਅਨ, ਆਲ ਪੰਜਾਬ ਡੀ.ਐਸ.ਟੀ./ਸੀ.ਟੀ.ਐਸ. ਕੰਟਰੈਕਟ ਇਸਟ੍ਰਕਟਰ ਯੂਨੀਅਨ ਤੇ ਬੇਰੁਜ਼ਗਰ ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਦੇ ਵਫ਼ਦਾਂ ਨਾਲ ਮੁਲਾਕਾਤ ਕੀਤੀ। ਪੰਜਾਬ ਸਿਵਲ ਸਕੱਤਰੇਤ ਸਥਿਤ ਵਿੱਤ ਮੰਤਰੀ ਦੇ ਦਫ਼ਤਰ ਵਿਖੇ ਹੋਈਆਂ ਇਨ੍ਹਾਂ ਮੀਟਿੰਗਾਂ ਦੌਰਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਯੂਨੀਅਨ ਆਗੂਆਂ ਵੱਲੋਂ ਉਠਾਏ ਗਏ ਮੁੱਦਿਆਂ ਤੇ ਮੰਗਾਂ ਨੂੰ ਹਮਦਰਦੀ ਨਾਲ ਸੁਣਿਆ ਅਤੇ ਇਹਨਾਂ ਦਾ ਹੱਲ ਲੱਭਣ ਲਈ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ।



ਆਰਟ ਐਂਡ ਕਰਾਫਟ ਟੀਚਰਜ਼ ਯੂਨੀਅਨਾਂ ਨਾਲ ਸਾਂਝੀ ਮੀਟਿੰਗ ਦੌਰਾਨ, ਵਿੱਤ ਮੰਤਰੀ ਚੀਮਾ ਨੇ ਇੰਨ੍ਹਾਂ ਵੱਖ-ਵੱਖ ਯੂਨੀਅਨਾਂ ਦੇ ਆਗੂਆਂ ਨੂੰ ਇੱਕ ਸਾਂਝਾ ਪ੍ਰੋਗਰਾਮ ਉਲੀਕਣ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਢੁਕਵਾਂ ਹੱਲ ਲੱਭਿਆ ਜਾ ਸਕੇ। ਵਿੱਤ ਮੰਤਰੀ ਨੇ ਯੂਨੀਅਨਾਂ ਨੂੰ ਸਿੱਖਿਆ ਵਿਭਾਗ ਕੋਲ ਆਪਣੀਆਂ ਦਲੀਲਾਂ ਤੇ ਸਮਰਥਿਤ ਦਸਤਾਵੇਜ਼ ਜਮ੍ਹਾਂ ਕਰਾਉਣ ਲਈ ਵੀ ਕਿਹਾ ਤਾਂ ਜੋ ਅਗਲੀ ਕਾਰਵਾਈ ਸ਼ੁਰੂ ਕੀਤੀ ਜਾ ਸਕੇ। ਇਸ ਦੌਰਾਨ ਵਿੱਤ ਮੰਤਰੀ ਨੇ ਈ.ਟੀ.ਟੀ. ਟੀ.ਈ.ਟੀ. ਪਾਸ ਅਧਿਆਪਕ ਐਸੋਸੀਏਸ਼ਨ (ਜੈ ਸਿੰਘ ਵਾਲਾ), ਏ.ਆਈ.ਈ. ਕੱਚੇ ਅਧਿਆਪਕ ਯੂਨੀਅਨ, ਐਸੋਸੀਏਟ ਪ੍ਰੀ ਪ੍ਰਾਇਮਰੀ ਅਧਿਆਪਕ ਯੂਨੀਅਨ ਦੇ ਆਗੂਆਂ ਦੀਆਂ ਮੰਗਾਂ ਵੀ ਸੁਣੀਆਂ। ਇਸੇ ਤਰ੍ਹਾਂ, ਆਲ ਪੰਜਾਬ ਡੀ.ਐਸ.ਟੀ./ ਸੀ.ਟੀ.ਐਸ. ਕੰਟਰੈਕਟ ਇਸਟ੍ਰਕਟਰ ਯੂਨੀਅਨ ਤੇ ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰਜ਼ ਯੂਨੀਅਨ ਨਾਲ ਆਪਣੀ ਮੀਟਿੰਗ ਦੌਰਾਨ ਵਿੱਤ ਮੰਤਰੀ ਨੇ ਸਬੰਧਤ ਵਿਭਾਗਾਂ ਨੂੰ ਯੂਨੀਅਨਾਂ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਤੁਰੰਤ ਕਾਰਵਾਈ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਆਰਟ ਐਂਡ ਕਰਾਫਟ ਟੀਚਰਜ਼ ਯੂਨੀਅਨਾਂ ਨਾਲ ਮੁਲਾਕਾਤ ਦੌਰਾਨ, ਬੇਰੁਜਗਰ ਡਰਾਇੰਗ ਮਾਸਟਰਜ਼ ਸੰਘਰਸ਼ ਕਮੇਟੀ ਦੇ ਪ੍ਰਧਾਨ ਸੰਦੀਪ ਸਿੰਘ, ਬੀ.ਐਂਡ ਪੀ.ਐਸ.ਟੀ. ਟੀ.ਈ.ਟੀ. ਪਾਸ ਆਰਟਸ ਐਂਡ ਕਰਾਫਟ ਟੀਚਰਜ਼ ਯੂਨੀਅਨ ਦੇ ਪ੍ਰਧਾਨ ਰਣਜੀਤ ਸਿੰਘ, ਆਰਟ ਐਂਡ ਕਰਾਫਟ ਟੀ.ਈ.ਟੀ. ਪਾਸ ਬੇਰੁਜਗਰ ਅਧਿਆਪਕ ਯੂਨੀਅਨ ਦੇ ਪ੍ਰਧਾਨ ਹਰਜਿੰਦਰ ਸਿੰਘ ਅਤੇ ਬੇਰੁਜਗਰ ਪੀ.ਐਸ. ਟੀ.ਈ.ਟੀ. ਪਾਸ ਆਰਟ ਐਂਡ ਕਰਾਫਟ ਸੰਘਰਸ਼ ਯੂਨੀਅਨ ਦੇ ਪ੍ਰਧਾਨ ਰਾਕੇਸ਼ ਕੁਮਾਰ ਨੇ ਆਪੋ-ਆਪਣੇ ਪੱਖ ਪੇਸ਼ ਕੀਤੇ।

ਇਸ ਮੌਕੇ ਹੋਰਨਾਂ ਯੂਨੀਅਨਾਂ ਦੇ ਪ੍ਰਤੀਨਿਧੀਆਂ, ਜਿਹਨਾਂ ਵਿੱਚ ਈ.ਟੀ.ਟੀ. ਟੀ.ਈ.ਟੀ. ਪਾਸ ਅਧਿਆਪਕ ਐਸੋਸੀਏਸ਼ਨ (ਜੈ ਸਿੰਘ ਵਾਲਾ) ਤੋਂ ਕਮਲ ਠਾਕੁਰ (ਪ੍ਰਧਾਨ), ਸੋਹਣ ਸਿੰਘ (ਜਨਰਲ ਸਕੱਤਰ), ਅਤੇ ਗੁਰਮੁਖ ਸਿੰਘ (ਕਮੇਟੀ ਮੈਂਬਰ); ਏ.ਆਈ.ਈ. ਕੱਚੇ ਅਧਿਆਪਕ ਯੂਨੀਅਨ ਤੋਂ ਤੇਜਿੰਦਰ ਕੌਰ (ਪ੍ਰਧਾਨ), ਕਿਰਨਜੀਤ ਕੌਰ (ਸਕੱਤਰ) ਅਤੇ ਤੇਜਿੰਦਰ ਸਿੰਘ (ਖਜ਼ਾਨਚੀ); ਐਸੋਸੀਏਟ ਪ੍ਰੀ ਪ੍ਰਾਇਮਰੀ ਅਧਿਆਪਕ ਯੂਨੀਅਨ ਤੋਂ ਸੁਖਚੈਨ ਸਿੰਘ (ਪ੍ਰਧਾਨ), ਮੱਖਣ ਸਿੰਘ (ਸਕੱਤਰ) ਅਤੇ ਸੁਖਬੀਰ ਕੌਰ; ਆਲ ਪੰਜਾਬ ਡੀ.ਐਸ.ਟੀ./ਸੀ.ਟੀ. ਐਸ. ਕੰਟਰੈਕਟ ਇਸਟ੍ਰਕਟਰ ਯੂਨੀਅਨ ਤੋਂ ਸੰਦੀਪ ਸਿੰਘ (ਪ੍ਰਧਾਨ) ਤੇ ਜਸਵਿੰਦਰ ਸਿੰਘ (ਜਨਰਲ ਸਕੱਤਰ) ਅਤੇ ਬੇਰੁਜ਼ਗਰ ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਤੋਂ ਸੁਖਵਿੰਦਰ ਸਿੰਘ ਢਿਲਵਾਂ (ਪ੍ਰਧਾਨ) ਅਤੇ ਰਮਨ ਕੁਮਾਰ (ਕਨਵੀਨਰ), ਨੇ ਵੀ ਆਪਣੀਆਂ ਮੰਗਾਂ ਤੇ ਮੁੱਦੇ ਪੇਸ਼ ਕੀਤੇ।

# ਪੰਜਾਬ ਭਾਜਪਾ ਵੱਲੋਂ '84 ਨਸਲਕੁਸ਼ੀ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਰਕਾਰੀ ਨੌਕਰੀਆਂ ਦੇ ਐਲਾਨ 'ਤੇ ਹਰਿਆਣਾ ਸਰਕਾਰ ਦਾ ਧੰਨਵਾਦ

ਚੰਡੀਗੜ੍ਹ, 27 ਅਗਸਤ (ਹਰਦੀਪ ਕੌਰ): ਪੰਜਾਬ ਭਾਜਪਾ ਦੇ ਸੂਬਾ ਕੌਰ ਕਮੇਟੀ ਮੈਂਬਰ ਅਤੇ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਨੇ ਹਰਿਆਣਾ ਸਰਕਾਰ ਵੱਲੋਂ 1984 ਸਿੱਖ ਵਿਰੋਧੀ ਦੰਗਾ ਪੀੜਤ ਪਰਿਵਾਰਾਂ ਦੇ ਮੈਂਬਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਧੰਨਵਾਦ ਕੀਤਾ ਹੈ। ਢਿੱਲੋਂ ਨੇ ਕਿਹਾ ਕਿ ਇਹ ਫ਼ੈਸਲਾ ਨਿਆਂ, ਸਨਮਾਨ ਅਤੇ ਸਮਾਜਿਕ ਪੁਨਰਵਾਸ ਵੱਲ ਇਕ ਮਹੱਤਵਪੂਰਨ ਪੜਾਅ ਹੈ। ਇਸ ਮੌਕੇ 'ਤੇ ਸੂਬਾ ਪ੍ਰਧਾਨ ਵਿਕਰਮ ਸਿੰਘ ਚੀਮਾ, ਸੂਬਾ ਬੁਲਾਰਾ ਐਸ.ਐਸ.ਚੰਨੀ ਅਤੇ ਸੂਬਾ ਮੀਡਿਆ ਮੁੱਖੀ ਵਿਨੀਤ ਜੋਸ਼ੀ ਮੌਜੂਦ ਸਨ। ਭਾਜਪਾ ਆਗੂ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਫ਼ੈਸਲਾ ਹੋਰ ਸੂਬਿਆਂ ਲਈ ਵੀ ਪ੍ਰੇਰਣਾਦਾਇਕ ਸਾਬਤ ਹੋਵੇਗਾ। ਢਿੱਲੋਂ ਨੇ ਕਿਹਾ ਕਿ 1984 ਦੇ ਕਾਲੇ ਅਧਿਆਇ ਨੂੰ ਬਿਨਾਂ ਨਿਆਂ ਅਤੇ ਪੁਨਰਵਾਸ ਦੇ ਬੰਦ ਨਹੀਂ ਕੀਤਾ ਜਾ ਸਕਦਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਦਰਸਾ ਦਿੱਤਾ ਹੈ ਕਿ ਜਦੋਂ ਰਾਜਨੀਤੀ ਦੇ ਨਾਲ ਸੱਚੀ ਨੀਅਤ ਜੁੜਦੀ ਹੈ, ਤਾਂ ਇਨਸਾਫ਼ ਮਿਲਣਾ ਯਕੀਨੀ ਬਣ ਜਾਂਦਾ ਹੈ।




ਢਿੱਲੋਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਦਿੱਲੀ ਚ ਭਾਜਪਾ ਦੀ ਸਰਕਾਰ ਬਣਨ ਦੇ 100 ਦਿਨਾਂ ਦੇ ਅੰਦਰ ਮੁੱਖ ਮੰਤਰੀ ਰੇਖਾ ਗੁਪਤਾ ਵਲੋਂ ਵੀ ਦੰਗਾ ਪੀੜਤ ਪਰਿਵਾਰਾਂ ਨੂੰ ਨੌਕਰੀਆਂ ਦੇ ਕੇ ਇਕ ਇਤਿਹਾਸਕ ਕਦਮ ਚੁੱਕਿਆ ਗਿਆ ਸੀ। ਹੁਣ ਹਰਿਆਣਾ ਸਰਕਾਰ ਦੇ ਇਸ ਐਲਾਨ ਨਾਲ ਇਹ ਸਾਬਤ ਹੋਇਆ ਹੈ ਕਿ ਭਾਜਪਾ-ਸ਼ਾਸਿਤ ਸੂਬੇ ਪੀੜਤਾਂ ਦੇ ਹੱਕ ਵਿੱਚ ਸੰਵੇਦਨਸ਼ੀਲ ਅਤੇ ਵਚਨਬੱਧ ਹਨ।

# ਪੰਜਾਬ ਸਰਕਾਰ ਨੇ ਹੜ੍ਹਾਂ ਨਾਲ ਨਜਿੱਠਣ ਲਈ ਝੋਕੀ ਪੂਰੀ ਤਾਕਤ: ਬਚਾਅ ਤੇ ਰਾਹਤ ਕਾਰਜ ਜੰਗੀ ਪੱਧਰ 'ਤੇ ਜਾਰੀ

ਚੰਡੀਗੜ੍ਹ, 27 ਅਗਸਤ (ਚ.ਨ.ਸ.): ਮੌਜੂਦਾ ਹੜ੍ਹ ਸੰਕਟ ਨਾਲ ਨਜਿੱਠਣ ਲਈ ਤੁਰੰਤ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਨੇ ਰਾਹਤ ਕਾਰਜਾਂ ਦੀ ਨਿਗਰਾਨੀ ਅਤੇ ਵਸਨੀਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਪਣੀ ਪੂਰੀ ਕੈਬਨਿਟ ਨੂੰ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਲਾਮਬੰਦ ਕੀਤਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਾਰੇ ਮੰਤਰੀਆਂ ਨੂੰ ਸਥਿਤੀ ਕਾਬੂ ਹੇਠ ਆਉਣ ਤੱਕ ਫੀਲਡ ਵਿੱਚ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ। ਕੈਬਨਿਟ ਮੰਤਰੀ ਜ਼ਰੂਰੀ ਸਪਲਾਈ ਦੀ ਵੰਡ, ਨਿਕਾਸੀ ਯਤਨਾਂ ਦਾ ਪ੍ਰਬੰਧਨ ਅਤੇ ਹੜ੍ਹਾਂ ਕਾਰਨ ਬੇਘਰ ਹੋਏ ਲੋਕਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਸਰਗਰਮੀ ਨਾਲ ਨਿਗਰਾਨੀ ਕਰ ਰਹੇ ਹਨ। ਮੌਜੂਦਾ ਸਥਿਤੀ ਦਾ ਜਾਇਜ਼ਾ ਲੈਂਦਿਆਂ ਅਤੇ ਸੰਗਰੂਰ ਤੇ ਮਾਨਸਾ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਕਾਨਫਰੰਸ ਕਾਲ 'ਤੇ ਵਿਆਪਕ ਨਿਰਦੇਸ਼ ਦਿੰਦਿਆਂ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ,"ਸਾਡੀ ਮੁੱਖ ਤਰਜੀਹ ਹਰ ਜਿੰਦਗੀ ਨੂੰ ਬਚਾਉਣਾ ਅਤੇ ਹਰ ਜਾਇਦਾਦ ਦੀ ਰੱਖਿਆ ਕਰਨਾ ਹੈ।" ਉਨ੍ਹਾਂ ਨਿਰਦੇਸ਼ ਦਿੱਤੇ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ।ਇਸੇ ਤਰ੍ਹਾਂ, ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਵੱਲੋਂ ਰਾਮਦਾਸ, ਤਰਨ ਤਾਰਨ, ਸ੍ਰੀ ਗੋਇੰਦਵਾਲ ਸਾਹਿਬ, ਅਜਨਾਲਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ ਜਦਕਿ ਬਰਿੰਦਰ ਕੁਮਾਰ ਗੋਇਲ ਵੱਲੋਂ ਅਜਨਾਲਾ, ਤਰਨ ਤਾਰਨ ਤੇ ਸ੍ਰੀ ਗੋਇੰਦਵਾਲ ਸਾਹਿਬ; ਗੁਰਮੀਤ ਸਿੰਘ ਖੁੱਡੀਆਂ ਵੱਲੋਂ ਜ਼ਿਲ੍ਹਾ ਕਪੂਰਥਲਾ ਦੇ ਪਿੰਡਾਂ ਵਿੱਚ; ਲਾਲ ਚੰਦ ਕਟਾਰੂਚੱਕ ਵੱਲੋਂ ਜ਼ਿਲ੍ਹਾ ਪਠਾਨਕੋਟ ਦੇ ਪਿੰਡਾਂ ਵਿੱਚ; ਲਾਲਜੀਤ ਸਿੰਘ ਭੁੱਲਰ ਵੱਲੋਂ ਵੀ ਤਰਨ ਤਾਰਨ ਅਤੇ ਹਰਦੀਪ ਸਿੰਘ ਮੁੰਡੀਆਂ ਵੱਲੋਂ ਤਹਿਸੀਲ ਸੁਲਤਾਨਪੁਰ ਲੋਧੀ ਦੇ ਪਿੰਡਾਂ ਵਿੱਚ ਰਾਹਤ ਕਾਰਜਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਬਚਾਅ ਸਮਰੱਥਾਵਾਂ ਵਿੱਚ ਵਾਧਾ ਕਰਨ ਲਈ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ (ਐਨ.ਡੀ.ਆਰ.ਐਫ.) ਅਤੇ ਹੋਰ ਕੇਂਦਰੀ ਏਜੰਸੀਆਂ ਨਾਲ ਵੀ ਤਾਲਮੇਲ ਕੀਤਾ ਜਾ ਰਿਹਾ ਹੈ। ਪ੍ਰਭਾਵਿਤ ਆਬਾਦੀ ਨੂੰ ਡਾਕਟਰੀ ਸਹਾਇਤਾ, ਭੋਜਨ ਅਤੇ ਆਸਰਾ ਪ੍ਰਦਾਨ ਕਰਨ ਦੇ ਯਤਨਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ।



# ਐਸ.ਸੀ. ਕਮਿਸ਼ਨ ਵੱਲੋਂ ਪਿੰਡ ਧਲੇਤਾ ਮਾਮਲੇ 'ਚ ਡੀ.ਸੀ. ਜਲੰਧਰ ਤੋਂ ਰਿਪੋਰਟ ਤਲਬ

ਚੰਡੀਗੜ੍ਹ, 27 ਅਗਸਤ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਜਲੰਧਰ ਜ਼ਿਲ੍ਹੇ ਦੇ ਧਲੇਤਾ ਪਿੰਡ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੀ ਜ਼ਮੀਨ ਉੱਤੇ ਸਿਵਲ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਕਬਜਾ ਕਰਨ ਸਬੰਧੀ ਮਾਮਲੇ ਵਿੱਚ ਡਿਪਟੀ ਕਮਿਸ਼ਨਰ ਜਲੰਧਰ ਤੋਂ ਰਿਪੋਰਟ ਤਲਬ ਕੀਤੀ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਪਹਿਲਾਂ ਕਮਿਸ਼ਨਰ ਆਫ਼ ਪੁਲਿਸ ਜਲੰਧਰ ਤੋਂ ਰਿਪੋਰਟ ਤਲਬ ਕੀਤੀ ਸੀ ਜਿਸ ਤੋਂ ਬਾਅਦ ਹੁਣ ਇਸੇ ਮਾਮਲੇ ਵਿੱਚ ਡਿਪਟੀ ਕਮਿਸ਼ਨਰ ਜਲੰਧਰ ਤੋਂ 2 ਸਤੰਬਰ, 2025 ਨੂੰ ਐਸ.ਡੀ.ਐਮ. ਪੱਧਰ ਦੇ ਅਧਿਕਾਰੀ ਰਾਹੀਂ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਸੂਬੇ ਦੇ ਅਨੁਸੂਚਿਤ ਜਾਤੀ ਵਰਗਾਂ ਦੇ ਅਧਿਕਾਰਾਂ ਦੀ ਰਾਖੀ ਲਈ ਵਚਨਬੱਧ ਹੈ।

# ਰਾਜਸਭਾ ਮੈਂਬਰ ਸਤਨਾਮ ਸਿੰਘ ਸੰਧੂ ਵੱਲੋਂ ਮਰਹੂਮ ਕਮੇਡੀਅਨ ਜਸਵਿੰਦਰ ਭੱਲਾ ਨੂੰ 'ਪਦਮ ਸ਼੍ਰੀ' ਦੇਣ ਦੀ ਮੰਗ

ਮੋਹਾਲੀ, 27 ਅਗਸਤ (ਹਰਦੀਪ ਕੌਰ): ਪੰਜਾਬੀ ਸਿਨੇਮਾ ਤੇ ਕਾਮੇਡੀ ਜਗਤ ਦੇ ਦਿੱਗਜ ਕਲਾਕਾਰ ਮਰਹੂਮ ਜਸਵਿੰਦਰ ਭੱਲਾ ਨੂੰ ਲੈ ਕੇ ਰਾਜਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਕੇਂਦਰ ਸਰਕਾਰ ਕੋਲ ਉਹਨਾਂ ਨੂੰ 'ਪਦਮ ਸ਼੍ਰੀ' ਸਨਮਾਨ ਦੇਣ ਦੀ ਮੰਗ ਚੁੱਕੀ ਹੈ। ਸਤਨਾਮ ਸੰਧੂ ਜਸਵਿੰਦਰ ਭੱਲਾ ਦੇ ਨਿਵਾਸ ਸਥਾਨ ਪਹੁੰਚੇ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ।




ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਜਸਵਿੰਦਰ ਭੱਲਾ ਨੇ ਸਾਲਾਂ ਤੱਕ ਪੰਜਾਬੀ ਫ਼ਿਲਮਾਂ ਵਿੱਚ ਹਾਸੇ, ਖੁਸ਼ੀ ਤੇ ਸਮਾਜਿਕ ਸੰਦੇਸ਼ਾਂ ਨਾਲ ਭਰੇ ਯਾਦਗਾਰ ਕਿਰਦਾਰ ਪੇਸ਼ ਕਰਕੇ ਸਿਨੇਮਾਈ ਦੁਨੀਆਂ ਨੂੰ ਇੱਕ ਵੱਖਰਾ ਰੰਗ ਬਖ਼ਸ਼ਿਆ। ਉਨ੍ਹਾਂ ਦਾ ਯੋਗਦਾਨ ਸਿਰਫ਼ ਮਨੋਰੰਜਨ ਤੱਕ ਸੀਮਿਤ ਨਹੀਂ ਰਿਹਾ, ਸਗੋਂ ਉਹਨਾਂ ਨੇ ਪੰਜਾਬੀ ਮਾਂ-ਬੋਲੀ ਤੇ ਸੱਭਿਆਚਾਰ ਨੂੰ ਮਾਣ ਦੇਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਰਾਜਸਭਾ ਮੈਂਬਰ ਨੇ ਮੰਗ ਕੀਤੀ ਕਿ ਮਰਹੂਮ ਜਸਵਿੰਦਰ ਭੱਲਾ ਦੀ ਯਾਦ ਨੂੰ ਜ਼ਿੰਦਾ ਰੱਖਣ ਲਈ ਇੱਕ ਕਲਾ ਕੇਂਦਰ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਸਤਨਾਮ ਸੰਧੂ ਨੇ ਜ਼ੋਰ ਦੇ ਕੇ ਕਿਹਾ ਕਿ ਭੱਲਾ ਦਾ ਯੋਗਦਾਨ ਅਮੋਲਕ ਹੈ ਅਤੇ ਉਹਨਾਂ ਨੂੰ 'ਪਦਮ ਸ਼੍ਰੀ' ਸਨਮਾਨ ਮਿਲਣਾ ਉਹਨਾਂ ਦੀ ਯਾਦ ਨੂੰ ਸੱਚਾ ਨਿਆਂ ਹੋਵੇਗਾ।

# ਦੁਆਬਾ ਗਰੁੱਪ ਨੂੰ ਬਾਰ ਕੌਂਸਲ ਆਫ਼ ਇੰਡੀਆ ਵੱਲੋਂ ਨਵਾਂ ਲਾਅ ਕਾਲਜ ਖੋਲ੍ਹਣ ਲਈ ਮਿਲੀ ਮਨਜ਼ੂਰੀ

ਖਰੜ/ਕੁਰਾਲੀ, 27 ਅਗਸਤ (ਹਰਦੀਪ ਕੌਰ/ਅਸ਼ਵਨੀ): ਦੋਆਬਾ ਗਰੁੱਪ ਆਫ ਕਾਲਜਿਜ਼ ਨੇ ਸਿੱਖਿਆ ਦੇ ਖੇਤਰ ਵਿੱਚ ਇੱਕ ਹੋਰ ਇਤਿਹਾਸਕ ਕਦਮ ਚੁੱਕਿਆ ਹੈ। ਬਾਰ ਕੌਂਸਲ ਆਫ ਇੰਡੀਆ ਵੱਲੋਂ ਇਸ ਸੰਸਥਾ ਨੂੰ ਨਵਾਂ ਲਾ ਕਾਲਜ ਖੋਲ੍ਹਣ ਲਈ ਮਨਜ਼ੂਰੀ ਮਿਲੀ ਹੈ। ਇਸ ਦੀ ਜਾਣਕਾਰੀ ਇੱਕ ਪ੍ਰੈਸ ਕਾਨਫਰੰਸ ਰਾਹੀਂ ਡਾਕਟਰ ਐੱਚ. ਐੱਸ.ਬਾਠ ਪ੍ਰੈਜੀਡੈਂਟ ਦੁਆਬਾ ਖਾਲਸਾ ਟਰੱਸਟ , ਸਰਦਾਰ ਐੱਸ. ਐੱਸ. ਸੰਘਾ ਪ੍ਰਬੰਧਕੀ ਵਾਈਸ ਚੇਅਰਮੈਨ , ਸਰਦਾਰ ਮਨਜੀਤ ਸਿੰਘ ਐਗਜੀਕਿਊਟਿਵ ਵਾਈਸ ਚੇਅਰਮੈਨ, ਮੈਡਮ ਰਮਨਜੀਤ ਕੌਰ ਬਾਠ ਟਰੱਸਟੀ ਦੁਆਬਾ ਖਾਲਸਾ ਟਰੱਸਟ ਵੱਲੋਂ ਸਾਂਝੇ ਰੂਪ ਵਿੱਚ ਮੀਡੀਆ ਨੂੰ ਦਿੱਤੀ ਗਈ । ਇਸ ਮੌਕੇ ਹਾਜ਼ਰ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਨੇ ਕਿਹਾ ਇਹ ਉਪਲਬਧੀ ਨਾ ਸਿਰਫ ਸੰਸਥਾ ਲਈ ਇਕ ਵੱਡਾ ਮੀਲ ਪੱਥਰ ਹੈ, ਸਗੋਂ ਪ੍ਰਬੰਧਕਾਂ ਦੀ ਵਿਜ਼ਨਰੀ ਲੀਡਰਸ਼ਿਪ ਅਤੇ ਦੂਰਦਰਸ਼ੀ ਸੋਚ ਦਾ ਪ੍ਰਮਾਣ ਵੀ ਹੈ। ਦੋਆਬਾ ਗਰੁੱਪ ਆਫ ਕਾਲਜਿਜ਼ ਹਮੇਸ਼ਾਂ ਤੋਂ ਹੀ ਗੁਣਵੱਤਾ-ਪੂਰਨ ਸਿੱਖਿਆ ਅਤੇ ਵਿਦਿਆਰਥੀਆਂ ਲਈ ਨਵੇਂ ਮੌਕੇ ਪ੍ਰਦਾਨ ਕਰਨ ਲਈ ਪ੍ਰਤੀਬੱਧ ਰਹੇ ਹਨ।




ਇਸ ਪ੍ਰੋਜੈਕਟ ਦੀ ਸਫਲਤਾ ਵਿੱਚ ਡਾਕਟਰ ਮੀਨੂ ਜੇਟਲੀ ਪ੍ਰਿੰਸੀਪਲ ਡਾਇਰੈਕਟਰ ਦੁਆਬਾ ਬਿਜਨਸ ਸਕੂਲ ਦੀ ਅਹਿਮ ਭੂਮਿਕਾ ਰਹੀ । ਇਸ ਦੂਰਦਰਸ਼ੀ ਫੈਸਲੇ ਵਿਚ ਐਮ. ਐਸ. ਬਾਠ ਚੇਅਰਮੈਨ ਦੁਆਬਾ ਖਾਲਸਾ ਟਰੱਸਟ ਵੱਲੋਂ ਪੂਰਾ ਸਹਿਯੋਗ ਅਤੇ ਆਸ਼ੀਰਵਾਦ ਮਿਲਿਆ। ਉਨ੍ਹਾਂ ਦੇ ਉਤਸ਼ਾਹ ਨਾਲ ਇਹ ਯੋਜਨਾ ਸਫਲ ਹੋਈ ਹੈ। ਹਾਜ਼ਰ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਗਰੁੱਪ ਦੇ ਪ੍ਰਬੰਧਕਾਂ ਨੇ ਕਿਹਾ ਕਿ ਉਹ ਹਮੇਸ਼ਾ ਹੀ ਸੂਬੇ ਦੇ ਨੌਜਵਾਨਾਂ ਨੂੰ ਮਿਆਰੀ ਸਿੱਖਿਆ ਦੇਣ ਲਈ ਵਚਨਬੱਧ ਹਨ ।

ਉਹਨਾਂ ਕਿਹਾ ਕਿ ਸੰਸਥਾ ਵਿੱਚ ਵਿਦਿਆਰਥੀਆਂ ਨੂੰ ਉੱਚ ਕੋਟੀ ਦੇ ਵਕੀਲ ਬਣਨ ਦੇ ਲਈ ਹਰ ਸਹੂਲਤ ਦਿੱਤੀ ਜਾਵੇਗੀ । ਕਿਤਾਬੀ ਗਿਆਨ ਦੇ ਨਾਲ ਨਾਲ ਪ੍ਰੈਕਟੀਕਲ ਸਿੱਖਿਆ ਤੇ ਵੀ ਪੂਰਾ ਜ਼ੋਰ ਦਿੱਤਾ ਜਾਵੇਗਾ ।

# ਬੂਟਿਆਂ 'ਚ ਮਧਰੇਪਣ ਦੇ ਰੋਗ ਦਾ ਕਾਰਨ ਇੱਕ ਵਿਸ਼ਾਣੂ : ਜਸਵੰਤ ਸਿੰਘ

ਚੰਡੀਗੜ੍ਹ, 27 ਅਗਸਤ (ਚ.ਨ.ਸ.): ਜਸਵੰਤ ਸਿੰਘ, ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋਂ ਵਿਸ਼ੇਸ਼ ਤੌਰ 'ਤੇ ਦੱਸਿਆ ਗਿਆ ਹੈ ਕਿ ਪਿਛਲੇ ਸਾਲਾਂ ਦੌਰਾਨ ਝੋਨੇ ਦੀ ਫਸਲ ਉੱਪਰ ਬੂਟਿਆਂ ਵਿੱਚ ਮਧਰੇਪਣ ਦਾ ਰੋਗ ਪਹਿਲੀ ਵਾਰ ਸਾਲ 2023 ਵਿੱਚ ਵੇਖਣ ਵਿੱਚ ਆਇਆ ਸੀ ਜੋ ਕਿ ਇੱਕ ਵਿਸ਼ਾਣੂ ਰੋਗ ਹੈ। ਮੌਜੂਦਾ ਖਰੀਫ ਸੀਜਨ 2025-26 ਦੌਰਾਨ ਵੀ ਇਸ ਵਿਸ਼ਾਣੂ ਦੇ ਹਮਲੇ ਦੇ ਲੱਛਣਾ ਵਾਲੇ ਬੂਟੇ ਦੇਖਣ ਵਿੱਚ ਆਏ ਹਨ।



ਉਹਨ੍ਹਾਂ ਇਹ ਵੀ ਦੱਸਿਆ ਕਿ ਹੁਣ ਤੱਕ ਮੁੱਖ ਖੇਤੀਬਾੜੀ ਅਫਸਰਾਂ ਤੋਂ ਪ੍ਰਾਪਤ ਜਾਣਕਾਰੀ ਮੁਤਾਬਿਕ ਰਾਜ ਅੰਦਰ ਤਕਰੀਬਨ 2400 ਏਕੜ ਦੇ ਕਰੀਬ ਦਾ ਰਕਬਾ ਇਸ ਵਿਸ਼ਾਣੂ ਦੇ ਹਮਲੇ ਨਾਲ ਪ੍ਰਭਾਵਿਤ ਹੋਇਆ ਹੈ। ਜਿਸ ਨਾਲ ਜਿਲ੍ਹਾ ਫਰੀਦਕੋਟ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਪਟਿਆਲਾ, ਪਠਾਨਕੋਟ, ਰੂਪਨਗਰ ਅਤੇ ਸੰਗਰੂਰ ਜਿਲ੍ਹੇ ਪ੍ਰਭਾਵਿਤ ਹੋਏ ਹਨ। ਇਸ ਸਬੰਧੀ ਵਿਭਾਗ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਹਮਲੇ ਵਾਲੇ ਖੇਤਾਂ ਵਿੱਚੋਂ ਬੂਟਿਆਂ ਦੇ ਨਮੂਨੇ ਲੈ ਕੇ ਪੀ.ਏ.ਯੂ., ਲੁਧਿਆਣਾ ਵਿਖੇ ਟੈਸਟਿੰਗ ਲਈ ਭੇਜੇ ਜਾ ਚੁੱਕੇ ਹਨ।

ਕਿਸਾਨਾਂ ਦੀ ਜਾਣਕਾਰੀ ਲਈ ਸੂਚਨਾ ਸਾਂਝੀ ਕੀਤੀ ਗਈ ਕਿ ਇਸ ਵਿਸ਼ਾਣੂ ਨਾਲ ਪ੍ਰਭਾਵਿਤ ਬੂਟੇ ਬਾਕੀ ਫਸਲ ਨਾਲੋਂ ਅੱਧੇ ਜਾ ਇੱਕ ਤਿਹਾਈ ਮਧਰੇ ਰਹਿ ਜਾਂਦੇ ਹਨ, ਇਸ ਦੇ ਨਾਲ ਹੀ ਪ੍ਰਭਾਵਿਤ ਫਸਲ ਦੇ ਪੱਤੇ ਨੋਕਦਾਰ ਹੋ ਜਾਂਦੇ ਹਨ ਤੇ ਜੜ੍ਹਾਂ ਘੱਟ ਡੂੰਘੀਆਂ ਰਹਿੰਦੀਆਂ ਹਨ ਜੇਕਰ ਰੋਗ ਦਾ ਹਮਲਾ ਜਿਆਦਾ ਹੋ ਜਾਵੇ ਤਾਂ ਕਈ ਵਾਰ ਬੂਟੇ ਮੁਰਝਾ ਕੇ ਸੁੱਕ ਵੀ ਜਾਂਦੇ ਹਨ। ਇਹ ਵਿਸ਼ਾਣੂ ਚਿੱਟੀ ਪਿੱਠ ਵਾਲੇ ਟਿੱਡੇ ਨਾਲ ਫੈਲਦਾ ਹੈ। ਇਸ ਟਿੱਡੇ ਦੀ ਆਮਦ ਨੂੰ ਰਾਤ ਦੇ ਸਮੇਂ ਖੇਤਾਂ ਦੇ ਨਜਦੀਕ ਬਲਬ ਜਗਾ ਕੇ ਵੇਖਿਆ ਜਾ ਸਕਦਾ ਹੈ ਕਿਉਂਕਿ ਇਹ ਟਿੱਡਾ ਰੋਸ਼ਨੀ ਵੱਲ ਅਕਰਸ਼ਿਤ ਹੁੰਦਾ ਹੈ।

ਡਾਇਰੈਕਟਰ ਜਸਵੰਤ ਸਿੰਘ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਇਸ ਵਿਸ਼ਾਣੂ ਦੀ ਰੋਕਥਾਮ ਲਈ ਬਿਮਾਰੀ ਵਾਲੇ ਬੂਟਿਆਂ ਨੂੰ ਸ਼ੁਰੂ ਵਿੱਚ ਹੀ ਪੁੱਟ ਕੇ ਡੂੰਘਾ ਦਬਾ ਦਿਓ ਅਤੇ ਰੋਗ ਫੈਲਾਉਣ ਵਾਲੇ ਕੀੜੇ (ਚਿੱਟੀ ਪਿੱਠ ਵਾਲੇ ਟਿੱਡੇ) ਦੀ ਰੋਕਥਾਮ ਲਈ ਪੀ.ਏ.ਯੂ. ਤੋ ਸਿਫਾਰਸ਼ਸ਼ੁਦਾ ਕੀਟਨਾਸ਼ਕ ਦਵਾਈਆਂ ਜਿਵੇਂ ਕਿ 94 ਮਿ:ਲਿ: (ਟਰਾਈਫਲੂਮੀਜੋਪਾਇਰਮ) 10× ਐਸ.ਸੀ. ਜਾਂ 80 ਗ੍ਰਾਮ ਡਾਇਨੋਟੈਫੂਰਾਨ ਜਾਂ 120 ਗ੍ਰਾਮ ਚੈੱਸ ਜਾਂ 400 ਮਿਲੀਲਿਟਰ ਬੈਸਪਾਇਰੀਮੋਕਸਾਨ ਜਾਂ 300 ਮਿਲੀਲਿਟਰ ਫਲੂਪਾਇਰੀਮਿਨ 10× ਐਸ.ਸੀ ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਕੀਟਨਾਸ਼ਕ ਐਜੈਡੀਰੈਕਟਿਨ 5× ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿੱਚ ਘੋਲ ਕੇ ਗੋਲ ਨੋਜਲ ਵਾਲੇ ਸਪਰੇ ਪੰਪ ਨਾਲ ਛਿੜਕਾਅ ਕੀਤਾ ਜਾਵੇ। ਇਸ ਤੋਂ ਇਲਾਵਾ ਡਾਇਰੈਕਟਰ ਵੱਲੋਂ ਕਿਸਾਨਾਂ ਨੂੰ ਸੁਨੇਹਾ ਦਿੱਤਾ ਗਿਆ ਕਿ ਜੇਕਰ ਕਿਸੇ ਵੀ ਕਿਸਾਨ ਨੂੰ ਇਸ ਬਿਮਾਰੀ ਸਬੰਧੀ ਕੋਈ ਸਮੱਸਿਆ ਆਉਂਦੀ ਹੈ ਤਾਂ ਆਪਣੇ ਜਿਲ੍ਹੇ ਦੇ ਖੇਤੀਬਾੜੀ ਵਿਭਾਗ ਨਾਲ ਰਾਬਤਾ ਕੀਤਾ ਜਾਵੇ।



## ਸੰਪਾਦਕੀ

# ਦਹੇਜ ਕਾਰਨ ਕਤਲ

ਜੇਕਰ ਆਧੁਨਿਕ ਅਤੇ ਪੜ੍ਹੇ-ਲਿਖੇ ਮੰਨੇ ਜਾਂਦੇ ਸਮਾਜ ਵਿੱਚ ਦਾਜ ਅਤੇ ਇਸ ਕਾਰਨ ਹੋਣ ਵਾਲੇ ਕਤਲਾਂ ਦੇ ਮਾਮਲੇ ਅਜੇ ਵੀ ਇੱਕ ਗੰਭੀਰ ਸਮੱਸਿਆ ਵਜੋਂ ਬਣੇ ਰਹਿੰਦੇ ਹਨ, ਤਾਂ ਸਾਡੇ ਵਿਕਾਸ ਦੀ ਦਿਸ਼ਾ ਅਤੇ ਇਸਦੀ ਪ੍ਰਾਪਤੀ ਕੀ ਹੈ, ਇਸ ਬਾਰੇ ਸੋਚਣਾ ਜ਼ਰੂਰੀ ਹੈ। ਹਾਲਾਂਕਿ, ਦੇਸ਼ ਭਰ ਵਿੱਚ ਅਕਸਰ ਦਾਜ ਲਈ ਔਰਤ ਦੇ ਕਤਲ ਜਾਂ ਉਸ 'ਤੇ ਭਿਆਨਕ ਪੱਧਰ 'ਤੇ ਤਸ਼ੱਦਦ ਕੀਤੇ ਜਾਣ ਦੇ ਮਾਮਲੇ ਸਾਹਮਣੇ ਆਉਂਦੇ ਹਨ। ਪਰ ਉੱਤਰ ਪ੍ਰਦੇਸ਼ ਦੇ ਗੌਤਮ ਬੁੱਧ ਨਗਰ ਜ਼ਿਲ੍ਹੇ ਤੋਂ ਸਾਹਮਣੇ ਆਇਆ ਦਾਜ ਹੱਤਿਆ ਦਾ ਮਾਮਲਾ ਦਰਸਾਉਂਦਾ ਹੈ ਕਿ ਅੱਜ ਵੀ ਕੁਝ ਲੋਕ ਤੰਗ ਮਾਨਸਿਕਤਾ, ਜੜ੍ਹਤਾ ਅਤੇ ਪੱਛੜੀ ਮਾਨਸਿਕਤਾ ਤੋਂ ਪੀੜਤ ਹਨ ਅਤੇ ਲਾਲਚ ਕਾਰਨ ਉਹ ਕਿੰਨੇ ਅਣਮਨੁੱਖੀ ਅਤੇ ਜ਼ਾਲਮ ਬਣ ਸਕਦੇ ਹਨ। ਧਿਆਨਦੇਣ ਯੋਗ ਹੈ ਕਿ ਸਿਰਸਾ ਪਿੰਡ ਵਿੱਚ, ਇੱਕ ਔਰਤ ਨੂੰ ਉਸਦੇ ਪਤੀ ਅਤੇ ਉਸਦੇ ਸਹੁਰੇ ਘਰ ਦੇ ਹੋਰ ਲੋਕਾਂ ਦੁਆਰਾ ਦਾਜ ਦੀ ਮੰਗ ਕਰਦੇ ਹੋਏ ਲਗਾਤਾਰ ਤਸੀਹੇ ਦਿੱਤੇ ਜਾਂਦੇ ਸਨ, ਜਦੋਂ ਕਿ ਜ਼ਿਆਦਾਤਰ ਮੰਗਾਂ ਔਰਤ ਦੇ ਮਾਪਿਆਂ ਦੁਆਰਾ ਪੂਰੀਆਂ ਕੀਤੀਆਂ ਜਾਂਦੀਆਂ ਸਨ। ਪਰ ਜਦੋਂ ਬੇਲਗਾਮ ਲਾਲਚ ਕਿਸੇ ਵਿਅਕਤੀ 'ਤੇ ਹਾਵੀ ਹੋ ਜਾਂਦਾ ਹੈ, ਤਾਂ ਉਸਦੇ ਜ਼ਾਲਮ ਬਣਨ ਦੀ ਸੰਭਾਵਨਾ ਕਈ ਗੁਣਾ ਵੱਧ ਜਾਂਦੀ ਹੈ। ਛੱਤੀਸ ਲੱਖ ਰੁਪਏ ਦੀ ਨਵੀਂ ਮੰਗ ਅੰਤ ਵਿੱਚ ਇਸ ਸਿੱਟੇ 'ਤੇ ਪਹੁੰਚੀ ਕਿ ਔਰਤ ਨੂੰ ਉਸਦੇ ਪਤੀ ਦੁਆਰਾ ਤਸੀਹੇ ਦਿੱਤੇ ਗਏ ਅਤੇ ਜ਼ਿੰਦਾ ਸਾੜ ਦਿੱਤਾ ਗਿਆ। ਇਹ ਘਟਨਾ ਸਾਨੂੰ ਇੱਕ ਵਾਰ ਫਿਰ ਦੱਸਦੀ ਹੈ ਕਿ ਅਰਥਵਿਵਸਥਾ ਦੇ ਚਮਕਦੇ ਅੰਕੜਿਆਂ ਅਤੇ ਵਿਕਾਸ ਦੇ ਦਾਅਵਿਆਂ ਦੇ ਵਿਚਕਾਰ, ਸਮਾਜ ਵਿੱਚ ਪਰੰਪਰਾ ਦੇ ਨਾਮ 'ਤੇ ਅਜਿਹੇ ਜ਼ੁਲਮ ਵੱਧ ਰਹੇ ਹਨ, ਜਿਨ੍ਹਾਂ ਦਾ ਸ਼ਿਕਾਰ ਹਰ ਰੋਜ਼ ਔਰਤਾਂ ਹੁੰਦੀਆਂ ਹਨ। ਸਵਾਲ ਇਹ ਹੈ ਕਿ ਦਾਜ ਵਿਰੁੱਧ ਸਖ਼ਤ ਕਾਨੂੰਨ ਹੋਣ ਦੇ ਬਾਵਜੂਦ, ਕੋਈ ਵਿਅਕਤੀ ਵਿਆਹ ਵਿੱਚ ਦਾਜ ਦੀ ਉੱਚ ਮੰਗ ਨੂੰ ਪੂਰਾ ਕਰਨ ਦੀ ਹਿੰਮਤ ਕਿਵੇਂ ਕਰਦਾ ਹੈ, ਸਗੋਂ ਵਿਆਹ ਤੋਂ ਬਾਅਦ ਵੀ ਉਹ ਲਗਾਤਾਰ ਪੈਸੇ ਜਾਂ ਸਮਾਨ ਦੀ ਮੰਗ ਕਰਕੇ ਦੁਲਹਨ 'ਤੇ ਤਸ਼ੱਦਦ ਕਰਦਾ ਹੈ ਅਤੇ ਕਈ ਵਾਰ ਉਸਨੂੰ ਮਾਰ ਵੀ ਦਿੰਦਾ ਹੈ। ਅਜਿਹਾ ਲੱਗਦਾ ਹੈ ਕਿ ਨਾ ਤਾਂ ਸਰਕਾਰ ਕਾਨੂੰਨ ਨੂੰ ਲਾਗੂ ਕਰਨ ਲਈ ਗੰਭੀਰ ਹੈ ਅਤੇ ਨਾ ਹੀ ਦਾਜ ਲਈ ਦੁਲਹਨ 'ਤੇ ਤਸ਼ੱਦਦ ਕਰਨ ਵਾਲਿਆਂ ਨੂੰ ਇਸ ਕਾਨੂੰਨ ਦਾ ਕੋਈ ਡਰ ਹੈ। ਇਸਦਾ ਕਾਰਨ ਇਸ ਹਕੀਕਤ ਵਿੱਚ ਛੁਪਿਆ ਹੋਇਆ ਹੈ ਕਿ ਦਾਜ ਲਈ ਪਰੇਸ਼ਾਨੀ ਜਾਂ ਕਤਲ ਦੇ ਮਾਮਲੇ ਭਾਵੇਂ ਅਦਾਲਤਾਂ ਵਿੱਚ ਪਹੁੰਚਦੇ ਹਨ, ਪਰ ਮੁਕੱਦਮਾ ਸਾਲਾਂ ਤੱਕ ਲਟਕਦਾ ਰਹਿੰਦਾ ਹੈ ਅਤੇ ਫਿਰ ਅਜਿਹੇ ਮਾਮਲਿਆਂ ਵਿੱਚ ਸਜ਼ਾ ਦੀ ਦਰ ਬਹੁਤ ਘੱਟ ਹੁੰਦੀ ਹੈ। ਸਪੱਸ਼ਟ ਤੌਰ 'ਤੇ ਦਾਜ ਲਈ ਔਰਤਾਂ ਦਾ ਕਤਲ ਇੱਕ ਦੁਖਦਾਈ ਹਕੀਕਤ ਹੈ ਅਤੇ ਇਸਨੂੰ ਰੋਕਣ ਦੇ ਤਰੀਕੇ ਹੁਣ ਤੱਕ ਪ੍ਰਭਾਵਸ਼ਾਲੀ ਨਹੀਂ ਹੋਏ ਹਨ। ਹਾਲਾਂਕਿ, ਇੱਕ ਧਾਰਨਾ ਫੈਲਾਈ ਗਈ ਹੈ ਕਿ ਦਾਜ ਦੇ ਬਹੁਤ ਸਾਰੇ ਮਾਮਲਿਆਂ ਵਿੱਚ, ਇਸ ਨਾਲ ਸਬੰਧਤ ਕਾਨੂੰਨ ਦੀ ਦੁਰਵਰਤੋਂ ਕੀਤੀ ਜਾਂਦੀ ਹੈ ਅਤੇ ਪਤੀ ਅਤੇ ਉਸਦੇ ਪਰਿਵਾਰ ਨੂੰ ਬੇਲੋੜੀ ਫਸਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਦੇ ਸਮਾਨਾਂਤਰ, ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (NCRB) ਦੇ ਅਨੁਸਾਰ, 2022 ਵਿੱਚ ਦਾਜ ਹੱਤਿਆ ਦੇ ਕੁੱਲ 6,450 ਮਾਮਲੇ ਦਰਜ ਕੀਤੇ ਗਏ ਸਨ। ਇਸ ਆਧਾਰ 'ਤੇ ਦੇਸ਼ ਵਿੱਚ ਹਰ ਰੋਜ਼ ਦਾਜ ਲਈ ਲਗਭਗ ਅਠਾਰਾਂ ਔਰਤਾਂ ਦਾ ਕਤਲ ਕੀਤਾ ਜਾਂਦਾ ਹੈ। ਯਾਨੀ ਕਿ, ਕਾਨੂੰਨ ਦੀ ਦੁਰਵਰਤੋਂ ਦੇ ਦਾਅਵੇ ਦੇ ਮੁਕਾਬਲੇ ਅਸਲੀਅਤ ਕਾਫ਼ੀ ਦੁਖਦਾਈ ਅਤੇ ਸ਼ਰਮਨਾਕ ਹੈ। ਇਹ ਯਕੀਨੀ ਹੈ ਕਿ ਦਾਜ ਲਈ ਕਿਸੇ ਔਰਤ ਦੀ ਹੱਤਿਆ ਤੋਂ ਪਹਿਲਾਂ, ਅਜਿਹੀ ਸਥਿਤੀ ਜ਼ਰੂਰ ਪੈਦਾ ਹੁੰਦੀ ਹੈ, ਜਿਸ ਵਿੱਚ ਘਰ ਦੇ ਹੋਰ ਮੈਂਬਰ ਇਸਨੂੰ ਰੋਕ ਸਕਦੇ ਹਨ। ਪਰ ਇੱਕ ਪਰਿਵਾਰ ਵਿੱਚ ਜਾਂ ਬਹੁਤ ਸਾਰੇ ਲੋਕਾਂ ਵਿੱਚ ਦਾਜ ਲਈ ਇੱਕ ਔਰਤ ਨੂੰ ਜ਼ਿੰਦਾ ਸਾੜ ਦਿੱਤਾ ਜਾਣਾ ਦਰਸਾਉਂਦਾ ਹੈ ਕਿ ਜੋ ਵੀ ਕਤਲ ਕਰਦਾ ਹੈ, ਉੱਥੇ ਮੌਜੂਦ ਮੂਕ ਦਰਸ਼ਕ ਵੀ ਅਸਿੱਧੇ ਤੌਰ 'ਤੇ ਇਸ ਵਿੱਚ ਭਾਈਵਾਲ ਹਨ। ਕਿਸੇ ਵੀ ਵਿਅਕਤੀ ਜਾਂ ਪਰਿਵਾਰ ਵਿੱਚ ਦਾਜ ਲਈ ਬੇਲਗਾਮ ਭੁੱਖ ਦਰਸਾਉਂਦੀ ਹੈ ਕਿ ਉਹ ਅਜੇ ਵੀ ਸੱਭਿਅਕ ਅਤੇ ਸਿੱਖਿਅਤ ਹੋਣ ਜਾਂ ਵਿਕਾਸ ਦੇ ਅਸਲ ਮਾਪਦੰਡਾਂ ਤੋਂ ਬਹੁਤ ਪਿੱਛੇ ਹੈ।

-ਜਗਜੀਤ ਸਿੰਘ ਦਰਦੀ

## ਡੁੱਬਦੇ ਪੰਜਾਬ ਵਿੱਚ ਹੜ੍ਹਾਂ ਦੀ ਭਿਆਨਕ ਸਥਿਤੀ

# ਵਰਤਮਾਨ ਤਬਾਹੀ ਨਾਲ ਆਰਥਿਕ ਹਾਲਾਤ ਹੋਏ ਡਾਵਾਂਡੋਲ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**ਪੰਜਾਬ ਦੇ ਹੁਸ਼ਿਆਰਪੁਰ, ਕਪੂਰਥਲਾ, ਫਿਰੋਜ਼ਪੁਰ ਅਤੇ ਤਰਨਤਾਰਨ ਫਾਜ਼ਿਲਕਾ, ਫਿਰੋਜ਼ਪੁਰ, ਤਰਨ ਤਾਰਨ ਵਿੱਚ ਵੀ ਵੱਡੇ ਖੇਤਰ ਪਾਣੀ ਵਿੱਚ ਡੁੱਬੇ ਹਨ। ਹੁਣ ਤੱਕ ਲਗਭਗ 34 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਹਜ਼ਾਰਾਂ ਲੋਕ ਬੇਘਰੇ ਹੋਏ ਹਨ। ਆਰਥਿਕ ਨੁਕਸਾਨ ਵੀ ਭਾਰੀ ਹੈ- ਫਸਲਾਂ ਦੇ ਨਾਲ-ਨਾਲ ਪਸ਼ੂਆਂ ਅਤੇ ਘਰ ਵੀ ਤਬਾਹ ਹੋਏ ਹਨ। ਕਿਸਾਨਾਂ ਨੇ ਕਿਹਾ ਹੈ ਕਿ ਕਲੌਗਡ ਡਰੇਨਾਂ ਅਤੇ ਪ੍ਰੀ-ਮੌਨਸੂਨ ਕਲੀਨਿੰਗ ਨਾ ਹੋਣ ਕਾਰਨ ਇਹ ਸਥਿਤੀ ਵਧੀ ਹੈ। ਇਹ ਨੁਕਸਾਨ ਪੰਜਾਬ ਦੀ ਅਰਥਵਿਵਸਥਾ ਨੂੰ ਹੋਰ ਡੂੰਘੀ ਖੱਡ ਵਿੱਚ ਧੱਕ ਰਿਹਾ ਹੈ, ਜਿੱਥੇ ਪਹਿਲਾਂ ਹੀ ਕਰਜ਼ਾ ਅਤੇ ਬੇਰੁਜ਼ਗਾਰੀ ਵੱਡੀ ਸਮੱਸਿਆ ਹੈ। ਅੱਜ ਕਿਸਾਨਾਂ ਅਤੇ ਗਰੀਬਾਂ ਤੇ ਅਸਲ ਵਿੱਚ ਫਸਲਾਂ ਦੀ ਤਬਾਹੀ ਅਤੇ ਆਫ਼ਤਾਂ ਤੇ ਹੜ੍ਹਾਂ ਨੇ ਕਿਸਾਨਾਂ ਨੂੰ ਸਭ ਤੋਂ ਵੱਧ ਮਾਰਿਆ ਹੈ। ਫਾਜ਼ਿਲਕਾ ਵਿੱਚ 20,000 ਏਕੜ ਝੋਨੇ ਅਤੇ ਬਾਸਮਤੀ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ, ਜਿਸ ਨਾਲ ਕਿਸਾਨਾਂ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਗਰੀਬ ਲੋਕਾਂ ਲਈ ਇਹ ਆਫ਼ਤ ਹੈ-ਉਨ੍ਹਾਂ ਦੇ ਘਰ ਡੁੱਬ ਗਏ ਹਨ, ਪਸ਼ੂ ਮਰ ਗਏ ਹਨ ਅਤੇ ਰੋਜ਼ੀ-ਰੋਟੀ ਖਤਮ ਹੋ ਗਈ ਹੈ।**

ਪੰਜਾਬ ਇਸ ਵਕਤ ਮੀਂਹ ਦੀ ਆਫ਼ਤ ਨਾਲ ਡੁੱਬ ਰਿਹਾ ਹੈ। ਹਜ਼ਾਰਾਂ ਏਕੜ ਜ਼ਮੀਨ ਪਾਣੀ ਵਿੱਚ ਡੁੱਬ ਗਈ ਹੈ। ਅੱਜ ਸੜਕਾਂ, ਪੁੱਲ, ਡੈਮ, ਸਭ ਢਾਂਚਾ ਤਬਾਹੀ ਦਾ ਮੰਜਰ ਦਿਖਾ ਰਿਹਾ ਹੈ। ਲੋਕ ਕਿਸ ਤਰ੍ਹਾਂ ਦੁਖੀ ਹਨ, ਟੈਲੀਵਿਜ਼ਨ ਦੀਆਂ ਖ਼ਬਰਾਂ ਅਤੇ ਜ਼ਮੀਨੀ ਹਕੀਕਤ ਕੁੱਝ ਇਕ ਸ਼ਹਿਰਾਂ ਨੂੰ ਛੱਡ ਕੇ ਸਮੁੱਚਾ ਪੰਜਾਬ ਇਸ ਵਕਤ ਹੜ੍ਹਾਂ ਦੀ ਆਫ਼ਤ ਵਿੱਚ ਲਪੇਟਿਆ ਹੋਇਆ ਹੈ।

ਹੁਣ ਮੌਕਾ ਹੈ ਕਿ ਅਸੀਂ ਆਪਸੀ ਸਭ ਕੁੱਝ ਭੁੱਲ ਕੇ ਉਹਨਾਂ ਲੋਕਾਂ ਵਾਸਤੇ ਆਪਣੇ ਆਪ ਨੂੰ ਸਮਰਪਿਤ ਕਰੀਏ। ਸਰਕਾਰ ਆਪਣੀ ਥਾਂ 'ਤੇ ਜੋ ਕੁੱਝ ਕਰ ਸਕਦੀ ਹੈ ਪਰੰਤੂ ਸਭ ਰਾਜਸੀ ਪਾਰਟੀਆਂ ਸਿਵਲ ਸੁਸਾਇਟੀ, ਲੋਕਲ ਜਥੇਬੰਦੀਆਂ ਜੋ ਇਸ ਵਕਤ ਭੁੱਖੇ ਪਿਆਸੇ ਤੇ ਡੁੱਬਦੇ ਹੋਏ ਪੰਜਾਬ ਵਿੱਚ ਆਪਣਾ ਸਭ ਕੁੱਝ ਗੁਆ ਚੁੱਕੇ ਤੇ ਗਰੀਬ ਪੰਜਾਬੀਆਂ ਦੀ ਬਾਂਹ ਫੜਨ ਤੇ ਉਹਨਾਂ ਦੀ ਪਿਆਸ ਤੇ ਭੁੱਖ ਨੂੰ ਮਿਟਾਉਣ ਦਾ ਵੇਲਾ ਹੈ।

ਅੱਜ ਅਸੀਂ ਵੇਖ ਸਕਦੇ ਹਾਂ ਕਿ ਪੰਜਾਬ, ਜੋ ਕਿ ਭਾਰਤ ਦਾ ਅੰਨਦਾਤਾ ਵਜੋਂ ਜਾਣਿਆ ਜਾਂਦਾ ਹੈ, ਅੱਜਕੱਲ੍ਹ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਤਬਾਹੀ ਦੇ ਕਗਾਰ 'ਤੇ ਖੜ੍ਹਾ ਹੈ। ਅਗਸਤ 2025 ਵਿੱਚ ਲਗਾਤਾਰ ਪੈ ਰਹੇ ਮੀਂਹ ਨੇ ਸੂਬੇ ਨੂੰ ਇੰਨੀ ਭਿਆਨਕ ਸਥਿਤੀ ਵਿੱਚ ਧੱਕ ਦਿੱਤਾ ਹੈ ਕਿ ਲੋਕਾਂ ਲਈ ਜੀਵਨ ਜਿਊਣਾ ਮੁਸ਼ਕਲ ਹੋ ਗਿਆ ਹੈ। ਨਦੀਆਂ ਜਿਵੇਂ ਕਿ ਰਾਵੀ, ਬਿਆਸ ਅਤੇ ਸਤਲੁਜ ਨੇ ਆਪਣੇ ਕੰਢੇ ਤੋੜ ਕੇ ਹਜ਼ਾਰਾਂ ਏਕੜ ਜ਼ਮੀਨ ਨੂੰ ਪਾਣੀ ਵਿੱਚ ਡੋਬ ਦਿੱਤਾ ਹੈ, ਜਿਸ ਨਾਲ ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ ਅਤੇ ਗਰੀਬ ਲੋਕਾਂ ਲਈ ਇਹ ਇੱਕ ਵੱਡੀ ਆਫ਼ਤ ਬਣ ਗਈ ਹੈ। ਇਹ ਹੜ੍ਹ ਨਾ ਸਿਰਫ਼ ਤਾਜ਼ਾ ਫ਼ਸਲਾਂ ਨੂੰ ਨਸ਼ਟ ਕਰ ਰਹੇ ਹਨ ਬਲਕਿ ਪੰਜਾਬ ਦੇ ਪਹਿਲਾਂ ਹੀ ਉਜੜ ਚੁੱਕੇ ਆਰਥਿਕ ਸੰਕਟ ਨੂੰ ਹੋਰ ਵਧਾ ਰਹੇ ਹਨ, ਜਿਸ ਨਾਲ ਲੋਕਾਂ ਦੀਆਂ ਮੁਸੀਬਤਾਂ ਵਧੀਆਂ ਹਨ। ਹੁਣ ਇਸ ਸਥਿਤੀ ਨੂੰ ਇਤਿਹਾਸਕ ਪਿਛੋਕੜ ਨਾਲ ਜੋੜ ਕੇ ਵੇਖਦਿਆਂ ਵਰਤਮਾਨ ਨੁਕਸਾਨ ਨੂੰ ਸਮਝਾਂਗੇ ਅਤੇ ਭਵਿੱਖੀ ਸੰਭਾਵਨਾਵਾਂ ਬਾਰੇ ਚਰਚਾ ਅਧੀਨ ਇਸ ਦੇ ਇਤਿਹਾਸਕ ਪਿਛੋਕੜ ਨੂੰ ਜਾਣਨਾ ਜ਼ਰੂਰੀ ਹੈ।

ਪੰਜਾਬ ਵਿੱਚ ਹੜ੍ਹਾਂ ਦਾ ਲੰਮਾ ਇਤਿਹਾਸ ਹੈ। ਪੰਜਾਬ ਵਿੱਚ ਹੜ੍ਹਾਂ ਕੋਈ ਨਵੀਂ ਗੱਲ ਨਹੀਂ ਹਨ। ਇਤਿਹਾਸ ਵਿੱਚ ਵੇਖੀਏ ਤਾਂ 1993 ਦੇ ਹੜ੍ਹਾਂ ਨੇ ਸੂਬੇ ਨੂੰ ਬਹੁਤ ਨੁਕਸਾਨ ਪਹੁੰਚਾਇਆ ਸੀ, ਜਿਸ ਵਿੱਚ ਹਜ਼ਾਰਾਂ ਏਕੜ ਫਸਲਾਂ ਤਬਾਹ ਹੋਈਆਂ ਅਤੇ ਲੋਕਾਂ ਨੂੰ ਬੇਘਰੇ ਹੋਣਾ ਪਿਆ। ਉਸ ਸਮੇਂ ਵੀ ਡਰੇਨੇਜ਼ ਸਿਸਟਮ ਦੀ ਘਾਟ ਅਤੇ ਨਹਿਰਾਂ ਦੀ ਨਾ-ਸੰਭਾਲ ਨੂੰ ਮੁੱਖ ਕਾਰਨ ਮੰਨਿਆ ਗਿਆ ਸੀ। ਫਿਰ 2023 ਵਿੱਚ ਵੀ ਭਾਰੀ ਮੀਂਹ ਨੇ ਪੰਜਾਬ ਨੂੰ ਡੋਬ ਦਿੱਤਾ, ਜਿਸ ਵਿੱਚ ਫਸਲਾਂ, ਪਸ਼ੂਆਂ ਅਤੇ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਹੋਇਆ। ਰਿਸਰਚ ਅਨੁਸਾਰ, ਇਨ੍ਹਾਂ ਹੜ੍ਹਾਂ ਨੇ ਲਗਭਗ 4,288 ਲੋਕਾਂ ਦੀ ਜਾਨ ਲਈ ਅਤੇ ਅਰਥਵਿਵਸਥਾ ਨੂੰ ਬਹੁਤ ਨੁਕਸਾਨ ਪਹੁੰਚਾਇਆ। ਮੁੱਖ ਕਾਰਨਾਂ ਵਿੱਚ ਭਾਰੀ ਮੀਂਹ, ਡਰੇਨੇਜ਼ ਸਿਸਟਮ ਦੀ ਅਸਫਲਤਾ ਅਤੇ ਅਣਯੋਜਿਤ ਵਿਕਾਸ ਸ਼ਾਮਲ ਹਨ, ਜਿਵੇਂ ਕਿ ਨਦੀਆਂ ਦੇ ਕੰਢਿਆਂ 'ਤੇ ਨਿਰਮਾਣ ਅਤੇ ਵੱਡੇ ਡੈਮਾਂ ਦੇ ਨਿਰਮਾਣ।



ਹੁਣ ਕਲਾਈਮੇਟ ਚੇਂਜ ਨੇ ਵੀ ਇਨ੍ਹਾਂ ਨੂੰ ਵਧਾਇਆ ਹੈ, ਜਿਸ ਨਾਲ ਅਚਾਨਕ ਅਤੇ ਤੇਜ਼ ਮੀਂਹ ਪੈਣ ਲੱਗ ਪਿਆ ਹੈ। ਇਤਿਹਾਸ ਸਿੱਖਦਾ ਹੈ ਕਿ ਨੇਗਲੈਕਟ ਅਤੇ ਨਾ-ਤਿਆਰੀ ਨੇ ਹਮੇਸ਼ਾ ਨੁਕਸਾਨ ਵਧਾਇਆ ਹੈ। ਵਰਤਮਾਨ ਸਥਿਤੀ ਅਤੇ ਨੁਕਸਾਨ ਦਾ ਅੰਦਾਜ਼ਾ ਅਗਸਤ 2025 ਵਿੱਚ ਪੰਜਾਬ ਵਿੱਚ ਭਾਰੀ ਮੀਂਹ ਨੇ ਹੜ੍ਹਾਂ ਨੂੰ ਵਧਾ ਦਿੱਤਾ ਹੈ। ਗੁਰਦਾਸਪੁਰ ਵਿੱਚ ਲਗਭਗ 400 ਵਿਦਿਆਰਥੀ ਅਤੇ ਸਟਾਫ ਇੱਕ ਸਕੂਲ ਵਿੱਚ ਫਸ ਗਏ ਸਨ, ਜਿਨ੍ਹਾਂ ਨੂੰ ਐਨਡੀਆਰਐਫ ਅਤੇ ਆਰਮੀ ਨੇ ਰੈਸਕਿਊ ਕੀਤਾ। ਫਾਜ਼ਿਲਕਾ ਵਿੱਚ 20,000 ਏਕੜ ਫਸਲਾਂ ਪਾਣੀ ਵਿੱਚ ਡੁੱਬ ਗਈਆਂ ਹਨ, ਜਿਸ ਨਾਲ ਝੋਨੇ ਅਤੇ ਹੋਰ ਫਸਲਾਂ ਤਬਾਹ ਹੋ ਗਈਆਂ ਹਨ।

ਪੰਜਾਬ ਦੇ ਹੁਸ਼ਿਆਰਪੁਰ, ਕਪੂਰਥਲਾ, ਫਿਰੋਜ਼ਪੁਰ ਅਤੇ ਤਰਨਤਾਰਨ ਫਾਜ਼ਿਲਕਾ ਫਿਰੋਜ਼ਪੁਰ ਤਰਨ ਤਾਰਨ ਵਿੱਚ ਵੀ ਵੱਡੇ ਖੇਤਰ ਪਾਣੀ ਵਿੱਚ ਡੁੱਬੇ ਹਨ। ਹੁਣ ਤੱਕ ਲਗਭਗ 34 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਹਜ਼ਾਰਾਂ ਲੋਕ ਬੇਘਰੇ ਹੋਏ ਹਨ। ਆਰਥਿਕ ਨੁਕਸਾਨ ਵੀ ਭਾਰੀ ਹੈ-ਫਸਲਾਂ ਦੇ ਨਾਲ-ਨਾਲ ਪਸ਼ੂਆਂ ਅਤੇ ਘਰ ਵੀ ਤਬਾਹ ਹੋਏ ਹਨ। ਕਿਸਾਨਾਂ ਨੇ ਕਿਹਾ ਹੈ ਕਿ ਕਲੌਗਡ ਡਰੇਨਾਂ ਅਤੇ ਪ੍ਰੀ-ਮੌਨਸੂਨ ਕਲੀਨਿੰਗ ਨਾ ਹੋਣ ਕਾਰਨ ਇਹ ਸਥਿਤੀ ਵਧੀ ਹੈ। ਇਹ ਨੁਕਸਾਨ ਪੰਜਾਬ ਦੀ ਅਰਥਵਿਵਸਥਾ ਨੂੰ ਹੋਰ ਡੂੰਘੀ ਖੱਡ ਵਿੱਚ ਧੱਕ ਰਿਹਾ ਹੈ, ਜਿੱਥੇ ਪਹਿਲਾਂ ਹੀ ਕਰਜ਼ਾ ਅਤੇ ਬੇਰੁਜ਼ਗਾਰੀ ਵੱਡੀ ਸਮੱਸਿਆ ਹੈ।

ਅੱਜ ਕਿਸਾਨਾਂ ਅਤੇ ਗਰੀਬਾਂ ਤੇ ਅਸਲ ਵਿੱਚ ਫਸਲਾਂ ਦੀ ਤਬਾਹੀ ਅਤੇ ਆਫ਼ਤਾਂ ਤੇ ਹੜ੍ਹਾਂ ਨੇ ਕਿਸਾਨਾਂ ਨੂੰ ਸਭ ਤੋਂ ਵੱਧ ਮਾਰਿਆ ਹੈ। ਫਾਜ਼ਿਲਕਾ ਵਿੱਚ 20,000 ਏਕੜ ਝੋਨੇ ਅਤੇ ਬਾਸਮਤੀ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ, ਜਿਸ ਨਾਲ ਕਿਸਾਨਾਂ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਗਰੀਬ ਲੋਕਾਂ ਲਈ ਇਹ ਆਫ਼ਤ ਹੈ - ਉਨ੍ਹਾਂ ਦੇ ਘਰ ਡੁੱਬ ਗਏ ਹਨ, ਪਸ਼ੂ ਮਰ ਗਏ ਹਨ ਅਤੇ ਰੋਜ਼ੀ-ਰੋਟੀ ਖਤਮ ਹੋ ਗਈ ਹੈ। ਰਿਸਰਚ ਅਨੁਸਾਰ, ਹੜ੍ਹਾਂ ਨੇ ਗਰੀਬੀ ਨੂੰ ਵਧਾਇਆ ਹੈ, ਜਿਸ ਨਾਲ ਆਮਦਨ ਘਟੀ ਹੈ ਅਤੇ ਖਾਣ-ਪੀਣ ਦੀ ਸਮੱਸਿਆ ਵਧੀ ਹੈ। ਪੰਜਾਬ ਦੇ ਦੱਖਣੀ ਇਲਾਕਿਆਂ ਵਿੱਚ ਗਰੀਬ ਲੋਕਾਂ ਨੂੰ ਫਸਲਾਂ ਅਤੇ ਪਸ਼ੂਆਂ ਦੇ ਨੁਕਸਾਨ ਨੇ ਪਾਵਰਟੀ ਵਿੱਚ ਧੱਕ ਦਿੱਤਾ ਹੈ। ਇਹ ਸਥਿਤੀ ਪੰਜਾਬ ਦੇ ਆਰਥਿਕ ਸੰਕਟ ਨੂੰ ਵਧਾ ਰਹੀ ਹੈ, ਜਿੱਥੇ ਕਲਾਈਮੇਟ ਚੇਂਜ ਨੇ ਰੂਰਲ ਗਰੀਬੀ ਵਧਾਈ ਹੈ।

ਇੰਨੇ ਵੱਡੇ ਪੱਧਰ 'ਤੇ ਹੜ੍ਹਾਂ ਦੇ ਕਾਰਨ ਹੀ ਸਰਕਾਰਾਂ ਅਤੇ ਲੋਕਾਂ ਦੀਆਂ ਅਣਗਹਿਲੀਆਂ ਕਾਰਨ ਹੈ। ਹੜ੍ਹਾਂ ਦੇ ਮੁੱਖ ਕਾਰਨਾਂ ਵਿੱਚ ਸਰਕਾਰਾਂ ਦੀ ਅਣਗਹਿਲੀ ਸ਼ਾਮਲ ਹੈ - ਡਰੇਨੇਜ਼ ਸਿਸਟਮ ਦੀ ਨਾ-ਸੰਭਾਲ, ਅਣਯੋਜਿਤ ਵਿਕਾਸ ਅਤੇ ਡੈਮਾਂ ਦਾ ਨਿਰਮਾਣ। ਲੋਕ ਵੀ ਨਦੀਆਂ ਨੂੰ ਗੰਦਾ ਕਰਦੇ ਹਨ ਅਤੇ ਕੰਢਿਆਂ 'ਤੇ ਨਿਰਮਾਣ ਕਰਦੇ ਹਨ। ਕਲਾਈਮੇਟ ਚੇਂਜ ਨੇ ਅਚਾਨਕ ਮੀਂਹ ਵਧਾਏ ਹਨ। ਪੰਜਾਬ ਸਰਕਾਰ ਨੂੰ ਵਿਰੋਧੀ ਧਿਰ ਨੇ ਅਣਤਿਆਰੀ ਲਈ ਤਾੜਨਾ ਕੀਤੀ ਹੈ। ਇਹ ਰਾਜਸੀ ਮੁੱਦਾ ਹੈ ਅੱਜ ਸਰਕਾਰਾਂ ਅਤੇ ਰਾਜਸੀ ਪਾਰਟੀਆਂ ਦਾ ਰਵੱਈਆ ਕੀ ਹੈ। ਪੰਜਾਬ ਸਰਕਾਰ ਨੇ ਹੜ੍ਹ ਕੰਟਰੋਲ ਰੂਮ ਬਣਾਏ ਹਨ ਅਤੇ ਸੀਐੱਮ ਭਗਵੰਤ ਮਾਨ ਨੇ ਹੈਲੀਕਾਪਟਰ ਰੈਸਕਿਊ ਲਈ ਦਿੱਤਾ ਹੈ। ਪਰ ਵਿਰੋਧੀ ਧਿਰ ਨੇ ਤਾੜਨਾ ਕੀਤੀ ਹੈ ਕਿ ਸੀਐੱਮ ਵਿਦੇਸ਼ ਗਏ ਹਨ ਜਦੋਂ ਸੂਬਾ ਡੁੱਬ ਰਿਹਾ ਹੈ। ਆਮ ਆਦਮੀ ਪਾਰਟੀ ਨੇ ਮੈਡੀਕਲ ਕੈਂਪ ਲਗਾਉਣ ਦਾ ਐਲਾਨ ਕੀਤਾ ਹੈ। ਭਾਜਪਾ ਅਤੇ ਅਕਾਲੀ ਦਲ ਵੀ ਰਾਹਤ ਭੇਜ ਰਹੇ ਹਨ ਪਰ ਆਮ ਤੌਰ 'ਤੇ ਰਾਜਸੀ ਚਰਚਾ ਵਧੀ ਹੈ।

ਇਸ ਦੁੱਖ ਦੀ ਘੜੀ ਵਿੱਚ ਸਾਡੇ ਫਰਜ਼ ਅਤੇ ਅਣਗਹਿਲੀ ਦੇ ਸਾਰੇ ਮਾਮਲੇ ਛੱਡ ਕੇ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

ਇਸ ਸਮੇਂ ਸਾਰੀਆਂ ਰਾਜਸੀ ਪਾਰਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਅਤੇ ਸਿਵਲ ਸੋਸਾਇਟੀ ਨੂੰ ਰਾਜਸੀ ਮਾਮਲੇ ਛੱਡ ਕੇ ਲੋਕਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ।

ਉਧਰ ਐੱਸਜੀਪੀਸੀ ਨੇ ਪਿਛਲੇ ਹੜ੍ਹਾਂ ਵਿੱਚ ਰਾਹਤ ਪਹੁੰਚਾਈ ਹੈ ਅਤੇ ਹੁਣ ਵੀ ਉਨ੍ਹਾਂ ਨੂੰ ਲੰਗਰ ਅਤੇ ਮੈਡੀਕਲ ਮਦਦ ਪ੍ਰਦਾਨ ਕਰਨੀ ਚਾਹੀਦੀ ਹੈ। ਸਿਵਲ ਸੋਸਾਇਟੀ ਅਤੇ ਐੱਨਜੀਓਜ਼ ਪਹਿਲਾਂ ਹੀ ਕੰਮ ਕਰ ਰਹੀਆਂ ਹਨ, ਪਰ ਸਰਕਾਰ ਨਾਲ ਮਿਲ ਕੇ ਹੋਰ ਵਧੀਆ ਕੰਮ ਕੀਤਾ ਜਾ ਸਕਦਾ ਹੈ। ਹੁਣ ਇਹ ਫ਼ਰਜ਼ ਹੈ ਕਿ ਸਾਰੇ ਮਿਲ ਕੇ ਕੰਮ ਕਰਨ।

ਹੁਣ ਆਉਣ ਵਾਲੇ ਦਿਨਾਂ ਵਿੱਚ ਰਵੱਈਆ ਅਤੇ ਸੰਭਾਵਨਾਵਾਂ ਵਿੱਚ ਆਉਣ ਵਾਲੇ ਦਿਨਾਂ ਵਿੱਚ ਹੜ੍ਹਾਂ ਦੀ ਸਥਿਤੀ ਹੋਰ ਵਿਗੜ ਸਕਦੀ ਹੈ, ਕਿਉਂਕਿ ਮੀਂਹ ਜਾਰੀ ਹੈ। ਸਰਕਾਰ ਨੂੰ ਲੰਬੇ ਸਮੇਂ ਦੀ ਯੋਜਨਾ ਬਣਾਉਣੀ ਚਾਹੀਦੀ, ਜਿਵੇਂ ਕਿ ਪੰਜਾਬ ਕਲਾਈਮੇਟ ਚੇਂਜ ਪਾਲਸੀ ਅਨੁਸਾਰ ਫਲੱਡ ਮੈਪਿੰਗ ਅਤੇ ਰੈਸੀਲੀਐਂਟ ਇਨਫਰਾਸਟ੍ਰਕਚਰ। ਰਾਜਸੀ ਪਾਰਟੀਆਂ ਨੂੰ ਰਾਹਤ 'ਤੇ ਧਿਆਨ ਦੇਣਾ ਚਾਹੀਦੈ, ਨਾ ਕਿ ਵਿਵਾਦਾਂ 'ਤੇ। ਕਿਸਾਨ ਸੰਘਾਂ ਨੂੰ ਮੁਆਵਜ਼ੇ ਲਈ ਲੜਨਾ ਪਵੇਗਾ ਅਤੇ ਲੋਕਾਂ ਨੂੰ ਵਾਤਾਵਰਨ ਸੰਭਾਲ ਵੱਲ ਧਿਆਨ ਦੇਣਾ ਚਾਹੀਦੈ। ਕਲਾਈਮੇਟ ਚੇਂਜ ਨੇ ਹੜ੍ਹਾਂ ਨੂੰ ਵਧਾਇਆ ਹੈ, ਇਸ ਲਈ ਭਵਿੱਖ ਵਿੱਚ ਹੋਰ ਤੇਜ਼ ਮੀਂਹ ਅਤੇ ਨੁਕਸਾਨ ਦੀ ਸੰਭਾਵਨਾ ਹੈ। ਪੰਜਾਬ ਨੂੰ ਲੋੜ ਹੈ ਬਿਹਤਰ ਫਲੱਡ ਕੰਟਰੋਲ ਅਤੇ ਕਲਾਈਮੇਟ ਰੈਸੀਲੀਐਂਟ ਯੋਜਨਾਵਾਂ ਦੀ।

ਪੰਜਾਬ ਵਿੱਚ ਹੜ੍ਹਾਂ ਨੇ ਇੱਕ ਵਾਰ ਫ਼ਿਰ ਸਾਬਤ ਕੀਤਾ ਹੈ ਕਿ ਅਣਗਹਿਲੀ ਅਤੇ ਪੂਰੀ ਨਾ-ਤਿਆਰੀ ਨੇ ਨੁਕਸਾਨ ਵਧਾਇਆ ਹੈ। ਇਤਿਹਾਸ ਤੋਂ ਸਿੱਖ ਕੇ ਵਰਤਮਾਨ ਨੂੰ ਸੰਭਾਲਣ ਅਤੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਦੀ ਲੋੜ ਹੈ। ਸਾਰੇ ਸਟੇਕਹੋਲਡਰਾਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਤਾਂ ਜੋ ਪੰਜਾਬ ਫਿਰ ਉੱਭਰ ਸਕੇ। ਵਾਹਿਗੁਰੂ ਸਭ ਦਾ ਭਲਾ ਕਰੇ।

# ਫਰਜ਼ੀ ਮੁਕਾਬਲਿਆਂ ਦੀ ਸੱਚਾਈ ! ਕੀ ਇਹ ਇਨਸਾਫ਼ ਹੈ ?

## ਬੰਦੀ ਸਿੰਘਾਂ ਦੀ ਰਿਹਾਈ ਅਤੇ ਪੁਲਿਸ ਅਧਿਕਾਰੀਆਂ ਦੀ ਸਜ਼ਾ



ਵਿੰਕਲਜੀਤ ਸਿੰਘ ਸਰਾ
95014-77889

**ਇਤਿਹਾਸ ਦਾ ਹਨੇਰਾ ਅਧਿਆਇ ਅਤੇ ਪੰਜਾਬ ਦਾ ਦਹਾਕਿਆਂ ਦਾ ਸੰਤਾਪ** : ਪੰਜਾਬ ਦੇ ਇਤਿਹਾਸ ਦੇ ਸਭ ਤੋਂ ਕਾਲੇ ਦੌਰ ਵਜੋਂ ਯਾਦ ਕੀਤਾ ਜਾਂਦਾ 1980 ਤੋਂ 1996 ਦਾ ਦਹਾਕਾ ਸਿਰਫ਼ ਇੱਕ ਮਿਲੀਟੈਂਸੀ ਦਾ ਦੌਰ ਨਹੀਂ ਸੀ, ਸਗੋਂ ਇਹ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਦਾ ਸਮਾਂ ਵੀ ਸੀ। ਜਿੱਥੇ ਇੱਕ ਪਾਸੇ ਹਥਿਆਰਬੰਦ ਸੰਘਰਸ਼ ਚੱਲ ਰਿਹਾ ਸੀ, ਉੱਥੇ ਹੀ ਦੂਜੇ ਪਾਸੇ ਸਰਕਾਰੀ ਤੰਤਰ ਵੱਲੋਂ ਇਸ ਨੂੰ ਕੁਚਲਣ ਦੇ ਨਾਂ 'ਤੇ ਅਣਮਨੁੱਖੀ ਤਸ਼ੱਦਦ ਅਤੇ ਜ਼ੁਲਮ ਦੀ ਕਹਾਣੀ ਲਿਖੀ ਗਈ। ਰਾਜ ਦੀ ਹਿੰਸਾ ਨੇ ਹਜ਼ਾਰਾਂ ਪਰਿਵਾਰਾਂ ਦੀਆਂ ਖੁਸ਼ੀਆਂ ਹਮੇਸ਼ਾ ਲਈ ਖ਼ਤਮ ਕਰ ਦਿੱਤੀਆਂ। ਨੌਜਵਾਨਾਂ ਨੂੰ ਬਿਨਾਂ ਕਿਸੇ ਸਬੂਤ ਦੇ '**ਮਿਲੀਟੈਂਟ**' ਐਲਾਨ ਕੇ ਜਾਂ ਤਾਂ ਫੜ ਲਿਆ ਜਾਂ ਫਿਰ ਫਰਜ਼ੀ ਮੁਕਾਬਲਿਆਂ ਵਿੱਚ ਮਾਰ ਦਿੱਤਾ ਗਿਆ।

**ਅੰਕੜਿਆਂ ਦੀ ਜ਼ੁਬਾਨੀ: ਸੱਚਾਈ ਦਾ ਖੁਲਾਸਾ** : ਇਹ ਸਿਰਫ਼ ਕਾਗਜ਼ੀ ਅੰਕੜੇ ਨਹੀਂ, ਸਗੋਂ ਉਹ ਖ਼ੂਨੀ ਹਕੀਕਤ ਹੈ, ਜਿਸ ਨੇ ਪੰਜਾਬ ਦੀਆਂ ਪੀੜ੍ਹੀਆਂ ਨੂੰ ਹਿਲਾ ਕੇ ਰੱਖ ਦਿੱਤਾ। ਮਨੁੱਖੀ ਅਧਿਕਾਰ ਸੰਗਠਨਾਂ ਅਤੇ ਕੇਂਦਰੀ ਏਜੰਸੀਆਂ ਨੇ ਇਨ੍ਹਾਂ ਘਟਨਾਵਾਂ 'ਤੇ ਚਿੰਤਾ ਪ੍ਰਗਟਾਈ। ਮਨੁੱਖੀ ਅਧਿਕਾਰਾਂ 'ਤੇ ਕੰਮ ਕਰਨ ਵਾਲੇ ਕਾਰਕੁੰਨ ਜਸਵੰਤ ਸਿੰਘ ਖਾਲੜਾ ਨੇ ਪੰਜਾਬ ਦੇ ਤਿੰਨ ਸ਼ਮਸ਼ਾਨਘਾਟਾਂ ਦੇ ਸਰਕਾਰੀ ਰਿਕਾਰਡ ਦੇ ਆਧਾਰ 'ਤੇ ਇਹ ਖੁਲਾਸਾ ਕੀਤਾ ਕਿ ਅਣਪਛਾਤੇ ਕਰਾਰ ਦਿੱਤੀਆਂ ਗਈਆਂ ਹਜ਼ਾਰਾਂ ਲਾਸ਼ਾਂ ਅਸਲ ਵਿੱਚ ਪੁਲਿਸ ਦੁਆਰਾ ਮਾਰੇ ਗਏ ਨੌਜਵਾਨਾਂ ਦੀਆਂ ਸਨ। NHRC ਦੀ ਜਾਂਚ ਨੇ ਵੀ ਇਸ ਤੱਥ ਦੀ ਪੁਸ਼ਟੀ ਕੀਤੀ ਕਿ ਪੁਲਿਸ ਨੇ ਲਾਸ਼ਾਂ ਦਾ ਗੁਪਤ ਤੌਰ 'ਤੇ ਸਸਕਾਰ ਕੀਤਾ।

ਕੇਂਦਰੀ ਜਾਂਚ ਬਿਊਰੋ (329) ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (NHRC) ਦੀਆਂ ਜਾਂਚਾਂ ਨੇ ਸਪੱਸ਼ਟ ਕੀਤਾ ਕਿ ਪੰਜਾਬ ਵਿੱਚ 2,087 ਤੋਂ ਵੱਧ ਫਰਜ਼ੀ ਮੁਕਾਬਲਿਆਂ ਦੇ ਮਾਮਲੇ ਦਰਜ ਕੀਤੇ ਗਏ ਸਨ। ਪਰ ਇਹ ਹੈਰਾਨੀਜਨਕ ਹੈ ਕਿ ਇੰਨੇ ਵੱਡੇ ਪੱਧਰ 'ਤੇ ਹੋਏ ਜ਼ੁਲਮਾਂ ਦੇ ਬਾਵਜੂਦ ਸਿਰਫ਼ 70 FIRs ਹੀ ਦਰਜ ਹੋਈਆਂ। ਇਹ ਅੰਕੜੇ ਸਾਡੀ ਕਾਨੂੰਨੀ ਪ੍ਰਣਾਲੀ ਦੀ ਸੁਸਤੀ ਅਤੇ ਜ਼ਿੰਮੇਵਾਰੀ ਦੀ ਘਾਟ ਨੂੰ ਦਰਸਾਉਂਦੇ ਹਨ।

**ਪੁਲਿਸ ਦੇ ਝੂਠੇ ਮੁਕਾਬਲੇ: ਤਰੱਕੀਆਂ ਦਾ ਜ਼ਹਿਰੀਲਾ ਫਲ** : ਇਹਨਾਂ ਦੌਰਾਂ ਵਿੱਚ ਕਈ ਪੁਲਿਸ ਅਧਿਕਾਰੀਆਂ ਨੇ ਨਿਰਦੋਸ਼ ਨੌਜਵਾਨਾਂ ਨੂੰ ਫਰਜ਼ੀ ਮੁਕਾਬਲਿਆਂ ਵਿੱਚ ਮਾਰ ਕੇ ਆਪਣੀ '**ਸ਼ੇਰਦਲੀ**' ਦਾ ਢੰਡੋਰਾ ਪਿੱਟਿਆ। ਇਹਨਾਂ ਅਫਸਰਾਂ ਨੂੰ '**ਅੱਤਵਾਦੀਆਂ**' ਨੂੰ ਖਤਮ ਕਰਨ ਦੇ ਨਾਮ 'ਤੇ ਤਰੱਕੀਆਂ, ਪੈਸੇ ਦੇ ਇਨਾਮ ਅਤੇ ਸਿਆਸੀ ਪਸੰਦਗੀ ਮਿਲਦੀ ਰਹੀ। ਇਨ੍ਹਾਂ ਫਰਜ਼ੀ '**ਕਾਮਯਾਬੀਆਂ**' ਦੇ ਬਦਲੇ ਨਿਰਦੋਸ਼ਾਂ ਦੀਆਂ ਜਾਨਾਂ ਦਾ ਸੌਦਾ ਹੁੰਦਾ ਰਿਹਾ।

ਹਾਲ ਹੀ ਦੇ ਸਾਲਾਂ ਵਿੱਚ, ਜਦੋਂ ਇਨ੍ਹਾਂ ਅਧਿਕਾਰੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਗਿਆ, ਤਾਂ ਦਹਾਕਿਆਂ ਤੋਂ ਲਟਕਦੇ ਆ ਰਹੇ ਮਾਮਲਿਆਂ ਵਿੱਚ ਸਜ਼ਾਵਾਂ ਸੁਣਾਈਆਂ ਗਈਆਂ। ਹਾਲ ਹੀ ਵਿੱਚ, ਸੀਬੀਆਈ ਦੀ ਇੱਕ ਵਿਸ਼ੇਸ਼ ਅਦਾਲਤ ਨੇ ਤਰਨਤਾਰਨ ਦੇ ਇੱਕ 1993 ਦੇ ਫਰਜ਼ੀ ਮੁਕਾਬਲੇ ਵਿੱਚ ਪੰਜ ਸੇਵਾਮੁਕਤ ਪੁਲਿਸ ਅਧਿਕਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਇਸੇ ਤਰ੍ਹਾਂ, ਸਾਲ 1992 ਦੇ ਇੱਕ ਕੇਸ ਵਿੱਚ ਸਾਬਕਾ ਡੀਐਸਪੀ ਅਤੇ ਦੋ ਹੋਰ ਪੁਲਿਸ ਅਫਸਰਾਂ ਨੂੰ ਵੀ ਉਮਰ ਕੈਦ ਹੋਈ। ਇਹ ਫੈਸਲੇ ਇਸ ਗੱਲ ਦਾ ਸਬੂਤ ਹਨ ਕਿ ਇਨਸਾਫ਼ ਦੀ ਲੜਾਈ ਲੰਬੀ ਹੋ ਸਕਦੀ ਹੈ, ਪਰ ਸੱਚਾਈ ਨੂੰ ਹਮੇਸ਼ਾ ਦਬਾਇਆ ਨਹੀਂ ਜਾ ਸਕਦਾ। ਫਿਰ ਵੀ ਸਮਾਜ ਵਿੱਚ ਇੱਕ ਕਸ਼ਕ ਜ਼ਰੂਰ ਹੈ ਕਿ ਇਹ ਫੈਸਲੇ ਇੰਨੇ ਦੇਰ ਨਾਲ ਕਿਉਂ ਆਏ ? ਇਨ੍ਹਾਂ ਅਫ਼ਸਰਾਂ ਨੇ ਤਾਂ ਜ਼ਿੰਦਗੀਆਂ ਵਧੀਆ ਆਪਣੇ ਪਰਿਵਾਰਾਂ ਨਾਲ ਜੀਅ ਲਈਆਂ, ਹੁਣ ਸਜ਼ਾ ਮਿਲਣ ਨਾਲ ਇਹਨਾਂ ਨੂੰ ਕੀ ਫਰਕ ਪੈਣਾ। ਪਰ ਕੀ ਇਸ ਨਾਲ ਪੀੜਤ ਪਰੀਵਾਰਾਂ ਦੇ ਬੱਚੇ ਅਤੇ ਖੁਸ਼ੀਆਂ ਮੁੜ ਆਉਣਗੀਆਂ ?

**ਬੰਦੀ ਸਿੰਘਾਂ ਦੀ ਲੰਮੀ ਕੈਦ ਤੇ ਰਿਹਾਈ ਦੀ ਮੰਗ** : ਇਸੇ ਸਮੇਂ, ਕਈ ਸਿੱਖ ਨੌਜਵਾਨਾਂ ਨੂੰ '**ਅੱਤਵਾਦੀ ਸਰਗਰਮੀਆਂ**' ਦੇ ਨਾਂ 'ਤੇ ਗ੍ਰਿਫਤਾਰ ਕੀਤਾ ਗਿਆ ਸੀ। ਕਈਆਂ ਨੂੰ ਅਜਿਹੇ ਕੇਸਾਂ ਵਿੱਚ ਵੀ ਫਸਾਇਆ ਗਿਆ ਜਿਨ੍ਹਾਂ ਵਿੱਚ ਉਨ੍ਹਾਂ ਦਾ ਕੋਈ ਸਬੰਧ ਨਹੀਂ ਸੀ। ਇਨ੍ਹਾਂ ਵਿੱਚੋਂ ਬਹੁਤ ਸਾਰੇ ਸਿੰਘ ਅੱਜ ਵੀ ਜੇਲ੍ਹਾਂ ਵਿੱਚ ਬੰਦ ਹਨ, ਭਾਵੇਂ ਉਨ੍ਹਾਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ। ਇਨ੍ਹਾਂ ਨੂੰ ਹੀ '**ਬੰਦੀ ਸਿੰਘ**' ਕਿਹਾ ਜਾਂਦਾ ਹੈ। ਬਹੁਤ ਸਾਰੇ **ਬੰਦੀ ਸਿੰਘ**, ਜਿਵੇਂ ਕਿ ਬਲਵੰਤ ਸਿੰਘ ਰਾਜੋਆਣਾ ਅਤੇ ਜਗਤਾਰ ਸਿੰਘ ਹਵਾਰਾ, ਜਿਨ੍ਹਾਂ ਨੂੰ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ, ਅੱਜ ਵੀ ਜੇਲ੍ਹਾਂ ਵਿੱਚ ਹਨ। ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਬਦਲਣ ਦੀ ਅਪੀਲ 'ਤੇ ਕੇਂਦਰ ਸਰਕਾਰ ਵੱਲੋਂ ਫੈਸਲਾ ਨਾ ਲੈਣ ਕਰਕੇ ਕੇਸ ਅਜੇ ਵੀ ਲਟਕ ਰਿਹਾ ਹੈ। ਸਿੱਖ ਜਥੇਬੰਦੀਆਂ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਪਿਛਲੇ ਕਈ ਸਾਲਾਂ ਤੋਂ ਇਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਕਰ ਰਹੀਆਂ ਹਨ। ਹਾਲ ਹੀ ਵਿੱਚ ਮੋਹਾਲੀ ਵਿੱਚ ਚੱਲ ਰਹੇ ਮੋਰਚੇ ਨੇ ਇਸ ਮੁੱਦੇ ਨੂੰ ਮੁੜ ਚਰਚਾ ਵਿੱਚ ਲਿਆ ਦਿੱਤਾ ਹੈ।

**ਪੀੜਤ ਪਰਿਵਾਰਾਂ ਦੀ ਅਥਾਹ ਪੀੜ** : ਕਿਸੇ ਨੂੰ ਫਰਜ਼ੀ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ ਅਤੇ ਕਿਸੇ ਨੂੰ ਦਹਾਕਿਆਂ ਤੱਕ ਜੇਲ੍ਹਾਂ ਵਿੱਚ ਰਹਿਣਾ ਪਿਆ। ਇਨ੍ਹਾਂ ਦੋਹਾਂ ਹੀ ਮਾਮਲਿਆਂ ਵਿੱਚ ਸਭ ਤੋਂ ਵੱਧ ਪੀੜਤ ਪਰਿਵਾਰ ਹੀ ਹੋਏ। ਉਨ੍ਹਾਂ ਦੇ ਜ਼ਖ਼ਮ ਕਦੇ ਵੀ ਨਹੀਂ ਭਰ ਸਕਦੇ। ਮਾਰੇ ਗਏ ਨੌਜਵਾਨਾਂ ਦੇ ਮਾਪਿਆਂ ਦੀਆਂ ਜ਼ਿੰਦਗੀਆਂ ਸਦਾ ਲਈ ਹਨੇਰੇ ਵਿੱਚ ਡੁੱਬ ਗਈਆਂ। ਬੱਚਿਆਂ ਦੇ ਵਿਆਹ ਰੁਕ ਗਏ, ਘਰਾਂ ਦੀਆਂ ਚੁੱਲ੍ਹਾਂ ਠੰਡੀਆਂ ਪੈ ਗਈਆਂ ਅਤੇ ਮਾਵਾਂ ਨੇ ਆਪਣੇ ਪੁੱਤਰਾਂ ਦੀਆਂ ਤਸਵੀਰਾਂ ਨਾਲ ਬਾਕੀ ਦੀ ਉਮਰ ਕੱਟੀ। ਇੱਕ ਫਰਜ਼ੀ ਮੁਕਾਬਲੇ ਦੇ ਪੀੜਤ, ਸੁਰਿੰਦਰ ਸਿੰਘ ਫੌਜੀ, ਜਿਨ੍ਹਾਂ ਨੇ ਬੜੀ ਮੁਸ਼ਕਲ ਨਾਲ ਆਪਣੀ ਜਾਨ ਬਚਾਈ, ਨੇ ਦੱਸਿਆ ਕਿ ਕਿਵੇਂ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਪਰਿਵਾਰ ਨੂੰ ਸਾਲਾਂ ਤੱਕ ਤਸ਼ੱਦਦ ਝੱਲਣਾ ਪਿਆ।

ਜਿਹੜੇ ਬੰਦੀ ਸਿੰਘ ਜੇਲ੍ਹਾਂ ਵਿੱਚ ਸੜਦੇ ਰਹੇ, ਉਨ੍ਹਾਂ ਦੇ ਬੱਚਿਆਂ ਦੀਆਂ ਅੱਖਾਂ ਆਪਣੇ ਪਿਤਾ ਨੂੰ ਦੇਖਣ ਲਈ ਤਰਸਦੀਆਂ ਰਹੀਆਂ। ਕਈ ਮਾਵਾਂ ਨੇ ਆਪਣੇ ਪੁੱਤਰਾਂ ਦੀ ਰਿਹਾਈ ਦੀ ਉਡੀਕ ਆਖਰੀ ਸਾਹਾਂ ਤੱਕ ਕੀਤੀ ਪਰ ਉਹ ਮੁਲਾਕਾਤ ਕਦੇ ਨਾ ਹੋ ਸਕੀ। ਉਨ੍ਹਾਂ ਦੀ ਜਵਾਨੀ ਦੇ 25-30 ਸਾਲ ਜੇਲ੍ਹਾਂ ਦੀਆਂ ਕੋਠੜੀਆਂ ਵਿੱਚ ਬੀਤ ਗਏ, ਕੀ ਉਹ ਸਮਾਂ ਮੁੜ ਵਾਪਸ ਆ ਸਕਦਾ ਹੈ?

**ਅਦਾਲਤੀ ਫੈਸਲੇ: ਦੇਰ ਨਾਲ ਆਇਆ ਇਨਸਾਫ਼** : 2020 ਵਿੱਚ ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਹੀ ਫਰਜ਼ੀ ਮੁਕਾਬਲਿਆਂ ਦੇ ਕੇਸ ਤੇਜ਼ੀ ਨਾਲ ਚੱਲੇ। ਪਿਛਲੇ ਦੋ ਸਾਲਾਂ ਵਿੱਚ 63 ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਮਿਲੀਆਂ। ਪਰ ਪ੍ਰਸ਼ਨ ਅਜੇ ਵੀ ਕਾਇਮ ਹੈ: (i) ਕੀ ਇਹ ਸਜ਼ਾਵਾਂ ਉਨ੍ਹਾਂ ਪਰਿਵਾਰਾਂ ਨੂੰ ਨਿਆਂ ਦੇ ਸਕਦੀਆਂ ਹਨ ਜਿਨ੍ਹਾਂ ਦੀਆਂ ਖੁਸ਼ੀਆਂ ਮਿੱਟੀ ਹੋ ਗਈਆਂ? (ii) ਕੀ ਉਹ ਬੱਚੇ ਜਿਨ੍ਹਾਂ ਦੀ ਜਵਾਨੀ ਜੇਲ੍ਹਾਂ ਵਿੱਚ ਗੁਜ਼ਰ ਗਈ, ਆਪਣੀ ਖੋਹੀ ਹੋਈ ਜ਼ਿੰਦਗੀ ਮੁੜ ਪ੍ਰਾਪਤ ਕਰ ਸਕਦੇ ਹਨ? (iii) ਕੀ ਉਹ ਮਾਪੇ ਜਿਨ੍ਹਾਂ ਨੇ ਆਪਣੀਆਂ ਅੱਖਾਂ ਸਾਹਮਣੇ ਪੁੱਤਰਾਂ ਨੂੰ ਗੁਆਇਆ, ਆਪਣੇ ਘਰਾਂ ਦੀ ਰੌਸ਼ਨੀ ਮੁੜ ਦੇਖ ਸਕਦੇ ਹਨ? ਅਦਾਲਤਾਂ ਦੇ ਦੇਰ ਨਾਲ ਲਏ ਗਏ ਫੈਸਲਿਆਂ ਨੇ ਸਾਬਤ ਕਰ ਦਿੱਤਾ ਕਿ ਸੱਚਾਈ ਨੂੰ ਭਾਵੇਂ ਕਿੰਨਾ ਵੀ ਦਬਾਇਆ ਜਾਵੇ, ਇੱਕ ਦਿਨ ਉਹ ਜ਼ਰੂਰ ਸਾਹਮਣੇ ਆਉਂਦੀ ਹੈ। ਪਰ ਦੇਰ ਨਾਲ ਮਿਲਿਆ ਨਿਆਂ ਕਈ ਵਾਰ ਅਨਿਆਂ ਹੀ ਮਹਿਸੂਸ ਹੁੰਦਾ ਹੈ।

**ਇਨਸਾਫ਼ ਦਾ ਅਧੂਰਾ ਸਫ਼ਰ ਅਤੇ ਭਵਿੱਖ ਦੀ ਜ਼ਿੰਮੇਵਾਰੀ** : ਪੰਜਾਬ ਦੇ ਇਤਿਹਾਸ ਦੀ ਇਹ ਕਹਾਣੀ ਸਾਨੂੰ ਸਭ ਨੂੰ ਇਹ ਯਾਦ ਕਰਵਾਉਂਦੀ ਹੈ ਕਿ ਜਦੋਂ ਰਾਜ ਸੱਤਾ ਅਨਿਯਮਿਤ ਹੋ ਜਾਂਦੀ ਹੈ, ਤਾਂ ਸਭ ਤੋਂ ਵੱਡੇ ਪੀੜਤ ਆਮ ਲੋਕ ਹੀ ਬਣਦੇ ਹਨ। ਸੱਚਾਈ ਸਾਹਮਣੇ ਆਉਣ ਦੇ ਬਾਵਜੂਦ, ਇਨਸਾਫ਼ ਦਾ ਸਫ਼ਰ ਅਜੇ ਅਧੂਰਾ ਹੈ।

**ਅੱਜ ਦੀ ਲੋੜ** : (i) ਇਨ੍ਹਾਂ ਪੀੜਤ ਪਰਿਵਾਰਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ ਅਤੇ ਉਨ੍ਹਾਂ ਦੇ ਮੁੜ-ਵਸੇਬੇ ਲਈ ਠੋਸ ਕਦਮ ਚੁੱਕੇ ਜਾਣ। (ii) ਫਰਜ਼ੀ ਮੁਕਾਬਲਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸੱਚ ਨੂੰ ਪਾਠਕ੍ਰਮਾਂ ਅਤੇ ਇਤਿਹਾਸ ਵਿੱਚ ਸ਼ਾਮਲ ਕੀਤਾ ਜਾਵੇ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਯਾਦ ਰਹੇ। (iii) ਸਭ ਤੋਂ ਵੱਧ, ਹੁਣ ਇਹ ਯਕੀਨੀ ਬਣਾਇਆ ਜਾਵੇ ਕਿ ਮਨੁੱਖੀ ਹੱਕਾਂ ਦੀ ਰੱਖਿਆ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

**ਇਹ ਸਿਰਫ਼ ਇੱਕ ਲੇਖ ਨਹੀਂ, ਸਗੋਂ ਉਨ੍ਹਾਂ ਅਣਗਿਣਤ ਲੋਕਾਂ ਦੀ ਦਰਦ ਭਰੀ ਕਹਾਣੀ ਹੈ ਜੋ ਅੱਜ ਵੀ ਨਿਆਂ ਦੀ ਉਡੀਕ ਵਿੱਚ ਹਨ। ਉਨ੍ਹਾਂ ਦੀ ਆਵਾਜ਼ ਨੂੰ ਸੁਣਨਾ ਅਤੇ ਉਨ੍ਹਾਂ ਦੇ ਦਰਦ ਨੂੰ ਸਮਝਣਾ ਹੀ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।**

# ਪੰਜਾਬ ਰੁੜ੍ਹਦਾ ਰਿਹਾ, ਨੀਰੋ ਦੀ ਬੰਸਰੀ ਵੱਜਦੀ ਰਹੀ



ਕਮਲਜੀਤ ਸਿੰਘ ਬਨਵੈਤ
98147 34035

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਆਪਣਾ ਸਰਕਾਰੀ ਚੌਪਰ ਹੜ੍ਹ ਮਾਰੇ ਲੋਕਾਂ ਦੀ ਮਦਦ ਲਈ ਉਧਾਰ ਦਿੰਦੇ ਹੋਏ ਵਾਰ ਵਾਰ ਇੱਕੋ ਵਾਕ ਦੁਹਰਾ ਰਹੇ ਸਨ ਜਿਵੇਂ ਕਿਤੇ ਪੰਜਾਬੀਆਂ ਸਿਰ ਅਹਿਸਾਨ ਕਰਦੇ ਹੋਣ। ਸ਼ਾਇਦ ਉਹ ਇਹ ਭੁੱਲ ਗਏ ਸਨ ਕਿ ਲੰਘੇ ਕੱਲ ਜਦੋਂ ਪੰਜਾਬ ਪਾਣੀ ਵਿੱਚ ਰੁੜ ਰਿਹਾ ਸੀ ਤਾਂ ਮੁੱਖ ਮੰਤਰੀ ਮਾਨ ਤਾਮਿਲਨਾਡੂ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਬ੍ਰੇਕਫਾਸਟ ਸਕੀਮ ਦਾ ਚੇਨਈ ਤੋਂ ਆਗਾਜ਼ ਕਰ ਰਹੇ ਸਨ। ਪੰਜਾਬੀਆਂ ਨੇ ਤਾਂ ਉਦੋਂ ਵੀ ਹਿਰਖ ਨਾ ਕੀਤਾ। ਵਿਰੋਧੀ ਪਾਰਟੀਆਂ ਨੂੰ ਸਿਆਸੀ ਰੋਟੀਆਂ ਸੇਕਣ ਦਾ ਮੌਕਾ ਭਾਵੇਂ ਮਿਲ ਗਿਆ ਹੋਵੇ। ਲੋਕ ਤਾਂ ਹਾਲੇ ਮੁੱਖ ਮੰਤਰੀ ਮਾਨ ਦੇ ਉਸ ਬਿਆਨ ਨੂੰ ਲੈ ਕੇ ਵੀ ਚੀਸ ਵੱਟੀ ਬੈਠੇ ਹਨ, ਉਹਨਾਂ ਨੇ ਕਿਹਾ ਸੀ ਕਿ ਪੰਜਾਬ ਲਈ ਹੜ੍ਹ ਤਾਂ ਆਮ ਹਨ। ਪੰਜਾਬ 'ਚ ਹੜ੍ਹ ਤਾਂ ਹਰ ਸਾਲ ਆਉਂਦੇ ਹਨ। ਸਦਕੇ ਜਾਈਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜਿਸ ਨੇ ਨਾ ਆਪਣੇ ਪਿਛਲੇ ਤਿੰਨ ਸਾਲਾਂ ਦੇ ਕਾਰਜਕਾਲ ਅਤੇ ਨਾ ਹੀ ਪੁਰਾਣੀਆਂ ਸਰਕਾਰਾਂ ਦੀ ਅਲਗਰਜ਼ੀ ਤੋਂ ਸਬਕ ਸਿੱਖਿਆ ਹੈ। ਜਦੋਂ ਪੰਜਾਬ ਦੇ ਮੰਤਰੀ ਬੇੜੀਆਂ ਵਿੱਚ ਸੱਜ ਧੱਜ ਕੇ ਫੋਟੋਆਂ ਖਿਚਾਂਦੇ ਹਨ ਤਾਂ ਪੰਜਾਬੀ ਪਾਣੀ ਦੀਆਂ ਲਹਿਰਾਂ ਮੂਹਰੇ ਆਪ ਬੰਨ ਕੇ ਖੜੇ ਹੁੰਦੇ ਹਨ। ਪੰਜਾਬ ਸਰਕਾਰ ਨੇ ਹੜ੍ਹ ਦੇ ਖ਼ਤਰਨਾਕ ਖਤਰੇ ਨੂੰ ਦੇਖਦਿਆਂ ਪੰਜਾਬ ਦੇ ਸਕੂਲਾਂ ਵਿੱਚ 30 ਤੱਕ ਛੁੱਟੀਆਂ ਕਰ ਦਿੱਤੀਆਂ ਹਨ।

ਪੰਜਾਬ ਵਿੱਚ ਹੜ੍ਹਾਂ ਦੀ ਮਾਰ ਨਾਲ ਹੋਏ ਜਾਨੀ ਮਾਲੀ ਨੁਕਸਾਨ ਦੀ ਗੱਲ ਕਰਨ ਤੋਂ ਪਹਿਲਾਂ ਅੱਜ ਸਿੰਚਾਈ ਵਿਭਾਗ ਦੇ ਇੱਕ ਸਾਬਕਾ ਉਚ ਅਧਿਕਾਰੀਆਂ ਨਾਲ ਹੋਏ ਤਕਰਾਰ ਦਾ ਜ਼ਿਕਰ ਜ਼ਰੂਰ ਕਰਨਾ ਚਾਹਾਂਗਾ। ਉਸ ਅਧਿਕਾਰੀ ਦਾ ਕਹਿਣਾ ਸੀ ਕਿ ਹੜ੍ਹਾਂ ਦੀ ਤਬਾਹੀ ਰੋਕਣ, ਹੋਰ ਡੈਮ ਬਣਾਉਣ ਜਾਂ ਬੰਨ ਖੜ੍ਹੇ ਕਰਨ ਵਾਸਤੇ ਸਰਕਾਰ ਕੋਲ ਪੈਸਾ ਨਹੀਂ ਹੈ। ਉਹ ਇਹ ਵੀ ਦਾਅਵਾ ਕਰਦਾ ਹੈ ਕਿ ਜਿਹੜੇ ਬੰਨ ਸਰਕਾਰ ਮਾਰਦੀ ਹੈ ਉਹ ਹਿਮਾਚਲ ਤੋਂ ਆ ਰਹੇ ਪਾਣੀ ਮੂਹਰੇ ਬੌਣੇ ਹੋ ਕੇ ਰਹਿ ਜਾਂਦੇ ਹਨ। ਮੈਂ ਤਕਦਾ ਹਾਂ। ਮੈਥੋਂ ਕਿਹਾ ਜਾਂਦਾ ਹੈ ਕਿ ਸਰਕਾਰ ਦੇ ਵਿੱਤੀ ਹਾਲਾਤਾਂ ਮੂਹਰੇ ਬੰਦਾ ਬੇਮੁਲਾ ਹੋ ਕੇ ਰਹਿ ਗਿਆ ਹੈ ? ਮੈਂ ਇਹ ਵੀ ਕਹਿ ਦਿੰਦਾ ਹਾਂ ਕਿ ਜੇ ਪੰਜਾਬ ਦਾ ਮੁੱਖ ਮੰਤਰੀ ਜਾਂ ਉਸ ਦੇ ਮੰਤਰੀ ਸਾਥੀਆਂ ਸਮੇਤ ਅਫਸਰਸ਼ਾਹੀ ਆਪਣੇ ਐਸ਼ੋ ਇਸ਼ਰਤ ਅਤੇ ਸੁਰੱਖਿਆ ਦੇ ਖਰਚਿਆਂ ਉੱਤੇ ਕੱਟ ਲਾ ਦੇਵੇ ਉਸ ਪੈਸੇ ਨਾਲ ਤਾਂ ਕਈ ਡੈਮ, ਬੰਨ ਖੜ੍ਹੇ ਹੋ ਸਕਦੇ ਹਨ ਅਤੇ ਨਹਿਰਾਂ ਪੁੱਟੀਆਂ ਜਾ ਸਕਦੀਆਂ ਹਨ। ਮੈਂ ਕਹਿਣਾ ਤਾਂ ਇਹ ਵੀ ਚਾਹੁੰਦਾ ਸਾਂ ਕਿ ਸਮੇਂ ਸਿਰ ਨਹਿਰਾਂ ਦੀ ਸਫ਼ਾਈ ਕਰਨ ਲਈ ਤਾਂ ਪੈਸੇ ਦੀ ਘਾਟ ਨਹੀਂ ਹੁੰਦੀ ਇਹ ਵੱਖਰੀ ਗੱਲ ਹੈ ਕਿ ਬਜਟ ਦੇਰੀ ਨਾਲ ਅਲਾਟ ਕੀਤਾ ਜਾਂਦਾ ਹੈ। ਠੇਕੇਦਾਰਾਂ ਨੂੰ ਦਿੱਤੇ ਟੈਂਡਰ ਵਿੱਚੋਂ ਇੱਕ ਹਿੱਸਾ ਰਕਮ ਤਾਂ ਮੰਤਰੀਆਂ ਦੀਆਂ ਆਪਣੀਆਂ ਜੇਬਾਂ ਵਿੱਚ ਆ ਪੈਂਦੀ ਹੈ। ਫਿਰ ਜਦੋਂ ਸਰਕਾਰਾਂ ਅਤੇ ਅਫਸਰਸ਼ਾਹੀ ਦੇ ਮੂੰਹ ਨੂੰ ਜਿੰਦਰਾ ਵੱਜ ਜਾਵੇ ਤਾਂ ਪੰਜਾਬ ਦਾ ਕੌਣ ਬੇਲੀ।

ਹਿਮਾਚਲ ਤੇ ਜੰਮੂ ਕਸ਼ਮੀਰ ਵਿੱਚ ਭਾਰੀ ਮੀਂਹ ਪੈਣ ਤੋਂ ਬਾਅਦ ਰਾਵੀ ਤੇ ਬਿਆਸ ਦਰਿਆ ਦੇ ਬੇਕਾਬੂ ਹੋਏ ਪਾਣੀ ਨੇ ਪੰਜਾਬ ਦੇ ਸਰਹੱਦੀ ਜ਼ਿਲਿਆਂ ਨੂੰ ਪੂਰੀ ਤਰ੍ਹਾਂ ਲਪੇਟ ਲਿਆ। ਪਹਾੜਾਂ ਵਿੱਚੋਂ ਆਏ ਪਾਣੀ ਨਾਲ ਡੈਮ ਵੀ ਨੱਕੋ ਨੱਕ ਭਰ ਗਏ ਹਨ ਅਤੇ ਦੋ ਬੈਂਕ ਤਾਂ ਖਤਰੇ ਦੇ ਨਿਸ਼ਾਨ ਤੋਂ ਉੱਪਰ ਟੱਪ ਕੇ ਜਾ ਚੁੱਕੇ ਹਨ। ਪਠਾਨਕੋਟ ਫਾਜ਼ਲ ਖਾਂ ਫਿਰੋਜ਼ਪੁਰ ਤਰਨ ਤਾਰਨ ਅਤੇ ਗੁਰਦਾਸਪੁਰ ਦੇ 250 ਤੋਂ ਵੱਧ ਪਿੰਡ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬ ਗਏ ਹਨ। ਸੱਤ ਜ਼ਿਲ੍ਹਿਆਂ ਵਿੱਚ ਕੱਲ ਹੀ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਸੀ, ਇਸ ਦੇ ਨਾਲ ਹੀ ਪੰਜਾਬ ਭਰ ਦੇ ਸਕੂਲਾਂ ਵਿੱਚ 30 ਤੱਕ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ।

ਦੂਜੇ ਬੰਨੇ ਜੰਮੂ ਖੇਤਰ ਦੇ ਡੋਡਾ ਅਤੇ ਰਿਆਸੀ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਪੈਣ ਕਾਰਨ 11 ਵਿਅਕਤੀਆਂ ਦੀ ਮੌਤ ਹੋ ਗਈ ਹੈ, ਜਿਨ੍ਹਾਂ ਵਿੱਚੋਂ ਸੱਤ ਮੌਤਾਂ ਮਾਤਾ ਵੈਸ਼ਨੂੰ ਦੇਵੀ ਮੰਦਰ ਨੂੰ ਜਾਣ ਵਾਲੇ ਰਾਹ 'ਤੇ ਢਿੱਗਾਂ ਡਿੱਗਣ ਕਾਰਨ ਹੋਈਆਂ। ਭਾਰੀ ਮੀਂਹ ਕਾਰਨ ਜੰਮੂ ਵਿੱਚ ਸਾਰੇ ਜਲ ਸਰੋਤ ਖਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੇ ਹਨ। ਜਿਸ ਕਰਕੇ ਦੋ ਦਰਜਨ ਤੋਂ ਵੱਧ ਅਤੇ ਘਰ ਨੁਕਸਾਨੇ ਗਏ।

ਮੀਡੀਆ ਖਬਰਾਂ ਅਨੁਸਾਰ ਰਾਵੀ ਤੇ ਬਿਆਸ ਦਰਿਆ ਉੱਤੇ ਬਣੇ ਕਰੀਬ ਅੱਧੀ ਦਰਜਨ ਪੱਕੇ ਅਤੇ ਆਰਜ਼ੀ ਬੰਨ ਵੀ ਹੜ੍ਹਾਂ ਦੀ ਮਾਰ ਨਹੀਂ ਝੱਲ ਸਕੇ ਹਨ, ਜਿਸ ਕਰਕੇ ਧੁੱਸੀ ਬੰਨ, ਸੁਲਤਾਨਪੁਰ ਲੋਧੀ ਨੇੜਲਾ ਆਰਜ਼ੀ ਬੰਨ, ਰਾਵੀ ਦਰਿਆ ਉਤੇ ਬਣਿਆ ਆਰਜ਼ੀ ਬੰਨ ਵੀ ਰੁੜ ਗਏ ਹਨ। ਮੌਸਮ ਵਿਭਾਗ ਵੱਲੋਂ ਅਗਲੇ ਦਿਨ ਹੀ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ। ਇੱਕ ਵੀਡੀਓ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਾਉਂਦੀ ਹੈ, ਜਿੱਥੇ ਚਾਰੇ ਪਾਸੇ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਹੈ। ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦਰਮਿਆਨ ਅੰਤਰਰਾਜ਼ੀ ਸੜਕਾਂ 'ਤੇ ਆਵਾਜਾਈ ਬੰਦ ਹੋ ਗਈ ਹੈ। ਚੱਕੀ ਪੁਲ ਦੇ ਨੁਕਸਾਨੇ ਜਾਣ ਕਾਰਨ ਜੰਮੂ ਜਲੰਧਰ ਰੇਲਵੇ ਟਰੈਕ ਵੀ ਬੰਦ ਹੋ ਗਿਆ ਹੈ। ਸੰਗਰੂਰ ਦੇ ਪਿੰਡ ਤੋਲਾਵਾਲ ਵਿੱਚ ਸੱਤ ਮਜ਼ਦੂਰਾਂ ਦੇ ਮਕਾਨ ਡਿੱਗ ਗਏ ਹਨ ਅਤੇ ਕਈਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਸ਼ਾਹਪੁਰ ਕੰਡੀ ਡੈਮ ਦੇ ਨਵੇਂ ਉਸਾਰੇ ਗਏ ਪਾਵਰ ਹਾਊਸ ਅਤੇ ਨਹਿਰ ਵਿੱਚ ਦੋ ਜਣਿਆਂ ਦੇ ਰੁੜ ਜਾਣ ਦੀ ਸੂਚਨਾ ਹੈ।

ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਨੇ ਹੜ੍ਹਾਂ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੰਜਾਬ ਨੂੰ ਛੱਡ ਕੇ ਤਾਮਿਲਨਾਡੂ ਜਾਣ 'ਤੇ ਸਵਾਲ ਚੁੱਕੇ ਹਨ। ਦੋਵਾਂ ਪਾਰਟੀਆਂ ਦੇ ਆਗੂਆਂ ਨੇ ਸਰਕਾਰ ਦੀ ਘੇਰਾਬੰਦੀ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੂੰ ਰੱਬ ਆਸਰੇ ਛੱਡ ਕੇ ਖੁਦ ਚੇਨਈ ਚਲੇ ਗਏ ਹਨ। ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਅੱਧਾ ਪੰਜਾਬ ਹੜ੍ਹ ਵਿੱਚ ਹੈ ਔਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤਾਮਿਲਨਾਡੂ ਦੇ ਮੁੱਖ ਮੰਤਰੀ ਇਹ ਮੱਕੇ ਸਟਾਲਨ ਨਾਲ ਮੁਸਕਰਾਉਂਦੇ ਹੋਏ ਨਾਸ਼ਤਾ ਕਰਦੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੁੱਖ ਮੰਤਰੀ ਮਾਨ ਵੱਲੋਂ ਹੜ੍ਹ ਦੀ ਲਪੇਟ ਵਿੱਚ ਆਏ ਪੰਜਾਬ ਨੂੰ ਛੱਡ ਕੇ ਤਾਮਿਲਾਡੂ ਜਾਣ ਦੀ ਆਲੋਚਨਾ ਕੀਤੀ ਹੈ। ਉਹ ਸਮਾਂ ਸੀ ਜਦੋਂ ਮੁੱਖ ਮੰਤਰੀ ਨੂੰ ਲੋਕਾਂ ਨਾਲ ਖੜ੍ਹਨਾ ਚਾਹੀਦਾ ਸੀ।

ਇਸੇ ਦੌਰਾਨ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਗੁਰਦੁਆਰਿਆਂ ਵਿੱਚ ਲੋਕਾਂ ਲਈ ਸਹਾਇਤਾ ਕੇਂਦਰ ਸਥਾਪਿਤ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਹੈ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਹੜ੍ਹਾਂ ਦੇ ਮੱਦੇਨਜ਼ਰ ਡੇਢ ਦਰਜਨ ਤੋਂ ਵੱਧ ਗੁਰਦੁਆਰਿਆਂ ਵਿੱਚ ਸਹਾਇਤਾ ਕੇਂਦਰ ਸਥਾਪਤ ਕੀਤੇ ਗਏ ਹਨ। ਇਹਨਾਂ ਵਿੱਚ ਗੁਰਦੁਆਰਾ ਕੇਸਗੜ੍ਹ ਸਾਹਿਬ, ਗੁਰਦੁਆਰਾ ਦੂਖ ਨਿਵਾਰਨ ਪਟਿਆਲਾ ਅਤੇ ਗੁਰਦੁਆਰਾ ਸਾਹਿਬ ਸੁਲਤਾਨਪੁਰ ਲੋਧੀ ਸ਼ਾਮਿਲ ਹਨ। ਕਈ ਸਰਾਵਾਂ ਵਿੱਚ ਵੀ ਲੋਕਾਂ ਲਈ ਕਮਰੇ ਰੱਖੇ ਗਏ।

ਆਪ ਸਰਕਾਰ ਦੇ ਮੁੱਖ ਸਕੱਤਰ ਨੇ ਹੜ੍ਹਾਂ ਦੀ ਸਥਿਤੀ ਬਾਰੇ ਸੀਨੀਅਰ ਅਧਿਕਾਰੀਆਂ ਨਾਲ ਹੰਗਾਮੀ ਮੀਟਿੰਗ ਕੀਤੀ। ਉਹਨਾਂ ਨੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦੇ ਸਾਰੇ ਅਧਿਕਾਰੀਆਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ ਤਾਂ ਜੋ ਰਾਹਤ ਕਾਰਜਾਂ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਮੁੱਖ ਸਕੱਤਰ ਨੇ ਅਧਿਕਾਰੀਆਂ ਤੋਂ ਹੜ੍ਹ ਕਾਰਨ ਪ੍ਰਭਾਵਿਤ ਲੋਕਾਂ ਲਈ ਚੱਲ ਰਹੇ ਰਾਹਤ ਕਾਰਜਾਂ ਬਾਰੇ ਵੀ ਜਾਣਕਾਰੀ ਲਈ ਹੈ। ਮੁੱਖ ਸਕੱਤਰ ਵੱਲੋਂ ਲੰਘਣ ਤੋਂ ਬਾਅਦ ਲਕੀਰ ਪਿਟਣੀ ਸ਼ੁਰੂ ਕੀਤੀ ਗਈ ਹੈ। ਕਾਂਗਰਸ ਸਰਕਾਰ ਨੂੰ ਵੀ ਪੰਜਾਬ ਵਿੱਚ ਹਰ ਸਾਲ ਹੋਣ ਵਾਲੇ ਹੜ੍ਹਾਂ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਪੰਜਾਬ ਦਾ ਕੇਂਦਰ ਸਰਕਾਰ ਸਿਰ ਕੁਦਰਤੀ ਆਫਤ ਫੰਡ ਦਾ ਕਈ ਹਜ਼ਾਰ ਕਰੋੜ ਦਾ ਬਕਾਇਆ ਖੜ੍ਹਾ ਹੈ। ਕੌਣ ਆਖੇ ਸਾਹਿਬ ਨੂੰ ਇੰਝ ਨਹੀਂ ਇੰਜ ਕਰ। ਉਜੜਦਾ ਤਾਂ ਪੰਜਾਬ ਹੈ। ਘਰੋਂ ਬੇਘਰ ਪੰਜਾਬੀ ਹੁੰਦੇ ਹਨ। ਕਰਜ਼ਾ ਕਿਸਾਨਾਂ ਦੇ ਸਿਰ ਵੱਧਦਾ ਹੈ। ਸਿਆਸੀ ਲੀਡਰਾਂ ਦੇ ਘਰਾਂ ਵਿੱਚ ਕਦੇ ਪਾਣੀ ਨਹੀਂ ਵੜਿਆ। ਉਹਨਾਂ ਨੇ ਹੜ੍ਹਾਂ ਤੋਂ ਬਾਅਦ ਫੈਲਣ ਵਾਲੀ ਬਿਮਾਰੀਆਂ ਦੀ ਮਾਰ ਨਹੀਂ ਝੱਲੀ ਤੇ ਨਾ ਹੀ ਕੋਈ ਸਿਆਸਤਦਾਨ ਕਦੇ ਪਾਣੀ ਵਿੱਚ ਰੁੜਿਆ ਹੈ। ਹੇਰਾ ਫੇਰੀ ਕਰਕੇ ਫ਼ਸਲਾਂ ਦਾ ਮੁਆਵਜ਼ਾ ਲੈਣ ਲਈ ਵਿੰਗੇ ਟੇਢੇ ਢੰਗ ਨਾਲ ਅੱਗੇ ਜ਼ਰੂਰ ਹੋ ਜਾਂਦੇ ਹਨ। ਪੰਜਾਬੀਆਂ ਦੇ ਦੁੱਖਾਂ ਦੀ ਕਹਾਣੀ ਨਵੀਂ ਨਹੀਂ ਹੈ। ਪੰਜਾਬੀਆਂ ਦਾ ਤਾਂ ਜਿਵੇਂ ਦਰਦ ਨਾਲ ਪੁਰਾਣਾ ਰਿਸ਼ਤਾ ਹੋਵੇ। ਕੁਰਬਾਨੀਆਂ ਇਹਨਾਂ ਨੂੰ ਗੁੜਤੀ ਵਿੱਚੋਂ ਮਿਲੀਆਂ ਹੋਈਆਂ ਹੋਣ।

ਮਾਝਾ-ਦੁਆਬਾ

ਆਸ ਪਾਸ

# ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਜਮਸ਼ੇਦਪੁਰ ਟਾਟਾ ਨਗਰ ਤੋਂ ਰਾਂਚੀ ਲਈ ਰਵਾਨਾ

ਅੰਮ੍ਰਿਤਸਰ, 27 ਅਗਸਤ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿੱਚ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਜਮਸ਼ੇਦਪੁਰ ਟਾਟਾ ਨਗਰ ਤੋਂ ਆਪਣੇ ਅਗਲੇ ਪੜਾਅ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਂਚੀ ਝਾਰਖੰਡ ਲਈ ਰਵਾਨਾ ਹੋਇਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿਚ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ ਗਏ।



ਅੱਜ ਇਹ ਨਗਰ ਕੀਰਤਨ ਗੁਰਦੁਆਰਾ ਨਾਨਕਸਰ ਸਾਹਿਬ ਟੈਲਕੋ ਜਮਸ਼ੇਦਪੁਰ ਤੋਂ ਆਰੰਭ ਹੋ ਕੇ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਰਾਂਚੀ ਪੁੱਜਾ। ਰਸਤੇ ਵਿਚ ਸੰਗਤਾਂ ਨੇ ਭਰਵਾਂ ਸਵਾਗਤ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕਰਕੇ ਸਤਿਕਾਰ ਦਿੱਤਾ। ਸਥਾਨਕ ਸੰਗਤਾਂ ਸ਼ਬਦ ਕੀਰਤਨ ਕਰਦਿਆਂ ਅੱਗੇ ਤੋਂ ਨਗਰ ਕੀਰਤਨ ਦੇ ਸਵਾਗਤ ਲਈ ਆਈਆਂ। ਇਸ ਦੌਰਾਨ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਰਘੁਬਰ ਦਾਸ ਨੇ ਵੀ ਵਿਸ਼ੇਸ਼ ਤੌਰ ਤੇ ਪਹੁੰਚ ਕੇ ਨਗਰ ਕੀਰਤਨ ਦਾ ਸਵਾਗਤ ਕਰਦਿਆਂ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ। ਰਸਤੇ ਵਿਚ ਸੰਗਤਾਂ ਵੱਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰ ਵੀ ਲਗਾਏ ਗਏ ਸਨ। ਸ਼੍ਰੋਮਣੀ ਕਮੇਟੀ ਵੱਲੋਂ ਨਗਰ ਕੀਰਤਨ ਨਾਲ ਚੱਲ ਰਹੀ ਗੁਰੂ ਸਾਹਿਬਾਨ ਦੇ ਇਤਿਹਾਸਕ ਸ਼ਸਤਰਾਂ ਵਾਲੀ ਬੱਸ ਅਤੇ ਵੱਡਅਕਾਰੀ ਸਕਰੀਨਾਂ 'ਤੇ ਗੁਰੂ ਸਾਹਿਬ ਨਾਲ ਸੰਬੰਧਿਤ ਪਾਵਨ ਅਸਥਾਨਾਂ ਅਤੇ ਇਤਿਹਾਸ ਬਾਰੇ ਦਿਖਾਈਆਂ ਜਾ ਰਹੀਆਂ ਦਸਤਾਵੇਜ਼ੀ ਵੀਡੀਓ ਪ੍ਰਤੀ ਵੀ ਸੰਗਤਾਂ ਵਿਚ ਭਾਰੀ ਉਤਸ਼ਾਹ ਹੈ।

ਇਹ ਨਗਰ ਕੀਰਤਨ ਅੱਜ ਰਾਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਂਚੀ ਵਿਖੇ ਰੁਕੇਗਾ, ਜਿਥੋਂ 28 ਅਗਸਤ ਨੂੰ ਅਗਲੇ ਪੜਾਅ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਲਈ ਰਵਾਨਾ ਹੋਵੇਗਾ।

ਇਸ ਮੌਕੇ ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਗਸੀਰ ਸਿੰਘ ਮਾਂਗੇਆਣਾ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਰਾਮ ਸਿੰਘ ਰਾਠੌਰ ਮੁੰਬਈ, ਇੰਚਾਰਜ ਦਵਿੰਦਰ ਸਿੰਘ ਖੁਸ਼ੀਪੁਰ, ਮੈਨੇਜਰ ਸਤਿੰਦਰ ਸਿੰਘ, ਭਾਈ ਜਗਦੇਵ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਬਲਵਿੰਦਰ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

# ਹੜ੍ਹ ਪ੍ਰਭਾਵਿਤ ਲੋਕ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਨਾਲ ਕਰਨ ਸੰਪਰਕ : ਐਡ. ਧਾਮੀ

ਅੰਮ੍ਰਿਤਸਰ, 27 ਅਗਸਤ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਅੰਦਰ ਹੜ੍ਹਾਂ ਦੇ ਹਾਲਾਤ 'ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਇਸ ਔਖੀ ਘੜੀ ਸੰਗਤ ਨੂੰ ਅਪੀਲ ਕੀਤੀ ਕਿ ਪਿੰਡਾਂ ਅੰਦਰ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਵੱਲ ਉਚੇਚਾ ਧਿਆਨ ਦਿੱਤਾ ਜਾਵੇ ਅਤੇ ਪ੍ਰਭਾਵਿਤ ਇਲਾਕਿਆਂ ਵਿੱਚੋਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸੁਰੱਖਿਅਤ ਥਾਵਾਂ 'ਤੇ ਪਹੁੰਚਾਏ ਜਾਣ।

ਜਾਰੀ ਇਕ ਬਿਆਨ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੰਕਟ 'ਚੋਂ ਨਿਕਲਣ ਲਈ ਇਕਜੁੱਟਤਾ ਨਾਲ ਕਾਰਜ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਇਸ ਔਖੇ ਸਮੇਂ ਆਪਣੇ ਪ੍ਰਬੰਧ ਵਾਲੇ ਸਾਰੇ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਨੂੰ ਸਹਿਯੋਗ ਲਈ ਨਿਰਦੇਸ਼ ਦਿੱਤੇ ਹਨ। ਸੰਗਤ ਲਈ ਸਰਾਵਾਂ ਤੇ ਲੰਗਰ ਦੇ ਪ੍ਰਬੰਧ ਨਿਰੰਤਰ ਜਾਰੀ ਹਨ। ਇਸ ਤੋਂ ਇਲਾਵਾ ਲੋਕਾਂ ਤੀਕ ਪੁੱਜ ਕੇ ਹਾਲਾਤ ਵੀ ਜਾਣੇ ਜਾ ਰਹੇ ਹਨ ਅਤੇ ਮੱਦਦ ਵਾਸਤੇ ਸ਼੍ਰੋਮਣੀ ਕਮੇਟੀ ਹਰ ਤਰ੍ਹਾਂ ਸੰਪਰਕ ਕਰ ਰਹੀ ਹੈ।



ਉਨ੍ਹਾਂ ਕਿਹਾ ਕਿ ਇਸ ਮੁਸ਼ਕਿਲ ਸਮੇਂ ਵਿਚ ਜਿਥੇ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਦੀ ਜ਼ਰੂਰਤ ਹੈ, ਉਥੇ ਹੀ ਗੁਰੂ ਘਰਾਂ ਵਿੱਚੋਂ ਪਾਵਨ ਸਰੂਪਾਂ ਦਾ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣਾ ਵੀ ਜ਼ਰੂਰੀ ਹੈ। ਇਸ ਸਬੰਧ ਵਿਚ ਸੰਗਤਾਂ ਨੇੜਲੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀਆਂ ਸੇਵਾਵਾਂ ਪ੍ਰਾਪਤ ਕਰਨ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਹਰ ਗੁਰਦੁਆਰਾ ਸਾਹਿਬਾਨ ਇਸ ਸਹਾਇਤਾ ਲਈ ਤਿਆਰ ਹਨ। ਸ਼੍ਰੋਮਣੀ ਕਮੇਟੀ ਨੇ ਪਾਵਨ ਸਰੂਪ ਲੈ ਕੇ ਆਉਣ ਦੇ ਵੀ ਪ੍ਰਬੰਧ ਕੀਤੇ ਹੋਏ ਹਨ ਅਤੇ ਸੰਗਤਾਂ ਲੋੜ ਅਨੁਸਾਰ ਨੇੜਲੇ ਗੁਰਦੁਆਰਾ ਸਾਹਿਬਾਨ ਨਾਲ ਸੰਪਰਕ ਕਰ ਸਕਦੀਆਂ ਹਨ।

ਐਡਵੋਕੇਟ ਧਾਮੀ ਨੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਅੰਦਰ ਭਾਰੀ ਮਾਤਰਾ ਵਿਚ ਪਾਣੀ ਆ ਜਾਣ 'ਤੇ ਵੀ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਅਸਥਾਨ ਦਾ ਪਾਣੀ ਨਾਲ ਭਰਿਆ ਦ੍ਰਿਸ਼ ਵੇਖ ਕੇ ਮਨ ਨੂੰ ਗਹਿਰੀ ਪੀੜਾ ਪੁੱਜੀ ਹੈ। ਐਡਵੋਕੇਟ ਧਾਮੀ ਨੇ ਮੁੜ ਦੁਹਰਾਇਆ ਕਿ ਪ੍ਰਭਾਵਿਤ ਲੋਕਾਂ ਲਈ ਸ਼੍ਰੋਮਣੀ ਕਮੇਟੀ ਹਰ ਸਮੇਂ ਹਾਜ਼ਰ ਹੈ ਅਤੇ ਲੋੜੀਂਦੀਆਂ ਸੇਵਾਵਾਂ ਲਈ ਗੁਰਦੁਆਰਾ ਸਾਹਿਬਾਨ ਨਾਲ ਰਾਬਤਾ ਕੀਤਾ ਜਾ ਸਕਦਾ ਹੈ। ਉਨ੍ਹਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਰਾਹਤ ਕਾਰਜਾਂ ਵੱਲ ਉਚੇਚਾ ਧਿਆਨ ਦੇਣ ਤੇ ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਲਈ ਵਚਨਬੱਧ ਹੋਣ।

## ਗੁਰਦਾਸਪੁਰ 'ਚ ਟਰੈਕਟਰਾਂ ਤੇ ਹੋਰ ਵਾਹਨਾਂ ਤੇ ਹੁੱਲੜਬਾਜ਼ੀ, ਉੱਚੀ ਆਵਾਜ਼ 'ਚ ਸਪੀਕਰ ਤੇ ਮੋਟਰਸਾਈਕਲਾਂ ਦੇ ਪਟਾਕੇ ਪਾਉਣ 'ਤੇ ਪਾਬੰਦੀ

ਗੁਰਦਾਸਪੁਰ, 27 ਅਗਸਤ (ਜਗੀਰ ਸਿੰਘ ਮੰਡ/ਨਾਹਰ): ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਵਲੋਂ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਬ-ਡਵੀਜ਼ਨ ਬਟਾਲਾ ਵਿਖੇ 27 ਤੋਂ 31 ਅਗਸਤ ਤੱਕ ਕੋਈ ਵੀ ਵਿਅਕਤੀ ਟਰੈਕਟਰਾਂ ਤੇ ਹੋਰ ਵਾਹਨਾਂ ਤੇ ਹੁੱਲੜਬਾਜ਼ੀ, ਉੱਚੀ ਆਵਾਜ਼ 'ਚ ਸਪੀਕਰ ਤੇ ਬੁਲਟ ਮੋਟਰਸਾਈਕਲਾਂ ਦੇ ਪਟਾਕੇ ਚਲਾਉਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਵਿੱਚ ਅੱਗੇ ਕਿਹਾ ਗਿਆ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਸਬ ਡਵੀਜ਼ਨ ਬਟਾਲਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 30 ਅਗਸਤ 2025 ਨੂੰ ਮਨਾਇਆ ਜਾ ਰਿਹਾ ਹੈ। ਆਮ ਤੌਰ 'ਤੇ ਵੇਖਣ ਵਿੱਚ ਆਉਂਦਾ ਹੈ ਕਿ ਇਸ ਮੇਲੇ ਵਿਚ ਕੁਝ ਸ਼ਰਾਰਤੀ ਅਨਸਰਾਂ ਵਲੋਂ ਟਰੈਕਟਰਾਂ ਤੇ ਹੋਰ ਵਾਹਨਾਂ ਉਪਰ ਹੁੱਲੜਬਾਜ਼ੀ ਕਰਦੇ ਹਨ, ਉੱਚੀ ਅਵਾਜ਼ ਵਿਚ ਵੱਡੇ ਸਪੀਕਰ ਲਾਗਉਦੇ ਹਨ, ਬੁਲਟ ਮੋਟਰਸਾਈਕਲਾਂ ਦੇ ਪਟਾਕੇ ਮਰਵਾਉਂਦੇ ਹਨ, ਜਿੰਨਾ ਨਾਲ ਪਬਲਿਕ ਨੂੰ ਖਾਸ ਕਰਕੇ ਬਜ਼ੁਰਗਾਂ ਅਤੇ ਛੋਟੇ ਬੱਚਿਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨ ਪੈਂਦਾ ਹੈ। ਇਸ ਲਈ ਅਜਿਹੇ ਮੇਲੇ ਵਿਚ ਸ਼ਰਾਰਤੀ ਅਨਸਰਾਂ ਵਲੋਂ ਟਰੈਕਟਰਾਂ ਤੇ ਹੋਰ ਵਾਹਨਾਂ ਤੇ ਹੁੱਲੜਬਾਜ਼ੀ ਕਰਨ, ਉੱਚੀ ਅਵਾਜ ਵਿਚ ਵੱਡੇ ਸਪੀਕਰ ਲਗਾਉਣ, ਬੁਲੇਟ ਮੋਟਰ ਸਾਈਕਲਾਂ ਦੇ ਪਟਾਕੇ ਮਰਵਾਉਣ 'ਤੇ ਰੋਕ ਲਗਾਈ ਜਾਣੀ ਜਰੂਰੀ ਹੈ।

# ਸਪਿੰਨਿਗ ਫੁੱਟਬਾਲ ਆਂਨ ਇੰਡੈਕਸ ਫਿੰਗਰ ਰਿਕਾਰਡ 'ਚ ਆਰਵਪ੍ਰੀਤ ਸਿੰਘ ਨੂੰ ਮਿਲਿਆ ਇੰਫਲੂਆਂਸਰ ਬੁੱਕ ਆਫ਼ ਵਰਲਡ ਰਿਕਾਰਡਜ਼ ਦਾ ਸਰਟੀਫਿਕੇਟ

ਅੰਮ੍ਰਿਤਸਰ, 27 ਅਗਸਤ (ਬਬਲੂ ਮਹਾਜਨ): ਬੀਬੀ ਕੌਲਾਂ ਜੀ ਪਬਲਿਕ ਸਕੂਲ ਬ੍ਰਾਂਚ 1 ਦਾ ਹੋਣਹਾਰ ਤੀਸਰੀ ਜਮਾਤ ਦਾ ਵਿਦਿਆਰਥੀ ਆਰਵਪ੍ਰੀਤ ਸਿੰਘ ਜਿਸ ਨੇ ਸਪਿੰਨਿੰਗ ਫੁੱਟਬਾਲ ਆਂਨ ਇੰਡੈਕਸ ਫਿੰਗਰ ਵਰਲਡ ਰਿਕਾਰਡ ਵਿੱਚ ਮੱਲਾਂ ਮਾਰਦੇ ਹੋਏ ਪਿਛਲੇ ਸਾਰੇ ਰਿਕਾਰਡ ਤੋੜੇ ਅਤੇ ਨਵਾਂ ਰਿਕਾਰਡ ਬਣ ਕੇ ਇੰਨਫਲੂਆਂਸਰ ਬੁੱਕ ਆਫ ਵਰਲਡ ਰਿਕਾਰਡਜ਼ ਵਿੱਚ ਆਪਣਾ ਨਾਮ ਦਰਜ ਕਰਵਾਇਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਜਸਲੀਨ ਕੌਰ ਨੇ ਦੱਸਿਆ ਕਿ ਆਰਵਪ੍ਰੀਤ ਸਿੰਘ ਜਿਸ ਦੀ ਉਮਰ ਸਿਰਫ 9 ਸਾਲ ਹੈ ਨੇ ਆਪਣੀ ਪਹਿਲੀ ਉਂਗਲ ਤੇ 8 ਮਿੰਟ 37 ਸੈਕੇਂਡ ਫੁੱਟਬਾਲ ਨੂੰ ਲਗਾਤਾਰ ਘੁੰਮਾ ਕੇ ਨਵਾਂ ਵਰਲਡ ਰਿਕਾਰਡ ਬਣਾਇਆ ਤੇ ਇਸ ਉਮਰ 'ਚ ਇਹ ਰਿਕਾਰਡ ਬਣਾ ਕੇ ਦਰਜ਼ ਕਰਵਾਉਣ ਵਾਲਾ ਇਹ ਸਭ ਤੋਂ ਛੋਟਾ ਬੱਚਾ ਹੈ। ਉਨ੍ਹਾਂ ਨੇ ਦਸਿਆ ਕਿ ਇਹ ਬੱਚਾ ਸਕੂਲ ਦੀ ਪੜਾਈ ਵਿੱਚ ਵੀ ਨੰਬਰ ਇੱਕ ਤੇ ਹੈ ਤੇ ਇਸ ਨੇ ਇਹ ਵਰਲਡ ਰਿਕਾਰਡ ਬਣਾ ਕੇ ਜਿੱਥੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਉਥੇ ਸਕੂਲ ਦਾ ਨਾਮ ਵੀ ਪੂਰੀ ਦੁਨੀਆ 'ਚ ਚਮਕਾਇਆ ਤੇ ਬਾਕੀ ਬੱਚਿਆਂ ਲਈ ਪ੍ਰੇਰਨਾ ਸਰੋਤ ਬਣਿਆ। ਇਸ ਮੌਕੇ ਬੱਚੇ ਦੇ ਪਿਤਾ ਸਰਬਜੀਤ ਸਿੰਘ ਨੇ ਦੱਸਿਆ ਕਿ ਆਰਵਪ੍ਰੀਤ ਸਿੰਘ ਨੇ ਪਿਛਲੇ



ਦਿਨੀਂ ਸਪਿੰਨਿੰਗ ਫੁੱਟਬਾਲ ਆਂਨ ਇੰਡੈਕਸ ਫਿੰਗਰ ਦਾ ਪੁਰਾਣਾ ਰਿਕਾਰਡ ਤੋੜਦੇ ਹੋਏ ਨਵਾਂ ਰਿਕਾਰਡ ਬਣਾ ਕੇ ਆਪਣੇ ਨਾਮ ਤੇ ਕੀਤਾ ਤੇ ਵਰਲਡ ਰਿਕਾਰਡ ਟੀਮ ਵੱਲੋਂ ਆਰਵਪ੍ਰੀਤ ਦਾ ਇਹ ਰਿਕਾਰਡ ਦਰਜ਼ ਕਰਕੇ ਉਸ ਨੂੰ ਇਸ ਦਾ ਸਰਟੀਫਿਕੇਟ ਦਿੱਤਾ ਗਿਆ। ਸੰਗਤ ਦੀਆਂ ਅਸੀਸਾਂ ਲੈਣ ਲਈ ਆਰਵਪ੍ਰੀਤ ਸਿੰਘ ਵਲੋਂ ਭਲਾਈ ਕੇਂਦਰ ਪਹੁਚਣ ਤੇ ਉਸ ਨੂੰ ਭਾਈ ਗੁਰਇਕਬਾਲ ਸਿੰਘ ਵੱਲੋਂ ਸਿਰੋਪਾਉ ਦੇ ਕੇ ਪਿਆਰ ਭਰੀਆਂ ਅਸੀਸਾਂ ਬਖਸ਼ਿਸ਼ ਕੀਤੀਆਂ ਗਈਆਂ ਤੇ ਭਾਈ ਸਾਹਿਬ ਵੱਲੋਂ ਆਰਵਪ੍ਰੀਤ ਸਿੰਘ ਦਾ ਚੋਥੀ ਜਮਾਤ ਤਕ ਦਾ ਸਾਰਾ ਖਰਚਾ ਭਲਾਈ ਕੇਂਦਰ ਵੱਲੋਂ ਕਰਨ ਦਾ ਐਲਾਨ ਕੀਤਾ ਗਿਆ। ਇਸ ਮੌਕੇ ਆਰਵਪ੍ਰੀਤ ਦੇ ਪਿਤਾ ਸਰਬਜੀਤ ਸਿੰਘ, ਮਾਤਾ ਬੀਬੀ ਰਣਜੀਤ ਕੌਰ, ਵੱਡਾ ਭਰਾ ਪਾਹੁਲਪ੍ਰੀਤ ਸਿੰਘ ਤੇ ਵਿਸ਼ੇਸ਼ ਤੌਰ 'ਤੇ ਭਾਈ ਹਰਵਿੰਦਰਪਾਲ ਸਿੰਘ ਲਿਟਲ, ਟਹਿਲਇੰਦਰ ਸਿੰਘ, ਸਕੂਲ ਦੇ ਐਮ.ਡੀ. ਰਾਣਾ ਵੀਰ ਜੀ, ਪ੍ਰਿੰਸੀਪਲ ਜਸਲੀਨ ਕੌਰ, ਰਣਜੀਤ ਸਿੰਘ ਗੋਲਡੀ, ਡਾ. ਕੁਲਦੀਪ ਸਿੰਘ ਸਲੋ ਬੰਟੀ ਵੀਰ ਜੀ, ਬੋਬਿੰਨ ਵੀਰ ਜੀ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਜਲ ਸਰੋਤ ਮੰਤਰੀ ਵੱਲੋਂ ਅਜਨਾਲਾ 'ਚ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ

ਅਜਨਾਲਾ 27, ਅਗਸਤ(ਸੁਖਦੇਵ ਸਿੰਘ ਖਾਲਸਾ): ਸੂਬੇ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਅੱਜ ਜ਼ਿਲ੍ਹਾ ਅੰਮ੍ਰਿਤਸਰ ਦੇ ਰਾਵੀ ਦਰਿਆ ਕੰਢੇ ਹੜ੍ਹ ਪ੍ਰਭਾਵਿਤ ਇਲਾਕੇ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਹੁੰਚ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਏ ਜਾ ਰਹੇ ਰਾਹਤ ਤੇ ਬਚਾਅ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਲੋਕਾਂ ਦੀ ਜਾਨ-ਮਾਲ ਦੀ ਰਾਖੀ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਉਨ੍ਹਾਂ ਨਾਲ ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ, ਵਿਧਾਇਕ ਸ ਕੁਲਦੀਪ ਸਿੰਘ ਧਾਲੀਵਾਲ, ਮੈਡਮ ਸੋਨੀਆ ਮਾਨ, ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ, ਜਿਲ੍ਹਾ ਪੁਲਿਸ ਮੁੱਖੀ ਸ: ਮਨਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰੋਹਿਤ ਗੁਪਤਾ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਇਸ ਮੌਕੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਵਸਨੀਕਾਂ ਨਾਲ ਗੱਲ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਮੈਦਾਨੀ ਅਤੇ ਪਹਾੜੀ ਇਲਾਕਿਆਂ ਵਿੱਚ ਲਗਾਤਾਰ ਪੈ ਰਹੇ ਮੀਂਹ ਕਾਰਨ ਸਾਰੇ ਡੈਮ ਭਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਰਣਜੀਤ ਸਿੰਘ ਸਾਗਰ ਡੈਮ ਅਤੇ ਉੱਝ ਟੀਮਾਂ ਵੱਲੋਂ ਲੋਕਾਂ ਨੂੰ ਸੁਰੱਖਿਅਤ ਬਾਹਰ



ਦਰਿਆ ਵਿੱਚੋਂ ਆ ਰਹੇ ਪਾਣੀ ਨਾਲ ਕਈ ਥਾਵਾਂ ਤੋਂ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਨੂੰ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਰਾਵੀ ਦਰਿਆ ਨਾਲ ਲੱਗਦੇ ਕਰੀਬ 20 ਪਿੰਡ ਹੜ੍ਹ ਦੀ ਮਾਰ ਹੇਠ ਆ ਗਏ ਹਨ ਜਿੱਥੇ ਸਵੇਰ ਤੋਂ ਹੀ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਬੀ.ਐੱਸ.ਐੱਫ., ਭਾਰਤੀ ਫ਼ੌਜ ਐੱਸ.ਟੀ.ਆਰ.ਐੱਫ. ਅਤੇ ਐੱਨ.ਡੀ.ਆਰ.ਐੱਫ ਦੀਆਂ ਟੀਮਾਂ ਨਾਲ ਬਚਾਅ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੱਢਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਹਤ ਤੇ ਬਚਾਅ ਕਾਰਜ ਲਗਾਤਾਰ ਜਾਰੀ ਹਨ ਅਤੇ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਨੁਕਸਾਨ ਘੱਟ ਤੋਂ ਘੱਟ ਹੋਵੇ ਅਤੇ ਲੋਕਾਂ ਨੂੰ ਰਾਹਤ ਪੁੱਜਦੀ ਕੀਤੀ ਜਾਵੇ। ਉਨ੍ਹਾਂ ਕਿਹਾ ਪਾਣੀ ਵਿੱਚ ਘਿਰੇ ਲੋਕ ਸਾਡੇ ਸੰਪਰਕ ਵਿੱਚ ਹਨ ਅਤੇ ਉਨ੍ਹਾਂ ਨੂੰ ਉਥੋਂ ਵਾਪਸ ਸੁਰੱਖਿਤ ਸਥਾਨਾਂ ਉੱਤੇ ਲਿਆਂਦਾ ਜਾ ਰਿਹਾ ਹੈ। ਇਸ ਮੌਕੇ ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਰਾਵੀ ਦਰਿਆ ਦੀ ਮਾਰ ਵਿੱਚ ਆਏ ਪਿੰਡਾਂ ਦੇ ਵਸਨੀਕਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਈ ਸਥਾਨਾਂ ਉੱਤੇ ਰਾਹਤ ਕੈਂਪ ਸਥਾਪਿਤ ਕੀਤੇ ਗਏ ਹਨ, ਜਿੱਥੇ ਲੋਕਾਂ ਦੇ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜੇ ਪਹਾੜਾਂ ਵਿੱਚੋਂ ਹੋਰ ਪਾਣੀ ਆ ਰਿਹਾ ਹੈ ਜਿਸ ਕਾਰਨ ਪਾਣੀ ਦਾ ਪੱਧਰ ਹੋਰ ਵੱਧ ਸਕਦਾ ਹੈ। ਉਨ੍ਹਾਂ ਦਰਿਆਵਾਂ ਕੰਢੇ ਦੀ ਵਸੋਂ ਨੂੰ ਚੌਕਸ ਕਰਦਿਆਂ ਕਿਹਾ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿੱਤੀਆਂ ਜਾ ਰਹੀਆਂ ਹਦਾਇਤਾਂ ਦੀ ਪਾਲਣਾ ਕਰਨ ਅਤੇ ਵਿਸ਼ੇਸ਼ ਚੌਕਸੀ ਰੱਖਣ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਆਏ ਹੜ੍ਹਾਂ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਖ਼ੁਦ ਸਾਰੀ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ। ਪੰਜਾਬ ਸਰਕਾਰ ਵੱਲੋਂ ਰਾਹਤ ਕਾਰਜ ਲਗਾਤਾਰ ਜਾਰੀ ਹਨ ਅਤੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਹਿਲਾਂ ਹੀ ਸੂਬੇ ਵਿੱਚ ਹੜ੍ਹਾਂ ਕਾਰਨ ਲੋਕਾਂ ਨੂੰ ਹੋਏ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਲਈ ਢੁਕਵਾਂ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਜਾ ਚੁੱਕਾ ਹੈ ਅਤੇ ਇਸ ਤੋਂ ਬਾਅਦ ਵਿਸ਼ੇਸ਼ ਗਿਰਦਾਵਰੀ ਕਰਕੇ ਮੁਆਵਜ਼ਾ ਦਿੱਤਾ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਵਿਧਾਇਕ ਸ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਇਹ ਵੇਲਾ ਸਿਆਸਤ ਕਰਨ ਦਾ ਨਹੀਂ, ਸਾਡੀ ਕੋਸ਼ਿਸ਼ ਲੋਕਾਂ ਨੂੰ ਸੁਰੱਖਿਆ ਸਥਾਨਾਂ ਉੱਤੇ ਪਹੁੰਚਾਉਣ ਦੀ ਹੈ । ਉਹਨਾਂ ਕਿਹਾ ਕਿ ਇਹ ਕੁਦਰਤੀ ਆਫਤ ਹੈ ਤੇ ਕੇਂਦਰ ਸਰਕਾਰ ਨੂੰ ਇਸ ਮੌਕੇ ਪੰਜਾਬ ਦੀ ਬਾਂਹ ਫੜਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਅੱਜ ਇਸ ਕੁਦਰਤੀ ਕਰੋਪੀ ਉੱਤੇ ਸਿਆਸਤ ਕਰ ਰਹੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸਵਾਲ ਉਠਾਉਣ ਦੀ ਥਾਂ ਕੇਂਦਰ ਸਰਕਾਰ ਉੱਤੇ ਜ਼ੋਰ ਪਾਉਣ ਕਿ ਉਹ ਇਸ ਔਖੀ ਘੜੀ ਪੰਜਾਬ ਦੀ ਬਾਂਹ ਫੜੇ। ਇਸ ਮੌਕੇ ਹਲਕਾ ਰਾਜਾਸਾਂਸੀ ਦੇ ਇੰਚਾਰਜ ਮੈਡਮ ਸੋਨੀਆ ਮਾਨ ਵੀ ਲੋਕਾਂ ਦੀ ਮਦਦ ਅਤੇ ਰਾਹਤ ਕਾਰਜਾਂ ਵਿੱਚ ਭਾਗ ਲੈਣ ਲਈ ਵਿਸ਼ੇਸ਼ ਤੌਰ ਉੱਤੇ ਪੁੱਜੇ। ਉਹਨਾਂ ਨੇ ਐਨ ਡੀ ਆਰ ਐਫ ਦੀਆਂ ਟੀਮਾਂ ਨਾਲ ਮਿਲ ਕੇ ਉਹਨਾਂ ਪਿੰਡਾਂ ਵਿੱਚੋਂ ਲੋਕਾਂ ਨੂੰ ਕੱਢਣ ਵਿੱਚ ਸਹਾਇਤਾ ਕੀਤੀ ਜਿੱਥੇ ਕਿ ਲੋਕ ਪਾਣੀ ਵਿੱਚ ਘਿਰੇ ਹੋਏ ਹਨ।

# ਖ਼ਾਲਸਾ ਕਾਲਜ ਵਿਖੇ ਪ੍ਰਤੀਯੋਗੀ ਪ੍ਰੀਖਿਆਵਾਂ ਵਿਸ਼ੇ 'ਤੇ ਸੈਮੀਨਾਰ

ਅੰਮ੍ਰਿਤਸਰ, 27 ਅਗਸਤ (ਗੁਰਦਿਆਲ ਸਿੰਘ): ਖਾਲਸਾ ਕਾਲਜ ਦੇ



ਸਮਾਜਿਕ ਵਿਗਿਆਨ ਵਿਭਾਗ ਵੱਲੋਂ ਆਈ. ਬੀ. ਟੀ. ਦੇ ਸਹਿਯੋਗ ਨਾਲ 'ਪ੍ਰਤੀਯੋਗੀ ਪ੍ਰੀਖਿਆਵਾਂ: ਪ੍ਰਤਿਸ਼ਠਾਵਾਨ ਕਰੀਅਰ ਦਾ ਪ੍ਰਵੇਸ਼ ਦੁਆਰ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਸੈਮੀਨਾਰ ਦਾ ਉਦੇਸ਼ ਬੀ. ਏ. ਸੋਸ਼ਲ ਸਾਇੰਸਜ਼ ਅਤੇ ਹੋਰ ਵਿਸ਼ਿਆਂ ਦੇ ਵਿਦਿਆਰਥੀਆਂ ਨੂੰ ਕੇਂਦਰੀ ਪੱਧਰ ਦੇ ਨਾਲ-ਨਾਲ ਰਾਜ ਪੱਧਰ 'ਤੇ ਹੋਣ ਵਾਲੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਸਬੰਧੀ ਜਾਗਰੂਕ ਕਰਨਾ ਸੀ। ਜਿਸ ਸਬੰਧੀ ਆਈ. ਬੀ. ਟੀ. ਤੋਂ ਜਤਿੰਦਰ ਕੁਮਾਰ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਸੈਮੀਨਾਰ ਦੀ ਸ਼ੁਰੂਆਤ ਵਿਦਿਆਰਥੀਆਂ ਦੁਆਰਾ ਸ਼ਬਦ ਗਾਇਨ ਕਰਨ ਉਪਰੰਤ ਕਰੀਅਰ ਗਾਈਡੈਂਸ ਸੈੱਲ ਦੇ ਡਾਇਰੈਕਟਰ ਅਤੇ ਵਿਭਾਗ ਮੁੱਖੀ ਡਾ. ਸਾਵੰਤ ਸਿੰਘ ਮੰਟੋ ਨੇ ਪ੍ਰਿੰ: ਡਾ. ਰੰਧਾਵਾ, ਅਕਾਦਮਿਕ ਮਾਮਲੇ ਡੀਨ ਡਾ. ਤਮਿੰਦਰ ਸਿੰਘ ਭਾਟੀਆ, ਫੈਕਲਟੀ ਮੈਂਬਰਾਂ ਤੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਕੁਮਾਰ ਨਾਲ ਜਾਣ-ਪਛਾਣ ਕਰਵਾਈ। ਇਸ ਮੌਕੇ ਕੁਮਾਰ ਅਤੇ ਉਨ੍ਹਾਂ ਦੀ ਟੀਮ ਨੇ ਪਾਵਰ-ਪੁਆਇੰਟ ਸਲਾਈਡਾਂ ਰਾਹੀਂ ਸਰਕਾਰੀ ਨੌਕਰੀਆਂ ਦੀ ਮਹੱਤਤਾ ਸਬੰਧੀ ਗਿਆਨ ਪ੍ਰਦਾਨ ਕਰਕੇ ਅਤੇ ਆਈ. ਏ. ਐੱਸ. ਅਧਿਕਾਰੀਆਂ ਦੇ ਪ੍ਰੇਰਣਾਦਾਇਕ ਵੀਡੀਓ ਦਿਖਾ ਕੇ ਦਰਸ਼ਕਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਆਈ. ਬੀ. ਟੀ. ਮੈਂਬਰਾਂ ਦੀ ਟੀਮ ਨਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਗੱਲਬਾਤ ਕੀਤੀ ਅਤੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਮੁੱਖ ਬੁਲਾਰੇ ਵੱਲੋਂ ਪ੍ਰਭਾਵਸ਼ਾਲੀ ਢੰਗ ਨਾਲ ਦਿੱਤੇ ਗਏ। ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਡਾ. ਮੰਟੋ ਨਾਲ ਮਿਲ ਕੇ ਕੁਮਾਰ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ। ਸੈਮੀਨਾਰ ਮੌਕੇ ਡਾ. ਸੁਖਬੀਰ ਸਿੰਘ, ਡਾ. ਹਰਮਨਦੀਪ ਕੌਰ, , ਪ੍ਰੋ. ਮਾਨਸ ਰਤਨ ਤੋਂ ਇਲਾਵਾ ਹੋਰ ਸਟਾਫ਼ ਮੌਜੂਦ ਸੀ।

# ਡੀਸੀ ਹੜ੍ਹ ਪੀੜਤਾਂ ਦੀ ਮਦਦ ਲਈ ਟੀਮਾਂ ਲੈ ਕੇ ਪੁੱਜੇ

ਅੰਮ੍ਰਿਤਸਰ, 27 ਅਗਸਤ (ਬਬਲੂ ਮਹਾਜਨ): ਅਜਨਾਲਾ ਹਲਕੇ ਦੇ ਪਿੰਡਾਂ ਵਿੱਚ ਪਾਣੀ ਦਾ ਪੱਧਰ ਵਧਣ ਕਰਕੇ ਜਿਲ੍ਹਾ ਪ੍ਰਸਾਸ਼ਨ ਵੱਲੋਂ ਲੋਕਾਂ



ਦੀ ਮਦਦ ਲਈ ਸਵੇਰ ਤੋਂ ਹੀ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਜੋ ਕਿ ਰਾਤ 1 ਵਜੇ ਅਜਨਾਲਾ ਧੁਸੀ ਬੰਨ ਦਾ ਦੌਰਾ ਕਰਕੇ ਪਰਤੇ ਸਨ, ਸਵੇਰੇ ਫਿਰ 8 ਵਜੇ ਬੰਨ ਟੁੱਟਣ ਦੀ ਖਬਰ ਸੁਣਦੇ ਸਾਰ ਹੀ ਪੀੜਿਤ ਖੇਤਰਾਂ ਵਿੱਚ ਪਹੁੰਚ ਗਏ। ਉਹਨਾਂ ਨੇ ਰਾਹਤ ਕਾਰਜਾਂ ਦੀ ਖੁਦ ਕਮਾਨ ਸੰਭਾਲੀ। ਉਹਨਾਂ ਨਾਲ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ ਤੇ ਜ਼ਿਲ੍ਹਾ ਪੁਲਿਸ ਮੁਖੀ ਮਨਿੰਦਰ ਸਿੰਘ ਸਵੇਰ ਤੋਂ ਹੀ ਰਾਹਤ ਤੇ ਬਚਾਅ ਕਾਰਜਾਂ 'ਚ ਲੱਗੇ ਹੋਏ ਹਨ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡੀਸੀ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ ਤੇ ਪਾਣੀ 20 ਦੇ ਕਰੀਬ ਪਿੰਡਾਂ 'ਚ ਦਾਖਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਐਨ:ਡੀ:ਆਰ:ਐਫ ਦੀਆਂ ਟੀਮਾਂ ਵੀ ਰਾਹਤ ਕਾਰਜ ਲਈ ਪੁੱਜ ਚੁੱਕੀਆਂ ਹਨ ਅਤੇ ਬੇੜੀਆਂ ਰਾਹੀਂ ਲੋਕਾਂ ਨੂੰ ਰੈਸਕਿਊ ਕੀਤਾ ਜਾ ਰਿਹਾ ਹੈ। ਡੀਸੀ ਨੇ ਦੱਸਿਆ ਕਿ ਅਜਨਾਲਾ ਹਲਕੇ ਦੇ ਲੱਗਭੱਗ 20 ਪਿੰਡ ਪਾਣੀ ਦੀ ਮਾਰ ਹੇਠ ਆ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਬਠਿੰਡਾ ਤੋਂ ਐਨ:ਡੀ:ਆਰ:ਐਫ ਦੀ ਇਕ ਹੋਰ ਟੀਮ ਰਵਾਨਾ ਹੋ ਚੁੱਕੀ ਹੈ ਤੇ ਇਸ ਦੇ ਨਾਲ ਨਾਲ ਫੌਜ ਦੀ ਮਦਦ ਵੀ ਲੋਕਾਂ ਨੂੰ ਰੈਸਕਿਊ ਕਰਨ ਲਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੱਲ ਰਾਤ ਤੋਂ ਹੀ ਸਮੁੱਚਾ ਪ੍ਰਸਾਸ਼ਨ ਮਸ਼ੀਨਰੀ ਸਮੇਤ ਇਥੇ ਪੁੱਜ ਚੁੱਕਾ ਹੈ ਤੇ ਲੋਕਾਂ ਦੀ ਮਦਦ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਥਾਨਕ ਲੋਕ ਵੀ ਮਦਦ ਲਈ ਅੱਗੇ ਆਏ ਹਨ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਜਿਆਦਾ ਦੇਰ ਨਾ ਕਰਨ ਅਤੇ ਬੇੜੀਆਂ ਰਾਹੀਂ ਢੁਕਵੇਂ ਸਥਾਨ ਤੇ ਪੁੱਜ ਜਾਣ। ਉਨ੍ਹਾਂ ਕਿਹਾ ਕਿ ਪ੍ਰਸਾਸ਼ਨ ਤੁਹਾਡੀ ਹਰ ਤਰ੍ਹਾਂ ਦੀ ਸਹਾਇਤਾ ਕਰੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਾਣੀ ਦਾ ਪੱਧਰ ਹੌਲੀ ਹੌਲੀ ਘਟੇਗਾ ਪਰ ਸਾਨੂੰ ਸੁਚੇਤ ਰਹਿਣ ਦੀ ਲੋੜ ਹੈ। ਇਸ ਮੌਕੇ ਐਸ:ਐਸ:ਪੀ ਦਿਹਾਤੀ ਮਨਿੰਦਰ ਸਿੰਘ, ਐਸ:ਡੀ:ਐਮ ਰਵਿੰਦਰ ਅਰੋੜਾ ਸਮੇਤ ਹੋਰ ਪ੍ਰਸਾਸ਼ਨਿਕ ਅਧਿਕਾਰੀ ਹਾਜਰ ਸਨ।

# ਗੁ. ਗੁਰੂ ਕੇ ਮਹਿਲ ਵਿਖੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮੀਟਿੰਗ 31 ਨੂੰ

ਅੰਮ੍ਰਿਤਸਰ, 27 ਅਗਸਤ (ਬਬਲੂ ਮਹਾਜਨ): ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਸਿੰਘ ਸਾਹਿਬ ਜ ਥੇ ਦਾ ਰ ਬਾਬਾ ਜੋਗਾ ਸਿੰਘ ਮੁੱਖੀ ਤ ਰ ਨਾ ਦਲ, ਬਾਬਾ ਸੁੱਚਾ ਸਿੰਘ ਕਿ ਲ੍ਹਾ ਅਨੰਦਗੜ੍ਹ ਮਾ ਤਾ ਵਿਪਨਪ੍ਰੀਤ ਕੌ ਰ ਲੁ ਧਿ ਆ ਣੇ ਵਾ ਲੇ ਦਿੱਲੀ ਸਿੱਖ ਗੁਰਦੁਆਰਾ ਪ੍ਰ ਬੰ ਧ ਕ ਕ ਮੇ ਟੀ ਅਤੇ ਸ਼ਬਦ ਚੌਕੀ ਜੱਥਾ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਭਾਈ ਗੁਰਇਕਬਾਲ ਸਿੰਘ ਵੱਲੋਂ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਗੁਰਮਿਤ ਸਮਾਗਮ 30 ਅਤੇ 31 ਅਗਸਤ ਨੂੰ ਕਰਵਾਏ ਜਾ ਰਹੇ ਹਨ ਇਸ ਸਮਾਗਮ ਪ੍ਰਤੀ ਗੁਰਦੁਆਰਾ ਗੁਰੂ ਕੇ ਮਹਿਲ ਵਿੱਖੇ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਵਿੱਚ ਭਾਈ ਗੁਰਇਕਬਾਲ ਸਿੰਘ ਜੀ ਨੇ ਸਮਾਗਮ ਪ੍ਰਤੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 30 ਅਕਤੂਬਰ ਨੂੰ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਦੁਪਹਿਰ 3 ਵਜੇ ਤੋਂ ਦੇਰ ਰਾਤ ਤੱਕ ਕੀਰਤਨ ਦਰਬਾਰ ਕਰਵਾਇਆ ਜਾਵੇਗਾ ਜਿਸ ਵਿੱਚ ਸਿੰਘ ਸਾਹਿਬਾਨ ਸੰਤ ਮਹਾਂਪੁਰਸ਼ ਅਤੇ ਪੰਥ ਪ੍ਰਸਿੱਧ ਕੀਰਤਨੀਏ ਜਥੇ ਹਾਜ਼ਰੀਆਂ ਭਰਨਗੇ ਅਤੇ 31 ਅਗਸਤ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਾਬਾ ਬਕਾਲਾ ਸਾਹਿਬ ਵਿਖੇ ਸਵੇਰੇ 11 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਅਤੇ ਇਸੇ ਅਸਥਾਨ ਤੇ ਦੁਪਹਿਰ 3 ਵਜੇ ਰਾਤ 12 ਵਜੇ ਤੱਕ ਗੁਰਮਤਿ ਸਮਾਗਮ ਹੋਣਗੇ ਇਹਨਾਂ ਸਮਾਗਮਾਂ ਵਿੱਚ ਜਿਥੇ ਸਿੰਘ ਸਾਹਿਬਾਨ,ਸੰਤ ਮਹਾਂਪੁਰਸ਼ ਅਤੇ ਪੰਥ ਪ੍ਰਸਿੱਧ ਕੀਰਤਨੀਏ ਹਾਜ਼ਰੀਆਂ ਭਰਨਗੇ ਉਥੇ ਦੋਵੇਂ ਦਿਨ ਭਾਈ ਗੁਰਇਕਬਾਲ ਸਿੰਘ ਜੀ ਵੀ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਇਸ ਮੌਕੇ ਭਾਈ ਸਾਹਿਬ ਜੀ ਨੇ ਪ੍ਰਮੁੱਖ ਮੈਂਬਰਾਂ ਦੀਆਂ 350 ਸ਼ਹੀਦੀ ਸ਼ਤਾਬਦੀ ਦੇ ਸਮਾਗਮਾਂ ਪ੍ਰਤੀ ਡਿਉਟੀਆਂ ਲਗਾਈਆਂ ਤਾਕੀ ਆਈਆ ਸੰਗਤਾਂ ਦੀ ਵਧ ਤੋਂ ਵਧ ਸੇਵਾ ਹੋ ਸਕੇ।



## ਚੀਫ਼ ਖ਼ਾਲਸਾ ਦੀਵਾਨ ਦੇ ਯਤਨਾਂ ਸਦਕਾ ਪਟਨਾ ਸਾਹਿਬ ਵਿਖੇ ਖੁੱਲ੍ਹੇਗਾ ਐਮ.ਆਰ.ਆਈ., ਸੀ.ਟੀ. ਸਕੈਨ ਸੈਂਟਰ ਤੇ ਦੋ ਨਵੇਂ ਸਕੂਲ : ਗੁਰਵਿੰਦਰ ਸਿੰਘ ਬਾਵਾ, ਜਗਜੋਤ ਸਿੰਘ ਸੋਹੀ

ਅੰਮ੍ਰਿਤਸਰ, 27 ਅਗਸਤ (ਬਬਲੂ ਮਹਾਜਨ): ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਸੰਗਤ ਨੂੰ ਤੋਹਫੇ ਵਜੋਂ ਚੀਫ ਖਾਲਸਾ ਦੀਵਾਨ ਵੱਲੋਂ ਐਮ.ਆਰ. ਆ ਈ . , ਸੀ . ਟੀ . ਸਕੈਨ ਸੈਂਟਰ ਵ ਰ ਗੀ ਆਂ ਵੱ ਡੀ ਆਂ ਸਹੂਲਤਾਂ ਦੇ ਨਾਲ ਨਾਲ ਦੋ ਨਵੇਂ ਸਕੂਲ ਦਿੱਤੇ ਜਾ ਰਹੇ ਹਨ, ਜਿਸਦਾ ਪ ਟ ਨਾ ਸਾਹਿਬ ਦੀ ਸੰਗਤ ਨੂੰ ਕਾਫ਼ੀ ਲਾਭ ਮਿਲੇਗਾ। ਤਖ਼ਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਾਰੇ ਕੰਮ ਤਖ਼ਤ ਸਾਹਿਬ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਵੱਲੋਂ ਨਵਾਂ ਨਿਯੁਕਤ ਕੀਤੇ ਗਏ ਮੈਂਬਰ ਗੁਰਵਿੰਦਰ ਸਿੰਘ ਬਾਵਾ ਦੀ ਖ਼ਾਸ ਕੋਸ਼ਿਸ਼ਾਂ ਰਾਹੀਂ ਸੰਭਵ ਹੋ ਰਹੇ ਹਨ। ਇਸ ਤੋਂ ਪਹਿਲਾਂ ਮੁੰਬਈ ਵਿਚ ਵੀ ਗੁਰਵਿੰਦਰ ਸਿੰਘ ਬਾਵਾ ਵੱਲੋਂ ਐਮ.ਆਰ.ਆਈ. ਤੇ ਸੀ.ਟੀ. ਸਕੈਨ ਸੈਂਟਰ ਖੁਲਵਾਇਆ ਗਿਆ ਸੀ, ਜਿੱਥੇ ਇਹ ਸਹੂਲਤ ਬਹੁਤ ਘੱਟ ਦਰਾਂ 'ਤੇ ਦਿੱਤੀ ਜਾ ਰਹੀ ਹੈ ਅਤੇ ਹੁਣ ਇਹ ਪਟਨਾ ਦੀ ਸੰਗਤ ਲਈ ਵੀ ਸ਼ੁਰੂ ਕੀਤੀ ਜਾਵੇਗੀ।



ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਹਾਲ ਹੀ ਵਿੱਚ ਦਿੱਲੀ ਦੇ ਇੱਕ ਪੰਜ ਤਾਰਾ ਹੋਟਲ ਵਿੱਚ ਗੁਰਵਿੰਦਰ ਸਿੰਘ ਬਾਵਾ ਵੱਲੋਂ ਚੀਫ ਖਾਲਸਾ ਦੀਵਾਨ ਤੇ ਤਖ਼ਤ ਪਟਨਾ ਸਾਹਿਬ ਕਮੇਟੀ ਦੀ ਇੱਕ ਮੀਟਿੰਗ ਕਰਵਾਈ ਗਈ, ਜਿਸ ਵਿੱਚ ਚੀਫ ਖਾਲਸਾ ਦੀਵਾਨ ਵੱਲੋਂ ਇਹ ਪ੍ਰਸਤਾਵ ਤਖ਼ਤ ਕਮੇਟੀ ਨੂੰ ਦਿੱਤਾ ਗਿਆ, ਜਿਸਨੂੰ ਤਖ਼ਤ ਕਮੇਟੀ ਨੇ ਤੁਰੰਤ ਮਨਜ਼ੂਰੀ ਦੇ ਦਿੱਤੀ। ਪ੍ਰਸਤਾਵ ਵਿੱਚ ਸਾਫ਼ ਕੀਤਾ ਗਿਆ ਹੈ ਕਿ ਕਮੇਟੀ ਵੱਲੋਂ ਥਾਂ ਉਪਲਬਧ ਕਰਵਾਈ ਜਾਵੇਗੀ ਅਤੇ ਮਸ਼ੀਨਰੀ ਤੇ ਹੋਰ ਸਾਮਾਨ ਚੀਫ ਖਾਲਸਾ ਦੀਵਾਨ ਵੱਲੋਂ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਉੱਤੇ ਲਗਭਗ 20 ਕਰੋੜ ਦੀ ਲਾਗਤ ਆਉਣੀ ਹੈ ਜਿਸਦਾ ਪੂਰਾ ਖਰਚਾ ਚੀਫ ਖਾਲਸਾ ਦੀਵਾਨ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਤੇ ਜਨਰਲ ਸਕੱਤਰ ਇੰਦਰਜੀਤ ਸਿੰਘ, ਮੀਤ ਪ੍ਰਧਾਨ ਗੁਰਵਿੰਦਰ ਸਿੰਘ ਅਤੇ ਮੁੰਬਈ ਤੋਂ ਜਸਬੀਰ ਸਿੰਘ ਧਾਮ ਵੀ ਮੌਜੂਦ ਰਹੇ। ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਲਖਵਿੰਦਰ ਸਿੰਘ, ਸਚਿਵ ਹਰਬੰਸ ਸਿੰਘ, ਮੈਂਬਰ ਡਾ. ਗੁਰਮੀਤ ਸਿੰਘ, ਮਹਿੰਦਰਪਾਲ ਸਿੰਘ ਢਿੱਲੋਂ, ਰਾਜਾ ਸਿੰਘ, ਹਰਪਾਲ ਸਿੰਘ ਜੋਹਲ, ਗੋਬਿੰਦ ਸਿੰਘ ਲੌਂਗੋਵਾਲ, ਮੀਡੀਆ ਇੰਚਾਰਜ ਸੁਦੀਪ ਸਿੰਘ ਨੇ ਵੀ ਇਸ ਯਤਨ ਲਈ ਗੁਰਵਿੰਦਰ ਸਿੰਘ ਬਾਵਾ ਸਹਿਤ ਚੀਫ ਖਾਲਸਾ ਦੀਵਾਨ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ।

# ਆਸਟ੍ਰੇਲੀਆ ਤੋਂ ਦਾਨੀ ਸੱਜਣ ਨੇ ਲੋੜਵੰਦ ਸੀ.ਕੇ.ਡੀ. ਵਿਦਿਆਰਥਣਾਂ ਦੀ ਵਿੱਦਿਆ ਲਈ ਦਿੱਤਾ ਦਾਨ



ਅੰਮ੍ਰਿਤਸਰ, 27 ਅਗਸਤ (ਬਬਲੂ ਮਹਾਜਨ): ਆਸਟਰੇਲੀਆ ਤੋਂ ਦਾਨੀ ਸੱਜਣ ਰਾਜਨ ਚੋਪੜਾ ਵੱਲੋਂ ਦੀਵਾਨ ਅਧੀਨ ਲੁਧਿਆਣਾ ਵਿਖੇ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੀਆਂ ਲੋੜਵੰਦ ਲੜਕੀਆਂ ਦੀ ਸਿੱਖਿਆ ਲਈ 1.50 ਲੱਖ ਰੁਪਏ ਦਾ ਚੈਕ ਦਾਨ ਵਜੋਂ ਰਕੇਸ਼ ਜੰਗੀ ਅਤੇ ਉਹਨਾਂ ਦੇ ਸਾਥੀਆਂ ਰਾਹੀਂ ਦੀਵਾਨ ਪ੍ਰਬੰਧਕਾਂ ਨੂੰ ਸੌਂਪਿਆ ਗਿਆ। ਉਨ੍ਹਾਂ ਸਿੱਖਿਆ ਪ੍ਰਤੀ ਪਿਆਰ ਤੇ ਸੇਵਾ ਭਾਵਨਾ ਤਹਿਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੂਰਾ ਸਾਲ ਦੀਵਾਨ ਸਕੂਲ ਦੀਆਂ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਫੀਸਾਂ ਭਰਨ ਦੀ ਜ਼ਿੰਮੇਵਾਰੀ ਲਈ ਤੇ ਕਿਹਾ ਕਿ ਅੱਗੋਂ ਵੀ ਇਹਨਾਂ ਲੜਕੀਆਂ ਦੀਆਂ ਫੀਸਾਂ ਭਰਨ ਦੀ ਸੇਵਾ ਨਿਰੰਤਰ ਜਾਰੀ ਰੱਖੀ ਜਾਵੇਗੀ।

ਇਸ ਮੌਕੇ ਦੀਵਾਨ ਪ੍ਰਬੰਧਕਾਂ ਨੇ ਦਾਨੀ ਸੱਜਣ ਵੱਲੋਂ ਦਿੱਤੇ ਗਏ ਸਿੱਖਿਆ ਦਾਨ ਦੀ ਭਰਪੂਰ ਸ਼ਲਾਘਾ ਕੀਤੀ ਤੇ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਦੀ ਤਰੱਕੀ ਸਿੱਖਿਆ ਨਾਲ ਹੀ ਸੰਭਵ ਹੈ। ਅਜਿਹੇ ਦਾਨ ਨਾ ਸਿਰਫ ਬੱਚਿਆਂ ਦੀਆਂ ਸਿੱਖਿਆ ਵਿਚ ਰੁਕਾਵਟਾਂ ਨੂੰ ਦੂਰ ਕਰਕੇ ਉਹਨਾਂ ਦਾ ਭਵਿੱਖ ਰੋਸ਼ਨ ਕਰਦੇ ਹਨ ਸਗੋਂ ਸਮਾਜ ਵਿਚ ਦਾਨ ਸੇਵਾ ਦੇ ਪ੍ਰੇਰਨਾ ਸਰੋਤ ਵਜੋਂ ਉਭਰਦਿਆਂ ਹੋਰਨਾਂ ਲੋਕਾਂ ਨੂੰ ਵੀ ਲੋਕ ਭਲਾਈ ਕਾਰਜਾਂ ਲਈ ਦਾਨ ਦੇਣ ਹਿੱਤ ਉਤਸ਼ਾਹਿਤ ਕਰਦੇ ਹਨ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਰਜਿੰਦਰ ਸਿੰਘ ਮਰਵਾਹਾ, ਏ.ਪੀ.ਐਸ. ਮਾਨ, ਡਾ.ਆਤਮਜੀਤ ਸਿੰਘ ਬਸਰਾ, ਸਰਜੋਤ ਸਿੰਘ ਸਾਹਨੀ, ਕਮਲਜੀਤ ਸਿੰਘ ਕੋਹਲੀ, ਬਲਵਿੰਦਰ ਸਿੰਘ ਬਵੇਜਾ, ਕੁਲਵਿੰਦਰ ਸਿੰਘ ਮਰਵਾਹਾ, ਇੰਜੀ. ਨਵਦੀਪ ਸਿੰਘ, ਰਕੇਸ਼ ਜੰਗੀ, ਅਨੂਪ ਸ਼ਰਮਾ ਚੇਅਰਮੈਨ ਮੈਡੀਸਨ ਮਾਰਕੀਟ, ਕੰਟਰੈਕਟਰ ਪਰਮਜੀਤ ਰਾਮਪਾਲ ਆਦਿ ਹਾਜ਼ਰ ਸਨ।

# ਸ੍ਰੀ ਵਰਿੰਦਾਵਨ ਸੁਸਾਇਟੀ 31 ਨੂੰ ਮਨਾਵੇਗੀ ਸ੍ਰੀ ਰਾਧਾ ਅਸ਼ਟਮੀ ਦਾ ਉਤਸਵ : ਸੱਚਰ

ਅਜਨਾਲਾ/ਮਜੀਠਾ, 27 ਅਗਸਤ (ਸੁਖਦੇਵ ਸਿੰਘ ਖਾਲਸਾ): ਸ੍ਰੀ ਵਰਿੰਦਾਵਨ ਸੇਵਾ ਸੋਸਾਇਟੀ ਮਜੀਠਾ ਵੱਲੋਂ 31 ਅਗਸਤ ਐਤਵਾਰ ਰਾਤੀ 7 ਵਜੇ ਤੋਂ ਲੈ ਕੇ 10 ਵਜੇ ਤੱਕ ਸ੍ਰੀ ਰਾਧਾ ਅਸ਼ਟਮੀ ਜੀ ਦਾ ਪਾਵਨ ਉਤਸਵ ਦਾਣਾ ਮੰਡੀ ਮਜੀਠਾ ਵਿੱਚ ਮਨਾਇਆ ਜਾ ਰਿਹਾ ਹੈ ਜਿਸ ਦੇ ਸਬੰਧ ਵਿੱਚ



ਪੰਡਿਤ ਓਮ ਪ੍ਰਕਾਸ਼ ਜੀ ਤੇ ਉਹਨਾਂ ਦੇ ਸਾਥੀ ਮੈਂਬਰ ਸਾਹਿਬਾਨ ਨੇ ਅੱਜ ਵਿਧਾਨ ਸਭਾ ਹਲਕਾ ਮਜੀਠਾ ਦੇ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਸਰਦਾਰ ਭਗਵੰਤ ਪਾਲ ਸਿੰਘ ਸੱਚਰ ਨੂੰ ਘਰ ਜਾ ਕੇ ਸੱਦਾ ਪੱਤਰ ਦੇਕੇ ਆਉਣ ਦੀ ਬੇਨਤੀ ਕੀਤੀ ਤੇ ਇਸ ਸਬੰਧੀ ਸਾਰੇ ਇਤਿਹਾਸ ਤੋ ਉਹਨਾਂ ਨੂੰ ਜਾਣੂੰ ਕਰਵਾਇਆ,ਇਸ ਦੇ ਉਪਰੰਤ ਭਗਵੰਤ ਪਾਲ ਸਿੰਘ ਸੱਚਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਪੰਡਿਤ ਓਮ ਪ੍ਰਕਾਸ਼ ਜੀ ਤੇ ਉਹਨਾਂ ਦੇ ਸਾਥੀਆਂ ਦਾ ਚੰਗਾ ਉਪਰਾਲਾ ਹੈ ਇਹੋ ਜਿਹੇ ਸਮਾਗਮ ਮਨਾਉਣੇ ਚਾਹੀਦੇ ਹਨ ਤਾਂ ਜੋ ਸਾਨੂੰ ਆਪਣੇ ਧਾਰਮਿਕ ਇਤਿਹਾਸ ਦੀ ਜਾਣਕਾਰੀ ਮਿਲਦੀ ਰਹੇ ਉਹਨਾਂ ਕਿਹਾ ਕਿ ਜਿੱਥੇ ਸਾਡੇ ਨੌਜਵਾਨ ਬੱਚੇ ਬੱਚੀਆਂ ਨੂੰ ਆਪਣੇ ਧਰਮ ਦੇ ਪਿਛੋਕੜ ਤੋਂ ਸ੍ਰੀ ਰਾਧਾ ਅਸ਼ਟਮੀ ਜੀ ਦੇ ਜਾਣਕਾਰੀ ਮਿਲੇਗੀ ਉੱਥੇ ਨਾਲ ਹੀ ਨੌਜਵਾਨ ਬੱਚੇ ਬੱਚੀਆਂ ਨੂੰ ਪਰਮਾਤਮਾ ਦੇ ਨਾਲ ਜੋੜਨ ਦਾ ਇੱਕ ਚੰਗਾ ਉਪਰਾਲਾ ਹੈ ਸੱਚਰ ਨੇ ਕਿਹਾ ਕਿ ਇਹਨਾਂ ਸਮਾਗਮਾਂ ਦੇ ਰਾਹੀਂ ਜਿੱਥੇ ਅਸੀਂ ਲੋਕਾਂ ਨੂੰ ਪਰਮਾਤਮਾ ਦੇ ਨਾਲ ਭਜਨ ਬੰਦਗੀ ਕਰਨ ਲਈ ਜੋੜਦੇ ਹਾਂ ਉੱਥੇ ਨਾਲ ਹੀ ਨੌਜਵਾਨ ਬੱਚਿਆਂ ਨੂੰ ਜੋ ਅੱਜ ਸਾਰੇ ਕੁਰਾਹੇ ਪੈ ਕੇ ਨਸ਼ੇ ਦੀ ਦਲਦਲ ਵਿੱਚ ਫਸ ਗਏ ਹਨ ਉਹਨਾਂ ਨੂੰ ਵੀ ਸੋਝੀ ਆਵੇ ਉਹ ਵੀ ਪ੍ਰਭੂ ਦੇ ਨਾਲ ਜੁੜਨ ਪਰਮਾਤਮਾ ਦੇ ਨਾਲ ਜੁੜਕੇ ਆਪਣੇ ਪਰਿਵਾਰ ਦੀ ਸਮਾਜ ਦੀ ਚੰਗੇ ਢੰਗ ਨਾਲ ਸੇਵਾ ਕਰ ਸਕਣ ਪੰਡਿਤ ਓਮ ਪ੍ਰਕਾਸ਼ ਜੀ ਤੋ ਇਲਾਵਾ ਸ੍ਰੀ ਗੁਲਸ਼ਨ ਕੁਮਾਰ, ਰਿੰਕੂ ਸ਼ਰਮਾ, ਵਿਕਾਸ ਨਈਅਰ,ਰਾਜਿੰਦਰ ਕੁਮਾਰ, ਪਵਨ ਕੁਮਾਰ ਤੇ ਇੰਦਰਜੀਤ ਮਰਵਾਹਾ ਵੀ ਨਾਲ ਸਨ ।

# ਨਵ-ਨਿਯੁਕਤ ਪਾਵਰਕਾਮ ਦੇ ਐਸ.ਡੀ.ਓ. ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਵਿਖੇ ਹੋਏ ਨੱਤਮਸਤਕ

ਅਜਨਾਲਾ/ਮਜੀਠਾ, 27 ਅਗਸਤ (ਸੁਖਦੇਵ ਸਿੰਘ ਖਾਲਸਾ): ਸਬ ਡਿਵੀਜ਼ਨ ਪਾਵਰਕਾਮ ਕੱਥੂਨੰਗਲ ਵਿਖੇ ਨਵ-ਨਿਯੁਕਤ ਸਬ ਡਿਵੀਜ਼ਨਲ ਅਫਸਰ ( ਇੰ ਜੀ ਨੀ ਅ ਰ ) ਲਖਬੀਰ ਸਿੰਘ ਅੱਜ ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਵਿਖੇ ਨੱਤਮਸਤਕ ਹੋਏ ਤੇ ਅਰਦਾਸ ਕੀਤੀ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁਖ ਸੇਵਾਦਾਰ ਬਾਬਾ ਦੀਦਾਰ ਸਿੰਘ ਨੇ ਉਨ੍ਹਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਨਵੀਂ ਜ਼ਿੰਮੇਵਾਰੀ ਲਈ ਸ਼ੁਭ ਇੱਛਾਵਾਂ ਦਿੱਤੀਆਂ। ਇਸ ਮੌਕੇ ਲਖਬੀਰ ਸਿੰਘ ਨੇ ਕਿਹਾ ਕਿ ਮੈਂ ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਵਿਖੇ ਮੱਥਾ ਟੇਕ ਕੇ ਬਹੁਤ ਸਕੂਨ ਮਹਿਸੂਸ ਕਰ ਰਿਹਾ ਹਾਂ। ਇਸ ਪਵਿੱਤਰ ਅਸਥਾਨ ਦੀ ਚਰਨ ਛੋਹ ਮੇਰੇ ਲਈ ਪ੍ਰੇਰਨਾ ਸਰੋਤ



ਹੈ। ਮੈਂ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਅਤੇ ਖੇਤਰ ਦੇ ਲੋਕਾਂ ਨੂੰ ਬਿਹਤਰ ਬਿਜਲੀ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਮੈਂ ਬਾਬਾ ਦੀਦਾਰ ਸਿੰਘ ਜੀ ਅਤੇ ਸੰਗਤ ਦਾ ਸਨਮਾਨ ਲਈ ਧੰਨਵਾਦ ਕਰਦਾ ਹਾਂ।

ਬਾਬਾ ਦੀਦਾਰ ਸਿੰਘ ਨੇ ਕਿਹਾ ਕਿ ਅਸੀਂ ਐਸ ਡੀ ਓ ਲਖਬੀਰ ਸਿੰਘ ਦਾ ਸਵਾਗਤ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਉਹ ਆਪਣੇ ਅਹੁਦੇ 'ਤੇ ਰਹਿੰਦਿਆਂ ਇਲਾਕੇ ਦੀ ਬਿਜਲੀ ਸਪਲਾਈ ਨੂੰ ਸੁਧਾਰਨ ਵਿੱਚ ਅਹਿਮ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ ਅਸੀ ਉਮੀਦ ਕਰਦੇ ਹਾਂ ਕਿ ਐਸ ਡੀ ਓ ਲਖਬੀਰ ਸਿੰਘ ਦੀ ਨਿਯੁਕਤੀ ਨਾਲ ਖੇਤਰ ਵਿੱਚ ਬਿਜਲੀ ਸਪਲਾਈ ਵਿੱਚ ਸੁਧਾਰ ਆਵੇਗਾ ਤੇ ਸਮੱਸਿਆਵਾਂ ਖਤਮ ਹੋਣਗੀਆਂ। ਗੁਰੂ ਸਾਹਿਬ ਉਨ੍ਹਾਂ ਨੂੰ ਸੇਵਾ ਦੀ ਭਾਵਨਾ ਨਾਲ ਅੱਗੇ ਵਧਣ ਦੀ ਸ਼ਕਤੀ ਬਖਸ਼ਣ। ਉਨ੍ਹਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਵੀ ਨਵੇਂ ਅਧਿਕਾਰੀ ਨਾਲ ਸਹਿਯੋਗ ਕਰਨ ਅਤੇ ਖੇਤਰ ਦੀ ਤਰੱਕੀ ਲਈ ਇਕਜੁੱਟ ਹੋ ਕੇ ਸਾਥ ਦੇਣ।

# ਹਲਕਾ ਦੱਖਣੀ 'ਚ "ਵੋਟ ਚੋਰ ਗੱਦੀ ਛੋੜ" ਦੇ ਨਾਅਰਿਆਂ ਨਾਲ ਚੋਣ ਕਮਿਸ਼ਨ ਖ਼ਿਲਾਫ਼ ਰੋਸ ਮੁਜ਼ਾਹਰਾ



ਲੁਧਿਆਣਾ, 27 ਅਗਸਤ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਦੱਖਣੀ ਵਿੱਚ ਕੁੱਲ ਹਿੰਦ ਕਾਂਗਰਸ ਦੇ ਕੋਆਰਡੀਨੇਟਰ (ਓ.ਬੀ.ਸੀ) ਇੰਚਾਰਜ ਹਿਮਾਚਲ ਪ੍ਰਦੇਸ਼ ਦੀ ਅਗਵਾਈ ਵਿੱਚ ਹੱਥਾਂ ਵਿੱਚ ਤਖ਼ਤੀਆਂ ਫੜ ਕੇ "ਵੋਟ ਚੋਰ ਗੱਦੀ ਛੋੜ"ਦੇ ਨਾਅਰਿਆਂ ਨਾਲ ਭਾਜਪਾ ਵੱਲੋਂ ਚੋਣ ਕਮਿਸ਼ਨ ਰਾਹੀਂ ਵੋਟਾਂ ਵਿੱਚ ਕੀਤੀ ਜਾ ਰਹੀ ਧਾਂਦਲੀ ਦਾ ਡੱਟ ਕੇ ਵਿਰੋਧ ਪ੍ਰਦਰਸ਼ਨ ਕੀਤਾ। ਇਸ ਸਮੇਂ ਵਰਕਰਾਂ ਨੇ ਹੱਥਾਂ ਵਿੱਚ ਰਾਹੁਲ ਗਾਂਧੀ ਦੀ ਫੋਟੋ ਨਾਲ "ਵੋਟ ਚੋਰੀ ਸੇ ਆਜ਼ਾਦੀ - ਵੋਟ ਚੋਰੀ ਬੰਦ ਕਰੋ"ਦੇ ਸਲੋਗਨ ਫੜੇ ਹੋਏ ਸਨ। ਇਸ ਸਮੇਂ ਵਿਰੋਧ ਜਤਾਉਂਦੇ ਵਰਕਰਾਂ ਨੇ ਬੈਜ ਵੀ ਲਗਾਏ ਹੋਏ ਸਨ। ਇਸ ਮੌਕੇ ਉਹਨਾਂ ਨਾਲ ਕਾਂਗਰਸੀ ਨੇਤਾ ਰਿਤਨੇਸ਼ ਕੁਮਾਰ ਅਤੇ ਬਲਜੀਤ ਮਾਲੜਾ ਹਾਜ਼ਰ ਸਨ। ਇਸ ਸਮੇਂ ਬਾਵਾ ਨੇ ਕਿਹਾ ਕਿ ਭਾਜਪਾ ਦਾ ਵਾਰ-ਵਾਰ ਚੋਣਾਂ ਵਿੱਚ ਵੋਟਾਂ ਰਾਹੀਂ ਧਾਂਦਲੀਆਂ ਕਰਕੇ ਅਤੇ ਚੋਣ ਕਮਿਸ਼ਨ ਨੂੰ ਵਰਤ ਕੇ ਜਿੱਤ ਪ੍ਰਾਪਤ ਕਰਨਾ ਭਾਰਤੀ ਲੋਕਤੰਤਰ ਨੂੰ ਕਲੰਕਿਤ ਕਰਦਾ ਹੈ, ਅਤੇ ਸਾਬਤ ਹੁੰਦਾ ਹੈ ਕਿ ਸਿਆਸੀ ਪਾਰਟੀਆਂ ਜਿੰਨੀਆਂ ਮਰਜ਼ੀ ਚੋਣਾਂ ਲੜਨ, ਪਰ ਚੋਣ ਕਮਿਸ਼ਨ ਰਾਹੀਂ ਲੱਖਾਂ ਵੋਟਾਂ ਕੱਟ ਕੇ, ਜਿਉਂਦਿਆਂ ਨੂੰ ਮਰੇ ਦਿਖਾ ਕੇ, ਇੱਕ ਇੱਕ ਭਾਜਪਾ ਨੇਤਾ ਦੇ ਘਰ ਵਿੱਚ ਸੈਂਕੜੇ ਨਕਲੀ ਵੋਟਾਂ ਬਣਾਉਣ ਨਾਲ ਜਿੱਤ ਤਾਂ ਭਾਜਪਾ ਦੀ ਹੋਣੀ ਹੈ। ਹੁਣ ਤਾਂ ਮੁਸ਼ਹਿਰਿਆਂ 'ਚ ਕਵੀ ਵੀ ਕਹਿਣ ਲੱਗ ਪਏ ਹਨ ਕਿ ਬਟਨ ਕੋਈ ਵੀ ਦਬਾਓ ਵੋਟ ਭਾਜਪਾ ਨੂੰ ਜਾਏਗੀ। ਉਹਨਾਂ ਕਿਹਾ ਕਿ ਵੋਟ ਚੋਰੀ ਦਾ ਮੁੱਦਾ ਭਾਰਤ ਦਾ ਭਵਿੱਖ ਰਾਹੁਲ ਗਾਂਧੀ ਜੋ ਪਾਰਲੀਮੈਂਟ 'ਚ ਵਿਰੋਧੀ ਧਿਰ ਦੇ ਨੇਤਾ ਹਨ ਨੇ, ਉਠਾ ਕੇ ਦੇਸ਼ ਦੇ ਲੋਕਾਂ ਨੂੰ ਵੋਟ ਦੇ ਅਧਿਕਾਰ ਅਤੇ ਭਾਜਪਾ ਦੀ ਵੱਡੀ ਧਾਂਦਲੀ ਤੋਂ ਜਾਗਰੂਕ ਕਰਕੇ ਸਹੀ ਅਰਥਾਂ ਵਿੱਚ ਦੇਸ਼ ਦੀ ਆਜ਼ਾਦੀ ਦੇ ਅਧਿਕਾਰਾਂ ਤੋਂ ਭਾਰਤੀਆਂ ਨੂੰ ਜਾਗਰੂਕ ਕੀਤਾ ਹੈ। ਇਸ ਮੌਕੇ ਰਾਜਕੁਮਾਰ ਯਾਦਵ, ਅਮਿਤ ਕੁਮਾਰ ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ, ਨਿਹੰਗ ਸੰਦੀਪ ਸਿੰਘ, ਬਲਵਿੰਦਰ ਸਿੰਘ, ਲਾਲਾ ਯਾਦਵ, ਮੁਹੰਮਦ ਤਮੰਨਾ, ਅਮੂਲ ਚੰਦ ਤਿਵਾਰੀ, ਰਘਵੀਰ ਯਾਦਵ, ਪਵਨ ਯਾਦਵ, ਲਲਨ ਪਾਲ, ਹੀਰਾ ਸਿੰਘ, ਸੰਜੇ ਠਾਕੁਰ, ਸੁਰੇਸ਼ ਯਾਦਵ, ਰਾਮ ਲਖਨ, ਮਨਮਿੰਦਰ ਸਿੰਘ ਅਤੇ ਬੌਬੀ ਆਦਿ ਹਾਜ਼ਰ ਸਨ।

## ਸ਼ਾਸਤਰੀ ਬੈਡਮਿੰਟਨ ਹਾਲ ਨੂੰ ਬੰਦ ਕਰਨਾ ਖਿਡਾਰੀਆਂ ਦਾ ਭਵਿੱਖ ਖ਼ਰਾਬ ਕਰਨ ਵਰਗਾ : ਪਵਨ ਦੀਵਾਨ



ਲੁਧਿਆਣਾ, 27 ਅਗਸਤ (ਰਵਿੰਦਰ ਸਿੰਘ ਨਿੱਝਰ) : ਨਗਰ ਨਿਗਮ ਵੱਲੋਂ ਸ਼ਾਸਤਰੀ ਬੈਡਮਿੰਟਨ ਹਾਲ ਨੂੰ ਬੰਦ ਕੀਤੇ ਜਾਣ ਸਬੰਧੀ ਖ਼ਬਰਾਂ ਅਤੇ ਲੋਕਾਂ ਵੱਲੋਂ ਮਿਲ ਰਹੀਆਂ ਸ਼ਿਕਾਇਤਾਂ ਤੋਂ ਬਾਅਦ ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਪਵਨ ਦੀਵਾਨ ਪਾਰਟੀ ਆਗੂਆਂ ਦੇ ਨਾਲ ਅੱਜ ਗੁਰੂ ਨਾਨਕ ਸਟੇਡੀਅਮ ਪਹੁੰਚੇ। ਜਿਨ੍ਹਾਂ ਨੇ ਕਿਹਾ ਕਿ ਕਿਸੇ ਵੀ ਵਿਵਾਦ ਲਈ ਖ਼ਿਡਾਰੀਆਂ ਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ ਹੈ ਅਤੇ ਤੁਰੰਤ ਇਸ ਬੈਡਮਿੰਟਨ ਹਾਲ ਨੂੰ ਖੋਲ੍ਹਿਆ ਜਾਣਾ ਚਾਹੀਦਾ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੀਵਾਨ ਨੇ ਕਿਹਾ ਕਿ ਉਹਨਾਂ ਨੂੰ ਸ਼ਾਸਤਰੀ ਬੈਡਮਿੰਟਨ ਹਾਲ ਵਿੱਚ ਟਰੇਨਿੰਗ ਲੈਣ ਵਾਲੇ ਖਿਡਾਰੀਆਂ ਦੇ ਮਾਪਿਆਂ ਦੇ ਲਗਾਤਾਰ ਫੋਨ ਆ ਰਹੇ ਹਨ, ਜਿਹੜੇ ਆਉਂਦੇ ਦਿਨਾਂ ਦੌਰਾਨ ਹੋਣ ਵਾਲੀਆਂ ਪ੍ਰਤਿਯੋਗਤਾਵਾਂ ਤੋਂ ਪਹਿਲਾਂ ਬੈਡਮਿੰਟਨ ਹਾਲ ਬੰਦ ਕੀਤੇ ਜਾਣ ਨਾਲ ਕਾਫੀ ਪਰੇਸ਼ਾਨ ਹਨ। ਇਸ ਤੋਂ ਇਲਾਵਾ, ਮੀਡੀਆ ਵੱਲੋਂ ਵੀ ਗੰਭੀਰਤਾ ਨਾਲ ਮੁੱਦਾ ਚੁੱਕਿਆ ਗਿਆ ਹੈ। ਇਹ ਖਿਡਾਰੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਸਮਾਨ ਹੈ। ਉਹਨਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਸ਼ਾਸਤਰੀ ਬੈਡਮਿੰਟਨ ਹਾਲ ਨੂੰ ਤਾਲੇ ਲਗਾਉਣ ਦਾ ਅਸਰ ਸਿੱਧੇ ਤੌਰ 'ਤੇ ਅਕਤੂਬਰ ਮਹੀਨੇ ਵਿੱਚ ਜਲੰਧਰ ਵਿਖੇ ਹੋਣ ਜਾ ਰਹੇ ਸੂਬਾ ਪੱਧਰੀ ਰੈਂਕਿੰਗ ਟੂਰਨਾਮੈਂਟ ਦੀਆਂ ਤਿਆਰੀਆਂ ਕਰ ਰਹੇ ਖਿਡਾਰੀਆਂ ਦੇ ਅਭਿਆਸ ਉੱਪਰ ਪਵੇਗਾ। ਜਿੱਥੇ ਹੋਰਨਾਂ ਤੋਂ ਇਲਾਵਾ, ਸੀਨੀਅਰ ਕਾਂਗਰਸੀ ਆਗੂ ਇੰਦਰਜੀਤ ਕਪੂਰ, ਪ੍ਰਦੇਸ਼ ਕਾਂਗਰਸ ਕਮੇਟੀ ਮੈਂਬਰ ਸੁਸ਼ੀਲ ਮਲਹੋਤਰਾ, ਰੋਹਿਤ ਪਾਹਵਾ, ਹੈਪੀ ਕਪੂਰ, ਆਜ਼ਾਦ ਸ਼ਰਮਾ ਵੀ ਮੌਜੂਦ ਰਹੇ।

## ਸਕੂਲਾਂ 'ਚ ਛੁੱਟੀਆਂ ਕਾਰਨ 29 ਅਤੇ 31 ਅਗਸਤ ਨੂੰ ਹੋਣ ਵਾਲੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਮੁਲਤਵੀ

ਲੁਧਿਆਣਾ, 27 ਅਗਸਤ (ਰਵਿੰਦਰ ਸਿੰਘ ਨਿੱਝਰ) : ਪੰਜਾਬ ਸਰਕਾਰ ਵੱਲੋਂ ਭਾਰੀ ਬਾਰਿਸ਼ਾਂ ਕਾਰਨ ਪੰਜਾਬ ਦੇ ਸਾਰੇ ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ 30 ਅਗਸਤ ਤੱਕ ਛੁੱਟੀਆਂ ਕਰਨ ਦੇ ਅਚਾਨਕ ਐਲਾਨ ਕਾਰਨ ਤਰਕਸ਼ੀਲ? ਸੁਸਾਇਟੀ ਪੰਜਾਬ ਨੇ 29 ਅਤੇ 31 ਅਗਸਤ ਨੂੰ ਸਮੁੱਚੇ ਪੰਜਾਬ ਵਿੱਚ ਹੋਣ ਵਾਲੀ ਗ਼ਦਰੀ ਗੁਲਾਬ ਕੌਰਨੂੰ ਸਮਰਪਿਤ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਮੁਲਤਵੀ ਕਰਨ ਦਾ ਫੈਸਲਾ ਕੀਤਾ ਹੈ। ਤਰਕਸ਼ੀਲ ਸੁਸਾਇਟੀ ਦੇ ਜ਼ੋਨ ਲੁਧਿਆਣਾ ਦੇ ਜੱਥੇਬੰਦਕ ਮੁਖੀ ਜਸਵੰਤ ਜ਼ੀਰਖ ਅਤੇ ਮੀਡੀਆ ਮੁਖੀ ਹਰਚੰਦ ਭੀਂਡਰ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸਬੰਧੀ ਸੁਸਾਇਟੀ ਦੀ ਸੂਬਾ ਕਮੇਟੀ ਨੇ ਪੰਜਾਬ ਸਰਕਾਰ ਵੱਲੋਂ ਅਚਾਨਕ ਲਏ ਫੈਸਲੇ ਕਾਰਨ 29 ਅਤੇ 31 ਅਗਸਤ ਨੂੰ ਹੋਣ ਵਾਲੀ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਮੁਲਤਵੀ ਕਰ ਦਿੱਤੀ ਗਈ ਹੈ। ਇਸ ਸਬੰਧੀ ਪ੍ਰੀਖਿਆ ਦੀਆਂ ਅਗਲੀਆਂ ਤਰੀਕਾਂ ਦਾ ਫੈਸਲਾ ਸਾਰੇਸਕੂਲਾਂ ਦੇ ਪੂਰੀ ਤਰ੍ਹਾਂ ਖੁੱਲ੍ਹਣ ਤੋਂ ਬਾਅਦ ਅਤੇ ਸਕੂਲ ਪ੍ਰੀਖਿਆਵਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਵੇਗਾ। ਇਸ ਸਬੰਧੀ ਸਕੂਲ ਪ੍ਰਬੰਧਕਾਂ ਅਤੇ ਵਿਦਿਆਰਥੀਆਂ ਨੂੰ ਸਮੇਂ ਸਿਰ ਸੂਚਿਤ ਕਰ ਦਿੱਤਾ ਜਾਵੇਗਾ।

## ਭਾਜਪਾ ਪੰਜਾਬੀਆਂ ਦੇ ਹਰ ਦੁੱਖ-ਸੁੱਖ 'ਚ ਖੜ੍ਹਨ ਵਾਲੀ ਪਾਰਟੀ : ਗੋਸ਼ਾ



ਲੁਧਿਆਣਾ, 27 ਅਗਸਤ (ਵਿਸ਼ਾਲ ਸ਼ਰਮਾ) : ਭਾਰਤੀ ਜਨਤਾ ਪਾਰਟੀ ਦੇਸ਼ ਵਿੱਚ ਵੱਸਦੇ ਹਰ ਧਰਮ ਦੇ ਲੋਕਾਂ ਦਾ ਮਾਨ ਸਨਮਾਨ ਕਰਨ ਵਾਲੀ ਪਾਰਟੀ ਹੈ। ਕੇਂਦਰ ਵਿੱਚ ਜਦੋਂ ਵੀ ਇਸ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ, ਉਸ ਸਮੇਂ ਵੱਖ ਵੱਖ ਧਰਮ ਦੇ ਲੋਕਾਂ ਨੂੰ ਇੰਨਸਾਫ ਮਿਲਣ ਦੀ ਆਸ ਬੱਝੀ। ਸੰਨ 1984 ਵਿੱਚ ਉਸ ਵੇਲੇ ਦੀ ਕੇਂਦਰ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਹੋਣ ਕਰਕੇ ਪਾਰਟੀ ਦੇ ਲੀਡਰਾਂ, ਵਰਕਰਾਂ ਅਤੇ ਹਮਾਇਤੀਆਂ ਨੇ ਦੇਸ਼ ਭਰ ਵਿੱਚ ਵੱਸਦੇ ਸਿੱਖ ਪੰਜਾਬੀਆਂ ਨੂੰ ਕੋਹ ਕੋਹ ਕੇ ਮਾਰਿਆਂ।

ਲੰਮਾ ਸਮਾਂ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਰਹਿਣ ਦੇ ਬਾਵਜੂਦ ਵੀ ਸਿੱਖਾਂ ਨੂੰ ਇੰਨਸਾਫ ਨਹੀਂ ਮਿਲ ਸਕਿਆ। ਸਿੱਖਾਂ ਵੱਲੋਂ ਵਾਰ ਵਾਰ ਅਪੀਲਾਂ ਦਲੀਲਾਂ ਕਰਨ ਦੇ ਬਾਵਜੂਦ ਕਾਂਗਰਸ ਨੇ ਉਸ ਫਾਈਲ ਨੂੰ ਠੰਢੇ ਬਸਤੇ ਵਿੱਚ ਪਾਕੇ ਰੱਖਿਆ। ਇਹ ਵਿਚਾਰ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪੈਨਲਿਸਟ ਗੁਰਦੀਪ ਸਿੰਘ ਗੋਸ਼ਾ ਨੇ ਕਹੇ। ਉਨ੍ਹਾਂ ਦੱਸਿਆ ਕਿ ਜਦੋਂ ਤੋਂ ਦੇਸ਼ ਅੰਦਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਹੈ। ਉਸ ਸਮੇਂ ਤੋਂ ਸਿੱਖਾਂ ਨੂੰ ਇੰਨਸਾਫ ਮਿਲਣ ਦੀ ਆਸ ਬੱਝੀ। ਕੇਂਦਰ ਵਿੱਚ ਸਰਕਾਰ ਆਉਣ 'ਤੇ ਭਾਜਪਾ ਨੇ ਸਿੱਖ ਪੰਜਾਬੀਆਂ ਦੇ ਪਿਛਲੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਸਲਿਆਂ ਨੂੰ ਪਹਿਲ ਦੇ ਅਧਾਰ 'ਤੇ ਇੱਕ ਇੱਕ ਕਰਕੇ ਹੱਲ ਕਰਨਾ ਸ਼ੁਰੂ ਕਰ ਦਿੱਤਾ। ਕੇਂਦਰ ਦੀ ਭਾਜਪਾ ਸਰਕਾਰ ਨੇ ਪਹਿਲਾ ਸਿੱਖਾਂ ਦੇ ਕਾਤਲਾਂ ਨੂੰ ਬਣਦੀਆਂ ਸਖ਼ਤ ਸਜਾਵਾਂ ਦਵਾਈਆਂ। ਜਿਨ੍ਹਾਂ ਕਾਤਲਾਂ ਨੂੰ ਕਾਂਗਰਸ ਪਾਰਟੀ ਪਿਛਲੇ ਲੰਮੇ ਸਮੇਂ ਤੋਂ ਬਚਾਉਂਦੀ ਆ ਰਹੀ ਸੀ। ਗੋਸਾ ਨੇ ਦੱਸਿਆ ਕਿ ਇੱਥੇ ਹੀ ਬਸ ਨਹੀਂ ਹਰਿਆਣਾ ਵਿੱਚ 1984 ਵਿੱਚ ਸਿੱਖ ਵਿਰੋਧੀ ਦੰਗਿਆਂ ਦੌਰਾਨ ਸੂਬੇ ਵਿੱਚ ਮਾਰੇ ਗਏ ਲੱਗਭੱਗ 121 ਪਰਿਵਾਰਾਂ ਦੇ ਇੱਕ ਇੱਕ ਮੈਂਬਰ ਨੂੰ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਦੀ ਅਗਵਾਈ ਵਾਲੀ ਸਰਕਾਰ ਨੇ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਹੈ,ਜੋ ਭਾਜਪਾ ਨੇ ਆਪਣਾ ਮੁੱਢਲਾ ਫਰਜ਼ ਸਮਝਦੇ ਇਸ ਦੀ ਸ਼ੁਰੂਆਤ ਕੀਤੀ ਹੈ। ਗੋਸਾ ਨੇ ਕਿਹਾ ਕਿ ਜੋ ਵਿਰੋਧੀ ਧਿਰਾਂ ਭਾਜਪਾ ਨੂੰ ਪੰਜਾਬ, ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖ ਵਿਰੋਧੀ ਦੱਸਦੀਆਂ ਸਨ, ਅੱਜ ਉਨ੍ਹਾਂ ਵਿਰੋਧੀਆਂ ਦੇ ਮੂੰਹ 'ਤੇ ਵੱਡੀ ਚਪੇੜ ਵੀ ਹੈ।

## ਬਾਬਾ ਨੰਦ ਸਿੰਘ ਜੀ ਦੀ ਬਰਸੀ ਨੂੰ ਸਮਰਪਿਤ ਪਿੰਡ ਰਾਊਵਾਲ ਦੀਆਂ ਸੰਗਤਾਂ ਨੇ ਲੰਗਰ ਲਗਾਇਆ



ਜਗਰਾਓਂ, 27 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪਿੰਡ ਰਾਊਵਾਲ ਦੀਆਂ ਸੰਗਤਾਂ ਨੇ ਧੰਨ-ਧੰਨ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ ਸਾਲਾਨਾ ਬਰਸੀ ਦੇ ਮੌਕੇ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਇਸ ਪਿੰਡ ਰਾਊਵਾਲ ਦੇ ਨੌਜਵਾਨ ਸਭਾ ਤੇ ਐਨਆਰਆਈ ਵੀਰ ਅਤੇ ਪਿੰਡ ਦੇ ਸਹਿਯੋਗ ਨਾਲ ਹਰ ਸਾਲ ਧੰਨ ਧੰਨ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ ਬਰਸੀ ਸਮਾਗਮ ਮੌਕੇ ਦੂਰੋਂ ਨੇੜਿਓਂ ਆਈਆਂ ਸੰਗਤਾਂ ਲਈ ਪਕੌੜਿਆਂ ਦਾ ਲੰਗਰ ਲਗਾਇਆ ਜਾਂਦਾ ਹੈ। ਇਸ ਦਿਨ ਪਿੰਡ ਦੇ ਨੌਜਵਾਨਾਂ ਵੱਲੋਂ ਵੱਧ ਚੜ੍ਹ ਕੇ ਸੇਵਾ ਕੀਤੀ ਗਈ। ਜਿਸ ਵਿੱਚ ਕੁਲਵਿੰਦਰ ਸਿੰਘ ਭੰਦੋਲ, ਅਮਨਦੀਪ ਸਿੰਘ ਪੰਧੇਰ, ਮਨਪ੍ਰੀਤ ਸਿੰਘ ਗਰੇਵਾਲ, ਨਿਰਭੈ ਗਰੇਵਾਲ, ਜਿੰਦਰ ਦਿਓ,ਬਿੰਦਰ ਦਿਓ, ਸਰਬਜੋਤ ਸਿੰਘ,ਜਸ਼ਨ ਦਿਓਲ,ਨਿੱਕਾ ਭੰਦੋਲ, ਜਗਰੂਪ ਦਿਓਲ, ਗੁਰਸੇਵਕ ਭੰਦੋਲ, ਰਾਜਦੀਪ ਭੰਦੋਲ, ਨਾਨਕ ਦਿਓਲ, ਸੁਖਰਾਜ ਦਿਓਲ, ਗੁਰਮਨਦੀਪ , ਜਸਕਰਨ ਸਿੰਘ, ਹੈਰੀ, ਇੰਦਰਪਾਲ, ਕਾਲਾ, ਦਮਨ ਦਿਉ, ਸੁਖਵਿੰਦਰ ਸੁੱਖੀ, ਸਾਰੇ ਨੌਜਵਾਨ ਨੇ ਵੱਡੀ ਗਿਣਤੀ ਵਿੱਚ ਸੇਵਾ ਕਰਕੇ ਆਪਣਾ ਯੋਗਦਾਨ ਪਾਇਆ।

## ਐਸ.ਆਰ. ਕਲੇਰ ਨੇ ਦਰਿਆ ਸਤਲੁਜ ਤੋਂ ਪਾਰ ਪਿੰਡ ਕੰਨੀਆਂ ਖੁਰਦ ਕੋਲੋਂ ਲੰਘਦੇ ਧੁੱਸੀ ਬੰਨ੍ਹ ਦਾ ਜਾਇਜ਼ਾ ਲਿਆ



ਜਗਰਾਓਂ, 27 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਹਲਕਾ ਜਗਰਾਓਂ ਤੋਂ ਐਸ.ਆਰ.ਕਲੇਰ ਸਾਬਕਾ ਵਿਧਾਇਕ ਨੇ ਦਰਿਆ ਸਤਲੁਜ ਤੋਂ ਪਾਰ ਪੈਂਦੇ ਆਪਣੇ ਹਲਕੇ ਦੇ ਪਿੰਡ ਕੰਨੀਆਂ ਖੁਰਦ ਕੋਲੋਂ ਲੰਘਦੇ ਧੁੱਸੀ ਬੰਨ੍ਹ ਦਾ ਜਾਇਜ਼ਾ ਲੈਂਦੇ ਹੋਏ ਆਖਿਆ, ਕਿ ਸਾਡੀਆਂ ਸਰਕਾਰਾਂ ਨੇ ਹੀ ਹਮੇਸ਼ਾ ਦਰਿਆ ਸਤਲੁਜ ਦੇ ਧੁੱਸੀ ਬੰਨ੍ਹਾਂ ਅਤੇ ਲੋਕਾਂ ਦੀ ਸਾਰ ਲੈ ਕੇ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਦਿੱਤਾ। ਉਨ੍ਹਾਂ ਆਖਿਆ ਕਿ ਸਿਰਫ ਸਾਡੀਆਂ ਸਰਕਾਰਾਂ ਸਮੇਂ ਹੀ ਦਰਿਆ ਅੰਦਰ ਸਟੱਡਾਂ ਅਤੇ ਸੱਪਰਾਂ ਦਾ ਨਿਰਮਾਣ ਕੀਤਾ। ਉਨ੍ਹਾਂ ਹੜ੍ਹ ਪੀੜਿਤ ਲੋਕਾਂ ਨੂੰ ਇਹ ਵੀ ਵਿਸਵਾਸ ਦਿਵਾਇਆ ਕਿ ਉਹ ਤਿਰਪਾਲਾਂ, ਖਾਣਾ, ਪਸ਼ੂਆਂ ਲਈ ਹਰਾ ਚਾਰਾ ਅਤੇ ਡੀਜ਼ਲ ਆਦਿ ਦਾ ਪ੍ਰਬੰਧ ਕਰਨਗੇ। ਬੀਤੀ ਦੇਰ ਸ਼ਾਮ ਜਦੋਂ ਸਾਬਕਾ ਵਿਧਾਇਕ ਕਲੇਰ ਕੰਨੀਆਂ ਖੁਰਦ ਨਜ਼ਦੀਕ ਪੈਂਦੇ ਧੁੱਸੀ ਬੰਨ੍ਹ 'ਤੇ ਕੋਲ ਪੁੱਜੇ ਤਾਂ ਬੰਨ੍ਹ ਅੰਦਰਲੇ ਹਿੱਸੇ ਨੂੰ ਪਾਣੀ ਪੂਰੀ ਤਰ੍ਹਾਂ ਢਾਅ ਲਾ ਰਿਹਾ ਸੀ। ਉਨ੍ਹਾਂ ਇਸ ਮੌਕੇ ਤਰੁੰਤ ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਨੂੰ ਫੋਨ ਲਗਾ ਕੇ ਮੌਕੇ 'ਤੇ ਸੱਦਿਆ ਅਤੇ ਸਾਰੀ ਸਥਿਤੀ ਤੋਂ ਜਾਣੂੰ ਕਰਵਾਇਆ। ਸਾਬਕਾ ਵਿਧਾਇਕ ਅੱਜ ਫਿਰ ਦੂਜੇ ਦਿਨ ਦਰਿਆ ਪਾਰਲੀ 58 ਨੰ. ਬੁਰਜੀ ਕੋਲ ਆਪਣੇ ਸਾਥੀਆਂ ਅਤੇ ਪਿੰਡ ਦੇ ਹੋਰ ਲੋਕਾਂ ਨਾਲ ਪੁੱਜੇ। ਜਿੱਥੇ ਡਰੇਨਜ਼ ਵਿਭਾਗ ਦੇ ਅਧਿਕਾਰੀ ਖੁਦ ਪੁੱਜ ਕੇ ਧੁੱਸੀ ਬੰਨ੍ਹ ਦੇ ਬਚਾਅ ਕਾਰਜਾਂ ਵਿੱਚ ਲੱਗੇ ਹੋਏ ਸਨ। ਉਨ੍ਹਾਂ ਇਸ ਮੌਕੇ ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਦਾ ਧੰਨਵਾਦ ਕਰਦੇ ਹੋਏ ਇਹ ਵੀ ਮੰਗ ਕੀਤੀ ਕਿ ਇਸ ਜਗ੍ਹਾ ਤੋਂ ਬੰਨ੍ਹ ਨੂੰ ਬਚਾਉਣ ਲਈ ਤਰੁੰਤ ਪੱਥਰਾਂ ਦੇ ਸਟਡ ਅਤੇ ਸ਼ਪਰ ਬਣਾਏ ਜਾਣ। ਇਸ ਮੌਕੇ ਪਿੰਡ ਦੀ ਮਹਿਲਾ ਸਰਪੰਚ ਸੰਦੀਪ ਕੌਰ ਦੇ ਪਤੀ ਡਾ.ਗੁਰਚਰਨ ਸਿੰਘ ਨੇ ਪ੍ਰਸਾਸਨ ਵਲੋਂ ਲੋਕਾਂ ਨੂੰ ਬਰਸਾਤ ਤੋਂ ਬਚਣ ਲਈ ਦਿੱਤੀਆਂ ਉਹ ਤਿਰਪਾਲਾ ਵੀ ਵਿਖਾਈਆਂ ਜੋ ਥਾਂ-ਥਾਂ ਤੋਂ ਪਾਟੀਆਂ ਹੋਈਆਂ ਸਨ। ਇਸ ਮੌਕੇ ਉਨ੍ਹਾਂ ਆਖਿਆ ਕਿ ਸਰਕਾਰ ਸਾਡੀ ਮੱਦਦ ਨਹੀਂ ਸਗੋਂ ਸਾਡਾ ਮਜਾਕ ਉਡਾ ਰਹੀ ਹੈ। ਪੰਚ ਭਗਵਾਨ ਸਿੰਘ, ਪੰਚ ਜਸਕਰਨ ਸਿੰਘ, ਪੰਚ ਗੁਰਮੁਖ ਸਿੰਘ, ਭਵਖੰਡਨ ਸਿੰਘ, ਸੁਰਿੰਦਰ ਸਿੰਘ ਛਿੰਦੂ, ਨਿਰਮੋਹ ਸਿੰਘ ਆਦਿ ਨੇ ਧੁੱਸੀ ਬੰਨ੍ਹ ਨੂੰ ਤਰੁੰਤ ਮਜਬੂਤ ਕਰਨ ਦੀ ਮੰਗ ਕੀਤੀ।

# ਅਮਰੀਕਾ ਵਿੱਚ ਟਰੱਕ ਡਰਾਈਵਰ ਹਰਜਿੰਦਰ ਸਿੰਘ ਦੀ ਮੱਦਦ ਲਈ ਸੂਬਾ ਤੇ ਕੇਂਦਰ ਸਰਕਾਰ ਅੱਗੇ ਆਵੇ : ਜੰਗੀ



ਲੁਧਿਆਣਾ, 27 ਅਗਸਤ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਆਗੂ ਜੋਗਿੰਦਰ ਸਿੰਘ ਜੰਗੀ ਨੇ ਆਖਿਆ ਹੈ ਕਿ ਬੀਤੇ ਦਿਨੀਂ ਅਮਰੀਕਾ ਦੇ ਸ਼ਹਿਰ ਫਲੋਰੀਡਾ ਵਿੱਚ ਸੜਕ ਉੱਤੇ ਗਲਤ ਯੂ ਟਰਨ ਲੈਣ ਕਾਰਨ ਵਾਪਰੇ ਦੁਖਾਂਤ ਕਰਕੇ ਜ਼ਿੰਮੇਵਾਰ ਠਹਿਰਾਏ ਗਏ ਪੰਜਾਬੀ ਟਰੱਕ ਡਰਾਈਵਰ ਹਰਜਿੰਦਰ ਸਿੰਘ ਦੀ ਜਾਨ ਖਤਰੇ ਵਿੱਚ ਕਹੀ ਜਾ ਰਹੀ ਹੈ ।ਉਹਨਾਂ ਕਿਹਾ ਕਿ ਆਖਿਆ ਜਾ ਰਿਹਾ ਹੈ ਕਿ ਉਸ ਨੂੰ 40-50 ਸਾਲ ਦੀ ਕੈਦ ਸੁਣਾਈ ਜਾ ਸਕਦੀ ਹੈ, ਜਿਸ ਨਾਲ ਉਸਦੀ ਸਾਰੀ ਜ਼ਿੰਦਗੀ ਬਰਬਾਦ ਹੋ ਜਾਵੇਗੀ। ਜੰਗੀ ਨੇ ਆਖਿਆ ਕਿ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਦੋਵਾਂ ਸਰਕਾਰਾਂ ਨੂੰ ਚਾਹੀਦਾ ਹੈ, ਕਿ ਹਰਜਿੰਦਰ ਸਿੰਘ ਦੀ ਜ਼ਿੰਦਗੀ ਨੂੰ ਖਤਰੇ ਵਿੱਚੋਂ ਕੱਢਣ ਲਈ ਸਖਤ ਤੋਂ ਸਖਤ ਕਦਮ ਪੁੱਟਣ ਅਤੇ ਸਿਰਫ ਕਾਗਜ਼ੀ ਕਾਰਵਾਈ ਕਰਨ ਜਾਂ ਗੱਲੀਂਬਾਤੀਂ ਸਾਰਨ ਦੀ ਬਜਾਏ ਠੋਸ ਕਾਰਵਾਈ ਕਰਨ। ਅਮਰੀਕਾ ਸਰਕਾਰ ਨਾਲ ਤੁਰੰਤ ਰਾਬਤਾ ਕਾਇਮ ਕਰਕੇ ਇਸ ਮਸਲੇ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ। ਤਾਂ ਕਿ ਹਰਜਿੰਦਰ ਸਿੰਘ ਦੀ ਜਿੰਦਗੀ ਖਤਰੇ 'ਚੋਂ ਕੱਢੀ ਜਾ ਸਕੇ। ਇਸ ਘਟਨਾ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਸਰਦਾਰ ਜੰਗੀ ਨੇ ਆਖਿਆ ਕਿ ਬੇਸ਼ੱਕ ਇਹ ਬਹੁਤ ਵੱਡਾ ਦੁਖਾਂਤ ਹੈ। ਪਰੰਤੂ ਇਸ ਇਸ ਦੀ ਜੇਕਰ ਉੱਚ ਪੱਧਰੀ ਜਾਂਚ ਕੀਤੀ ਜਾਵੇ ਤਾਂ ਹੋ ਸਕਦਾ ਹੈ ਕਿ ਮਾਮਲਾ ਕੋਈ ਹੋਰ ਹੀ ਮੋੜ ਕੱਟ ਜਾਵੇ। ਉਹਨਾਂ ਕਿਹਾ ਕਿ ਦੇਸ਼ ਦੀਆਂ ਸਮੂਹ ਸਿਆਸੀ ਪਾਰਟੀਆਂ ਨੂੰ ਇਕੱਠੇ ਹੋ ਕੇ ਕੇਂਦਰ ਅਤੇ ਰਾਜ ਸਰਕਾਰ 'ਤੇ ਦਬਾਅ ਪਾਉਣਾ ਚਾਹੀਦਾ ਹੈ, ਕਿ ਉਹ ਹਰਜਿੰਦਰ ਸਿੰਘ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇ। ਉਹਨਾਂ ਕਿਹਾ ਕਿ ਇਸ ਗੱਲ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਹਰਜਿੰਦਰ ਸਿੰਘ ਨੇ ਅਜਿਹਾ ਜਾਣ ਕੇ ਨਹੀਂ ਕੀਤਾ।

## ਗੁਰੂ ਨਾਨਕ ਮਿਸ਼ਨ ਸਕੂਲ 'ਚ ਮਨਾਈ ਗਣੇਸ਼ ਚਤੁਰਥੀ



ਲੁਧਿਆਣਾ, 27 ਅਗਸਤ (ਰਵਿੰਦਰ ਸਿੰਘ ਨਿੱਝਰ) : ਗੁਰੂ ਨਾਨਕ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਚੇਅਰਮੈਨ ਜਸਵਿੰਦਰ ਸਿੰਘ ਅਤੇ ਐਮ.ਡੀ. ਮੈਡਮ ਮਿਸ ਮਧੂ ਬਾਲਾ ਦੀ ਅਗਵਾਈ ਹੇਠ ਗਣੇਸ਼ ਚਤੁਰਥੀ ਬੱਚਿਆਂ ਵੱਲੋਂ ਬੜੇ ਹੀ ਉਤਸ਼ਾਹ ਤੇ ਰਵਾਇਤੀ ਢੰਗ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਬੱਚਿਆਂ ਦੁਆਰਾ ਵੱਖ-ਵੱਖ ਪ੍ਰਕਾਰ ਦੀਆਂ ਗਤੀਵਿਧੀਆਂ ਕੀਤੀਆਂ ਗਈਆਂ ਅਤੇ ਬੱਚਿਆਂ ਦੁਆਰਾ ਵੱਖ-ਵੱਖ ਪ੍ਰਕਾਰ ਦੇ ਪਹਿਰਾਵੇ ਪਹਿਨੇ ਗਏ। ਸਕੂਲ ਦੇ ਐਮ.ਡੀ.ਮਿਸ ਮਧੂ ਬਾਲਾ ਨੇ ਬੱਚਿਆਂ ਨੂੰ ਗਣੇਸ਼ ਚਤੁਰਥੀ ਬਾਰੇ ਦੱਸਿਆ ਕਿ ਗਣੇਸ਼ ਜੀ ਸ਼ਿਵ ਜੀ ਅਤੇ ਪਾਰਵਤੀ ਦੇ ਪੁੱਤਰ ਸਨ ਅਤੇ ਇਹ ਵੀ ਦੱਸਿਆ ਕਿ ਇਸ ਦਿਨ ਲੋਕੀ ਗਣੇਸ਼ ਜੀ ਦੀ ਮੂਰਤੀ ਦੀ ਸਥਾਪਨਾ ਕਰਦੇ ਹਨ ਅਤੇ ਦਸਵੇਂ ਦਿਨ ਗਣੇਸ਼ ਜੀ ਦੇ ਮੂਰਤੀ ਦਾ ਵਿਸਰਜਨ ਕਰਦੇ ਹਨ।

ਸਕੂਲ ਦੇ ਚੀਫ ਕੋਆਰਡੀਨੇਟਰ ਮਿਸ ਰਮਨਦੀਪ ਕੌਰ, ਸੀਨੀਅਰ ਕੋਆਰਡੀਨੇਟਰ ਮਿਸ ਅਮਨਜੋਤੀ ਅਤੇ ਪ੍ਰਾਇਮਰੀ ਕੋਆਰਡੀਨੇਟਰ ਮਿਸ ਜਸਪ੍ਰੀਤ ਕੌਰ ਨੇ ਵਿਦਿਆਰਥੀਆਂ ਦੀ ਭੂਮਿਕਾ ਦੀ ਖ਼ੂਬ ਸ਼ਲਾਘਾ ਕੀਤੀ।

## ਬਾਬਾ ਸੁੱਚਾ ਸਿੰਘ ਦੀ ਬਰਸੀ ਸਬੰਧੀ ਕਰਵਾਇਆ ਮਹਾਨ ਸੰਤ ਸਮਾਗਮ



ਲੁਧਿਆਣਾ, 27 ਅਗਸਤ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਦੇ ਬਾਨੀ ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ ਸੱਚਖੰਡ ਵਾਸੀ ਸੰਤ ਬਾਬਾ ਸੁਚਾ ਸਿੰਘ ਜੀ ਦੀ 23ਵੀਂ ਬਰਸੀ ਦੇ ਸੰਬੰਧ ਵਿੱਚ ਚੱਲ ਰਹੇ ਸਮਾਗਮਾਂ ਦੀ ਲੜੀ ਦੇ ਤਹਿਤ ਅੱਜ ਵਿਸ਼ੇਸ਼ ਤੌਰ 'ਤੇ ਸੰਤ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਦੇ ਅੰਦਰ ਪੰਥ ਦੀਆਂ ਪ੍ਰਮੁੱਖ ਧਾਰਮਿਕ ਸ਼ਖ਼ਸ਼ੀਅਤਾਂ, ਸਿੰਘ ਸਾਹਿਬਾਨਾਂ ਵੱਖ-ਵੱਖ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ਾਂ ਤੇ ਨਿਹੰਗ ਸਿੰਘ ਜੱਥੇਦਾਰਾਂ ਨੇ ਉਚੇਚੇ ਤੌਰ 'ਤੇ ਆਪਣੀਆਂ ਹਾਜ਼ਰੀਆਂ ਭਰੀਆਂ ਅਤੇ ਸੰਤ ਬਾਬਾ ਸੁਚਾ ਸਿੰਘ ਜੀ ਵੱਲੋਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਆਪਣਾ ਸ਼ਰਧਾ ਤੇ ਸਤਿਕਾਰ ਅਰਪਿਤ ਕੀਤਾ।

ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ ਸੰਤ ਬਾਬਾ ਸੁਚਾ ਸਿੰਘ ਜੀ ਬਾਨੀ ਜਵੱਦੀ ਟਕਸਾਲ ਤੋਂ ਵਰਸਾਏ ਸ਼੍ਰੋਮਣੀ ਸਿੱਖ ਪ੍ਰਚਾਰਕ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਦੀ ਸੁਹਿਰਦ ਦੇਖ- ਰੇਖ ਹੇਠ ਆਯੋਜਿਤ ਕੀਤੇ ਗਏ ਮਹਾਨ ਸੰਤ ਸਮਾਗਮ ਅੰਦਰ ਦੇਸ਼ ਦੇ ਵੱਖ-ਵੱਖ ਰਾਜਾਂ ਤੇ ਪੰਜਾਬ ਦੇ ਕਈ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਆਪਣੀਆਂ ਹਾਜ਼ਰੀਆਂ ਭਰੀਆਂ ਅਤੇ ਸੰਤ ਮਹਾਂਪੁਰਸ਼ਾਂ, ਵਿਦਵਾਨ ਸ਼ਖ਼ਸ਼ੀਅਤਾਂ ਪਾਸੋਂ ਗੁਰਮਤਿ ਵਿਚਾਰ ਸਰਵਨ ਕੀਤੇ। ਸੰਤ ਸਮਾਗਮ ਦੌਰਾਨ ਇਕੱਤਰ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਵੱਦੀ ਟਕਸਾਲ ਦੇ ਬਾਨੀ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਗਏ ਮਿਸਾਲੀ ਕਾਰਜ ਸਮੁੱਚੀ ਕੌਮ ਦੇ ਲਈ ਪ੍ਰੇਰਣਾ ਦਾ ਸਰੋਤ ਹਨ। ਉਨ੍ਹਾਂ ਵੱਲੋਂ ਸਥਾਪਿਤ ਇਹ ਅਸਥਾਨ ਸੰਗੀਤ ਦੀ ਅਦੁੱਤੀ ਅਤੇ ਬੇਮਿਸਾਲ ਟਕਸਾਲ ਹੈ, ਜਿਸ ਦੇ ਅੰਦਰ ਸਾਡੀ ਪੁਰਾਤਨ ਕੀਰਤਨ ਸ਼ੈਲੀ ਵਾਲੇ ਰੱਖੇ ਤੰਤੀ ਸਾਜ਼ ਗੁਰਮਤਿ ਸੰਗੀਤ ਕਲਾ ਦੀ ਸਿਖਲਾਈ ਲੈਣ ਵਾਲੇ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋ ਰਹੇ ਹਨ। ਜੋ ਕਿ ਸਾਡੇ ਲਈ ਵੱਡੇ ਮਾਣ ਵਾਲੀ ਗੱਲ ਹੈ।

ਸੰਤ ਸਮਾਗਮ ਅੰਦਰ ਪੁੱਜੇ ਸੰਤ ਬਾਬਾ ਬਲਬੀਰ ਸਿੰਘ ਮੁੱਖੀ 96 ਕਰੋੜੀ ਬੁੱਢਾ ਦਲ, ਜੱਥੇ. ਨਿਹਾਲ ਸਿੰਘ ਮੁੱਖੀ ਮਿਸਲ ਸ਼ਹੀਦਾਂ ਹਰੀਆਂ ਵੇਲਾਂ ਵਾਲੇ, ਜੱਥੇ. ਗੁਰਦੇਵ ਸਿੰਘ, ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਸੰਤ ਬਾਬਾ ਅਵਤਾਰ ਸਿੰਘ ਜੀ ਦਲ ਪੰਥ ਸੁਰ ਸਿੰਘ ਵਾਲੇ, ਸੰਤ ਬਾਬਾ ਨਰਿੰਦਰ ਸਿੰਘ ਜੀ ਲੰਗਰਾਂ ਵਾਲੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ, ਸੰਤ ਬਾਬਾ ਤੇਜਾ ਸਿੰਘ ਜੀ ਖੁਡਾ ਕੁਰਾਲਾ, ਬਾਬਾ ਮੇਜਰ ਸਿੰਘ ਪੰਜ ਭੈਣੀਆਂ ਵਾਲੇ, ਗਿਆਨੀ ਸੁਖਜੀਤ ਸਿੰਘ ਘਨੱਈਆ, ਗਿਆਨੀ ਸੂਬਾ ਸਿੰਘ, ਸੰਤ ਬਾਬਾ ਹਰੀ ਸਿੰਘ ਜੀਰਾ, ਸੰਤ ਭੁਪਿੰਦਰ ਸਿੰਘ ਅਤੇ ਪੰਥ ਦੇ ਪ੍ਰਸਿੱਧ ਵਿਦਵਾਨ ਤੇ ਕਥਾਵਾਚਕ ਗਿਆਨੀ ਜਸਵੰਤ ਸਿੰਘ ਪਰਵਾਨਾ ਜੀ ਨੇ ਵੀ ਇਕੱਤਰ ਹੋਈਆਂ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਕੇ ਸੰਤ ਬਾਬਾ ਸੁਚਾ ਸਿੰਘ ਜੀ ਨੂੰ ਆਪਣਾ ਸਿੱਜਦਾ ਤੇ ਸਤਿਕਾਰ ਅਰਪਿਤ ਕੀਤਾ।

ਇਸ ਦੌਰਾਨ ਆਯੋਜਿਤ ਕੀਤੇ ਗਏ ਸੰਤ ਸਮਾਗਮ ਵਿੱਚ ਸੰਤ ਬਾਬਾ ਅਵਤਾਰ ਸਿੰਘ ਸਾਧਾਂਵਾਲੇ, ਸੰਤ ਬਾਬਾ ਗੁਰਨਾਮ ਸਿੰਘ ਡਰੋਲੀ ਭਾਈ ਕੇ ਵਾਲੇ, ਬਾਬਾ ਪ੍ਰਤਾਪ ਸਿੰਘ ਮਾਂਡੀ ਵਾਲੇ, ਸੰਤ ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜਾ ਜੀ ਦੇ ਵੱਲੋਂ ਸੇਵਕ ਸਿੰਘ, ਸੰਤ ਬਾਬਾ ਸੇਵਾ ਸਿੰਘ ਜੀ ਖੰਡੂਰ ਸਾਹਿਬ ਵਾਲਿਆਂ ਵੱਲੋ ਆਏ ਸਿੰਘ ਆਦਿ ਨਾਲ ਸਨਮਾਨਿਤ ਕੀਤਾ।

## ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਕਥਾ ਅਤੇ ਕੀਰਤਨ ਸਮਾਗਮ ਕਰਵਾਏ : ਬੈਨੀਪਾਲ



ਲੁਧਿਆਣਾ, 27 ਅਗਸਤ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ ਸੰਗਤਾਂ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਧੰਨ ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਕਥਾ ਅਤੇ ਕੀਰਤਨ ਸਮਾਗਮ ਕਰਵਾਏ ਗਏ। ਜਿਸ ਵਿੱਚ ਪੰਥ ਪ੍ਰਸਿੱਧ ਪ੍ਰਚਾਰਕ ਅਤੇ ਰਾਗੀ ਜਥਿਆਂ ਨੇ ਹਾਜ਼ਰੀਆਂ ਭਰੀਆਂ। ਸਵੇਰ ਅੰਮ੍ਰਿਤ ਵੇਲੇ ਤੋਂ ਹੀ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ। ਆਸਾ ਜੀ ਦੀ ਵਾਰ ਦੇ ਕੀਰਤਨ ਭਾਈ ਦਿਲਬਾਗ ਸਿੰਘ ਗੁਰੂ ਕੀ ਕਾਸ਼ੀ ਵਾਲਿਆਂ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਸ੍ਰਵਨ ਕਰਵਾਏ। ਗਿਆਨੀ ਹਰਦੀਪ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਅਰਜਨ ਦੇਵ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਸ਼ਾਮ ਦੇ ਸਮਾਗਮ ਵਿੱਚ ਗਿਆਨੀ ਸੰਦੀਪ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਸੂਰਜ ਪ੍ਰਕਾਸ਼ ਦੀ ਕਥਾ ਦੀ ਵੀਆਖਿਆ ਸੰਗਤਾਂ ਨਾਲ ਸਾਂਝੀ ਕੀਤੀ। ਸੋਦਰੁ ਰਹਿਰਾਸ ਦੀ ਚੌਂਕੀ ਤੋਂ ਬਾਅਦ ਗਿਆਨੀ ਨਿਰਮਲ ਸਿੰਘ ਜੀ ਅੰਬਾਲੇ ਵਾਲਿਆਂ ਨੇ ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਦਿਵਸ ਬਾਰੇ ਸੰਗਤਾਂ ਨੂੰ ਦੱਸਿਆ ਕਿ ਗੁਰੂ ਅਰਜਨ ਦੇਵ ਜੀ ਨੂੰ ਉਹਨਾਂ ਦੇ ਪਿਤਾ ਗੁਰੂ ਰਾਮਦਾਸ ਜੀ ਨੇ ਦਿੱਤੀ ਸੀ। ਬਾਅਦ ਵਿੱਚ ਭਾਈ ਕ੍ਰਿਪਾਲ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲਿਆਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ । ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰ ਕੇ ਆਪਣਾ ਜੀਵਨ ਸਫਲਾ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਤਰਲੋਕ ਸਿੰਘ ਸਚਦੇਵਾ ਅਤੇ ਮੱਕੜ ਸਾਹਿਬ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਕੀਰਤਨੀ ਜੱਥੇ ਦਾ ਸਨਮਾਨ ਕੀਤਾ।

# ਹੁਸੈਨੀਵਾਲਾ ਤੋਂ ਚੱਲੇ ਕਮਿਊਨਿਸਟ ਪਾਰਟੀ ਦੇ 'ਲੋਕ ਚੇਤਨਾ ਜੱਥਾ ਮਾਰਚ' ਦਾ ਲੁਧਿਆਣਾ ਵਿਖੇ ਭਰਵਾਂ ਸਵਾਗਤ

ਲੁਧਿਆਣਾ, 27 ਅਗਸਤ (ਰਵਿੰਦਰ ਸਿੰਘ ਨਿੱਝਰ) : ਭਾਰਤੀ ਕਮਿਊਨਿਸਟ ਪਾਰਟੀ ਦਾ 25ਵਾਂ ਕੌਮੀ ਮਹਾਂ ਸੰਮੇਲਨ 21 ਤੋਂ 25 ਸਤੰਬਰ 2025 ਨੂੰ ਚੰਡੀਗੜ੍ਹ ਵਿਖੇ ਹੋ ਰਿਹਾ ਹੈ। ਇਸ ਸੰਮੇਲਨ ਵਿੱਚ ਦੇਸ਼ ਅਤੇ ਦੁਨੀਆਂ ਨੂੰ ਦਰਪੇਸ਼ ਮਸਲਿਆਂ ਤੇ ਵਿਚਾਰਾਂ ਕਰਕੇ ਉਹਨਾਂ ਦੇ ਹੱਲ ਲੱਭਣ ਅਤੇ ਆਉਣ ਵਾਲੇ ਸਮੇਂ ਲਈ ਸੰਘਰਸ਼ ਦੀਆਂ ਨੀਤੀਆਂ ਤੈਅ ਕਰਨ 'ਤੇ ਵਿਚਾਰਾਂ ਹੋਣਗੀਆਂ। ਇਸ ਸੰਮੇਲਨ ਦਾ ਮਹੱਤਵ ਇਸ ਲਈ ਹੈ,ਕਿ ਅੱਜ ਦੇਸ਼ ਦੀ ਰਾਜਨੀਤਿਕ ਤੇ ਆਰਥਿਕ ਸਥਿਤੀ ਬਹੁਤ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਹੀ ਹੈ। ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਲੋਕਾਂ ਦੇ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ। ਮਹਿੰਗਾਈ ਲਗਾਤਾਰ ਵੱਧ ਰਹੀ ਹੈ ਅਤੇ ਸਿਹਤ ਤੇ ਸਿੱਖਿਆ ਦੀਆਂ ਸਹੂਲਤਾਂ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਕਾਰਪੋਰੇਟ ਪੱਖੀ ਅਤੇ ਇੱਕ ਵਿਸ਼ੇਸ਼ ਧਰਮ ਦੇ ਹਿੱਤਾਂ ਨੂੰ ਸਨਮੁੱਖ ਰੱਖ ਕੇ ਸਿੱਖਿਆ ਦੀ ਜੋ ਨੀਤੀ ਘੜੀ ਜਾ ਰਹੀ ਹੈ ਅਤੇ ਮਨਘੜਤ ਇਤਿਹਾਸ ਬੱਚਿਆਂ ਨੂੰ ਪੜ੍ਹਾਇਆ ਜਾ ਰਿਹਾ ਹੈ। ਉਸਦੇ ਆਉਣ ਵਾਲੇ ਸਮੇਂ ਵਿੱਚ ਬਹੁਤ ਮਾੜੇ ਪ੍ਰਭਾਵ ਪੈਣਗੇ। ਦੁਨੀਆਂ ਵਿੱਚ ਅਨੇਕਾਂ ਥਾਵਾਂ 'ਤੇ ਚੱਲ ਰਹੀਆਂ ਜੰਗਾਂ ਕਰਕੇ ਪਰਮਾਣੂ ਹਥਿਆਰਾਂ ਦੀ ਵਰਤੋਂ ਦਾ ਖਤਰਾ ਵੱਧ ਰਿਹਾ ਹੈ ਅਤੇ ਦੁਨੀਆਂ ਵਿੱਚ ਖ਼ੁਰਾਕ ਸਮੱਸਿਆ ਵੀ ਵੱਧ ਰਹੀ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਹਾਲਤ ਲਗਾਤਾਰ ਖਰਾਬ ਹੋ ਰਹੀ ਹੈ ਤੇ ਮਾਫੀਆਂ ਦਾ ਬੋਲਬਾਲਾ ਹੋ ਰਿਹਾ ਹੈ। ਇਸ ਸੰਦਰਭ ਵਿੱਚ ਪਾਰਟੀ ਦਾ ਜੱਥਾ ਹੁਸੈਨੀਵਾਲਾ ਤੋਂ 21 ਅਗਸਤ ਨੂੰ ਚੱਲਿਆ ਹੋਇਆ ਹੈ ਤੇ ਉਹ ਲੁਧਿਆਣਾ ਜ਼ਿਲ੍ਹੇ ਵਿੱਚ ਦਾਖਲ ਹੋ ਗਿਆ ਹੈ। ਸਭ ਤੋਂ ਪਹਿਲਾਂ ਜਗਰਾਓਂ ਵਿਖੇ ਬੱਸ ਅੱਡੇ 'ਤੇ ਇੱਕ ਰੈਲੀ ਕੀਤੀ ਗਈ। ਉਸ ਉਪਰੰਤ ਜੱਥਾ ਲੁਧਿਆਣਾ ਸ਼ਹਿਰ ਪਹੁੰਚਿਆ ਤੇ ਉਸਦਾ ਫਿਰੋਜ਼ਪੁਰ ਰੋਡ 'ਤੇ ਸੁਆਗਤ ਕੀਤਾ ਗਿਆ। ਇਸ ਮੌਕੇ 'ਤੇ ਕੌਮੀ ਕੌਂਸਲ ਮੈਂਬਰ ਡਾਕਟਰ ਅਰੁਣ ਮਿੱਤਰਾ ਨੇ ਜੱਥੇ ਨੂੰ ਜੀ ਆਇਆਂ ਕਿਹਾ ਅਤੇ ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸ਼ਵਰੀ ਨੇ ਸੰਬੋਧਨ ਕਰਦੇ ਹੋਏ ਦੇਸ਼ ਦੇ ਹਾਲਾਤ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਜੱਥੇ ਨੂੰ ਕਾਮਰੇਡ ਚਮਕੌਰ ਸਿੰਘ, ਵਿਜੇ ਕੁਮਾਰ, ਡਾ ਰਜਿੰਦਰ ਪਾਲ ਸਿੰਘ ਔਲਖ , ਜਗਦੀਸ਼ ਰਾਏ ਬੌਬੀ, ਦੀਪਕ ਕੁਮਾਰ,ਨਰੇਸ਼ ਗੌੜ ,ਐਮ ਐਸ ਭਾਟੀਆ, ਕੇਵਲ ਸਿੰਘ ਬਨਵੈਤ, ਕਾਮਰੇਡ ਭਰਪੂਰ ਸਿੰਘ ਆਦਿ ਨੇ ਸੰਬੋਧਨ ਕੀਤਾ ਉਪਰੰਤ ਘੁੰਮਾਰ ਮੰਡੀ ਵਿੱਚ ਦੀ ਹੁੰਦਾ ਹੋਇਆ ਜੱਥਾ ਜਗਰਾਓਂ ਪੁੱਲ 'ਤੇ ਪੁੱਜਿਆ। ਜਿੱਥੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਬੁੱਤਾਂ ਨੂੰ ਹਾਰ ਪਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

## ਸ਼ਾਹਕੋਟੀ ਨਮਿਤ ਸ਼ਰਧਾਂਜਲੀ ਸਮਾਗਮ



ਲੁਧਿਆਣਾ, 27 ਅਗਸਤ (ਰਵਿੰਦਰ ਸਿੰਘ ਨਿੱਝਰ) : ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਮੁੱਖ ਬੁਲਾਰਾ ਗੁਰਚਰਨ ਸਿੰਘ ਸ਼ਾਹਕੋਟੀ ਜੋ ਪਿਛਲੇ ਦਿਨੀਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਉਹਨਾਂ ਦਾ ਨਮਿੱਤ ਰੱਖੇ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਅੱਜ ਗੁਰਦੁਆਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ,ਪਾਸੀ ਨਗਰ ਵਿਖੇ ਹੋਈ। ਇਸ ਮੌਕੇ ਰਾਗੀ ਸਿੰਘਾਂ ਨੇ ਰਸਭਿੰਨਾ ਕੀਰਤਨ ਕਰਕੇ ਕੇ ਆਈ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਉਚੇਚੇ ਤੌਰ 'ਤੇ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਕੌਮੀ ਪ੍ਰਧਾਨ ਗੁਰਨਾਮ ਸਿੰਘ ਚੜੂਨੀ, ਜਗਜੀਤ ਸਿੰਘ ਅਰੋੜਾ ਸੂਬਾ ਜਨਰਲ ਸਕੱਤਰ, ਰੋਸ਼ਨ ਸਿੰਘ ਸਾਗਰ, ਸੁਖਦੇਵ ਸਿੰਘ ਕਨੀਜਾ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਭਜਨ ਸਿੰਘ ਪਾਸੀ ਨੇ ਵੀ ਸ਼ਾਹਕੋਟੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਅਮਰਿੰਦਰ ਸਿੰਘ ਹੈਪੀ, ਕਰਮਜੀਤ ਸਿੰਘ ਸੰਧੂ, ਸਰਪੰਚ ਰੋਸ਼ਨ ਸਿੰਘ, ਦਵਿੰਦਰ ਸਿੰਘ ਘੁੰਮਣ, ਕੈਪਟਨ ਕੁਲਵੰਤ ਸਿੰਘ, ਕੈਪਟਨ ਮਲਕੀਤ ਸਿੰਘ, ਹਰਭਜਨ ਸਿੰਘ ਪੀਏਯੂ, ਮਨਜੀਤ ਸਿੰਘ ਅਰੋੜਾ, ਦਿਲਦਾਰ ਪ੍ਰੀਤ ਸਿੰਘ ਅਤੇ ਅਜਮੇਰ ਸਿੰਘ ਚੋਹਾਨ ਆਦਿ ਵੀ ਹਾਜ਼ਰ ਸਨ।

## ਸਰਕਾਰ ਖ਼ਰੀਦ ਪ੍ਰਕਿਰਿਆ ਨਾਲ ਜੁੜੇ ਭਾਈਵਾਲਾਂ ਦੀ ਭਲਾਈ ਲਈ ਵਚਨਬੱਧ : ਖੁੱਡੀਆਂ



ਲੁਧਿਆਣਾ, 27 ਅਗਸਤ (ਵਿਸ਼ਾਲ ਸ਼ਰਮਾ/ਅਰਵਿੰਦਰ ਸਿੰਘ ਸਵੈਚ) : ਪੰਜਾਬ ਸਰਕਾਰ ਵੱਲੋਂ ਕਣਕ ਅਤੇ ਝੋਨੇ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਬਣਾਈ ਗਈ ਸਬ-ਕਮੇਟੀ ਦੇ ਚੇਅਰਮੈਨ ਅਤੇ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਏਸ਼ੀਆ ਦੀ ਸਭ ਤੋਂ ਵੱਡੀ ਦਾਣਾ ਮੰਡੀ ਖੰਨਾ ਦੇ ਮਾਰਕੀਟ ਕਮੇਟੀ ਦਫ਼ਤਰ ਦੇ ਮੀਟਿੰਗ ਹਾਲ ਵਿੱਚ ਆੜ੍ਹਤੀਆ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਕਣਕ ਅਤੇ ਝੋਨੇ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਮੀਟਿੰਗ ਕੀਤੀ ਅਤੇ ਆੜ੍ਹਤੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਵੀ ਸੁਣੀਆਂ। ਇਸ ਮੌਕੇ ਉਨ੍ਹਾਂ ਨਾਲ ਅਮਰਗੜ੍ਹ ਦੇ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਬਰਸਟ, ਮਾਰਕੀਟ ਕਮੇਟੀ ਖੰਨਾ ਦੇ ਚੇਅਰਮੈਨ ਜਗਤਾਰ ਸਿੰਘ ਰਤਨਹੇੜੀ, ਆੜ੍ਹਤੀਆਂ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਅਤੇ ਆੜ੍ਹਤੀਆ ਐਸੋਸੀਏਸ਼ਨ ਖੰਨਾ ਦੇ ਪ੍ਰਧਾਨ ਹਰਬੰਸ ਸਿੰਘ ਵੀ ਮੌਜੂਦ ਸਨ।

ਖੇਤੀਬਾੜੀ ਮੰਤਰੀ ਖੁੱਡੀਆਂ ਨੇ ਕਿਹਾ ਕਿ ਆੜ੍ਹਤੀਆਂ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ ਹੈ। ਉਸ ਵਿੱਚੋਂ ਕੁੱਝ ਮੰਗਾਂ ਪੰਜਾਬ ਸਰਕਾਰ ਨਾਲ ਸਬੰਧਤ ਹਨ ਉਨ੍ਹਾਂ ਨੂੰ ਜਲਦ ਹੱਲ ਕਰ ਲਿਆ ਜਾਵੇਗਾ ਅਤੇ ਜੋ ਮੰਗਾਂ ਕੇਂਦਰ ਸਰਕਾਰ ਨਾਲ ਸਬੰਧਤ ਹਨ ਉਨ੍ਹਾਂ ਦੀ ਵੀ ਪੈਰਵਾਈ ਕਰਕੇ ਕੇਂਦਰ ਸਰਕਾਰ ਤੋਂ ਹੱਲ ਕਰਵਾਵਾਂਗੇ। ਉਨ੍ਹਾਂ ਕਿਹਾ ਕਿ ਮਜਦੂਰਾਂ ਦੀ ਮਜਦੂਰੀ ਵਧਾਉਣ ਸਬੰਧੀ ਗੱਲ ਚੱਲੀ ਸੀ। ਪੰਜਾਬ ਸਰਕਾਰ ਨੇ ਆਪਣੀ ਹੈਸੀਅਤ ਮੁਤਾਬਿਕ 10 ਪ੍ਰਤੀਸ਼ਤ ਦਾ ਵਾਧਾ ਕੀਤਾ ਹੈ।

ਮੰਤਰੀ ਸੌਂਦ ਨੇ ਖੇਤੀਬਾੜੀ ਮੰਤਰੀ ਖੁੱਡੀਆਂ ਅੱਗੇ ਮੰਗ ਰੱਖਦਿਆਂ ਕਿਹਾ ਕਿ ਖੰਨਾ ਦੇ ਨਾਲ ਲੱਗਦੀ ਦਹਿੜੂ ਮੰਡੀ ਦਾ ਵਿਸਥਾਰ ਕਰਕੇ ਉਸ ਨੂੰ ਪੱਕਾ ਕੀਤਾ ਜਾਵੇ। ਇਸ ਤੋਂ ਇਲਾਵਾ ਖੰਨਾ ਦੀ ਰਹੌਣ ਮੰਡੀ ਦੇ ਨਾਲ ਲੱਗਦੀਆਂ ਲਿੰਕ ਸੜਕਾਂ ਨੂੰ ਮੰਡੀ ਬੋਰਡ ਵੱਲੋਂ ਜਲਦ ਬਣਾਇਆ ਜਾਵੇ। ਖੇਤੀਬਾੜੀ ਮੰਤਰੀ ਖੁੱਡੀਆਂ ਵੱਲੋਂ ਜਲਦੀ ਹੀ ਇਹਨਾਂ ਮੰਗਾਂ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ। ਖੰਨਾ ਆੜ੍ਹਤੀਆਂ ਵੱਲੋਂ ਰੱਖੀ ਮੰਗ ਅਨੁਸਾਰ ਆੜ੍ਹਤ ਦੀਆਂ ਦੁਕਾਨਾਂ ਉਹਨਾਂ ਦੇ ਨਾਂ ਨਹੀਂ ਹਨ। ਪਰ ਫਿਰ ਵੀ ਆੜ੍ਹਤ ਦੀਆਂ ਦੁਕਾਨਾਂ ਦਾ ਉਨ੍ਹਾਂ ਤੋਂ ਪ੍ਰਾਪਰਟੀ ਟੈਕਸ ਲਿਆ ਜਾਂਦਾ ਹੈ। ਆੜ੍ਹਤੀਆਂ ਦੀ ਇਸ ਮੰਗ 'ਤੇ ਬੋਲਦਿਆਂ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਇਹ ਪ੍ਰਾਪਰਟੀ ਮੰਡੀ ਬੋਰਡ ਦੀ ਹੈ ਇਸ ਤੇ ਨਗਰ ਕੌਂਸਲ ਵੱਲੋਂ ਟੈਕਸ ਨਹੀਂ ਲਿਆ ਜਾ ਸਕਦਾ। ਕਿਉਂਕਿ ਕਿ ਸਾਡੀ ਖੇਤੀਬਾੜੀ ਜ਼ਮੀਨ ਐਕਵਾਇਰ ਕਰਕੇ ਮੰਡੀ ਬਣਾਈ ਜਾਂਦੀ ਹੈ ਉਸ ਤੋਂ ਕੋਈ ਹੋਰ ਅਥਾਰਟੀ ਟੈਕਸ ਨਹੀਂ ਲੈ ਸਕਦੀ। ਇਸ ਮਸਲੇ ਨੂੰ ਜਲਦੀ ਹੱਲ ਕਰ ਲਿਆ ਜਾਵੇਗਾ।

## ਗੁਰਦੁਆਰਾ ਸਿੰਘ ਸਭਾ ਵਿਖੇ ਚੁਪਹਿਰਾ ਸਮਾਗਮ ਅੱਜ



ਲੁਧਿਆਣਾ, 27 ਅਗਸਤ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਚੁਪਹਿਰਾ ਸਮਾਗਮ 28 ਅਗਸਤ ਦਿਨ ਵੀਰਵਾਰ ਨੂੰ ਕਰਵਾਇਆ ਜਾ ਰਿਹਾ ਹੈ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ ਨੇ ਦੱਸਿਆ ਕਿ ਇਹ ਚੁਪਹਿਰਾ ਸਮਾਗਮ ਹਰ ਹਫਤੇ ਬਾਅਦ ਦੁਪਹਿਰ 2 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਹੁੰਦਾ ਹੈ। ਉਹਨਾਂ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ।

## ਬੇਅਦਬੀ ਕਾਂਡ ਦੇ ਦੋਸ਼ੀ ਗੁਰਿੰਦਰ ਦੀ ਜ਼ਮਾਨਤ ਅਪੀਲ ਰੱਦ, ਜੇਲ੍ਹ ਭੇਜਿਆ



ਲੁਧਿਆਣਾ, 27 ਅਗਸਤ (ਵਿਸ਼ਾਲ ਸ਼ਰਮਾ) : ਲੁਧਿਆਣਾ ਦੇ ਦੱਦੀ ਕਲੋਨੀ ਦੇ ਪਾਲਮ ਵਿਹਾਰ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿੱਚ 12 ਫਰਵਰੀ, 2019 ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਕਲੋਨੀ ਦੇ ਵਸਨੀਕ ਸੋਹਣ ਸਿੰਘ ਦੇ ਪੁੱਤਰ ਗੁਰਿੰਦਰ ਦੀ ਅਪੀਲ, ਲੁਧਿਆਣਾ ਦੇ ਵਧੀਕ ਸੈਸ਼ਨ ਜੱਜ ਮੈਡਮ ਸਾਰੂ ਮਹਿਤਾ ਕੌਸ਼ਿਕ ਨੇ ਰੱਦ ਕਰ ਦਿੱਤੀ ਹੈ ਅਤੇ ਗੁਰਿੰਦਰ ਨੂੰ ਬਾਕੀ ਸਜ਼ਾ ਹਿਰਾਸਤ ਵਿੱਚ ਭੁਗਤਣ ਲਈ ਕੇਂਦਰੀ ਜੇਲ੍ਹ, ਲੁਧਿਆਣਾ ਭੇਜ ਦਿੱਤਾ ਗਿਆ ਹੈ।

ਇਸ ਸਬੰਧ ਵਿੱਚ, ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਜਲ ਸਿੰਘ ਵੱਲੋਂ ਧਾਰਾ 295-ਏ ਤਹਿਤ ਲੁਧਿਆਣਾ ਪੁਲਿਸ ਥਾਣਾ ਸਦਰ ਵਿੱਚ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਮੁੱਦਈ ਦੀ ਨੁਮਾਇੰਦਗੀ ਕਰ ਰਹੇ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਮੀਡੀਆ ਨੂੰ ਦੱਸਿਆ ਕਿ ਗੁਰਿੰਦਰ, ਜੋ ਕਿ ਅੱਡਾ ਜੋਧਾਂ ਵਿੱਚ ਇੱਕ ਦੁਕਾਨ ਚਲਾਉਂਦਾ ਸੀ, ਨੂੰ ਬੇਅਦਬੀ ਤੋਂ ਬਾਅਦ ਸੀਸੀਟੀਵੀ ਕੈਮਰਿਆਂ ਰਾਹੀਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਲੁਧਿਆਣਾ ਦੀ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਮੈਡਮ ਰਾਜਵਿੰਦਰ ਕੌਰ ਨੇ 6 ਫਰਵਰੀ, 2024 ਨੂੰ ਧਾਰਾ 295-ਏ ਤਹਿਤ ਉਸਨੂੰ 6 ਮਹੀਨੇ ਦੀ ਕੈਦ ਅਤੇ 3000/- ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਸੀ। ਜ਼ਮਾਨਤ ਮਿਲਣ ਤੋਂ ਬਾਅਦ, ਗੁਰਿੰਦਰ ਨੇ ਸੈਸ਼ਨ ਅਦਾਲਤ ਵਿੱਚ ਅਪੀਲ ਦਾਇਰ ਕੀਤੀ, ਜਿਸ ਤੋਂ ਬਾਅਦ ਅਦਾਲਤ ਨੇ ਗੁਰਿੰਦਰ ਦੀ ਅਪੀਲ ਰੱਦ ਕਰ ਦਿੱਤੀ ਅਤੇ 6 ਮਹੀਨੇ ਦੀ ਸਜ਼ਾ ਨੂੰ ਬਰਕਰਾਰ ਰੱਖਿਆ। ਐਡਵੋਕੇਟ ਮੰਝਪੁਰ ਨੇ ਕਿਹਾ ਕਿ ਗੁਰਿੰਦਰ ਇੱਕ ਨਾਸਤਿਕ ਸੀ ਜਿਸਨੇ ਇਹ ਅਪਰਾਧ ਬੁਰੀ ਭਾਵਨਾ ਨਾਲ ਕੀਤਾ ਸੀ ਅਤੇ ਆਪਣੇ ਅਪਰਾਧ ਤੋਂ ਇਨਕਾਰ ਕਰਨ ਲਈ, ਉਸਨੇ ਮਾਨਸਿਕ ਤੌਰ 'ਤੇ ਪਰੇਸ਼ਾਨ ਹੋਣ ਦਾ ਬਹਾਨਾ ਬਣਾਇਆ ਸੀ, ਪਰ ਅਦਾਲਤ ਨੇ ਇਸ ਬਹਾਨੇ ਨੂੰ ਨਜ਼ਰਅੰਦਾਜ਼ ਕਰਕੇ ਉਸ ਨੂੰ ਸਜ਼ਾ ਸੁਣਾਈ।

## ਡੀ.ਸੀ. ਵੱਲੋਂ ਸਿਵਲ ਹਸਪਤਾਲ ਦੀ ਵਿਆਪਕ ਸਮੀਖਿਆ




ਲੁਧਿਆਣਾ, 27 ਅਗਸਤ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਬੁੱਧਵਾਰ ਨੂੰ ਸਥਾਨਕ ਸਿਵਲ ਹਸਪਤਾਲ ਦੀ ਡੂੰਘਾਈ ਨਾਲ ਸਮੀਖਿਆ ਕੀਤੀ, ਹਰੇਕ ਵਿੰਗ ਦੇ ਸੰਚਾਲਨ ਅਤੇ ਬੁਨਿਆਦੀ ਢਾਂਚੇ ਦਾ ਮੁਲਾਂਕਣ ਕੀਤਾ ਤਾਂ ਜੋ ਭਾਈਚਾਰੇ ਲਈ ਉੱਚ-ਗੁਣਵੱਤਾ ਵਾਲੀਆਂ ਸਿਹਤ ਸੰਭਾਲ ਸੇਵਾਵਾਂ ਨੂੰ ਯਕੀਨੀ ਬਣਾਇਆ ਜਾ ਸਕੇ। ਸਿਹਤ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ, ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ/ਵਿਭਾਗਾਂ ਅਤੇ ਮਨੁੱਖੀ ਸ਼ਕਤੀ ਦੇ ਕਾਰਜਾਂ ਅਤੇ ਕਰਤੱਵਾਂ ਦਾ ਮੁਲਾਂਕਣ ਕਰਨ 'ਤੇ ਧਿਆਨ ਕੇਂਦਰਿਤ ਕੀਤਾ, ਜਿਸ ਵਿੱਚ ਰੋਜ਼ਾਨਾ ਆਊਟਪੇਸ਼ੈਂਟ ਵਿਭਾਗ (OPD) ਸੇਵਾਵਾਂ, ਇਨਪੇਸ਼ੈਂਟ ਵਿਭਾਗ (IPD) ਕਾਰਜਾਂ, ਡਾਇਗਨੌਸਟਿਕ ਟੈਸਟਾਂ, ਵਾਰਡਾਂ, ਜੱਚਾ ਅਤੇ ਬਾਲ ਸਿਹਤ (MCH) ਇਮਾਰਤ ਅਤੇ ਹੋਰ ਸਹੂਲਤਾਂ ਦੀ ਵਿਸਤ੍ਰਿਤ ਜਾਂਚ ਕੀਤੀ ਗਈ। ਸਮੀਖਿਆ ਦੌਰਾਨ, ਡਿਪਟੀ ਕਮਿਸ਼ਨਰ ਨੇ ਪਹੁੰਚਯੋਗ, ਉੱਚ-ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਅਤੇ ਅਤਿ-ਆਧੁਨਿਕ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਹਸਪਤਾਲ ਦੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਮਰੀਜ਼ਾਂ ਨੂੰ ਡਾਕਟਰੀ ਦੇਖਭਾਲ ਤੱਕ ਪਹੁੰਚ ਕਰਨ ਵਿੱਚ ਕੋਈ ਰੁਕਾਵਟ ਨਾ ਆਵੇ ਅਤੇ ਸਫਾਈ, ਸੀਵਰੇਜ ਪ੍ਰਬੰਧਨ ਅਤੇ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਸਪਲਾਈ ਦੇ ਉੱਚ ਮਿਆਰਾਂ ਨੂੰ ਬਣਾਈ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਹਸਪਤਾਲ ਦੀ ਕੁਸ਼ਲਤਾ ਨੂੰ ਹੋਰ ਵਧਾਉਣ ਲਈ, ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਰੇਕ ਵਿੰਗ ਦਾ ਪਾੜਾ ਵਿਸ਼ਲੇਸ਼ਣ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਸੁਧਾਰ ਲਈ ਖੇਤਰਾਂ ਦੀ ਪਛਾਣ ਕੀਤੀ ਜਾ ਸਕੇ। ਇਹ ਵਿਸ਼ਲੇਸ਼ਣ ਮਰੀਜ਼ਾਂ ਦੀ ਬਿਹਤਰ ਸੇਵਾ ਕਰਨ ਅਤੇ ਹਸਪਤਾਲ ਦੇ ਮਿਆਰਾਂ ਨੂੰ ਉੱਚਾ ਚੁੱਕਣ ਲਈ ਰਣਨੀਤਕ ਯੋਜਨਾਬੰਦੀ ਅਤੇ ਲਾਗੂਕਰਨ ਦੀ ਅਗਵਾਈ ਕਰੇਗਾ।

# ਦਿੱਲੀ ਪੁਲਿਸ ਨੇ ਲੰਬਿਤ ਟ੍ਰੈਫਿਕ ਚਲਾਨ ਦੇ ਬਹਾਨੇ ਆਨਲਾਈਨ ਠੱਗੀ ਮਾਰਨ ਵਾਲਾ ਪੰਜਾਬ ਦਾ ਵਿਅਕਤੀ ਕੀਤਾ ਗ੍ਰਿਫ਼ਤਾਰ

ਨਵੀਂ ਦਿੱਲੀ, 27 ਅਗਸਤ (ਚ.ਨ.ਸ.): ਦਿੱਲੀ ਪੁਲਿਸ ਨੇ ਮੰਗਲਵਾਰ ਨੂੰ ਪੰਜਾਬ ਦੇ ਇੱਕ 24 ਸਾਲਾ ਵਿਅਕਤੀ ਨੂੰ ਸ਼ਹਿਰ ਦੇ ਨਿਵਾਸੀ ਨਾਲ ਲੰਬਿਤ ਟ੍ਰੈਫਿਕ ਚਲਾਨ ਦੇ ਬਹਾਨੇ ਇੱਕ ਖਤਰਨਾਕ ਮੋਬਾਈਲ ਐਪਲੀਕੇਸ਼ਨ ਸਥਾਪਤ ਕਰਕੇ ਤੇ ਪੀੜਤ ਦੇ ਫੋਨ ਨੂੰ ਹੈਕ ਕਰਕੇ 1.58 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਦੋਸ਼ੀ ਦੀ ਪਛਾਣ ਜਲੰਧਰ ਦੇ ਅਜੇ ਕੁਮਾਰ ਵਜੋਂ ਹੋਈ ਹੈ। ਉਸ ਨੇ ਚੋਰੀ ਕੀਤੀ ਰਕਮ ਆਪਣੇ ਕ੍ਰੈਡਿਟ ਕਾਰਡ ਖਾਤੇ ਵਿੱਚ ਪ੍ਰਾਪਤ ਕੀਤੀ ਅਤੇ ਬਾਅਦ ਵਿੱਚ ਪੈਸੇ ਦੇ ਨਿਸ਼ਾਨ ਮਿਟਾਉਣ ਲਈ ਲਈ ਵੱਖ-ਵੱਖ ਬੈਂਕ ਖਾਤਿਆਂ ਵਿੱਚ ਨਕਦੀ ਦੇ ਰੂਪ 'ਚ ਜਮ੍ਹਾ ਕਰਵਾ ਦਿੱਤਾ। ਜੁਰਮ 'ਚ ਵਰਤਿਆ ਗਿਆ ਕ੍ਰੈਡਿਟ ਕਾਰਡ ਬਰਾਮਦ ਕਰ ਲਿਆ ਗਿਆ ਹੈ। ਪੁੱਛਗਿੱਛ ਦੌਰਾਨ ਅਜੇ ਨੇ ਕਬੂਲ ਕੀਤਾ ਕਿ ਉਹ ਸਮਰ ਨਾਮ ਦੇ ਇੱਕ ਹੋਰ ਵਿਅਕਤੀ ਨਾਲ ਕੰਮ ਕਰ ਰਿਹਾ ਸੀ, ਜੋ ਪੁਰਤਗਾਲ ਸਥਿਤ ਇੱਕ ਅੰਤਰਰਾਸ਼ਟਰੀ ਨੰਬਰ ਰਾਹੀਂ ਕੰਮ ਕਰਦਾ ਸੀ। ਸਮਰ ਨੇ ਕਥਿਤ ਤੌਰ 'ਤੇ ਅਜੇ ਨੂੰ ਧੋਖਾਧੜੀ ਵਾਲੀ ਰਕਮ ਨੂੰ ਵਾਪਸ ਲੈਣ ਅਤੇ ਇਸਦੇ ਮੂਲ ਨੂੰ ਛੁਪਾਉਣ ਲਈ ਦੁਬਾਰਾ ਵੰਡਣ ਲਈ ਕਿਹਾ। ਪੁਲਿਸ ਦੇ ਅਨੁਸਾਰ ਪੀਤਮਪੁਰਾ ਦੇ ਵਸਨੀਕ ਆਯੁਸ਼ ਗੋਇਲ ਵੱਲੋਂ ਸਾਈਬਰ ਪੁਲਿਸ ਸਟੇਸ਼ਨ ਨੂੰ ਇੱਕ ਸ਼ਿਕਾਇਤ ਪ੍ਰਾਪਤ ਹੋਈ ਸੀ, ਜਿਸਨੇ ਦੋਸ਼ ਲਗਾਇਆ ਸੀ ਕਿ ਇੱਕ ਧੋਖਾਧੜੀ ਵਾਲੇ ਟਰੈਫਿਕ ਚਲਾਨ ਲਿੰਕ ਰਾਹੀਂ ਉਸ ਨਾਲ 1.58 ਲੱਖ ਰੁਪਏ ਦੀ ਠੱਗੀ ਮਾਰੀ ਗਈ ਹੈ। ਪੁਲਿਸ ਡਿਪਟੀ ਕਮਿਸ਼ਨਰ (ਉੱਤਰ-ਪੱਛਮ) ਭੀਸ਼ਮ ਸਿੰਘ ਨੇ ਕਿਹਾ ਕਿ ਦੋਸ਼ੀ ਨੇ ਕਥਿਤ ਤੌਰ 'ਤੇ ਪੀੜਤ ਨੂੰ ਲੰਬਿਤ ਟਰੈਫਿਕ ਚਲਾਨ ਨੋਟੀਫਿਕੇਸ਼ਨ ਦੇ ਭੇਸ ਵਿੱਚ ਇੱਕ ਏਪੀਕੇ ਫਾਈਲ ਸਥਾਪਤ ਕਰਨ ਲਈ ਮਨਾ ਲਿਆ, ਜਿਸ ਨਾਲ ਉਸਦੇ ਫੋਨ ਤੱਕ ਪਹੁੰਚ ਪ੍ਰਾਪਤ ਹੋਈ ਅਤੇ ਪੈਸੇ ਹੜੱਪ ਲਏ। ਧਾਰਾ 318 (4) (ਧੋਖਾਧੜੀ) ਦੇ ਤਹਿਤ ਇੱਕ ਕੇਸ ਦਰਜ ਕੀਤਾ ਗਿਆ ਸੀ ਤੇ ਜਾਂਚ ਦੌਰਾਨ, ਇਹ ਪਾਇਆ ਗਿਆ ਕਿ ਦੋਸ਼ੀ ਨੇ ਫੰਡਾਂ ਨੂੰ ਕ੍ਰੈਡਿਟ ਕਾਰਡ ਵਿੱਚ ਟਰਾਂਸਫਰ ਕਰਨ ਲਈ ਇੱਕ ਆਨਲਾਈਨ ਪਲੇਟਫਾਰਮ ਦੀ ਵਰਤੋਂ ਕੀਤੀ। ਕਿਉਂਕਿ ਭੁਗਤਾਨ ਐਗਰੀਗੇਟਰ ਆਰਬੀਆਈ ਦੇ ਨਿਯਮਾਂ ਅਨੁਸਾਰ ਪੂਰੇ ਕ੍ਰੈਡਿਟ ਕਾਰਡ ਵੇਰਵਿਆਂ ਨੂੰ ਸਟੋਰ ਨਹੀਂ ਕਰਦੇ ਹਨ, ਇਸ ਲਈ ਸ਼ੁਰੂਆਤੀ ਜਾਂਚ ਚੁਣੌਤੀਪੂਰਨ ਸੀ। ਹਾਲਾਂਕਿ ਵਪਾਰੀ ਡੇਟਾ ਐਗਰੀਗੇਟਰ ਰਿਕਾਰਡ ਤੇ ਲਾਭਪਾਤਰੀ ਵੇਰਵਿਆਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ, ਟੀਮ ਲੈਣ-ਦੇਣ ਦੇ ਨਿਸ਼ਾਨ ਨੂੰ ਲੱਭਣ 'ਚ ਕਾਮਯਾਬ ਰਹੀ। ਅਜੇ ਕੁਮਾਰ ਨੂੰ ਬਾਅਦ ਵਿੱਚ ਜਲੰਧਰ ਜ਼ਿਲ੍ਹੇ ਤੋਂ ਲੱਭਿਆ ਗਿਆ ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਉਹ ਕਦੇ ਵੀ ਸਮਰ ਨੂੰ ਨਿੱਜੀ ਤੌਰ 'ਤੇ ਨਹੀਂ ਮਿਲਿਆ ਤੇ ਸਿਰਫ਼ ਵਟਸਐਪ ਰਾਹੀਂ ਸੰਪਰਕ ਬਣਾਈ ਰੱਖਿਆ।

# ਨਵੇਂ ਸ਼੍ਰੋਮਣੀ ਅਕਾਲੀ ਦਲ ਦਾ 6 ਸਤੰਬਰ ਨੂੰ ਸੱਦਿਆ ਸਟੇਟ ਜਨਰਲ ਡੈਲੀਗੇਟ ਇਜਲਾਸ

ਅੰਮ੍ਰਿਤਸਰ, 27 ਅਗਸਤ (ਚ.ਨ.ਸ.): ਹਾਲ ਹੀ ਵਿਚ 11 ਅਗਸਤ ਨੂੰ ਗਠਿਤ ਹੋਏ ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ/ਗਿਆਨੀ ਹਰਪ੍ਰੀਤ ਸਿੰਘ ਵੱਲੋਂ 6 ਸਤੰਬਰ ਨੂੰ ਪਾਰਟੀ ਦੇ ਸਟੇਟ ਡੈਲੀਗੇਟਾਂ ਦਾ ਜਨਰਲ ਇਜਲਾਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੱਦੇ ਜਾਣ ਦੀ ਸੂਚਨਾ ਹੈ। ਪਾਰਟੀ ਵਲੋਂ ਜਾਰੀ ਅਧਿਕਾਰਤ ਬਿਆਨ ਅਨੁਸਾਰ ਇਸ ਇਜਲਾਸ ਵਿਚ ਜਿੱਥੇ ਪੰਜਾਬ ਭਰ ਤੋਂ ਸਟੇਟ ਡੈਲੀਗੇਟਸ ਸ਼ਾਮਿਲ ਹੋਣਗੇ, ਉੱਥੇ ਹੀ ਦੂਜੇ ਸੂਬਿਆਂ ਤੋਂ ਬਣੇ ਡੈਲੀਗੇਟ ਵੀ ਹਿੱਸਾ ਲੈਣਗੇ। ਇੱਥੇ ਜ਼ਿਕਰਯੋਗ ਹੈ ਕਿ ਇਸੇ ਮਹੀਨੇ 11 ਅਗਸਤ ਨੂੰ ਅੰਮ੍ਰਿਤਸਰ ਵਿਚ ਬੁਲਾਏ ਗਏ ਜਨਰਲ ਡੈਲੀਗੇਟ ਇਜਲਾਸ ਵਿਚ ਪੰਥਕ ਕੌਂਸਲ ਦੇ ਚੇਅਰਪਰਸਨ ਸਮੇਤ ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੀ ਚੋਣ ਸਰਬਸੰਮਤੀ ਨਾਲ ਹੋਈ ਸੀ। ਇਜਲਾਸ ਦੀ ਕਾਰਵਾਈ ਦੌਰਾਨ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਸਾਰੇ ਅਧਿਕਾਰ ਪਾਰਟੀ ਪ੍ਰਧਾਨ ਨੂੰ ਸੌਂਪ ਦਿੱਤੇ ਗਏ ਸਨ, ਪਰ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਚਾਹੁੰਦੇ ਹਨ ਕਿ ਪਾਰਟੀ ਦੇ ਸੰਵਿਧਾਨ ਮੁਤਾਬਕ ਵਰਕਿੰਗ ਕਮੇਟੀ ਦੀ ਚੋਣ ਤੇ ਕੁਝ ਹੋਰ ਅਹਿਮ ਫੈਸਲੇ ਜਨਰਲ ਸਟੇਟ ਡੈਲੀਗੇਟ ਇਜਲਾਸ ਵਿਚ ਹੀ ਲਏ ਜਾਣ। ਇਸ ਕਰਕੇ ਸੂਬੇ ਭਰ ਤੋਂ ਪਾਰਟੀ ਲਈ ਘਰ-ਘਰ ਜਾ ਕੇ ਮੈਂਬਰਸ਼ਿਪ ਭਰਨ ਵਾਲੇ ਸਮੁੱਚੇ ਡੈਲੀਗੇਟਸ ਦੀ ਰਾਇ ਜਾਨਣ ਲਈ ਹੀ 6 ਸਤੰਬਰ ਨੂੰ ਸਟੇਟ ਜਨਰਲ ਡੈਲੀਗੇਟਸ ਇਜਲਾਸ ਬੁਲਾਇਆ ਜਾ ਰਿਹਾ ਹੈ। ਇਜਲਾਸ ਦੌਰਾਨ ਅਹੁਦੇਦਾਰੀਆਂ ਦੀ ਵੰਡ ਸਮੇਂ 'ਇੱਕ ਪਰਿਵਾਰ-ਇੱਕ ਅਹੁਦਾ' ਫਾਰਮੂਲੇ 'ਤੇ ਅਮਲ ਕਰਨ ਦਾ ਐਲਾਨ ਵੀ ਕੀਤਾ ਜਾ ਸਕਦਾ ਹੈ। ਦੂਜੇ ਪਾਸੇ ਜਾਣਕਾਰੀ ਅਨੁਸਾਰ ਨਵੇਂ ਅਕਾਲੀ ਦਲ ਵਲੋਂ ਪਾਰਟੀ ਦੀਆਂ ਰਵਾਇਤਾਂ ਅਨੁਸਾਰ ਗੁਰੂ ਨਗਰੀ ਵਿਖੇ ਪਾਰਟੀ ਦਾ ਮੁੱਖ ਦਫ਼ਤਰ ਕਾਇਮ ਕਰਨ ਲਈ ਯੋਗ ਥਾਂ ਦੀ ਭਾਲ ਤੇਜ਼ੀ ਨਾਲ ਕੀਤੀ ਜਾ ਰਹੀ ਹੈ।

# ਸਿੱਖ ਬੀਬੀਆਂ ਨੇ ਹਮਲਾਵਰਾਂ ਤੋਂ ਇੱਜ਼ਤ ਬਚਾਉਣ ਲਈ ਖੂਹ 'ਚ ਮਾਰੀਆਂ ਸਨ ਛਾਲਾਂ

### ☛ ਸ਼ਹੀਦੀ ਸਾਕੇ ਨੂੰ ਸਮਰਪਿਤ 31 ਨੂੰ ਪਾਏ ਜਾਣਗੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ

ਅੰਮ੍ਰਿਤਸਰ, 27 ਅਗਸਤ (ਚ.ਨ.ਸ.): ਦੇਸ਼ ਦੀ ਵੰਡ ਵੇਲੇ ਹੋਏ ਫਿਰਕੂ ਦੰਗਿਆਂ ਦੌਰਾਨ ਪਾਕਿਸਤਾਨ ਦੇ ਜ਼ਿਲ੍ਹਾ ਰਾਵਲਪਿੰਡੀ ਦੀ ਤਹਿਸੀਲ ਕਹੂਟਾ ਦੀ ਯੂਨੀਅਨ ਕੌਂਸਲ ਪਿੰਡ ਥੋਹਾ ਖ਼ਾਲਸਾ ਦੇ ਦੁਖਾਂਤ ਤੋਂ ਅੱਜ ਲਗਭਗ ਹਰ ਪੰਜਾਬੀ ਜਾਣੂੰ ਹੈ। ਦੇਸ਼ ਦੀ ਵੰਡ ਵੇਲੇ ਹੋਏ ਫਿਰਕੂ ਦੰਗਿਆਂ 'ਚ ਥੋਹਾ ਖ਼ਾਲਸਾ ਦੇ ਗੁਰਦੁਆਰਾ ਦੁੱਖ ਭੰਜਨ ਸਾਹਿਬ ਵਿਚਲੇ ਖੂਹ 'ਚ 93 ਬਹਾਦਰ ਸਿੱਖ ਬੀਬੀਆਂ ਨੇ ਆਪਣੀ ਇੱਜ਼ਤ ਬਚਾਉਣ ਲਈ ਛਾਲਾਂ ਮਾਰ ਕੇ ਖ਼ੁਦ ਨੂੰ ਕੁਰਬਾਨ ਕਰ ਦਿੱਤਾ ਸੀ। ਇਸੇ ਤਰ੍ਹਾਂ ਦਾ ਰੌਂਗਟੇ ਖੜ੍ਹੇ ਕਰ ਦੇਣ ਵਾਲਾ ਇਕ ਹੋਰ ਸਾਕਾ ਉਨ੍ਹੀਂ ਦਿਨੀਂ ਜ਼ਿਲ੍ਹਾ ਸ਼ੇਖੂਪੁਰਾ (ਮੌਜੂਦਾ ਸਮੇਂ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ) ਦੀ ਤਹਿਸੀਲ ਸਾਂਗਲਾ ਹਿੱਲ ਦੇ ਪਿੰਡ ਭੁਲੇਰ ਚੱਕ ਨੰ: 119 'ਚ ਵੀ ਵਾਪਰਿਆ, ਜਿਸ ਤੋਂ ਬਹੁਤੇ ਲੋਕ ਜਾਣੂੰ ਨਹੀਂ ਹਨ। ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਊਢੀ ਵਲੋਂ ਪੌੜੀਆਂ ਉੱਤਰਦਿਆਂ ਹੀ ਹੇਠਾਂ ਇਸ ਸ਼ਹੀਦੀ ਸਾਕੇ ਬਾਰੇ ਇਕ ਤਖ਼ਤੀ ਲਗਾਈ ਗਈ ਹੈ। ਗੱਲਬਾਤ ਕਰਦਿਆਂ ਦੱਸਿਆ ਕਿ ਵੰਡ ਦੇ ਸਮੇਂ ਉਨ੍ਹਾਂ ਜਿਸ 'ਤੇ ਭੁਲੇਰ ਪਿੰਡ 'ਚ ਸ਼ਹੀਦ ਹੋਣ ਵਾਲੇ ਸਿੱਖ ਯੋਧਿਆਂ, ਔਰਤਾਂ ਤੇ ਬੱਚਿਆਂ 'ਚੋਂ ਕੁਝ ਦੇ ਨਾਮ ਉਕਰੇ ਹੋਏ ਹਨ। ਜਦਕਿ ਇਕ ਹੋਰ ਤਖ਼ਤੀ ਬਟਾਲਾ 'ਚ ਨਵੇਂ ਬਣੇ ਗੁਰਦੁਆਰਾ 'ਸ਼ਹੀਦੀ ਸਾਕਾ ਭੁਲੇਰ' 'ਚ ਉੱਥੋਂ ਦੇ ਮੁੱਖ ਪ੍ਰਬੰਧਕ ਜਥੇਦਾਰ ਕੁਲਵੰਤ ਸਿੰਘ ਵਲੋਂ ਪੂਰੀ ਖੋਜ ਕਰਕੇ ਲਗਵਾਈ ਗਈ ਹੈ, ਜਿਸ 'ਚ ਸਾਕੇ 'ਚ ਸ਼ਹੀਦ ਹੋਏ ਸਿੱਖਾਂ ਤੇ ਅਣਖੀ ਬੀਬੀਆਂ ਦੇ ਹੋਰ ਵੀ ਨਾਂਅ ਦਰਜ ਕੀਤੇ ਗਏ ਹਨ। ਗੁਰਦੁਆਰਾ ਸਾਹਿਬ 'ਚ ਹਰ ਸਾਲ 31 ਅਗਸਤ ਨੂੰ ਇਨ੍ਹਾਂ ਸ਼ਹੀਦਾਂ ਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਵੀ ਪਾਏ ਜਾਂਦੇ ਹਨ। ਭੁਲੇਰ ਦੇ ਸ਼ਹੀਦੀ ਸਾਕੇ ਦੇ ਚਸ਼ਮਦੀਦ ਗਵਾਹ ਡਾ: ਵਿਰਸਾ ਸਿੰਘ ਬਾਜਵਾ ਵਲੋਂ ਇਸ ਸ਼ਹੀਦੀ ਸਾਕੇ ਬਾਰੇ ਲਿਖੇ ਕਿਤਾਬਚੇ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਦੇ ਸਪੁੱਤਰ ਰਣਬੀਰ ਸਿੰਘ ਬਾਜਵਾ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਮੁਲਤਾਨ ਵਿਖੇ ਚੀਫ਼ ਸਰਜਨ ਵਜੋਂ ਤਾਇਨਾਤ ਸਨ ਤੇ ਮੁਸਲਿਮ ਪ੍ਰਭਾਵ ਵਾਲੇ ਆਪਣੇ ਜੱਦੀ ਪਿੰਡ 'ਚ ਪੈਦਾ ਹੋਣ ਵਾਲੇ ਖ਼ਤਰੇ ਨੂੰ ਵੇਖਦਿਆਂ ਉਹ ਪਿੰਡ ਭੁਲੇਰ ਵਾਪਸ ਆ ਗਏ। ਰਣਬੀਰ ਸਿੰਘ ਬਾਜਵਾ ਦੱਸਦੇ ਹਨ ਕਿ ਮਾਰਚ 1947 'ਚ ਸ਼ੇਖੂਪੁਰਾ ਵਿਚ ਹਿੰਦੂ-ਸਿੱਖ ਤੇ ਮੁਸਲਿਮ ਭਾਈਚਾਰਿਆਂ 'ਚ ਫ਼ਸਾਦ ਸ਼ੁਰੂ ਹੋ ਚੁੱਕੇ ਸੀ, ਆਲੇ-ਦੁਆਲੇ ਦੇ ਕਈ ਪਿੰਡ ਸਿੱਖ ਜ਼ਿਮੀਂਦਾਰਾਂ ਤੋਂ ਪਿੰਡਾਂ ਨੂੰ ਖ਼ਾਲੀ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਮੁਸਲਿਮ ਲੀਗ ਦੇ ਆਗੂ ਹਥਿਆਰਾਂ ਦਾ ਪ੍ਰਬੰਧ ਕਰ ਰਹੇ ਸਨ। ਸਥਿਤੀ ਨੂੰ ਵੇਖਦਿਆਂ ਸਿੱਖਾਂ ਵੀ ਹਥਿਆਰਾਂ ਦਾ ਪ੍ਰਬੰਧ ਕੀਤਾ ਗਿਆ।

# ਵਿਧਾਇਕ ਭੁੱਲਰ ਨੇ ਸਤਲੁਜ ਦਰਿਆ ਦੇ ਨਾਲ ਲੱਗਦੇ ਪਿੰਡਾਂ 'ਚ ਪਹੁੰਚ ਕੇ ਲੋਕਾਂ ਦਾ ਹਾਲ ਜਾਣਿਆ

### ☛ ਰਣਬੀਰ ਸਿੰਘ ਭੁੱਲਰ ਨੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ



ਫ਼ਿਰੋਜ਼ਪੁਰ, 27 ਅਗਸਤ (ਤਿਵਾੜੀ): ਫ਼ਿਰੋਜ਼ਪੁਰ ਸ਼ਹਿਰੀ ਹਲਕੇ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਵੱਧਣ ਕਾਰਨ ਪਿੰਡ ਨਿਹਾਲੇ ਵਾਲਾ, ਕਿਲਚੇ, ਕਾਲੂ ਵਾਲਾ, ਪਛਾੜੀਆਂ, ਬਸਤੀ ਰਾਮ ਲਾਲ, ਧੀਰਾ ਘਾਰਾ ਦਾ ਦੌਰਾ ਕੀਤਾ ਤੇ ਹੜ੍ਹਾਂ ਦੇ ਮੱਦੇਨਜ਼ਰ ਪਿੰਡ ਵਾਸੀਆਂ ਦਾ ਹਾਲ ਜਾਣਿਆ ਤੇ ਹਰ ਤਰ੍ਹਾਂ ਨਾਲ ਇਸ ਔਖੀ ਘੜੀ ਵਿੱਚ ਸਾਥ ਦੇਣ ਦਾ ਭਰੋਸਾ ਦਿੱਤਾ। ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਪਿੰਡਾਂ ਵਿਚ ਖੁਦ ਪਹੁੰਚ ਕਰਕੇ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਲੋਕਾਂ ਨੂੰ ਖਾਣ-ਪੀਣ ਦਾ ਸਮਾਨ, ਦਵਾਈਆਂ, ਪਸ਼ੂਆਂ ਲਈ ਚਾਰਾ ਤੇ ਦਵਾਈਆਂ ਤੋਂ ਇਲਾਵਾ ਉਨ੍ਹਾਂ ਦੀ ਮੰਗ ਅਨੁਸਾਰ ਇਸ ਔਖੀ ਘੜੀ ਵਿੱਚ ਲੋੜੀਂਦਾ ਸਮਾਨ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਹਲਕੇ ਅੰਦਰ ਪੈਂਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਲਗਾਤਾਰ ਦੌਰਾ ਕੀਤਾ ਜਾ ਰਿਹਾ ਹੈ ਤੇ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹਨਾਂ ਪਿੰਡਾਂ ਵਿੱਚ ਮਨੁੱਖਾਂ ਅਤੇ ਪਸ਼ੂਆਂ ਲਈ ਦਵਾਈਆਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ 'ਤੇ ਮੁਢਲੀ ਸਹਾਇਤਾ ਮੌਕੇ 'ਤੇ ਦਿੱਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਲੋਕਾਂ ਦੀ ਸਹੂਲਤ ਲਈ ਰਾਹਤ ਕੈਂਪ ਵੀ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਉਹ ਆਪਣੀ ਟੀਮ ਨਾਲ ਪਿੰਡਾਂ ਵਿੱਚ ਲਗਾਤਾਰ ਵਿਚਰ ਰਹੇ ਹਨ ਤੇ ਪਾਣੀ ਦੀ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ। ਇਸ ਮੌਕੇ ਵਿਧਾਇਕ ਸਾਹਿਬ ਦੀ ਟੀਮ ਤੇ ਆਮ ਆਦਮੀ ਪਾਰਟੀ ਦੇ ਆਗੂ ਵੀ ਹਾਜ਼ਰ ਸਨ।

# ਟੁੱਟੇ ਹੋਏ ਪੁੱਲ ਦਾ ਜਾਇਜ਼ਾ ਲੈਣ ਦੇ ਲਈ ਸੁਰਿੰਦਰ ਸਿੰਘ ਜੌੜਾ ਪੁੱਜੇ



ਜ਼ੀਰਾ, 27 ਅਗਸਤ (ਦੀਪਕ ਭਾਰਗੋ): ਹਰੀਕੇ ਹੈਡਵਰਕਸ ਤੋਂ ਰਾਜਸਥਾਨ ਨੂੰ ਜਾਂਦੀਆਂ ਨਹਿਰਾਂ ਉੱਪਰ ਪਿੰਡ ਝਾਮਕਾ ਕੋਲ ਬਣਿਆ ਪੁਰਾਣਾ ਪੁਲ ਆਰਜ਼ੀ ਕਾਰ ਟੁੱਟ ਗਿਆ ਹੈ। ਇਹ ਪੁਲ ਲੰਮੇ ਸਮੇਂ ਤੋਂ ਖਰਾਬ ਹਾਲਤ ਵਿੱਚ ਸੀ ਅਤੇ ਲੋਕਾਂ ਨੂੰ ਇਸ 'ਤੇ ਆਉਣ ਜਾਣ ਵਿੱਚ ਹਮੇਸ਼ਾ ਖ਼ਤਰਾ ਮਹਿਸੂਸ ਹੁੰਦਾ ਸੀ। ਕੁਝ ਸਮਾਂ ਪਹਿਲਾਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਸੁਰਿੰਦਰ ਸਿੰਘ ਜੌੜਾ ਨੇ ਇਸ ਮੁੱਦੇ ਨੂੰ ਉਠਾਉਂਦੇ ਹੋਏ ਚੇਤਾਵਨੀ ਦਿੱਤੀ ਸੀ ਕਿ ਪੁਲ ਕਿਸੇ ਵੀ ਵੇਲੇ ਢਹਿ ਸਕਦਾ ਹੈ, ਪਰ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਉਸ ਸਮੇਂ ਕੋਈ ਪੱਕਾ ਕਦਮ ਨਹੀਂ ਚੁੱਕਿਆ ਗਿਆ। ਹੁਣ ਭਾਰੀ ਬਰਸਾਤਾਂ ਕਾਰਨ ਇਹ ਪੁਲ ਢਹਿ ਗਿਆ ਜਿਸ ਨਾਲ ਇਲਾਕੇ ਦੇ ਲੋਕਾਂ ਦੀਆਂ ਚਿੰਤਾਵਾਂ ਸਹੀ ਸਾਬਤ ਹੋ ਗਈਆਂ ਹਨ। ਪੁਲ ਟੁੱਟਣ ਨਾਲ ਸੈਂਕੜਿਆਂ ਪਿੰਡਾਂ ਦੇ ਲੋਕਾਂ ਲਈ ਆਵਾਜਾਈ ਮੁਸ਼ਕਲ ਹੋ ਗਈ ਹੈ। ਖੇਤੀਬਾੜੀ ਦੇ ਸੀਜ਼ਨ ਵਿੱਚ ਕਿਸਾਨਾਂ ਨੂੰ ਖਾਸ ਤੌਰ 'ਤੇ ਭਾਰੀ ਦਿੱਕਤ ਆ ਰਹੀ ਹੈ ਕਿਉਂਕਿ ਖੇਤੀ ਲਈ ਜ਼ਰੂਰੀ ਸਾਮਾਨ ਲਿਜਾਣ ਵਿੱਚ ਰੁਕਾਵਟ ਪੈ ਰਹੀ ਹੈ। ਲੋਕਾਂ ਨੇ ਮੌਕੇ 'ਤੇ ਹੀ ਆਪਣੀਆਂ ਮੁਸ਼ਕਿਲਾਂ ਬਿਆਨ ਕਰਦਿਆਂ ਮੰਗ ਕੀਤੀ ਕਿ ਜਲਦੀ ਨਵਾਂ ਪੁਲ ਬਣਾਇਆ ਜਾਵੇ ਤਾਂ ਜੋ ਆਵਾਜਾਈ ਦੁਬਾਰਾ ਸੁਚਾਰੂ ਹੋ ਸਕੇ। ਇਸ ਵੇਲੇ ਆਵਾਜਾਈ ਲਈ ਲੋਕਾਂ ਨੂੰ ਲੰਮਾ ਚੱਕਰ ਕੱਟਣਾ ਪੈ ਰਿਹਾ ਹੈ, ਜਿਸ ਨਾਲ ਸਮੇਂ ਤੇ ਪੈਸੇ ਦੀ ਬਰਬਾਦੀ ਹੋ ਰਹੀ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਤੁਰੰਤ ਕਾਰਵਾਈ ਕਰੇ ਤਾਂ ਲੋਕਾਂ ਨੂੰ ਹੋਰ ਪ੍ਰੇਸ਼ਾਨੀਆਂ ਤੋਂ ਬਚਾਇਆ ਜਾ ਸਕਦਾ ਹੈ। ਸੁਰਿੰਦਰ ਸਿੰਘ ਜੌੜਾ ਨੇ ਕਿਹਾ ਕਿ ਇਸ ਪੁਲ ਦੇ ਟੁੱਟ ਜਾਣ ਦੇ ਨਾਲ ਲੋਕਾਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਵੇਗਾ ਤੇ ਲੋਕਾਂ ਦਾ ਆਪਸ ਵਿੱਚ ਸੰਪਰਕ ਵੀ ਟੁੱਟ ਜਾਵੇਗਾ। ਹੁਣ ਲੋਕਾਂ ਨੂੰ ਲੰਬੇ ਵਾਇਆ ਦੇ ਰਾਹੀਂ ਆਪਣੀ ਮੰਜ਼ਿਲ 'ਤੇ ਪਹੁੰਚਿਆ ਜਾਇਆ ਕਰੇਗਾ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਇਸ ਨਹਿਰ 'ਤੇ ਬਣੇ ਦੋ ਪਲ ਟੁੱਟ ਚੁੱਕੇ ਹਨ ਤੇ ਹੁਣ ਤੀਸਰਾ ਪੁਲ ਇਹ ਟੁੱਟਿਆ ਹੈ।

# ਕੈਨੇਡੀਅਨ ਕੋਰਟ ਨੇ ਭਾਰਤੀ ਜੋੜੇ ਦੀ ਸ਼ਰਨ ਦੀ ਅਰਜ਼ੀ ਨੂੰ ਰੱਦ ਕੀਤਾ

ਟੋਰਾਂਟੋ, 27 ਅਗਸਤ (ਚ.ਨ.ਸ.): ਕੈਨੇਡਾ ਦੀ ਇੱਕ ਫੈਡਰਲ ਕੋਰਟ ਨੇ ਇੱਕ ਭਾਰਤੀ ਜੋੜੇ ਦੀ ਸ਼ਰਨ ਦੀ ਅਰਜ਼ੀ ਨੂੰ ਰੱਦ ਕਰਨ ਦੇ ਪਿਛਲੇ ਫੈਸਲਿਆਂ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਕਿਹਾ ਕਿ ਉਨ੍ਹਾਂ ਦੀ ਇਹ ਦਲੀਲ ਕਿ ਉਨ੍ਹਾਂ ਨੂੰ ਕੈਨੇਡਾ ਵਿੱਚ ਖਾਲਿਸਤਾਨ ਪੱਖੀ ਗਤੀਵਿਧੀਆਂ ਕਾਰਨ ਭਾਰਤ ਵਿੱਚ 'ਅਤਿਆਚਾਰ' ਦਾ ਸਾਹਮਣਾ ਕਰਨਾ ਪਵੇਗਾ, ਸਹੀ ਇਰਾਦੇ ਨਾਲ ਨਹੀਂ ਦਿੱਤੀ ਗਈ ਸੀ। ਅਮਨਦੀਪ ਸਿੰਘ (38) ਤੇ ਕੰਵਲਦੀਪ ਕੌਰ (32) ਨੇ ਸ਼ੁਰੂ ਵਿੱਚ ਪੰਜਾਬ ਵਿੱਚ ਸਥਾਨਕ ਵਿਵਾਦਾਂ ਦੇ ਆਧਾਰ 'ਤੇ ਸ਼ਰਨ ਲਈ ਅਰਜ਼ੀ ਦਿੱਤੀ ਸੀ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਗੁਆਂਢੀ ਦੁਆਰਾ ਤੰਗ ਕੀਤਾ ਗਿਆ ਸੀ, ਜਿਸਦੇ ਸਿੱਟੇ ਵਜੋਂ ਪੁਲਿਸ ਦੀ ਪੁੱਛਗਿੱਛ, ਧਮਕੀਆਂ ਤੇ ਕੁੱਟਮਾਰ ਹੋਈ। ਜੋੜੇ ਨੇ 2018 ਵਿੱਚ ਕੈਨੇਡਾ ਜਾਣ ਤੋਂ ਪਹਿਲਾਂ ਦਿੱਲੀ ਵਿੱਚ ਪਨਾਹ ਲਈ। ਹਾਲਾਂਕਿ, ਕੈਨੇਡਾ ਪਹੁੰਚਣ ਤੋਂ ਬਾਅਦ ਜੋੜੇ ਨੇ ਆਪਣੀ ਸ਼ਰਨ ਦੀ ਅਰਜ਼ੀ ਨੂੰ ਸੋਧਿਆ ਤੇ ਦਾਅਵਾ ਕੀਤਾ ਕਿ ਉਹ ਖਾਲਿਸਤਾਨ ਅੰਦੋਲਨ ਦੇ ਸਮਰਥਕ ਬਣ ਗਏ ਹਨ ਤੇ ਇਸ ਲਈ ਉਨ੍ਹਾਂ ਨੂੰ ਭਾਰਤ ਵਿੱਚ ਸਤਾਇਆ ਜਾਵੇਗਾ। ਇਸ ਦਾਅਵੇ ਦਾ ਸਮਰਥਨ ਕਰਨ ਲਈ ਉਨ੍ਹਾਂ ਨੇ ਸਿੱਖਸ ਫਾਰ ਜਸਟਿਸ ਨਾਲ ਆਪਣੀ ਕਥਿਤ ਸ਼ਮੂਲੀਅਤ ਨੂੰ ਦਰਸਾਉਂਦੀਆਂ ਫੋਟੋਆਂ ਪੇਸ਼ ਕੀਤੀਆਂ। ਅਦਾਲਤ ਨੇ ਪਾਇਆ ਕਿ ਉਨ੍ਹਾਂ ਦੀਆਂ ਰਾਜਨੀਤਿਕ ਗਤੀਵਿਧੀਆਂ ਕੈਨੇਡਾ ਪਹੁੰਚਣ ਤੋਂ ਬਾਅਦ ਸ਼ੁਰੂ ਹੋਈਆਂ, ਜੋ ਉਨ੍ਹਾਂ ਦੇ ਦਾਅਵੇ ਦੀ ਭਰੋਸੇਯੋਗਤਾ ਨੂੰ ਕਮਜ਼ੋਰ ਕਰਦਾ ਹੈ। ਜੱਜ ਬੇਨੋਇਟ ਐਮ. ਡਚੇਸਨੇ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਜੋੜੇ ਦਾ ਦਾਅਵਾ ਕਪਟ ਤੇ ਚੰਗੇ ਇਰਾਦੇ ਦੀ ਘਾਟ ਸੀ। ਅਦਾਲਤ ਨੇ ਕਿਹਾ ਕਿ ਉਨ੍ਹਾਂ ਕੋਲ ਪਿਛਲੇ ਫੈਸਲਿਆਂ ਵਿੱਚ ਦਖਲ ਦੇਣ ਦਾ ਕੋਈ ਕਾਰਨ ਨਹੀਂ ਹੈ ਜੋ ਪਹਿਲਾਂ ਹੀ ਜੋੜੇ ਦੀ ਅਰਜ਼ੀ ਨੂੰ ਰੱਦ ਕਰ ਚੁੱਕੇ ਸਨ।

# ਵਿਧਾਇਕ ਸਵਨਾ ਨੇ ਪਸ਼ੂਆਂ ਨੂੰ ਫੀਡ ਤੇ ਰਾਸ਼ਨ ਸਮੱਗਰੀ ਦੀ ਕੀਤੀ ਵੰਡ



ਫਾਜ਼ਿਲਕਾ, 27 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਬੀਤੀ ਦੇਰ ਰਾਤ ਹਲਕਾ ਫਾਜ਼ਿਲਕਾ ਦੇ ਪਿੰਡ ਝੰਗੜ ਭੈਣੀ, ਰਾਮ ਸਿੰਘ ਭੈਣੀ, ਰੇਤੇਵਾਲੀ ਭੈਣੀ, ਗੁਲਾਬਾ ਭੈਣੀ, ਗੱਟੀ ਨੰ:1 ਤੇ ਮਹਾਤਮ ਨਗਰ, ਤੇਜਾ ਰੁਹੇਲਾ ਤੇ ਦੋਨਾ ਨਾਨਕਾ ਵਿਖੇ ਪਹੁੰਚ ਕੇ ਹੜ੍ਹ ਪ੍ਰਭਾਵਿਤ ਲੋਕਾਂ ਦਾ ਹਾਲ ਚਾਲ ਜਾਣਿਆ। ਇਸ ਦੌਰਾਨ ਉਨ੍ਹਾਂ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਨੂੰ ਪਸ਼ੂਆਂ ਦੀ ਫੀਡ ਵੀ ਵੰਡੀ। ਇਸ ਮੌਕੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਪਹਾੜੀ ਖੇਤਰਾਂ ਵਿੱਚ ਪੈ ਰਹੀ ਭਾਰੀ ਬਾਰਿਸ਼ ਕਾਰਨ ਸਤਲੁਜ ਰਾਹੀਂ ਪਾਣੀ ਕਾਵਾਂਵਾਲੀ ਪੁੱਲ ਪਾਰ ਦੇ ਪਿੰਡ ਪਾਣੀ ਦੀ ਮਾਰ ਹੇਠ ਆ ਗਏ ਹਨ ਤੇ ਇਨ੍ਹਾਂ ਪਿੰਡਾਂ ਵਿੱਚ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਹਲਕੇ ਦੇ ਇਨ੍ਹਾਂ ਲੋਕਾਂ ਨਾਲ ਹਨ ਤੇ ਉਹ ਹੁਣ ਇਨ੍ਹਾਂ ਲੋਕਾਂ ਲਈ ਰਾਹਤ ਸਮੱਗਰੀ ਲੈ ਕੇ ਆਏ ਹਨ। ਉਨ੍ਹਾਂ ਕਿਹਾ ਕਿ ਪਾਣੀ ਦੇ ਵੱਧ ਰਹੇ ਪੱਧਰ ਨੂੰ ਦੇਖਦਿਆਂ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਜਿਵੇਂ ਕਿ ਸਿਹਤ ਵਿਭਾਗ, ਪਸ਼ੂ ਵਿਭਾਗ ਤੇ ਹੋਰਨਾਂ ਵਿਭਾਗਾਂ ਦੀਆਂ ਟੀਮਾਂ ਲੋਕਾਂ ਦੀ ਮਦਦ ਲਈ ਜੁਟੀਆਂ ਹੋਈਆਂ ਹਨ। ਇਸ ਤੋਂ ਇਲਾਵਾ ਐੱਨ.ਡੀ.ਆਰ.ਐਫ ਦੀਆਂ ਟੀਮਾਂ ਵੀ ਬੁਲਾਈਆਂ ਗਈਆਂ ਹਨ ਜੇਕਰ ਹੋਰ ਪਾਣੀ ਵਧਣ ਕਾਰਨ ਇਨ੍ਹਾਂ ਪਿੰਡਾਂ ਨਾਲ ਸੜਕੀ ਸੰਪਰਕ ਟੁੱਟਦਾ ਹੈ ਤਾਂ ਮੋਟਰ ਬੋਟ ਦਾ ਸਹਾਰਾ ਲੈ ਕੇ ਇਨ੍ਹਾਂ ਪਿੰਡਾਂ ਨਾਲ ਸੰਪਰਕ ਜਾਰੀ ਰੱਖਿਆ ਜਾ ਸਕੇ।

# ਸਿਵਲ ਸਰਜਨ ਨੇ ਪਿੰਡ ਰੁਕਨੇ ਵਾਲਾ ਵਿਖੇ ਪਾਣੀ ਦੀ ਮਾਰ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਦਿੱਤਾ ਸਿਹਤ ਪੱਖੋਂ ਹਰ ਮਦਦ ਦਾ ਭਰੋਸਾ

### ☛ ਰਿਲੀਫ਼ ਕੈਂਪ 'ਚ ਮਰੀਜ਼ਾਂ ਦੀ ਲਈ ਸਾਰ



ਫ਼ਿਰੋਜ਼ਪੁਰ, 27 ਅਗਸਤ (ਤਿਵਾੜੀ): ਸਤਲੁਜ ਦਰਿਆ ਵਿੱਚ ਲਗਾਤਾਰ ਵੱਧ ਰਹੇ ਪਾਣੀ ਨਾਲ ਪ੍ਰਭਾਵਿਤ ਹੋਏ ਪਿੰਡਾਂ ਦੇ ਲੋਕਾਂ ਦੀ ਮਦਦ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਬੱਗੇ ਵਾਲਾ ਵਿਖੇ ਰਿਲੀਫ਼ ਕੈਂਪ ਬਣਾਇਆ ਗਿਆ ਹੈ। ਅੱਜ ਇਨਾਂ ਕੈਂਪਾਂ ਵਿੱਚ ਸਿਵਲ ਸਰਜਨ ਡਾ. ਰਾਜਵਿੰਦਰ ਕੌਰ ਵੱਲੋਂ ਕੈਂਪ ਵਿੱਚ ਪਹੁੰਚ ਕਰਕੇ ਜਿੱਥੇ ਲੋਕਾਂ ਦਾ ਹਾਲ ਜਾਣਿਆ ਗਿਆ, ਉੱਥੇ ਹੀ ਕਿਸੇ ਵੀ ਤਰ੍ਹਾਂ ਦੀ ਮੈਡੀਕਲ ਐਮਰਜੈਂਸੀ ਨਾਲ ਨਜਿੱਠਣ ਲਈ ਟੀਮਾਂ ਨੂੰ 24 ਘੰਟੇ ਤਿਆਰ ਰਹਿਣ ਦੀਆਂ ਹਦਾਇਤਾਂ ਦਿਤੀਆਂ। ਦੱਸਣਯੋਗ ਹੈ ਕਿ ਅੱਜ ਪਾਣੀ ਦਾ ਪੱਧਰ ਵਧਣ ਕਾਰਨ ਅੱਧਾ ਦਰਜਨ ਤੋਂ ਵੱਧ ਪਿੰਡਾਂ ਦੇ ਲੋਕ ਪ੍ਰਭਾਵਿਤ ਹੋਏ ਹਨ। ਇਨ੍ਹਾਂ ਹਲਾਤਾਂ ਵਿੱਚ ਲੋਕਾਂ ਨੂੰ ਸਿਹਤ ਪੱਖੋਂ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਏ, ਇਸ ਲਈ ਅੱਜ ਸਿਵਲ ਸਰਜਨ ਡਾ. ਰਾਜਵਿੰਦਰ ਕੌਰ ਵੱਲੋਂ ਆਪਣੀ ਟੀਮ ਨੂੰ ਨਾਲ ਲੈ ਕੇ ਪਿੰਡ ਰੁਕਨੇਵਾਲਾ ਵਿਖੇ ਪੁੱਜ ਕੇ ਹਾਲਾਤਾਂ ਦਾ ਜਾਇਜ਼ਾ ਲਿਆ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ। ਮੌਕੇ 'ਤੇ ਸਿਵਲ ਸਰਜਨ ਵੱਲੋਂ ਪਿੰਡਾਂ ਦੇ ਸਰਪੰਚ ਤੇ ਮੌਜੂਦ ਲੋਕਾਂ ਦੀਆਂ ਮੁਸ਼ਕਲਾਂ ਨੂੰ ਜਾਣਿਆ ਤੇ ਹਾਲਾਤਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਿਹਤ ਪੱਖੋਂ ਦਿੱਕਤ ਨਾ ਆਉਣ ਦਾ ਭਰੋਸਾ ਦਿਵਾਇਆ। ਇਸ ਮੌਕੇ ਸਿਵਲ ਸਰਜਨ ਵੱਲੋਂ ਮੈਡੀਕਲ ਟੀਮਾਂ ਨੂੰ ਰੁਕਨੇ ਵਾਲਾ ਬੰਨ੍ਹ ਨੇੜੇ ਤਾਇਨਾਤ ਕਰਵਾਇਆ। ਡਾ. ਰਾਜਵਿੰਦਰ ਕੌਰ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਪ੍ਰਭਾਵਿਤ ਇਲਾਕਿਆਂ ਤੇ ਰਿਲੀਫ਼ ਕੈਂਪ ਵਿਚ ਟੀਮਾਂ ਨੂੰ ਤੇ ਐਮਬੂਲੈਂਸ ਨੂੰ ਤਾਇਨਾਤ ਕੀਤਾ ਗਿਆ ਹੈ। ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ ,ਜ਼ਿਲ੍ਹਾ ਪ੍ਰਸ਼ਾਸਨ ਤੇ ਸਿਹਤ ਵਿਭਾਗ ਪੂਰੀ ਤਰਾਂ ਮੁਸਤੈਦ ਹੈ ਤੇ ਲੋਕਾਂ ਦੀ ਮਦਦ ਲਈ ਤਤਪਰ ਹੈ। ਲੋਕਾਂ ਨੂੰ ਰਾਹਤ ਦੇਣ ਲਈ ਹਰ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਡਾ. ਗੁਰਮੇਜ ਰਾਮ ਡਿਪਟੀ ਮੈਡੀਕਲ ਕਮਿਸ਼ਨਰ, ਡਾ. ਰਾਜੂ ਚੌਹਾਨ ਸੀਨੀਅਰ ਮੈਡੀਕਲ ਅਫ਼ਸਰ ਮਮਦੋਟ, ਅੰਕੁਸ਼ ਭੰਡਾਰੀ ਡਿਪਟੀ ਮਾਸ ਮੀਡੀਆ ਅਫ਼ਸਰ, ਵਿਕਾਸ ਕਾਲੜਾ ਪੀ.ਏ. ਸਿਵਲ ਸਰਜਨ, ਅਮਰਜੀਤ ਐਸ.ਆਈ. ਮੌਜੂਦ ਸਨ।

# ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਜਨੇਰ 25 ਸਾਲਾਂ ਤੋਂ ਨੌਜਵਾਨਾਂ ਲਈ ਬਣ ਰਿਹੈ ਜੀਵਨ ਰਾਹੀ

### ☛ ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਜਨੇਰ ਅੰਦਰ ਨਸ਼ੇ ਦੇ ਆਦੀ ਨੌਜਵਾਨਾਂ ਨੂੰ ਘਰ ਵਰਗੇ ਮਾਹੌਲ 'ਚ ਰੱਖ ਕੇ ਨਸ਼ੇ ਤੋਂ ਕੀਤਾ ਜਾ ਰਿਹੈ ਦੂਰ: ਡਾ. ਵੀਰਪਾਲ, ਡਾ. ਹਰਪ੍ਰੀਤ



ਮੋਗਾ, 27 ਅਗਸਤ (ਸਰਬਜੀਤ ਰੌਲੀ): ਪਿਛਲੇ25 ਸਾਲਾਂ ਤੋਂ ਰੈੱਡ ਕ੍ਰਾਸ ਨਸ਼ਾ ਛੁਡਾਊ ਕੇਂਦਰ ਜਨੇਰਹਜ਼ਾਰਾਂ ਨਸ਼ੇ ਦੇ ਆਦੀ ਨੌਜਵਾਨਾਂ ਨੂੰ ਨਵੀਂ ਜ਼ਿੰਦਗੀ ਪ੍ਰਦਾਨ ਕਰ ਚੁੱਕਾ ਹੈ। ਇਸ ਕੇਂਦਰ ਨੇ ਨਾ ਸਿਰਫ਼ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਤੋਂ ਬਚਾਇਆ ਹੈ, ਸਗੋਂ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਬਤੀਤ ਕਰਨ ਲਈ ਪ੍ਰੇਰਿਤ ਵੀ ਕੀਤਾ ਹੈ। ਕੇਂਦਰ ਵਿੱਚ ਤਜਰਬੇਕਾਰ ਸਟਾਫ਼ ਦੀ ਲਗਾਤਾਰ ਸੇਵਾ ਅਤੇ ਮਿਹਨਤ ਦੇ ਨਤੀਜੇ ਵਜੋਂ ਅਨੇਕਾਂ ਨੌਜਵਾਨਾਂ ਨੇ ਨਸ਼ੇ ਨੂੰ ਛੱਡ ਕੇ ਆਪਣੇ ਪਰਿਵਾਰ ਅਤੇ ਸਮਾਜ ਲਈ ਸਕਾਰਾਤਮਕ ਭੂਮਿਕਾ ਨਿਭਾਉਣ ਦੀ ਸ਼ੁਰੂਆਤ ਕੀਤੀ ਹੈ। ਅੱਜ ਡਾ. ਵੀਰਪਾਲ ਕੌਰ ਤੇ ਡਾ. ਹਰਪ੍ਰੀਤ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇੱਥੇ ਆਉਣ ਵਾਲੇ ਨੌਜਵਾਨਾਂ ਨੂੰਬਿਨਾਂ ਕਿਸੇ ਨਸ਼ੇ ਵਾਲੀ ਦਵਾਈਦੀ ਵਰਤੋਂ ਕੀਤੇ ਨਸ਼ੇ ਦੀ ਆਦਤ ਛੁਡਵਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਡਾ ਮਕਸਦ ਸਿਰਫ਼ ਇਲਾਜ ਕਰਨਾ ਨਹੀਂ, ਸਗੋਂ ਨੌਜਵਾਨਾਂ ਨੂੰ ਨਵਾਂ ਜੀਵਨ ਤੇ ਸਿਹਤਮੰਦ ਭਵਿੱਖ ਦੇਣਾ ਹੈ। ਨੌਜਵਾਨ, ਜੋ ਕਦੇ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਸਨ, ਅੱਜ ਸਮਾਜ ਵਿੱਚ ਨਵੇਂ ਜੋਸ਼ ਅਤੇ ਆਤਮਵਿਸ਼ਵਾਸ ਨਾਲ ਆਪਣਾ ਭਵਿੱਖ ਸਵਾਰ ਰਹੇ ਹਨ। ਇਸ ਮੌਕੇ 'ਤੇ ਡਾਕਟਰ ਵੀਰ ਪਾਲ ਕੌਰ ਨੇ ਕਿਹਾ ਕਿ ਇਸ ਨਸ਼ਾ ਛੁਡਾਊ ਕੇਂਦਰ ਵਿੱਚ ਨਸ਼ਾ ਛੱਡ ਕੇ ਅੱਜ ਕਈ ਨੌਜਵਾਨਾਂ ਦੇ ਘਰ ਟੁੱਟਣ ਤੋਂ ਬਚ ਚੁੱਕੇ ਹਨ ਅਤੇ ਕਈ ਭੈਣਾਂ ਦਾ ਸੁਹਾਗ ਉਜੜਨ ਤੋਂ ਬਚ ਚੁੱਕਿਆ ਹੈ। ਜੋ ਰੈਡ ਕ੍ਰਾਸ ਨਸ਼ਾ ਛੁਡਾਊ ਕੇਂਦਰ ਜਨੇਰ ਦੀ ਪ੍ਰਸ਼ੰਸਾ ਹਰ ਜਗ੍ਹਾ ਕਰ ਰਹੇ ਹਨ। ਇਸ ਮੌਕੇ 'ਤੇ ਡਾਕਟਰ ਵੀਰਪਾਲ ਕੌਰ ਨੇ ਕਿਹਾ ਕਿ ਇਸ ਨਸ਼ਾ ਛੁਡਾਊ ਕੇਂਦਰ ਵਿੱਚ ਨੌਜਵਾਨਾਂ ਦਾ ਬਹੁਤ ਹੀ ਘੱਟ ਪੈਸਿਆਂ ਵਿੱਚ ਇਲਾਜ ਕੀਤਾ ਜਾਂਦਾ ਹੈ ਤੇ ਇਹ ਨਸ਼ਾ ਛੁਡਾਊ ਕੇਂਦਰ ਪੰਜਾਬ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ ਜਦੋਂ ਕਿ ਜ਼ਿਲ੍ਹੇ ਵਿੱਚ ਕੁਝ ਕੁ ਨਸ਼ਾ ਛੁਡਾਊ ਕੇਂਦਰ ਹੀ ਮਾਨਤਾ ਪ੍ਰਾਪਤ ਹਨ। ਇਸ ਮੌਕੇ 'ਤੇ ਉਹਨਾਂ ਨਸ਼ਾ ਛੱਡਣ ਵਾਲੇ ਨੌਜਵਾਨਾਂ ਅਤੇ ਨਸ਼ੇ ਦੇ ਆਦੀ ਨੌਜਵਾਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਅਪੀਲ ਕੀਤੀ ਕਿ ਜੇਕਰ ਉਹ ਆਪਣੇ ਬੱਚਿਆਂ ਦਾ ਨਸ਼ਾ ਛੁਡਵਾਉਣਾ ਚਾਹੁੰਦੇ ਹਨ ਤਾਂ ਉਹ ਰੈਡ ਕਰਾਸ ਨਸ਼ਾ ਛੁਡਾਊ ਕੇਂਦਰ ਜਨੇਰ ਵਿੱਚ ਆ ਕੇ ਸੰਪਰਕ ਕਰ ਸਕਦੇ ਹਨ ਤਾਂ ਜੋ ਉਨ੍ਹਾਂ ਦੇ ਬੱਚਿਆਂ ਨੂੰ ਨਸ਼ੇ ਦੀ ਦਲਦਲ ਵਿੱਚੋਂ ਬਾਹਰ ਕੱਢਿਆ ਜਾ ਸਕੇ। ਇਸ ਨਸ਼ਾ ਛੁਡਾਊ ਕੇਂਦਰ ਵਿੱਚ ਸਮੇਂ ਸਮੇਂ 'ਤੇ ਜ਼ਿਲ੍ਹਾ ਡੀ.ਸੀ. ਮੋਗਾ ਐਸਡੀਐਮ ਮੋਗਾ ਤੋਂ ਇਲਾਵਾ ਸਿਵਲ ਹਸਪਤਾਲ ਮੋਗਾ ਤੋਂ ਸਿਵਲ ਸਰਜਨ ਐਸਐਮਓ ਸਾਹਿਬ ਸਮੇਂ ਸਮੇਂ 'ਤੇ ਵਿਜਿਟ ਕਰਕੇ ਨਸ਼ਾ ਛੱਡਣ ਆਏ ਨੌਜਵਾਨਾਂ ਪ੍ਰਤੀ ਜਾਣਕਾਰੀ ਹਾਸਲ ਕਰਦੇ ਹਨ।

# ਹਲਕੇ ਦੇ 33 ਪਿੰਡਾਂ 'ਚ ਬਣਨਗੇ ਨਵੇਂ ਅਤਿ-ਆਧੁਨਿਕ ਖੇਡ ਮੈਦਾਨ: ਗੁਰਿੰਦਰ ਸਿੰਘ ਗੈਰੀ ਬੜਿੰਗ



ਅਮਲੋਹ, 27 ਅਗਸਤ (ਜਸਵੰਤ ਸਿੰਘ): ਅਮਲੋਹ ਹਲਕੇ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪਿੰਡਾਂ ਵਿੱਚ 13 ਹਜ਼ਾਰ ਨਵੇਂ ਅਤਿ-ਆਧੁਨਿਕ ਖੇਡ ਮੈਦਾਨ ਬਣਾਏ ਜਾਣਗੇ ਜਿਸ ਦੇ ਪਹਿਲੇ ਪੜਾਅ ਵਜੋਂ ਹਲਕਾ ਅਮਲੋਹ ਦੇ 95 ਪਿੰਡਾਂ ਵਿੱਚੋਂ 33 ਪਿੰਡਾਂ ਵਿੱਚ ਇਸ ਸਬੰਧੀ ਕਾਰਜ ਅਰੰਭੇ ਹਨ ਜੋ ਪਿੰਡਾਂ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੀ ਦਿਸ਼ਾ ਵਿੱਚ ਸ਼ਾਨਦਾਰ ਕਦਮ ਸਾਬਤ ਹੋਵੇਗਾ ਤੇ ਸਾਡੇ ਪਿੰਡਾਂ ਦੇ ਹੋਣਹਾਰ ਖਿਡਾਰੀ ਆਪਣੇ ਖੇਡ ਹੁਨਰ ਨੂੰ ਤਰਾਸ਼ ਕੇ ਭਵਿੱਖ ਵਿੱਚ ਕੌਮੀ ਤੇ ਕੌਮਾਂਤਰੀ ਪੱਧਰ ਉਤੇ ਵੱਡੀਆਂ ਖੇਡ ਮੱਲਾਂ ਮਾਰਨ ਦੇ ਸਮਰੱਥ ਬਣਨਗੇ। ਉਨ੍ਹਾਂ ਦਸਿਆ ਕਿ ਖੇਡ ਮੈਦਾਨਾਂ ਨੂੰ ਤਿਆਰ ਕਰਨ ਲਈ ਸਬੰਧਤ ਗ੍ਰਾਮ ਪੰਚਾਇਤਾਂ ਤੋਂ ਕੇਵਲ ਜ਼ਮੀਨ ਲਈ ਜਾਵੇਗੀ ਜਦੋਂ ਕਿ ਸਾਰੀਆਂ ਆਧੁਨਿਕ ਸੁਵਿਧਾਵਾਂ ਸਰਕਾਰ ਵਲੋਂ ਦਿੱਤੀਆਂ ਜਾਣਗੀਆਂ ਜਿਸ ਵਿੱਚ ਖੇਡਾਂ ਲਈ ਵਿਵਸਥਾ ਕਰਨ ਦੇ ਨਾਲ ਨਾਲ ਚਾਰਦੀਵਾਰੀ, ਫੌਜ ਤੇ ਪੁਲਿਸ ਵਿੱਚ ਭਰਤੀ ਹੋਣ ਦੀ ਤਿਆਰੀ ਵਾਲੇ ਨੌਜਵਾਨਾਂ ਅਤੇ ਸੈਰ ਵਾਲਿਆਂ ਲਈ ਟਰੈਕ, ਸੋਲਰ ਲਾਈਟਾਂ, ਬਿਜਲੀ ਕੁਨੈਕਸ਼ਨ, ਬੋਰ, ਹਰਿਆਲੀ ਲਈ ਬੂਟੇ, ਬਜ਼ੁਰਗਾਂ ਦੇ ਬੈਠਣ ਲਈ ਹੱਟਨੁਮਾ ਸ਼ੈਡ, ਬੱਚਿਆਂ ਦੇ ਖੇਡਣ ਲਈ ਝੂਲੇ, ਘਾਹ ਤੇ ਬੂਟਿਆਂ ਲਈ ਸਪਰਿੰਕਲਰ ਸਿਸਟਮ ਆਦਿ ਕੀਤੇ ਜਾਣਗੇ ਅਤੇ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਸਬੰਧਤ ਠੇਕੇਦਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਵਸਦੇ ਬੱਚਿਆਂ ਵਿੱਚ ਖੇਡਾਂ ਪ੍ਰਤੀ ਅਥਾਹ ਦਿਲਚਸਪੀ ਹੋਣ ਦੇ ਬਾਵਜੂਦ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਖੇਡਾਂ ਵੱਲ ਧਿਆਨ ਨਹੀਂ ਦਿੱਤਾ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਪਹਿਲੇ ਦਿਨ ਤੋਂ ਹੀ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਦੇ ਸਾਰਥਕ ਨਤੀਜੇ ਵੀ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਿਥੇ ਨਸ਼ਾ ਤਸਕਰਾਂ ਅਤੇ ਨਸ਼ਿਆਂ ਦਾ ਖਾਤਮਾ ਕਰਨਾ ਯਕੀਨੀ ਬਣਾਇਆ ਜਾ ਰਿਹਾ ਹੈ, ਉਥੇ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡ ਗਤੀਵਿਧੀਆਂ ਨਾਲ ਜੋੜਿਆ ਜਾ ਰਿਹਾ ਹੈ ਤਾਂ ਜੋ ਇਨ੍ਹਾਂ ਖੇਡ ਮੈਦਾਨਾਂ ਦੇ ਵਿਕਸਤ ਹੋਣ ਨਾਲ ਖੇਡਾਂ ਵਿੱਚ ਹਰ ਉਮਰ ਵਰਗ ਦੇ ਵਿਅਕਤੀ ਦੀ ਦਿਲਚਸਪੀ ਪੈਦਾ ਹੋਵੇ ਤੇ ਉਹ ਸਮਾਜਿਕ ਬੁਰਾਈਆਂ ਤੋਂ ਦੂਰ ਹੋ ਸਕਣ।

# ਪਿਮਟ 'ਚ ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਹੱਵਨ ਯੱਗ ਕਰਵਾਇਆ



ਮੰਡੀ ਗੋਬਿੰਦਗੜ੍ਹ, 27 ਅਗਸਤ (ਸੂਦ): ਪੰਜਾਬ ਇੰਸਟੀਚਿਊਟ ਆਫ ਮੈਨੇਜਮੈਂਟ ਅਲੌੜ ਨੇ ਸੰਸਥਾ ਵਿੱਚ ਨਵੇਂ ਅਕਾਦਮਿਕ ਸੈਸ਼ਨ 2025-26 ਦੀ ਸ਼ੁਰੂਆਤ ਮੌਕੇ ਪ੍ਰਮਾਤਮਾ ਦਾ ਸ਼ੁਕਰਾਨਾ ਤੇ ਅਸ਼ੀਰਵਾਦ ਲੈਣ ਲਈ ਹੱਵਨ ਯੱਗ ਕਰਵਾਇਆ, ਜਿਸ ਵਿਚ ਸੰਸਥਾ ਦੇ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਗੋਇਲ, ਸੰਯੁਕਤ ਖਜ਼ਾਨਚੀ ਨਰੇਸ਼ ਅਗਰਵਾਲ, ਸਕੱਤਰ ਨਿਤਿਨ ਸੱਗਰ, ਸੀਨੀਅਰ ਮੈਂਬਰ ਪਿਆਰਾ ਸਿੰਘ ਕਲਸੀ, ਗੋਬਿੰਦਗੜ੍ਹ ਪਬਲਿਕ ਸਕੂਲ ਦੀ ਡਾਇਰੈਕਟਰ ਡਾ. ਨੀਨਾ ਸੇਠ ਪਜਨੀ, ਸਕੂਲ ਦੇ ਸੀਨੀਅਰ ਵਿੰਗ ਕੋਆਰਡੀਨੇਟਰ ਡਾ. ਵੈਸ਼ਾਲੀ ਤੇ ਜੂਨੀਅਰ ਵਿੰਗ ਕੋਆਰਡੀਨੇਟਰ ਵਿਸ਼ਾਕ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੰਸਥਾ ਦੀ ਡਾਇਰੈਕਟਰ ਡਾ. ਨਿਸ਼ੀ ਬਾਲਾ, ਕਾਰਜਕਾਰੀ ਡਾਇਰੈਕਟਰ ਕੁਲਦੀਪ ਸਿੰਘ ਸੇਖੋਂ ਤੇ ਡੀਨ ਅਕਾਦਮਿਕ ਅਮਿਤ ਕਪੂਰ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਸਮਾਗਮ ਵਿੱਚ ਸਟਾਫ਼ ਮੈਂਬਰ ਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਹਵਨ ਕੁੰਡ ਵਿੱਚ ਮੰਤਰਾਂ ਦਾ ਜਾਪ ਕਰਦੇ ਹੋਏ ਸਟਾਫ਼ ਮੈਂਬਰਾਂ ਨੇ ਧਾਰਮਿਕ ਭਜਨਾਂ ਦਾ ਗੁਣਗਾਣ ਕੀਤਾ। ਸਾਰਿਆਂ ਨੇ ਨਵੇਂ ਵਿੱਦਿਅਕ ਸੈਸ਼ਨ ਵਿੱਚ ਕਾਲਜ ਦੇ ਸੁਚਾਰੂ ਕੰਮਕਾਜ ਲਈ ਅਰਦਾਸ ਕੀਤੀ ਤੇ ਹਵਨ ਦੀ ਰਸਮ ਇਲਾਹੀ ਜੋਸ਼ ਤੇ ਅਧਿਆਤਮਿਕਤਾ ਅਧੀਨ ਧਾਰਮਿਕ ਤੌਰ 'ਤੇ ਕੀਤੀ ਗਈ।

# ਸੈਂਟਰ ਦੀ ਬੀ.ਜੇ.ਪੀ. ਸਰਕਾਰ ਦੀਆਂ ਗੁੱਝੀਆਂ ਚਾਲਾਂ ਤੋਂ ਲੋਕ ਸੁਚੇਤ ਰਹਿਣ: ਆਪ ਆਗੂ




ਭੋਗਪੁਰ, 27 ਅਗਸਤ (ਅਮਰਜੀਤ ਸਿੰਘ ਸੈਣੀ ਜੰਡੀਰ): ਸੈਂਟਰ ਦੀ ਬੀਜੇਪੀ ਸਰਕਾਰ ਵੱਲੋਂ 8 ਲੱਖ 32 ਹਜ਼ਾਰ ਰਾਸ਼ਨ ਕਾਰਡ ਕੱਟ ਦੇਣ ਦੀਆਂ ਤਿਆਰੀਆਂ ਦੇ ਵਿਰੋਧ ਵਿੱਚ ਅੱਜ ਆਪ ਆਗੂਆਂ ਵੱਲੋਂ ਤਿੱਖਾ ਵਿਰੋਧ ਕੀਤਾ ਗਿਆ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਘਰ ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ. ਕਿਹਾ ਕਿ ਕਿਸੇ ਵੀ ਹਾਲਤ ਵਿੱਚ ਪੰਜਾਬੀਆਂ ਦੇ ਰਾਸ਼ਨ ਕਾਰਡ ਕੱਟਣ ਨਹੀਂ ਦਿੱਤੇ ਜਾਣਗੇ। ਆਗੂਆਂ ਨੇ ਕਿਹਾ ਕੇ ਭਾਜਪਾ ਦੀ ਸਰਕਾਰ ਨੇ ਪਹਿਲਾਂ ਹੀ ਵੋਟਾਂ ਚੋਰੀ ਕਰਕੇ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ ਹੈ ਤੇ ਹੁਣ ਫਿਰ ਬੀਜੇਪੀ ਸਰਕਾਰ ਲੋਕਾਂ ਦਾ ਰਾਸ਼ਨ ਚੋਰੀ ਕਰਕੇ ਭਰਿਸ਼ਟਾਚਾਰੀ ਦਾ ਸਬੂਤ ਦੇ ਰਹੀ ਹੈ, ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ 'ਤੇ ਪੱਤਰਕਾਰ ਅਮਰਜੀਤ ਸਿੰਘ ਸੈਣੀ ਨੇ ਆਮ ਆਦਮੀ ਪਾਰਟੀ ਦੇ ਆਗੂਆਂ ਨਾਲ ਗੱਲਬਾਤ ਕੀਤੀ ਤਾਂ ਬੂਟਾ ਸਿੰਘ ਟੀਟੂ ਕੁਆਰਡੀਨੇਟਰ ਨੇ ਕਿਹਾ ਕਿ ਸੈਂਟਰ ਦੀ ਬੀ.ਜੇ.ਪੀ ਸਰਕਾਰ ਕੁਝ ਜ਼ਿਆਦਾ ਹੀ ਗੁੱਝੀਆ ਚਾਲਾਂ ਚੱਲ ਰਹੀ ਹੈ, ਕਦੇ ਵੀ ਕਾਮਯਾਬ ਨਹੀਂ ਹੋਣ ਦੇਵਾਂਗੇ। ਉਪਰੰਤ ਭੋਗਪੁਰ ਇਲਾਕੇ ਵਿਚ ਬਿਜਲੀ ਕੱਟਾਂ ਤੋਂ ਪ੍ਰੇਸ਼ਾਨ ਲੋਕ ਹੋਣ ਕਰਕੇ ਸਬੰਧ ਵਿਚ ਵੀ ਚੇਅਰਮੈਨ ਬਰਕਤ ਰਾਮ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਬਿੱਜਲੀ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਨਾਲ ਗੱਲਬਾਤ ਕਰਕੇ ਜਲਦ ਮਸਲਿਆਂ ਦਾ ਹੱਲ ਕੀਤਾ ਜਾਵੇਗਾ। ਇਸ ਮੌਕੇ 'ਤੇ ਪਰਮਜੀਤ ਪੰਮਾ ਸੰਗਠਨ ਇੰਚਾਰਜ ਆਪ, ਬਲਵਿੰਦਰ ਭੰਡਾਰੀ ਬਲਾਕ ਪ੍ਰਧਾਨ, ਬੂਟਾ ਸਿੰਘ ਟੀਟੂ ਕੋਆਰਡੀਨੇਟਰ, ਅਮਰਜੀਤ ਸਿੰਘ ਮੀਡੀਆ ਸੈਕਟਰੀ ਹਲਕਾ ਆਦਮਪੁਰ ਆਪ, ਸੁਖਵਿੰਦਰ, ਪਿੰਕੀ ਤੇ ਅੰਮ੍ਰਿਤ ਪਾਲ ਸਿੰਘ ਆਦਿ ਹਾਜ਼ਰ ਸਨ।

# ਡੀ.ਆਈ.ਜੀ. ਦਲਜੀਤ ਸਿੰਘ ਰਾਣਾ ਦਾ ਨਿਸ਼ਕਾਮ ਕੀਰਤਨ ਸੇਵਾ ਸੁਸਾਇਟੀ ਨੇ ਕੀਤਾ ਸਨਮਾਨ

### ☛ ਸੁਸਾਇਟੀ ਦੇ ਸਮਾਜ ਭਲਾਈ ਕਾਰਜਾਂ ਲਈ ਹਰ ਸਮੇਂ ਸਹਿਯੋਗ ਦਿੱਤਾ ਜਾਵੇਗਾ: ਦਲਜੀਤ ਸਿੰਘ ਰਾਣਾ



ਮੰਡੀ ਗੋਬਿੰਦਗੜ੍ਹ, 27 ਅਗਸਤ (ਸੂਦ): ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਦਲਜੀਤ ਸਿੰਘ ਰਾਣਾ ਡੀਆਈਜੀ ਜੇਲ੍ਹ ਨੂੰ ਸਮਾਜ ਭਲਾਈ ਕਰਨ ਵਾਲੀ ਨਾਮਵਰ ਸੰਸਥਾ ਨਿਸ਼ਕਾਮ ਕੀਰਤਨ ਸੇਵਾ ਸੁਸਾਇਟੀ ਮੰਡੀ ਗੋਬਿੰਦਗੜ੍ਹ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ੍ਰੀ ਰਾਣਾ ਮਿਹਨਤੀ ਅਤੇ ਈਮਾਨਦਾਰ ਪੁਲਿਸ ਅਫਸਰ ਦੇ ਨਾਲ ਨਾਲ ਚੰਗੇ ਸਮਾਜ ਸੇਵਕ ਵੀ ਹਨ। ਉਹ ਜਦੋਂ ਡੀਐਸਪੀ ਅਮਲੋਹ ਸਨ, ਉਸ ਸਮੇਂ ਤੋਂ ਹੀ ਉਹ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਸਮਾਜ ਭਲਾਈ ਕਾਰਜਾਂ ਵਿੱਚ ਯੋਗਦਾਨ ਪਾਉਂਦੇ ਆ ਰਹੇ ਹਨ। ਸ੍ਰੀ ਰਾਣਾ ਨੇ ਭਰੋਸਾ ਦਿੰਦੇ ਹੋਏ ਕਿਹਾ ਕਿ ਉਹ ਸਮਾਜ ਭਲਾਈ ਕਾਰਜਾਂ ਵਿੱਚ ਸੁਸਾਇਟੀ ਨੂੰ ਪਹਿਲਾਂ ਦੀ ਤਰ੍ਹਾਂ ਹੀ ਵੱਧ ਚੜ੍ਹ ਕੇ ਸਹਿਯੋਗ ਦਿੰਦੇ ਰਹਿਣਗੇ। ਸੁਸਾਇਟੀ ਪ੍ਰਧਾਨ ਕਰਮਜੀਤ ਸਿੰਘ ਬਿੱਟੂ ਤੇ ਮੀਤ ਪ੍ਰਧਾਨ ਰਵਿੰਦਰ ਸਿੰਘ ਰਵੀ ਨੇ ਕਿਹਾ ਕਿ ਸੁਸਾਇਟੀ ਵੱਲੋਂ ਪਹਿਲਾਂ ਧਾਰਮਿਕ ਕੀਰਤਨ ਦੀਵਾਨ ਆਦਿ ਕਰਵਾਏ ਜਾਂਦੇ ਸਨ, 2004 ਤੋਂ ਸ੍ਰੀ ਰਾਣਾ ਦੀ ਪ੍ਰੇਰਨਾ ਸਦਕਾ ਸੁਸਾਇਟੀ ਵੱਲੋਂ ਸਮਾਜ ਭਲਾਈ ਕਾਰਜਾਂ ਦੀ ਅਰੰਭਤਾ ਕੀਤੀ ਗਈ, ਜਿਸ ਵਿੱਚ ਹੁਣ ਤੱਕ 252 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ, ਲੜਕੀਆਂ ਤੇ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਪਿੰਡਾਂ ਤੇ ਸ਼ਹਿਰਾਂ ਵਿੱਚ 41 ਮੁਫ਼ਤ ਸਿਲਾਈ ਸੈਂਟਰ, 155 ਜ਼ਰੂਰਤਮੰਦ ਅਪਾਹਜਾਂ ਨੂੰ ਟਰਾਈਸਾਇਕਲ, 185 ਲੋੜਵੰਦ ਲੜਕੀਆਂ ਅਤੇ ਔਰਤਾਂ ਨੂੰ ਰੋਜ਼ਗਾਰ ਚਲਾਉਣ ਲਈ ਸਿਲਾਈ ਮਸ਼ੀਨਾਂ, 85 ਭਿਆਨਕ ਬਿਮਾਰੀਆਂ ਤੋਂ ਪੀੜਤ ਜ਼ਰੂਰਤਮੰਦ ਮਰੀਜ਼ਾਂ ਦਾ ਇਲਾਜ, 253 ਸੜਕੀ ਹਾਦਸੀਆਂ ਦੇ ਸ਼ਿਕਾਰ ਲੋਕਾਂ ਨੂੰ ਹਸਪਤਾਲ ਲਿਜਾ ਕੇ ਇਲਾਜ ਤੋਂ ਇਲਾਵਾ ਭਰੂਣ ਹੱਤਿਆ, ਨਸ਼ੇ ਅਤੇ ਵਾਤਾਵਰਣ ਨੂੰ ਬਚਾਉਣ ਲਈ ਸਮੇਂ ਸਮੇਂ 'ਤੇ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਇਸ ਸਮੇਂ ਰਾਣਾ ਦਾ ਮਿਲਖਾ ਸਿੰਘ ਦਾ ਰਿਕਾਰਡ ਤੋੜਨ ਵਾਲੇ ਅਰਜਨ ਐਵਾਰਡੀ ਪਰਮਜੀਤ ਸਿੰਘ, ਸੁਸਾਇਟੀ ਪ੍ਰਧਾਨ ਕਰਮਜੀਤ ਸਿੰਘ ਬਿੱਟੂ, ਮੀਤ ਪ੍ਰਧਾਨ ਰਵਿੰਦਰ ਸਿੰਘ ਰਵੀ, ਕੈਸ਼ੀਅਰ ਰਵਿੰਦਰ ਸਿੰਘ ਧੰਨਾ, ਪ੍ਰਾਜੈਕਟ ਮੈਨੇਜਰ ਜੈ ਦੇਵ ਸ਼ੁਕਲਾ, ਪ੍ਰੈਸ ਸਕੱਤਰ ਅਸ਼ੋਕ ਚੋਪੜਾ, ਮੈਂਬਰ ਬਹਾਦਰ ਸਿੰਘ ਅਜਨਾਲੀ, ਹਰਚਰਨ ਸਿੰਘ ਨਾਗਰਾ, ਗੁਰਬਚਨ ਸਿੰਘ, ਸੰਕੇਤ ਮਟਿਆਰ, ਅਜੇ ਅਗਰਵਾਲ, ਬਲਵਿੰਦਰ ਸਿੰਘ ਬਿੱਟੂ, ਕਮਲੇਸ਼ ਕੁਮਾਰ, ਯਾਦਵਿੰਦਰ ਸਿੰਘ ਕੰਗ, ਸੁਖਦੇਵ ਸਿੰਘ, ਹਰਪ੍ਰੀਤ ਸਿੰਘ ਪੰਜੋਲੀ ਤੇ ਗੋਬਿੰਦ ਸਿੰਘ ਸੋਨੂੰ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪੱਧਰੀ ਖੇਡਾਂ ਦੇ ਤਾਇਕਵਾਂਡੋ ਮੁਕਾਬਲਿਆਂ 'ਚ ਕੰਨਿਆ ਸਕੂਲ ਨੇ ਪ੍ਰਾਪਤ ਕੀਤੇ 32 ਮੈਡਲ




ਜ਼ੀਰਾ, 27 ਅਗਸਤ (ਦੀਪਕ ਭਾਰਗੋ): ਜ਼ਿਲ੍ਹਾ ਪੱਧਰੀ ਤਾਇਕਵਾਂਡੋ (ਲੜਕੀਆਂ) ਦੇ ਮੁਕਾਬਲੇ ਸ਼ਾਂਤੀ ਵਿੱਦਿਆ ਮੰਦਰ ਸਕੂਲ ਫਿਰੋਜ਼ਪੁਰ ਵਿਖੇ ਹੋਏ, ਜਿਸ ਵਿੱਚ ਸ਼ਹੀਦ ਗੁਰਦਾਸ ਰਾਮ ਮੈਮੋਰੀਅਲ ਸਰਕਾਰੀ ਕੰਨਿਆ ਸੀਨੀਅਰ ਸਕੈਂਡਰੀ ਸਕੂਲ ਜ਼ੀਰਾ ਦੀਆਂ ਖਿਡਾਰਨਾਂ ਨੇ 32 ਮੈਡਲ ਪ੍ਰਾਪਤ ਕਰਕੇ ਇਤਿਹਾਸ ਸਿਰਜਿਆ ਹੈ। ਪਰਮਜੀਤ ਸਿੰਘ ਡੀ ਪੀ ਈ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਮਰ ਵਰਗ ਅੰਡਰ 14 ਅੰਡਰ 17 ਤੇ 19 ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਜ਼ੀਰਾ ਕੰਨਿਆ ਸਕੂਲ ਦੀਆਂ ਖਿਡਾਰਨਾਂ ਨੇ 15 ਗੋਲਡ ਮੈਡਲ, 9 ਸਿਲਵਰ ਮੈਡਲ ਤੇ 8 ਬਰਾਊਂਜ ਮੈਡਲ ਪ੍ਰਾਪਤ ਕਰਦਿਆਂ ਹੋਇਆਂ ਕੁੱਲ 32 ਮੈਡਲ ਜਿੱਤੇ। ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਇਸ ਵੱਡੀ ਪ੍ਰਾਪਤੀ 'ਤੇ ਇਹਨਾਂ ਖਿਡਾਰਨਾਂ ਦੇ ਕੋਚ ਲਕਸ਼ਮੀ ਵਰਮਾ ਅਤੇ ਸ. ਪਰਮਜੀਤ ਸਿੰਘ ਨੂੰ ਵਧਾਈ ਦਿੱਤੀ ਤੇ ਭਵਿੱਖ ਵਿੱਚ ਰਾਜ ਪੱਧਰੀ ਖੇਡਾਂ ਵਿੱਚ ਵੀ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਨ੍ਹਾਂ ਜੇਤੂ ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਸਕੂਲ ਦੇ ਸਮੁੱਚੇ ਅਧਿਆਪਕਾਂ ਵੱਲੋਂ ਸਵਾਗਤ ਕੀਤਾ ਗਿਆ ਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸ਼ਰਨਜੀਤ ਕੌਰ, ਸੁਖਦੀਪ ਸਿੰਘ, ਜਸਪ੍ਰੀਤ ਸਿੰਘ, ਅਜੇ ਕੁਮਾਰ ਲਖਵਿੰਦਰ ਸਿੰਘ, ਸੰਜੀਵ ਕੁਮਾਰ ਕਮਲਜੀਤ ਕੌਰ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ।

## ਗੁਰਬਾਣੀ ਜਾਪ ਕਥਾ ਕੀਰਤਨ ਧਾਰਮਿਕ ਸਮਾਗਮ 6 ਸਤੰਬਰ ਤੋਂ

ਨਵੀਂ ਦਿੱਲੀ, 27 ਅਗਸਤ (ਚ.ਨ.ਸ.): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਭਾਈ ਮਤੀ ਦਾਸ ਜੀ , ਭਾਈ ਸਤੀਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹਾਦਤ ਨੂੰ ਸੰਪਰਦਾਇ ਨਾਨਕਸਰ ਕਲੇਰਾਂ ਵਾਲਿਆਂ ਵੱਲੋਂ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਕ ਦਿੱਲੀ ਵਿਖੇ "ਗੁਰਬਾਣੀ ਜਾਪ ਕਥਾ ਕੀਰਤਨ" 6 ਸਤੰਬਰ ਸ਼ਨੀਵਾਰ ਸ਼ਾਮ 7.00 ਵਜੇ ਤੋਂ ਰਾਤ 11.00 ਵਜੇ ਤਕ ਤੇ 7 ਸਤੰਬਰ ਐਤਵਾਰ ਸਵੇਰੇ 9.00 ਵਜੇ ਤੋਂ ਦੁਪਹਿਰ 2.00 ਵਜੇ ਤਕ ਹੋਵੇਗਾ। ਇਸ ਸਮਾਗਮ 'ਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾਵੇਗਾ। ਬਾਬਾ ਹਰਚਰਨ ਸਿੰਘ ਨਾਨਕਸਰ ਕੁਟੀਆ, ਪਟਿਆਲਾ ਵੱਲੋਂ ਸਾਰੀ ਸੰਗਤ ਨੂੰ ਅਪੀਲ ਹੈ ਕਿ ਉਹ ਇਸ ਸਮਾਗਮ 'ਚ ਵੱਧ ਚੜ੍ਹ ਕੇ ਹਿੱਸਾ ਲੈਣ।

## ਲਗਾਤਾਰ ਪੈ ਰਹੇ ਮੀਂਹ ਕਾਰਨ ਸ਼ਹਿਰ ਵਾਸੀਆਂ ਨੂੰ ਪੀਣ ਲਈ ਸਾਫ਼-ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਪਾਣੀ ਦੀ ਕਲੋਰੀਨੇਸ਼ਨ ਟੈਸਟ ਕੀਤੀ

### ☛ਬੈਕਟੀਰੀਆ ਰਹਿਤ ਸਾਫ ਪਾਣੀ ਦੀ ਸਪਲਾਈ ਨਿਰਵਿਘਨ ਜਾਰੀ

ਬਟਾਲਾ, 27 ਅਗਸਤ(ਬਲਵਿੰਦਰ ਸਿੰਘ ਪੰਜਗਰਾਈਂ): ਬਾਬਾ ਜੀ ਦੇ ਵਿਆਹ ਪੁਰਬ ਸਮਾਗਮਾਂ ਸਬੰਧੀ ਜਿਥੇ ਵੱਖ-ਵੱਖ ਵਿਭਾਗਾ ਵਲੋਂਸੀਵਰੇਜ਼ ਤੇ ਸਾਫ਼-ਸਫਾਈ ਆਦਿ ਸਬੰਧੀ ਕੰਮ ਨਿਰਵਿਘਨ ਚੱਲ ਰਹੇ ਹਨ, ਉਸਦੇ ਨਾਲ ਸ਼ਹਿਰ ਵਾਸੀਆਂ ਨੂੰ ਪੀਣ ਲਈ ਸਾਫ਼ ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਪਾਣੀ ਦੀ ਕਲੋਰੀਨੇਸ਼ਨ ਟੈਸਟ ਕੀਤੀ ਜਾ ਰਹੀ ਹੈ ਤੇ ਬੈਕਟੀਰੀਆ ਰਹਿਤ ਸਾਫ ਪਾਣੀ ਦੀ ਸਪਲਾਈ ਨਿਰਵਿਘਨ ਕੀਤੀ ਜਾ ਰਹੀ ਹੈ। ਐਸ.ਡੀ.ਐਮ-ਕਮ-ਕਮਿਸ਼ਨਰ ਕਾਰਪੋਰੇਸ਼ਨ ਬਟਾਲਾ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਬਟਾਲਾ ਦੇ ਵਿਧਾਇਕ ਸ਼ੈਰੀ ਕਲਸੀ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀਆਂ ਹਦਾਇਤਾਂ ਤਹਿਤ ਜਿਥੇ ਸ਼ਹਿਰ ਅੰਦਰ ਸਫਾਈ ਤੇ ਸੀਵਰੇਜ਼ ਵਿਵਸਥਾ ਨੂੰ ਠੀਕ ਰੱਖਣ ਲਈ ਸਬੰਧਤ ਵਿਭਾਗ ਕੰਮ ਰਹੇ ਹਨ। ਉਸਦੇ ਨਾਲ ਲੋਕਾਂ ਨੂੰ ਪੀਣ ਲਈ ਸਾਫ ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਪਾਣੀ ਦੀ ਕਲੋਰੀਨੇਸ਼ਨ ਟੈਸਟ ਕੀਤੀ ਜਾ ਰਹੀ ਹੈ ਤੇ ਬੈਕਟੀਰੀਆ ਰਹਿਤ ਸਾਫ ਪਾਣੀ ਦੀ ਸਪਲਾਈ ਨਿਰਵਿਘਨ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਲਗਾਤਾਰ ਪੈ ਰਹੇ ਮੀਂਹ ਕਾਰਨ ਸ਼ਹਿਰ ਵਾਸੀਆਂ ਨੂੰ ਸਾਫ ਸੁਥਰਾ ਪਾਣੀ ਸਬੰਧੀ ਕੋਈ ਮੁਸ਼ਕਲ ਤਾਂ ਨਹੀਂ



ਆ ਰਹੀ ਹੈ, ਉਸ ਸਬੰਧੀ ਭੰਡਾਰੀ ਗੇਟ, ਸ਼ਾਂਤੀ ਨਗਰ ਅਤੇ ਗਾਂਧੀ ਨਗਰ ਕੈਂਪ ਏਰੀਆ ਵਿੱਚ ਬੀਤੀ ਦੇਰ ਸ਼ਾਮ ਤੱਕ ਪਾਣੀ ਦੀ ਕਲੋਰੀਨੇਸ਼ਨ ਚੈੱਕ ਕੀਤੀ ਗਈ ਹੈ ਤੇ ਸ਼ਹਿਰ ਵਾਸੀਆਂ ਨੂੰ ਸਾਫ ਸੁਥਰਾ ਪੀਣਯੋਗ ਪਾਣੀ ਮਿਲ ਰਿਹਾ ਹੈ। ਉਨ੍ਹਾਂ ਕਿਹਾ ਮੀਂਹ ਦੌਰਾਨ ਵੀ ਵੱਖ-ਵੱਖ ਵਿਭਾਗ ਪੂਰੀ ਮਿਹਨਤ ਤੇ ਸੇਵਾ ਭਾਵਨਾ ਨਾਲ ਵਿਆਹ ਪੁਰਬ ਸਮਾਗਮ ਦੀਆਂ ਤਿਆਰੀਆਂ ਵਿੱਚ ਜੁਟੇ ਹਨ ਤਾਂ ਜੋ ਸੰਗਤਾਂ ਤੇ ਸ਼ਹਿਰ ਵਾਸੀਆਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਕਮਿਸ਼ਨਰ ਬਟਾਲਾ ਨੇ ਕਿਹਾ ਕਿ ਜੇਕਰ ਕਿਸੇ ਵੀ ਸ਼ਹਿਰ ਵਾਸੀ ਨੂੰ ਸਫ਼ਾਈ ਆਦਿ ਸਬੰਧੀ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਹੈਲਪਲਾਈਨ ਨੰਬਰ 99153-62 910 'ਤੇ ਸੰਪਰਕ ਕੀਤਾ ਜਾਵੇ। ਇਸ ਤੋਂ ਇਲਾਵਾ ਸ਼ਹਿਰ ਵਾਸੀਆਂ ਨੂੰ ਸਾਫ ਸਫਾਈ ਸਬੰਧੀ ਮੁਸ਼ਕਲ ਹੈ ਤਾਂ ਜਗਦੀਪ ਸਿੰਘ ਸੀ ਐਸਓ ਦੇ ਮੋਬਾਈਲ ਨੰਬਰ 80541-01688 ਇਹ ਸੰਪਰਕ ਕਰ ਸਕਦਾ ਹੈ। ਵਾਟਰ ਸਪਲਾਈ ਸਬੰਧੀ ਮੁਸ਼ਕਲ ਜੇ ਈ ਅਮਰ ਨਾਲ 88377-96962 ਅਤੇ ਹਰਮਨਦੀਪ ਸਿੰਘ ਸੁਪਰਵਾਈਜ਼ਰ ਨੰਬਰ 84275-66323 ਇਹ ਸੰਪਰਕ ਕਰ ਸਕਦਾ ਹੈ। ਸਟੇਟ ਲਾਈਟਾਂ ਦੀ ਸਮੱਸਿਆ ਦੇ ਹੱਲ ਲਈ ਧਰਮਜੀਤ ਸਿੰਘ ਦੇ ਮੋਬਾਈਲ ਨੰਬਰ 84270-02090 'ਤੇ ਰਜੇਸ਼ ਸਿੰਘ ਇਲਿਕੈਟਰੀਸ਼ਨ ਦੀ ਮੋਬਾਈਲ ਨੰਬਰ 7960 25486 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੰਗਤਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਸਮਾਜ ਸੇਵੀ ਸੰਸਥਾ ਆਈ ਅੱਗੇ

### ☛29 ਤੇ 30 ਨੂੰ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀ ਪੂਰੀ ਟੀਮ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਲਈ ਕਰੇਗੀ ਸੇਵਾ: ਬਲਦੇਵ ਸਿੰਘ ਬਾਜਵਾ



ਬਟਾਲਾ/ਅਲੀਵਾਲ, 27 ਅਗਸਤ (ਬਲਵਿੰਦਰ ਸਿੰਘ ਪੰਜਗਰਾਈਂ/ਡਾ. ਸਤਨਾਮ ਸੰਧੂ) : ਬਾਬਾ ਜੀ ਦੇ ਵਿਆਹ ਪੁਰਬ ਸਮਾਗਮਾਂ ਦੀਆਂ ਤਿਆਰੀਆਂ ਦੇ ਸਬੰਧ ਵਿੱਚ ਜਿਥੇ ਵੱਖ-ਵੱਖ ਵਿਭਾਗ ਲਗਾਤਾਰ ਫੀਲਡ ਵਿੱਚ ਕੰਮ ਰਹੇ ਹਨ, ਉਸਦੇ ਨਾਲ ਸਮਾਜ ਸੇਵੀ ਸੰਸਥਾਵਾਂ ਵੀ ਸਹਿਯੋਗ ਲਈ ਅੱਗੇ ਆਈਆਂ ਹਨ। ਬਲਦੇਵ ਸਿੰਘ ਬਾਜਵਾ, ਐਸ.ਈ ਮੰਡੀ ਬੋਰਡ, ਮੁੱਖ ਸੇਵਾਦਾਰ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਨੇ ਦੱਸਿਆ ਕਿ ਉਨ੍ਹਾਂ ਦੀ ਪੂਰੀ ਟੀਮ ਹਰ ਸਾਲ ਵਿਆਹ ਪੁਰਬ ਸਮਾਗਮ ਵਿੱਚ ਸਫਾਈ ਰੱਖਣ ਲਈ ਸੇਵਾ ਕਰ ਰਹੀ ਹੈ ਤੇ ਇਸ ਸਾਲ ਵੀ 29 ਤੇ 30 ਅਗਸਤ ਨੂੰ ਬਟਾਲਾ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਲਈ ਸੇਵਾ ਕਰਨਗੇ। ਉਨ੍ਹਾਂ ਦੱਸਿਆ ਕਿ ਬਟਾਲਾ ਦੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਬੀਤੇ ਦਿਨੀਂ ਸ਼ਹਿਰ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਨਾਲ ਮੀਟਿੰਗ ਕੀਤੀ ਕਿ ਵਿਆਹ ਪੁਰਬ ਸਮਾਗਮਾਂ ਵਿੱਚ ਬਟਾਲਾ ਵਿੱਚ ਸੰਗਤਾਂ ਦੀ ਆਮਦ ਬਹੁਤ ਜ਼ਿਆਦਾ ਵੱਧ ਜਾਂਦੀ ਹੈ, ਜਿਸ ਲਈ ਪ੍ਰਸ਼ਾਸਨ ਦੇ ਨਾਲ ਐਨ.ਜੀ.ਓਜ਼ ਦਾ ਸਹਿਯੋਗ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਐਡਵੋਕੇਟ ਸੁਖਬੀਰ ਸਿੰਘ ਪੰਨਵਾਂ ਗੁਰਮੁੱਖ ਸਿੰਘ ਰੰਗੀਲਪੁਰ, ਹਰਦੀਪ ਸਿੰਘ ਬਾਜਵਾ, ਕੋਚ ਮਨੋਹਰ ਸਿੰਘ ਸਿੱਖ ਪਰਿਵਾਰ ਚੈਰੀਟੇਬਲ ਟਰੱਸਟ, ਸੁੱਖਮਨਪਾਲ ਸਿੰਘ, ਸਰਬਜੀਤ ਸਿੰਘ ਪ੍ਰਧਾਨ, ਸਮਸ਼ੇਰ ਸਿੰਘ ਲੇਹਲ, ਲਖਬੀਰ ਸਿੰਘ ਸਰਪੰਚ ਧੁੱਪਸੜੀ, ਅਮਨਬੀਰ ਸਿੰਘ ਗੁਰਾਇਆ, ਮਾਸਟਰ ਜੋਗਿੰਦਰ ਸਿੰਘ ਅਚਲੀਗੇਟ, ਹਰਬਖਸ਼ ਸਿੰਘ, ਤੇਜਿੰਦਰਪਾਲ ਸਿੰਘ ਅਤੇ ਬਾਬਾ ਅਨੂਪ ਸਿੰਘ ਜੀ ਹੁਣਾਂ ਦੀ ਸੰਗਤ ਵੱਲੋਂ ਵਿਆਹ ਪੁਰਬ ਸਮਾਗਮ ਵਿੱਚ ਸੇਵਾ ਭਾਵਨਾ ਨਾਲ ਸੇਵਾ ਕੀਤੀ ਜਾਵੇਗੀ।

## ਮੀਂਹ 'ਚ ਵੀ ਸਫਾਈ ਅਭਿਆਨ ਜਾਰੀ, ਬਿਜਲੀ ਦੀਆਂ ਤਾਰਾਂ ਠੀਕ ਕਰਨ ਲਈ ਅਧਿਕਾਰੀ ਫੀਲਡ 'ਚ



ਬਟਾਲਾ/ਊਧਨਵਾਲ, 27 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ ਸੁਖ ਅੰਮ੍ਰਿਤ ਘੁਮਾਣ): ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਜਗਤ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਮੌਕੇ ਇਤਿਹਾਸਕ ਸ਼ਹਿਰ ਬਟਾਲਾ ਦੇ ਅੰਦਰ ਲਗਾਤਾਰ ਪੈ ਰਹੇ ਮੀਂਹ ਦੇ ਬਾਵਜੂਦ ਸ਼ਹਿਰ ਨੂੰ ਸਾਫ ਸੁਥਰਾ ਰੱਖਣ, ਕੂੜੇ ਦੇ ਢੇਰ ਚੁੱਕਣ, ਸੀਵਰੇਜ ਦੀ ਸਫਾਈ ਕਰਨ ਤੇ ਬਿਜਲੀ ਦੀਆਂ ਤਾਰਾਂ ਠੀਕ ਆਦਿ ਦੇ ਕੰਮ ਨਿਰਵਿਘਨ ਜਾਰੀ ਹਨ। ਵਿਕਰਮਜੀਤ ਸਿੰਘ, ਐਸ.ਡੀ.ਐਮ- ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਕਿ ਜਿਥੇ ਸਾਰੇ ਵਿਭਾਗ ਤਨਦੇਹੀ ਨਾਲ ਆਪਣੀ ਡਿਊਟੀ ਨਿਭਾ ਰਹੇ ਹਨ, ਉਸ ਦੇ ਨਾਲ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਲਈ ਲੋਕਾਂ ਦਾ ਸਹਿਯੋਗ ਵੀ ਜ਼ਰੂਰੀ ਹੈ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕੂੜੇ ਨੂੰ ਨਿਰਧਾਰਿਤ ਕੀਤੀਆਂ ਥਾਵਾਂ ਦੇ ਉੱਪਰ ਹੀ ਸੁੱਟਣ, ਜਦਕਿ ਲੰਗਰਾਂ ਦੇ ਵਿੱਚ ਵੀ ਸਟੀਲ ਤੇ ਪੱਤਲ ਦੇ ਬਰਤਨਾਂ ਦੀ ਵਰਤੋਂ ਕੀਤੀ ਜਾਵੇ ਅਤੇ ਪਲਾਸਟਿਕ ਅਤੇ ਡਿਸਪੋਜ਼ਲ ਦੇ ਬਰਤਨ ਨਾ ਵਰਤੇ ਜਾਣ। ਐਸ.ਡੀ.ਐਮ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬਾਬਾ ਜੀ ਦੇ ਵਿਆਹ ਪੁਰਬ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤੀ ਗਈ ਸਫ਼ਾਈ ਮੁਹਿੰਮ ਦੇ ਵਿੱਚ ਵੱਧ-ਚੜ੍ਹ ਕੇ ਸਹਿਯੋਗ ਦੇਣ।

## ਕੇਂਦਰ ਸਰਕਾਰ ਨੇ ਇੱਕ ਵੀ ਰਾਸ਼ਨ ਕਾਰਡ ਕੱਟਣ ਦੇ ਹੁਕਮ ਨਹੀਂ ਦਿੱਤੇ: ਨਿਮਿਸ਼ਾ ਮਹਿਤਾ



ਗੜ੍ਹਸ਼ੰਕਰ, 27 ਅਗਸਤ (ਅਜਮੇਰ ਸਿੰਘ ਭਨੋਟ): ਸਰਕਾਰ ਵੱਲੋਂ ਰਾਸ਼ਨ ਕਾਰਡ ਕੱਟਣ ਦੇ ਭਾਜਪਾ ਕੇਂਦਰੀ ਸਰਕਾਰ 'ਤੇ ਲਾਏ ਜਾ ਰਹੇ ਇਲਜ਼ਾਮਾਂ ਨੂੰ ਝੂਠ ਕਰਾਰ ਦਿੰਦੇ ਭਾਜਪਾ ਦੀ ਗੜ੍ਹਸ਼ੰਕਰ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਨਰਿੰਦਰ ਮੋਦੀ ਵਾਲੀ ਸਰਕਾਰ ਨੇ ਇਕ ਵੀ ਰਾਸ਼ਨ ਕਾਰਡ ਕੱਟਣ ਦੇ ਹੁਕਮ ਨਹੀਂ ਦਿੱਤੇ ਹਨ। ਭਾਜਪਾ ਆਗੂ ਨਿਮਿਸ਼ਾ ਮਹਿਤਾ ਨੇ ਦੱਸਿਆ ਕਿ ਕੇਂਦਰ ਸਰਕਾਰ ਦੇ ਖੁਰਾਕ ਮੰਤਰੀ ਪ੍ਰਹਿਲਾਦ ਜੋਸ਼ੀ ਦੀ ਬਾਕਾਇਦਾ ਮੀਡੀਆ ਰਾਹੀਂ ਇਸ ਗੱਲ ਨੂੰ ਸਪੱਸ਼ਟ ਕਰ ਚੁੱਕੇ ਹਨ ਕਿ ਪੰਜਾਬ ਵਿਚ ਕੁੱਲ 1 ਕਰੋੜ 41 ਲੱਖ ਲੋਕਾਂ ਨੂੰ ਭਾਰਤ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਤਹਿਤ ਰਾਸ਼ਨ ਭੇਜਿਆ ਜਾਂਦਾ ਹੈ ਤੇ ਕੇਂਦਰ ਸਰਕਾਰ ਵੱਲ ਇਕ ਵੀ ਰਾਸ਼ਨ ਕਾਰਡ ਕੱਟਣ ਦੇ ਹੁਕਮ ਨਹੀਂ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਰਾਸ਼ਨ ਕਾਰਡ ਧਾਰਕਾਂ ਦੀ ਈ.ਕੇਵਾਈ.ਸੀ. ਕਰਵਾਉਣ ਦੇ ਹੁਕਮ ਸੁਪਰੀਮ ਕੋਰਟ ਵੱਲੋਂ ਜਾਰੀ ਕੀਤੇ ਗਏ ਹਨ ਤੇ ਇਸ ਕਰ ਕੇ ਇਹ ਨਿਰਦੇਸ਼ ਸਿਰਫ ਪੰਜਾਬ ਲਈ ਹੀ ਨਹੀਂ ਬਾਕੀ ਸੂਬਿਆਂ 'ਤੇ ਵੀ ਲਾਗੂ ਕੀਤੇ ਗਏ ਹਨ। ਈ.ਕੇ.ਵਾਈ.ਸੀ. ਕਰਵਾਉਣ ਦਾ ਅਰਥ ਕਿਧਰੇ ਵੀ ਕਾਰਡਾਂ ਨੂੰ ਕੱਟਣਾ ਨਹੀਂ ਸਗੋਂ ਲਾਭਪਾਤਰੀਆਂ ਦੀ ਸ਼ਨਾਖਤ ਕਰਨਾ ਹੈ। ਨਿਮਿਸ਼ਾ ਮਹਿਤਾ ਨੇ ਦੱਸਿਆ ਕਿ ਰਾਸ਼ਨ ਕਾਰਡ ਬਣਾਉਣ ਦੇ ਮਾਪਦੰਡ ਤੇ ਸ਼ਰਤਾਂ ਪੰਜਾਬ ਸਰਕਾਰ ਵੱਲੋਂ ਤੈਅ ਕੀਤੀਆਂ ਗਈਆਂ ਹਨ ਤੇ ਇਸ ਲਈ ਲਾਭਪਾਤਰੀਆਂ ਨੂੰ ਰਾਸ਼ਨ ਦੇਣ ਲਈ ਯੋਗ ਜਾਂ ਅਯੋਗ ਕਰਾਰ ਦੇਣਾ ਵੀ ਪੰਜਾਬ ਸਰਕਾਰ ਦੇ ਹੀ ਹੱਥ ਵੱਸ ਹੈ। ਇਸ ਲਈ ਇਕ ਵੀ ਰਾਸ਼ਨ ਕਾਰਡ ਭਾਰਤ ਸਰਕਾਰ ਆਪ ਪੰਜਾਬ ਵਿਚ ਨਹੀਂ ਕੱਟ ਸਕਦੀ। ਭਾਜਪਾ ਆਗੂ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਮੁਤਾਬਕ ਸਰਕਾਰ ਈ.ਕੇ.ਵਾਈ.ਸੀ.ਸਮੇਂ 'ਤੇ ਕਰਵਾਉਣ ਵਿਚ ਅਸਮਰਥ ਰਹੀ ਹੈ। ਕੇਂਦਰੀ ਭਾਜਪਾ ਸਰਕਾਰ ਉਨ੍ਹਾਂ ਦਾ ਈ.ਕੇ.ਵਾਈ.ਸੀ. ਦਾ ਕੰਮ ਪੂਰਾ ਕਰਨ ਦੀ ਸਮਾਂ ਸੀਮਾ ਦੋ ਵਾਰ ਪਹਿਲਾਂ ਵੀ ਵਧਾ ਚੁੱਕੀ ਹੈ ਪਰ ਹਾਲੇ ਵੀ ਸਰਕਾਰ ਕੋਲੋਂ ਸਹੀ ਢੰਗ ਨਾਲ ਕੰਮ ਪੂਰਾ ਨਹੀਂ ਹੋਇਆ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇਲਜ਼ਾਮ ਸੱਚੇ ਹਨ ਤਾਂ ਉਹ ਲਾਭਪਾਤਰੀ ਕੱਟਣ ਦੇ ਕੇਂਦਰ ਸਰਕਾਰ ਦੇ ਹੁਕਮਾਂ ਦੀ ਜੇਕਰ ਕੋਈ ਚਿੱਠੀ ਜਾਂ ਪੱਤਰ ਉਨ੍ਹਾਂ ਤੱਕ ਆਇਆ ਹੈ ਤਾਂ ਉਸ ਨੂੰ ਕਰ ਕੇ ਵਿਖਾਵੇ।

## 'ਬਟਾਲਾ ਦੀ ਸ਼ਾਨ' ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਤੇ ਅਜੋਕੀ ਦੁਨੀਆਂ ਲਈ ਉਨ੍ਹਾਂ ਦੀਆਂ ਸਿੱਖਿਆਵਾਂ



ਬਟਾਲਾ/ਅਲੀਵਾਲ, 27 ਅਗਸਤ(ਡਾ. ਨਰਿੰਦਰ ਸਿੰਘ ਘੁਮਾਣ/ ਡਾ.ਸਤਨਾਮ ਸਿੰਘ ਸੰਧੂ): ਬਟਾਲਾ ਦੀ ਮਿੱਟੀ ਨੂੰ ਇਹ ਮਾਣ ਹੈ ਕਿ ਇੱਥੇ ਗੁਰੂ ਨਾਨਕ ਦੇਵ ਜੀ, ਸਿੱਖ ਧਰਮ ਦੇ ਪਹਿਲੇ ਗੁਰੂ ਦਾ ਵਿਆਹ ਹੋਇਆ ਸੀ। ਸ੍ਰੀ ਕੰਧ ਸਾਹਿਬ ਬਟਾਲਾ ਵਿਚ ਉਹ ਪਵਿੱਤਰ ਥਾਂ ਹੈ, ਜਿੱਥੇ ਇਹ ਇਤਿਹਾਸਕ ਪਲ ਘਟਿਆ। ਪਰ ਗੁਰੂ ਨਾਨਕ ਦੇਵ ਜੀ ਸਿਰਫ਼ ਇੱਕ ਵਿਆਹ ਦੇ ਮੌਕੇ ਨਾਲ ਨਹੀਂ, ਸਗੋਂ ਆਪਣੇ ਅਦਭੁਤ ਜੀਵਨ ਤੇ ਅਜਿਹੀਆਂ ਸਿੱਖਿਆਵਾਂ ਨਾਲ ਅਮਰ ਹਨ ਜੋ ਹਰ ਯੁੱਗ ਲਈ ਪ੍ਰੇਰਨਾ ਹਨ। ਗੁਰੂ ਨਾਨਕ ਦੇਵ ਜੀ ਮਨੁੱਖਤਾ ਦੇ ਸੱਚੇ ਦੋਸਤ ਸਨ। ਉਨ੍ਹਾਂ ਨੇ ਕਦੇ ਵੀ ਕਿਸੇ ਨੂੰ ਜਾਤ-ਪਾਤ, ਧਰਮ ਜਾਂ ਰੰਗ ਦੇ ਅਧਾਰ 'ਤੇ ਵੱਖਰਾ ਨਹੀਂ ਮੰਨਿਆ। ਉਹਨਾਂ ਦਾ ਸੁਨੇਹਾ ਸੀ - "ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ, ਸਭ ਇਕੋ ਪਰਮਾਤਮਾ ਦੀ ਸੰਤਾਨ ਹਨ।" ਉਹ ਸਾਦਗੀ, ਸੱਚਾਈ ਤੇ ਮਿਹਨਤ ਦੇ ਪੱਖਪਾਤੀ ਸਨ ਤੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਨੂੰ ਜੀਵਨ ਦਾ ਮੂਲ ਮੰਤਰ ਬਣਾਇਆ। ਜੇ ਅਸੀਂ 21ਵੀਂ ਸਦੀ ਦੇ ਹਾਲਾਤਾਂ ਨੂੰ ਵੇਖੀਏ, ਤਾਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਹੋਰ ਵੀ ਮਹੱਤਵਪੂਰਨ ਲੱਗਦੀਆਂ ਹਨ। ਅੱਜ ਦੀ ਦੁਨੀਆ ਵਿੱਚ, ਜਿੱਥੇ ਨਫ਼ਰਤ, ਵਾਤਾਵਰਨੀ ਸੰਕਟ ਅਤੇ ਆਰਥਿਕ ਅਸਮਾਨਤਾ ਵੱਧ ਰਹੀ ਹੈ, ਗੁਰੂ ਸਾਹਿਬ ਦਾ ਸੁਨੇਹਾ ਸਰਬੱਤ ਦਾ ਭਲਾ ਸਾਨੂੰ ਏਕਤਾ ਤੇ ਸਹਿਯੋਗ ਵੱਲ ਵਾਪਸ ਬੁਲਾਉਂਦਾ ਹੈ। ਬਟਾਲਾ ਵਾਸੀਆਂ ਲਈ ਇਹ ਗਰੂਰ ਦੀ ਗੱਲ ਹੈ ਕਿ ਸਾਡਾ ਸ਼ਹਿਰ ਉਸ ਪਵਿੱਤਰ ਘਟਨਾ ਦਾ ਗਵਾਹ ਹੈ, ਜਿਸ ਨਾਲ ਇੱਕ ਅਜਿਹੇ ਮਹਾਨ ਆਦਰਸ਼ਵਾਦੀ ਦਾ ਪਰਿਵਾਰਕ ਜੀਵਨ ਸ਼ੁਰੂ ਹੋਇਆ। ਆਓ, ਅਸੀਂ ਗੁਰੂ ਨਾਨਕ ਦੇਵ ਜੀ ਦੇ ਰਾਹ 'ਤੇ ਤੁਰ ਕੇ ਸੱਚ, ਇਨਸਾਫ਼ ਅਤੇ ਪਿਆਰ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਈਏ।

## ਕੌਂਸਲਰ ਪੂਜਾ ਲੂਥਰਾ ਸੱਚਦੇਵਾ ਤੇ ਸਮਾਜਸੇਵੀ ਅਜੈ ਸੱਚਦੇਵਾ ਨੇ ਹੜ੍ਹ ਪੀੜਤਾਂ ਤੱਕ ਰਾਹਤ ਸਮੱਗਰੀ ਪਹੁੰਚਾਉਣ ਦੀ ਨਿਭਾਈ ਜ਼ਿੰਮੇਵਾਰੀ



ਫਾਜ਼ਿਲਕਾ, 27 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਵਿੱਚ ਜਿੱਥੇ ਸਤਲੁਜ ਦਾ ਪਾਣੀ ਆਉਣ ਕਾਰਨ ਹੜ੍ਹ ਵਰਗੇ ਹਾਲਾਤ ਬਣੇ ਹਨ, ਉਥੇ ਹੀ ਆਮ ਆਦਮੀ ਪਾਰਟੀ ਦੀ ਕੌਂਸਲਰ ਪੂਜਾ ਲੂਥਰਾ ਸਚਦੇਵਾ ਅਤੇ ਸਮਾਜਸੇਵੀ ਅਜੈ ਸਚਦੇਵਾ ਨੇ ਹਮੇਸ਼ਾ ਦੀ ਤਰ੍ਹਾਂ ਲੋੜਵੰਦਾਂ ਦੀ ਬਾਂਹ ਫ਼ੜਦਿਆਂ ਹੜ੍ਹ ਪੀੜਤਾਂ ਤੱਕ ਰਾਹਤ ਸਮੱਗਰੀ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾਈ ਹੈ। ਸਰਹੱਦੀ ਪਿੰਡਾਂ ਦੇ ਸੈਂਕੜੇ ਘਰਾਂ ਵਿਚ ਹੜ੍ਹ ਦੇ ਪਾਣੀ ਨੇ ਤਬਾਹੀ ਮਚਾ ਦਿੱਤੀ ਹੈ, ਫ਼ਸਲਾਂ ਤਬਾਹ ਕਰ ਦਿੱਤੀਆਂ ਹਨ, ਜਿਸ ਕਾਰਨ ਪਸ਼ੂਆਂ ਦੇ ਚਾਰੇ ਲਈ ਵੀ ਵੱਡੀ ਸਮੱਸਿਆ ਖੜ੍ਹੀ ਹੋ ਗਈ ਹੈ। ਹਮੇਸ਼ਾ ਦੀ ਤਰ੍ਹਾਂ ਕੌਂਸਲਰ ਪੂਜਾ ਲੂਥਰਾ ਸਚਦੇਵਾ ਅਤੇ ਸਮਾਜਸੇਵੀ ਅਜੈ ਸਚਦੇਵਾ ਨੇ ਆਪਣੀ ਟੀਮ ਸਮੇਤ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਪਹੁੰਚ ਕਰਦਿਆਂ ਰਾਹਤ ਸਮੱਗਰੀ ਲੋੜਵੰਦਾਂ ਤੱਕ ਪਹੁੰਚਾਉਣ ਦੀ ਕਾਰਵਾਈ ਅਰੰਭ ਕਰ ਦਿੱਤੀ ਹੈ। ਇਸ ਮੌਕੇ ਉਨ੍ਹਾਂ ਰਾਮ ਸਿੰਘ ਭੈਣੀ, ਢਾਣੀ ਭਗਤਾ, ਪਾਲਾ ਸਿੰਘ, ਕਰਤਾਰ ਸਿੰਘ ਭੈਣੀ ਆਦਿ ਪਿੰਡਾਂ ਅੰਦਰ ਤਕਰੀਬਨ 200 ਪ੍ਰਭਾਵਿਤ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਤੇ ਪਸ਼ੂਆਂ ਲਈ ਚਾਰੇ ਦੀ ਵੀ ਵੰਡ ਕੀਤੀ। ਪੂਜਾ ਲੂਥਰਾ ਸਚਦੇਵਾ ਤੇ ਸਮਾਜ ਸੇਵੀ ਅਜੈ ਸਚਦੇਵਾ ਨੇ ਪੀੜਤ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਵੀ ਸੁਣੀਆਂ ਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਮੁਸ਼ਕਲ ਵੇਲੇ ਆਪਣੇ ਲੋਕਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਸਾਡੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹਰ ਹਾਲ 'ਚ ਹੱਲ ਕਰਵਾਉਣਾ ਉਨ੍ਹਾਂ ਦੀ ਨਿੱਜੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਯਕੀਨ ਦਿਵਾਇਆ ਕਿ ਉਹ ਕਿਸਾਨਾਂ ਦੀ ਹਰ ਇੱਕ ਸਮੱਸਿਆ ਨੂੰ ਸਰਕਾਰ ਤੱਕ ਪਹੁੰਚਾਉਣਗੇ ਤੇ ਇਸਦਾ ਢੁੱਕਵਾਂ ਹੱਲ ਕੱਢਿਆ ਜਾਵੇਗਾ।

## ਭਾਰੀ ਗਿਣਤੀ 'ਚ ਲੋਕ ਕਾਂਗਰਸ ਛੱਡ 'ਆਪ' 'ਚ ਹੋਏ ਸ਼ਾਮਲ, ਪਵਨ ਟੀਨੂ ਨੇ ਕੀਤਾ ਸਨਮਾਨਤ



ਭੋਗਪੁਰ, 27 ਅਗਸਤ (ਅਮਰਜੀਤ ਸਿੰਘ ਸੈਣੀ): ਹਲਕਾ ਆਦਮਪੁਰ ਪਿੰਡ ਮੁਚਰੋਵਾਲ ਦੀ ਪੰਚਾਇਤ ਅਤੇ ਹੋਰ ਆਸ ਪਾਸ ਲੋਕ ਭਾਰੀ ਗਿਣਤੀ ਵਿੱਚ ਕਾਂਗਰਸ ਛੱਡ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਆਦਮਪੁਰ ਦੇ ਇੰਚਾਰਜ ਸ੍ਰੀ ਪਵਨ ਕੁਮਾਰ ਟੀਨੂ ਨੇ ਸਭ ਦਾ ਧੰਨਵਾਦ ਕੀਤਾ ਤੇ ਸਨਮਾਨਤ ਕੀਤਾ। ਆਪ ਵਿੱਚ ਸ਼ਾਮਿਲ ਹੋਈ ਪੰਚਾਇਤ ਤੇ ਹੋਰ ਲੋਕ ਆਖ ਰਹੇ ਸਨ ਕੀ ਉਹ ਪਵਨ ਕੁਮਾਰ ਟੀਨੂ ਦੀ ਮਿਹਨਤ ਸਦਕਾ ਅਤੇ ਉਹਨਾਂ ਦੀ ਲਗਨ ਨੂੰ ਦੇਖਦੇ ਹੋਏ ਹੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਪਵਨ ਕੁਮਾਰ ਟੀਨੂ ਨੇ ਸਭ ਨੂੰ ਵਿਸ਼ਵਾਸ ਦਿਵਾਇਆ ਕਿ ਪਾਰਟੀ ਵਿੱਚ ਸਭ ਨੂੰ ਸਨਮਾਨ ਮਿਲੇਗਾ ਤੇ ਵਿਕਾਸ ਤਰਫ਼ੋਂ ਵੀ ਪਹਿਲ ਦਿੱਤੀ ਜਾਵੇਗੀ, ਪਵਨ ਕੁਮਾਰ ਟੀਨੂ ਨੇ ਕਿਹਾ ਕਿ ਹਲਕੇ ਦਾ ਕਾਫੀ ਵਿਕਾਸ ਹੋਇਆ ਹੈ ਤੇ ਜੋ ਅਧੂਰੇ ਕੰਮ ਰਹਿ ਗਏ ਹਨ, ਉਹ ਵੀ ਜਲਦ ਪੂਰੇ ਕੀਤੇ ਜਾਣਗੇ। ਇਸ ਮੌਕੇ 'ਤੇ ਗੁਰਸ਼ਰਨ ਸਿੰਘ, ਮੀਨਾ ਵੜੈਚ ਸਰਪੰਚ, ਅਜੇ ਕੁਮਾਰ ਬਲਾਕ ਪ੍ਰਧਾਨ, ਗੁਰਮੀਤ ਸਿੰਘ, ਦੌਲਤ ਸਿੰਘ, ਕੁਲਵਿੰਦਰ ਸਿੰਘ, ਮਹਿੰਦਰ ਸਿੰਘ, ਸੇਵਕ ਸਿੰਘ ਗੁਰਮੀਤ ਕੌਰ ਆਦਿ ਹਾਜ਼ਰ ਸਨ।

## ਹੜ੍ਹਾਂ ਨਾਲ ਖਰਾਬ ਹੋਈ ਫਸਲ ਦਾ 70 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦੇਵੇ ਸਰਕਾਰ: ਹਰਭਜਨ ਸਿੰਘ



ਸ੍ਰੀ ਹਰਗੋਬਿੰਦਪੁਰ ਸਾਹਿਬ/ ਊਧਨਵਾਲ, 27 ਅਗਸਤ (ਡਾ. ਸਰਬਜੀਤ ਸਿੰਘ ਭਿੰਡਰ/ ਸੁਖ ਅੰਮ੍ਰਿਤ ਸਿੰਘ ਸੋਨੂੰ ਘੁਮਾਣ): ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਅੱਚਲ ਸਾਹਿਬ ਦੇ ਪ੍ਰਧਾਨ ਹਰਭਜਨ ਸਿੰਘ ਵੈਰੋਨੰਗਲ ਤੇ ਡਾਕ. ਹਰਦੀਪ ਸਿੰਘ ਮਹਿਤਾ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਸਰਕਾਰ ਜਲਦ ਤੋਂ ਜਲਦ ਸਪੈਸ਼ਲ ਗਿਰਦਾਵਰੀ ਕਰਕੇ ਕਿਸਾਨਾਂ ਨੂੰ 70 ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਵੇ ਕਿਉਂਕਿ ਸਰਕਾਰ ਦੀ ਨਾਕਾਮੀ ਕਰਕੇ ਹੜ੍ਹਾਂ ਨਾਲ ਜ਼ਿਆਦਾ ਨੁਕਸਾਨ ਹੋਇਆ ਹੈ ਜੇ ਸਰਕਾਰ ਬਰਸਾਤ ਤੋਂ ਪਹਿਲਾਂ ਧਿਆਨ ਦੇਂਦੀ ਤੇ ਡੈਮਾਂ ਦਾ ਪਾਣੀ ਪਹਿਲਾਂ ਹੀ ਰਿਲੀਜ਼ ਕਰਦੀ ਤਾਂ ਇੰਨਾ ਨੁਕਸਾਨ ਨਹੀਂ ਹੋਣਾ ਸੀ। ਸਰਕਾਰ ਨੂੰ ਚਾਹੀਦਾ ਹੈ ਕਿ ਹੜ੍ਹਾਂ ਨਾਲ ਨਜਿੱਠਣ ਲਈ ਦਰਿਆਵਾਂ ਨੂੰ ਨਹਿਰੀ ਰੂਪ ਦੇਕੇ ਬੰਨ੍ਹ ਪੱਕੇ ਕੀਤੇ ਜਾਣ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਫੇਰ ਨੁਕਸਾਨ ਨਾ ਹੋਵੇ। ਪ੍ਰਧਾਨ ਹਰਭਜਨ ਸਿੰਘ ਵੈਰੋਨੰਗਲ ਨੇ ਕਿਹਾ ਕਿ ਸਰਕਾਰ ਜਲਦ ਕਿਸਾਨਾਂ ਨੂੰ ਮੁਆਵਜ਼ਾ ਦੇਵੇ ਤੇ ਮਜ਼ਦੂਰਾਂ ਨੂੰ ਵੀ ਮਾਲੀ ਸਹਾਇਤਾ ਦਿੱਤੀ ਜਾਵੇ। ਪਹਿਲਾਂ ਵਾਂਗ ਹਵਾ ਵਿੱਚ ਹੀ ਐਲਾਨ ਨਾ ਕਰੇ ਦੇ ਸਰਕਾਰ ਨੇ ਹੁਣ ਹਵਾ ਵਿੱਚ ਐਲਾਨ ਕੀਤਾ ਤੇ ਲੋਕਾਂ ਨੂੰ ਸਹੀ ਮੁਆਵਜ਼ਾ ਨਾ ਦਿੱਤਾ ਤਾਂ ਫੇਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਵੱਡੇ ਸੰਘਰਸ਼ ਉਲੀਕੇ ਜਾਣਗੇ ਤੇ ਸਰਕਾਰ ਨੂੰ ਹੁਣ ਵੀ ਵੱਧ ਤੋਂ ਵੱਧ ਆਪਣੀਆਂ ਟੀਮਾਂ ਭੇਜ ਕੇ ਲੋਕਾਂ ਦੀ ਮਦਦ ਕਰੇ ਤੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰੇ।

## ਦਸਮੇਸ਼ ਗਰਲਜ਼ ਕਾਲਜ ਦੀ ਵਿਦਿਆਰਥਣ ਦਾਮਨੀ ਨੇ ਯੂਨੀਵਰਸਿਟੀ 'ਚੋਂ ਦੂਜਾ ਸਥਾਨ ਹਾਸਲ ਕੀਤਾ



ਮੁਕੇਰੀਆਂ, 27 ਅਗਸਤ (ਧਰਮ ਚੰਦ): ਦਸਮੇਸ਼ ਗਰਲਜ਼ ਕਾਲਜ, ਚੱਕ ਅੱਲ੍ਹਾ ਬਖਸ਼ ਮੁਕੇਰੀਆਂ ਦੀਆਂ ਵਿਦਿਆਰਥਣਾਂ ਆਪਣੀ ਮਿਹਨਤ ਸਦਕਾ ਯੂਨੀਵਰਸਿਟੀ ਪੱਧਰ 'ਤੇ ਪੁਜੀਸ਼ਨਾਂ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਕਾਲਜ ਪ੍ਰਿੰਸੀਪਲ ਡਾ. ਕਰਮਜੀਤ ਕੌਰ ਬਰਾੜ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਪੀ.ਜੀ.ਡੀ.ਸੀ.ਏ (ਸਮੈਸਟਰ ਦੂਜਾ) ਦੀ ਵਿਦਿਆਰਥਣ ਦਾਮਨੀ ਨੇ 89.5% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਦੂਜਾ ਤੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਵਿਦਿਆਰਥਣਾਂ ਦੀ ਇਸ ਸਫਲਤਾ ਲਈ ਸ਼੍ਰੀ ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਰਵਿੰਦਰ ਸਿੰਘ ਚੱਕ ਤੇ ਸਮੂਹ ਮੈਂਬਰ ਸਾਹਿਬਾਨਾਂ ਨੇ ਵਿਭਾਗ ਦੇ ਮੁਖੀ ਸਹਾਇਕ ਪ੍ਰੋਫੈਸਰ ਪੂਜਾ, ਸਹਾਇਕ ਪ੍ਰੋਫੈਸਰ ਸ਼ਿਵਾਨੀ, ਸਹਾਇਕ ਪ੍ਰੋਫੈਸਰ ਨੇਹਾ, ਸਹਾਇਕ ਪ੍ਰੋਫੈਸਰ ਪਰਮਿੰਦਰ ਕੌਰ, ਸਹਾਇਕ ਪ੍ਰੋਫੈਸਰ ਵਿਧੂ, ਵਿਦਿਆਰਥਣਾਂ ਤੇ ਮਾਪਿਆਂ ਨੂੰ ਮੁਬਾਰਕ ਦਿੱਤੀ ਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਮੁੱਖ ਮੰਤਰੀ ਪੰਜਾਬ ਨੂੰ ਵਿਧਾਇਕ ਸ਼ੈਰੀ ਕਲਸੀ ਦੇ ਨਾਲ ਮਿਲੇ ਬਹਿਰਾਮਪੁਰ ਦੇ ਪੰਚ-ਸਰਪੰਚ



ਬਟਾਲਾ, 27ਅਗਸਤ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਅੱਜ ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਬਹਿਰਾਮਪੁਰ ਵਿਖੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰ ਰਹੇ ਸਨ ਤਾਂ ਮੁੱਖ ਮੰਤਰੀ ਪੰਜਾਬ ਨੂੰ ਸੂਬੇ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਦੇ ਨਾਲ ਬਹਿਰਾਮਪੁਰ ਦੇ ਪੰਚ-ਸਰਪੰਚ ਮਿਲੇ ਤੇ ਸਾਰੀ ਸਥਿਤੀ ਤੋਂ ਜਾਣੂੰ ਕਰਵਾਇਆ। ਮੁੱਖ ਮੰਤਰੀ ਪੰਜਾਬ ਨੇ ਤੁਰੰਤ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਸਮੱਗਰੀ ਵੰਡਣ ਲਈ ਆਪਣਾ ਹੈਲੀਕਾਪਟਰ ਤਾਇਨਾਤ ਕੀਤਾ ਤਾਂ ਜੋ ਪੀੜਤਾਂ ਨੂੰ ਤੁਰੰਤ ਰਾਹਤ ਸਮੱਗਰੀ ਵੰਡਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਜੋਬਨ ਰੰਧਾਵਾ,ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਅਤੇ ਜ਼ਿਲ੍ਹਾ ਪ੍ਰਧਾਨ ਆਪ ਪਾਰਟੀ, ਚੇਅਰਮੈਨ ਰਾਜੀਵ ਸ਼ਰਮਾ, ਚੇਅਰਮੈਨ ਬਲਜੀਤ ਸਿੰਘ ਦੀਨਾਨਗਰ, ਮੁੱਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਮੀਡੀਆ ਇੰਚਾਰਜ ਆਪ ਪਾਰਟੀ ਅਤੇ ਪਾਰਟੀ ਦੇ ਆਗੂ ਤੇ ਵਲੰਟੀਅਰ ਮੌਜੂਦ ਸਨ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਲੋਂ ਰਾਵੀ ਦਰਿਆ ਨਾਲ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਗਿਆ ਹੈ। ਉਨ੍ਹਾਂ ਵਲੋਂ ਅਧਿਕਾਰੀਆਂ ਨੂੰ ਪ੍ਰਭਾਵਿਤ ਪਿੰਡਾਂ ਵਿੱਚ ਨਿਰਵਿਘਨ ਰਾਹਤ ਸਮੱਗਰੀ ਵੰਡਣ ਲਈ ਕਿਹਾ ਹੈ ਤਾਂ ਜੋ ਲੋਕਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਸਰਕਾਰ ਕਿਸਾਨਾਂ ਤੇ ਲੋਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ 'ਤੇ ਪ੍ਰਸ਼ਾਸਨ ਪੂਰੀ ਤਰ੍ਹਾਂ ਹਰ ਸਥਿਤੀ 'ਤੇ ਨਜ਼ਰ ਰੱਖ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਨਾਲ ਖੇਤਾਂ ਅਤੇ ਦਰਿਆ ਨੇੜਲੇ ਪਿੰਡਾਂ ਵਿੱਚ ਪਾਣੀ ਵੜਿਆ ਹੈ। ਵਿਧਾਇਕ ਸ਼ੈਰੀ ਕਲਸੀ ਨੇ ਬਹਿਰਾਮਪੁਰ ਵਿਖੇ ਦੌਰਾ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਦਰਿਆ ਨਾਲ ਲੱਗਦੇ ਖੇਤਰਾਂ ਵਿੱਚ ਜਾਣ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਲਗਾਤਾਰ ਬਾਰਿਸ਼ ਆਉਣ ਨਾਲ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਕਾਫੀ ਵੱਧ ਗਿਆ ਹੈ ਅਤੇ ਹੇਠਲੇ ਇਲਾਕਿਆਂ ਦੇ ਖੇਤਾਂ ਵਿੱਚ ਵੀ ਕਾਫੀ ਮਾਤਰਾ ਵਿੱਚ ਪਾਣੀ ਆ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਪਸ਼ੂਆਂ ਦੇ ਲਈ ਹਰੇ ਚਾਰੇ ਦਾ ਪ੍ਰਬੰਧ ਕੀਤਾ ਗਿਆ ਹੈ,ਰਾਹਤ ਕੈਂਪ ਬਣਾਏ ਗਏ ਹਨ ਤੇ ਪ੍ਰਭਾਵਿਤ ਲੋਕਾਂ ਤੱਕ ਪਹੁੰਚ ਕੀਤੀ ਗਈ ਹੈ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਫੀਲਡ ਵਿੱਚ ਹਨ।

## ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਆਈਐਮ ਪੰਜਾਬ ਸਟਾਰਟਅੱਪ ਫੇਅਰ 2.0 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ



ਮੰਡੀ ਗੋਬਿੰਦਗੜ੍ਹ, 27 ਅਗਸਤ (ਅੰਮ੍ਰਿਤਪਾਲ ਸਿੰਘ): ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਦੇ ਵਿਦਿਆਰਥੀਆਂ ਨੇ ਮੋਹਾਲੀ ਵਿੱਚ ਕਰਵਾਏ ਆਈਐਮ ਪੰਜਾਬ ਸਟਾਰਟਅੱਪ ਫੇਅਰ 2.0 ਵਿੱਚ ਉੱਚ ਸਨਮਾਨ ਪ੍ਰਾਪਤ ਕਰਕੇ ਯੂਨੀਵਰਸਿਟੀ ਦਾ ਨਾਮ ਰੌਸ਼ਨ ਕੀਤਾ ਹੈ। ਯੂਨੀਵਰਸਿਟੀ ਦੀ ਟੀਮ ਨੇ ਆਈਐਮ ਪੰਜਾਬ ਕੈਂਪਸ ਅੰਬੈਸਡਰ ਪ੍ਰੋਗਰਾਮ - ਟਾਇਅਰ-2 ਵਿੱਚ ਜਿੱਤ ਪ੍ਰਾਪਤ ਕੀਤੀ, ਜੋ ਕਿ ਪੰਜਾਬ ਭਰ ਦੇ ਭਾਗੀਦਾਰਾਂ ਵਿੱਚੋਂ ਇਕ ਵੱਖਰੀ ਪ੍ਰਾਪਤੀ ਹੈ। ਇਸ ਸ਼ਾਨਦਾਰ ਪ੍ਰਦਰਸ਼ਨ ਦੇ ਜੇਤੂਆਂ ਵਿੱਚ ਲਕਸ਼ਮਣ ਕੁਮਾਰ (ਬੀ.ਟੈਕ ਸੀਐਸਈ - ਸਾਈਬਰ ਫੋਰੈਂਸਿਕਸ), ਖੁਸ਼ੀ ਅਗਰਵਾਲ (ਬੀ.ਟੈਕ ਸੀਐਸਈ - ਆਰਟੀਫੀਸ਼ੀਅਲ ਇੰਟੈਲੀਜੈਂਸ), ਰਿਸ਼ਭ ਕੁਮਾਰ (ਬੀਏ ਐਲਐਲ.ਬੀ) ਅਤੇ ਵਰਦਾਨ ਰਾਏ (ਐਲਐਲ.ਬੀ) ਸ਼ਾਮਲ ਹਨ। ਲੀਡਰਸ਼ਿਪ, ਨਵੀਨਤਾ ਅਤੇ ਸਮਰਪਣ ਲਈ ਉਨ੍ਹਾਂ ਦੀ ਮਾਨਤਾ ਨੇ ਉੱਦਮੀ ਉੱਤਮਤਾ ਵਿੱਚ ਡੀਬੀਯੂ ਲਈ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ। ਆਪਣੀ ਇਸ ਪ੍ਰਾਪਤੀ ਦੇ ਨਾਲ-ਨਾਲ, ਡੀਬੀਯੂ ਦੇ ਵਿਦਿਆਰਥੀਆਂ ਨੇ ਪੈਨਲ ਚਰਚਾਵਾਂ ਵਿੱਚ ਵੀ ਸਰਗਰਮੀ ਨਾਲ ਹਿੱਸਾ ਲਿਆ ਤੇ ਡਾ. ਅਨਿਰੁਧ ਗੁਪਤਾ, ਸੌਰਭ ਮੁੰਜਾਲ, ਸਾਰਥਕ ਅਗਰਵਾਲ, ਸਾਹਿਲ ਬਾਂਸਲ ਤੇ ਆਰੂਸ਼ ਚੋਪੜਾ ਵਰਗੇ ਪ੍ਰਮੁੱਖ ਉੱਦਮੀਆਂ ਨਾਲ ਗੱਲਬਾਤ ਕੀਤੀ, ਜਿਸ ਨਾਲ ਉਨ੍ਹਾਂ ਨੂੰ ਅਨਮੋਲ ਸੂਝ ਅਤੇ ਪ੍ਰੇਰਨਾ ਮਿਲੀ। ਇਸ ਦੌਰਾਨ ਪੈਨਲ ਚਰਚਾਵਾਂ ਦੇ ਪ੍ਰਮੁੱਖ ਉੱਦਮੀਆਂ ਦੀਆਂ ਪ੍ਰੇਰਨਾਦਾਇਕ ਯਾਤਰਾਵਾਂ ਤੇ ਸੂਝ-ਬੂਝਾਂ ਨੇ ਇੱਕ ਸਥਾਈ ਪ੍ਰਭਾਵ ਛੱਡਿਆ ਤੇ ਨੌਜਵਾਨ ਤਬਦੀਲੀ ਲਿਆਉਣ ਵਾਲਿਆਂ ਦੀਆਂ ਇੱਛਾਵਾਂ ਨੂੰ ਬਲ ਦਿੱਤਾ। ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ ਚਾਂਸਲਰ, ਡਾ. ਤਜਿੰਦਰ ਕੌਰ, ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਅਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਜੇਤੂਆਂ ਨੂੰ ਦਿਲੋਂ ਵਧਾਈਆਂ ਦਿੱਤੀਆਂ ਤੇ ਨਵੀਨਤਾ, ਉੱਤਮਤਾ ਤੇ ਲੀਡਰਸ਼ਿਪ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ।

## ਜੈਨ ਸਥਾਨਕ ਨਵਾਂਸ਼ਹਿਰ ਵਿਖੇ ਸੰਵਤਸਰੀ ਉਤਸਵ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



ਨਵਾਂਸ਼ਹਿਰ, 27 ਅਗਸਤ (ਰੌਸ਼ਨ ਲਾਲ ਸੁੰਮਨ): ਜੈਨ ਸਥਾਨਕ ਨਵਾਂਸ਼ਹਿਰ ਵਿਖੇ ਮਹਾਸਾਧਵੀ ਪ੍ਰਿਯਦਰਸ਼ਨ, ਕਿਰਨ ਪ੍ਰਭਾ, ਰਤਨ ਜਯੋਤੀ, ਵਿਚਕਸ਼ਣ, ਅਰਪਿਤਾ, ਵੰਦਿਤਾ ਤੇ ਮੋਕਸ਼ਦਾ ਤੇ ਸੁਰਿੰਦਰ ਦੀ ਅਗਵਾਈ ਵਿਚ ਸੰਵਤਸਰੀ ਉਤਸਵ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਐਸ.ਐਸ ਜੈਨ ਸਭਾ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਇਸ ਮੌਕੇ ਜੈਨ ਸਭਾ ਵਿੱਚ ਪਿਛਲੇ 8 ਦਿਨਾਂ ਤੋਂ ਲਗਾਤਾਰ ਮਹਾਮੰਤਰ ਨਵਕਾਰ ਦਾ ਜਾਪ ਚੱਲ ਰਿਹਾ ਹੈ ਤੇ ਮਹਾਸਾਧਵੀ ਅਰਪਿਤਾ ਮਹਾਰਾਜ ਪਿਛਲੇ 8 ਦਿਨਾਂ ਤੋਂ ਅੰਤਗੜਦਸ਼ਾਂਗ ਸੂਤਰ ਦਾ ਪਾਠ ਕਰਕੇ ਸਰਲ ਸ਼ਬਦਾਂ ਵਿੱਚ ਵਿਆਖਿਆ ਕਰ ਰਹੇ ਹਨ। ਜੈਨ ਸਭਾ ਵਲੋਂ ਮਾਸਖਮਨ, ਅਠਾਈ ਵਰਤ ਤੇ ਕਈ ਪ੍ਰਕਾਰ ਦੀ ਤਪੱਸਿਆ ਕਰਨ ਵਾਲਿਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਐਸ.ਐਸ ਜੈਨ ਸਭਾ ਦੇ ਪ੍ਰਧਾਨ ਸੁਰਿੰਦਰ ਜੈਨ, ਜਨਰਲ ਸਕੱਤਰ ਰਤਨ ਕੁਮਾਰ ਜੈਨ, ਤ੍ਰਿਪਤਾ ਜੈਨ ਨੇ ਭਜਨਾਂ ਤੇ ਭਾਸ਼ਣਾਂ ਰਾਹੀਂ ਆਪਣੇ ਵਿਚਾਰ ਪ੍ਰਗਟ ਕੀਤੇ। ਮਹਾਸਾਧਵੀ ਵਿਚਕਸ਼ਨ ਤੇ ਮੋਕਸ਼ਦਾ ਦੀ ਅਗਵਾਈ ਹੇਠ ਤੇ ਰਮਣੀਕ ਬਾਲ ਕਲਾ ਮੰਡਲ ਨੇ ਮੀਨਾਕਸ਼ੀ ਦੀ ਅਗਵਾਈ ਹੇਠ ਇੱਕ ਬਹੁਤ ਹੀ ਸੁੰਦਰ ਪ੍ਰੋਗਰਾਮ ਪੇਸ਼ ਕੀਤਾ। ਜਿਸਨੇ ਸਾਰਿਆਂ ਦਾ ਦਿਲ ਜਿੱਤ ਲਿਆ। ਇਸ ਮੌਕੇ 'ਤੇ ਮਹਾਸਾਧਵੀਰਤਨ ਜੋਤੀ, ਵਿਚਕਸ਼ਨ ਮਹਾਰਾਜ ਨੇ ਕਿਹਾ ਕਿ ਸੰਵਤਸਰੀ ਮਹਾਪਰਵ ਨੂੰ ਮੁਹਾਵੀ ਪਰਵ ਵੀ ਕਿਹਾ ਜਾਂਦਾ ਹੈ, ਜੇਕਰ ਅਸੀਂ ਪਿਛਲੇ ਸਾਲ ਮਨ, ਬਚਨ ਜਾਂ ਸਰੀਰ ਨਾਲ ਕਿਸੇ ਨੂੰ ਦੁੱਖ ਪਹੁੰਚਾਇਆ ਹੈ ਤਾਂ ਇਸ ਦਿਨ ਅਸੀਂ ਉਸ ਤੋਂ ਮੁਆਫ਼ੀ ਮੰਗਦੇ ਹਾਂ ਤੇ ਪਛਤਾਵਾ ਕਰਦੇ ਹਾਂ। ਉਨ੍ਹਾਂ ਕਿਹਾ ਕਿ ਇਨ੍ਹਾਂ ਦਿਨਾਂ ਦੌਰਾਨ ਮੁਆਫ਼ੀ ਮੰਗਣ, ਤਪੱਸਿਆ ਕਰਨ ਤੇ ਜਾਪ ਕਰਨ ਨਾਲ ਪਿਛਲੇ ਕਰਮਾਂ ਨੂੰ ਸਾਫ਼ ਕਰਨ ਵਿੱਚ ਮਦਦ ਮਿਲਦੀ ਹੈ। ਇਸ ਮੌਕੇ 'ਤੇ ਉਦੈਪੁਰ, ਜੈਪੁਰ ਆਦਿ ਤੋਂ ਗੁਰੂ ਭਗਤਾਂ ਨੇ ਵੀ ਆ ਕੇ ਤਪੱਸਿਆ ਕੀਤੀ ਤੇ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ। ਸਟੇਜ ਦਾ ਸੰਚਾਲਨ ਜੈਨ ਸਭਾ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਕੀਤਾ। ਇਸ ਮੌਕੇ ਜੈਨ ਸਭਾ ਦੇਨੇਮ ਕੁਮਾਰ ਜੈਨ, ਜੈਨੇਂਦਰ ਜੈਨ ਪਰਿਵਾਰ, ਗੌਤਮ ਜੈਨ, ਵਰੁਣ ਜੈਨ, ਰਾਕੇਸ਼ ਜੈਨ ਬੱਬੀ ਵੱਲੋਂ ਪ੍ਰਸਾਦ ਵੀ ਵੰਡਿਆ ਗਿਆ। ਵੰਦਿਤਾ ਮਹਾਰਾਜ ਤੇ ਮੋਕਸ਼ਦਾ ਮਹਾਰਾਜ ਨੇ ਸੰਵਤਸਰੀ ਤਿਉਹਾਰ ਦੇ ਮੌਕੇ 'ਤੇ ਭਜਨ ਗਾਏ ਤੇ ਮਹਾਸਾਧਵੀ ਪ੍ਰਿਦਰਸ਼ਨਾ ਮਹਾਰਾਜ ਨੇ ਮੰਗਲ ਪਾਠ ਸੁਣਾ ਕੇ ਸਾਰਿਆਂ ਨੂੰ ਆਸ਼ੀਰਵਾਦ ਦਿੱਤਾ। ਇਨ੍ਹਾਂ ਅੱਠ ਦਿਨਾਂ ਦੌਰਾਨ ਐਸ.ਐਸ ਜੈਨ ਸਭਾ, ਸ੍ਰੀ ਮਹਾਂਵੀਰ ਜੈਨ ਯੁਵਕ ਮੰਡਲ, ਸ੍ਰੀ ਵਰਧਮਾਨ ਜੈਨ ਸੇਵਾ ਸੰਘ, ਪ੍ਰਯਾਸ ਸੁਸਾਇਟੀ, ਜੈਨ ਮਹਿਲਾ ਸੰਘ, ਸ੍ਰੀ ਚੰਦਨਬਾਲਾ ਜੈਨ ਯੁਵਤੀ ਮੰਡਲ ਤੇ ਸ੍ਰੀ ਰਮਣੀਕ ਬਾਲ ਕਲਾ ਮੰਡਲ ਦੇ ਮੈਂਬਰਾਂ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।

## ਆਪਸੀ ਸਹਿਮਤੀ ਨਾਲ ਕੇਸਾਂ ਦੇ ਨਿਪਟਾਰੇ ਲਈ 13 ਸਤੰਬਰ ਨੂੰ ਕੀਤਾ ਜਾਵੇਗਾ ਕੌਮੀ ਲੋਕ ਅਦਾਲਤ ਦਾ ਆਯੋਜਨ: ਚੌਹਾਨ



ਫਤਹਿਗੜ੍ਹ ਸਾਹਿਬ, 27 ਅਗਸਤ (ਹਰਪ੍ਰੀਤ ਕੌਰ ਟਿਵਾਣਾ): ਕੌਮੀ ਲੋਕ ਅਦਾਲਤਾਂ ਵਿੱਚ ਗੰਭੀਰ ਕਿਸਮ ਦੇ ਫੌਜਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਕੇਸ ਜੋ ਵੱਖ-ਵੱਖ ਅਦਾਲਤਾਂ ਵਿੱਚ ਲੰਬਿਤ ਪਏ ਹੋਣ, ਦੋਵੇਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਨਿਪਟਾਏ ਜਾਂਦੇ ਹਨ। ਇਹ ਜਾਣਕਾਰੀ ਚੀਫ ਜੂਡੀਸ਼ੀਅਲ ਮੈਜਿਸਟਰੇਟ ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਅਸ਼ੋਕ ਕੁਮਾਰ ਚੌਹਾਨ ਨੇ 13 ਸਤੰਬਰ ਨੂੰ ਆਯੋਜਿਤ ਕੀਤੀ ਜਾਣ ਵਾਲੀ ਕੌਮੀ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਨ ਦੇ ਮੰਤਵ ਨਾਲ ਵੱਖ-ਵੱਖ ਬੈਂਕ ਅਧਿਕਾਰੀਆਂ, ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਕੌਮੀ ਲੋਕ ਅਦਾਲਤ ਦਾ ਆਯੋਜਨ ਜ਼ਿਲ੍ਹਾ ਅਦਾਲਤਾਂ ਅਤੇ ਸਬ ਡਵੀਜ਼ਨ ਪੱਧਰ ਦੀਆਂ ਅਦਾਲਤਾਂ ਵਿੱਚ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕੌਮੀ ਲੋਕ ਅਦਾਲਤਾਂ ਰਾਹੀਂ ਆਪਸੀ ਸਹਿਮਤੀ ਨਾਲ ਹੋਣ ਵਾਲੇ ਫੈਸਲਿਆਂ ਨਾਲ ਜਿੱਥੇ ਪ੍ਰਭਾਵਿਤ ਲੋਕਾਂ ਦਾ ਕੀਮਤੀ ਸਮਾਂ ਅਤੇ ਪੈਸਾ ਬੱਚਦਾ ਹੈ, ਉੱਥੇ ਹੀ ਦੋਵੇਂ ਧਿਰਾਂ ਦੀ ਆਪਸੀ ਕੁੜੱਤਣ ਵੀ ਦੂਰ ਹੁੰਦੀ ਹੈ। ਅਸ਼ੋਕ ਕੁਮਾਰ ਚੌਹਾਨ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਦੀਵਾਨੀ, ਸਮਝੌਤਾਯੋਗ, ਫੌਜਦਾਰੀ, ਬੈਂਕ ਰਿਕਵਰੀ, ਚੈੱਕ ਬਾਉਂਸ, ਮਜ਼ਦੂਰਾਂ ਨਾਲ ਸਬੰਧਤ ਝਗੜੇ, ਬਿਜਲੀ ਅਤੇ ਪਾਣੀ ਦੇ ਬਿੱਲਾਂ ਸਬੰਧੀ ਅਤੇ ਘਰੇਲੂ ਝਗੜਿਆਂ ਸਬੰਧੀ ਲੰਬਿਤ ਅਤੇ ਪ੍ਰੀ-ਲਿਟੀਗੇਟਿਵ ਕੇਸ ਸਮਝੌਤੇ ਲਈ ਵਿਚਾਰੇ ਜਾਣਗੇ। ਉਨ੍ਹਾਂ ਬੈਂਕ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਬੈਂਕਾਂ ਦੇ ਲੰਬਿਤ ਪਏ ਰਿਕਵਰੀ ਦੇ ਕੇਸ ਵੱਧ ਤੋਂ ਵੱਧ ਇਸ ਲੋਕ ਅਦਾਲਤ ਵਿੱਚ ਲਗਾਏ ਜਾਣ ਤਾਂ ਜੋ ਉਨ੍ਹਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਹੋ ਸਕੇ। ਚੀਫ ਜੁਡੀਸ਼ੀਅਲ ਮੈਜਿਸਟਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਸ਼ੋਕ ਕੁਮਾਰ ਚੌਹਾਨ ਨੇ ਕਿਹਾ ਕਿ ਵੱਖ-ਵੱਖ ਝਗੜਿਆਂ ਦੇ ਨਿਪਟਾਰੇ ਲਈ ਕੌਮੀ ਲੋਕ ਅਦਾਲਤ ਵਿੱਚ ਕੇਸ ਲਗਾਉਣ ਦੇ ਚਾਹਵਾਨ ਨਾਗਰਿਕ ਜ਼ਿਲ੍ਹਾ ਪੱਧਰ 'ਤੇ ਕਿਸੇ ਵੀ ਅਦਾਲਤ ਵਿੱਚ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫਤਰ ਵਿਖੇ ਅਤੇ ਸਬ ਡਵੀਜ਼ਨ ਪੱਧਰ ਦੀਆਂ ਅਦਾਲਤਾਂ ਵਿੱਚ ਵੀ ਸੰਪਰਕ ਕਰਕੇ ਆਪਣੇ ਕੇਸ ਕੌਮੀ ਲੋਕ ਅਦਾਲਤ ਵਿੱਚ ਲਗਾਉਣ ਲਈ ਬੇਨਤੀ ਪੱਤਰ ਦੇ ਸਕਦੇ ਹਨ।

## ਸਰਕਾਰ ਵੱਲੋਂ ਸੂਬੇ 'ਚ ਬਣਾਏ ਜਾਣਗੇ 500 ਆਧੁਨਿਕ ਪੰਚਾਇਤ ਘਰ ਤੇ ਸੇਵਾ ਕੇਂਦਰ: ਰੰਧਾਵਾ

### ☛ਪਿੰਡਾਂ ਦੇ ਸੇਵਾ ਕੇਂਦਰ ਡਿਜੀਟਲ ਕ੍ਰਾਂਤੀ ਦਾ ਧੁਰਾ ਬਣਨਗੇ: ਚੇਅਰਮੈਨ ਰੰਧਾਵਾ



ਗੁਰਦਾਸਪੁਰ, 27 ਅਗਸਤ (ਜਸਵਿੰਦਰ ਸਿੰਘ): ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਪਹਿਲੇ ਪੜਾਅ ਤਹਿਤ 500 ਆਧੁਨਿਕ ਪੰਚਾਇਤ ਘਰ ਤੇ ਸੇਵਾ ਕੇਂਦਰ ਬਣਾਏ ਜਾ ਰਹੇ ਹਨ। ਜਿਨ੍ਹਾਂ 'ਤੇ 125 ਕਰੋੜ ਰੁਪਏ ਦੀ ਲਾਗਤ ਆਵੇਗੀ। ਕੁਝ ਦਿਨ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਚਾਇਤ ਘਰ ਅਤੇ ਕਾਮਨ ਸਰਵਿਸ ਸੈਂਟਰ (ਆਮ ਸੇਵਾ ਕੇਂਦਰ) ਬਣਾਉਣ ਦੇ ਪ੍ਰੋਜੈਕਟ ਦੀ ਸ਼ੁਰੂਆਤ ਸ਼ਹੀਦਾਂ ਦੀ ਪਵਿੱਤਰ ਧਰਤੀ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਕਰ ਦਿੱਤੀ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਚੇਅਰਮੈਨ ਜੋਬਨ ਰੰਧਾਵਾ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਨੇ ਕਿਹਾ ਕਿ ਆਧੁਨਿਕ ਪੰਚਾਇਤ ਘਰ ਤੇ ਆਮ ਸੇਵਾ ਕੇਂਦਰ ਪਿੰਡਾਂ ਦੇ ਵਿਕਾਸ ਵਿੱਚ ਨਵਾਂ ਅਧਿਆਇ ਲਿਖਣਗੇ। ਉਨ੍ਹਾਂ ਦੱਸਿਆ ਕਿ 2800 ਤੋਂ ਵੱਧ ਆਬਾਦੀ ਵਾਲੇ ਹਰੇਕ ਪਿੰਡ ਵਿੱਚ ਇਕ ਪੰਚਾਇਤ ਘਰ ਅਤੇ ਇਕ ਕਾਮਨ ਸਰਵਿਸ ਸੈਂਟਰ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਕ ਪੰਚਾਇਤ ਘਰ ਬਣਾਉਣ ਦੀ ਲਾਗਤ 20 ਲੱਖ ਰੁਪਏ ਤੇ ਇਕ ਕਾਮਨ ਸਰਵਿਸ ਸੈਂਟਰ ਦੀ ਲਾਗਤ 5 ਲੱਖ ਰੁਪਏ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਉਨ੍ਹਾਂ ਪਿੰਡਾਂ ਦੀ ਚੋਣ ਕੀਤੀ ਗਈ ਹੈ, ਜਿੱਥੇ ਅਜੇ ਤੱਕ ਪੰਚਾਇਤ ਘਰ ਦੀ ਵਿਵਸਥਾ ਨਹੀਂ ਸੀ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਭਾਵੇਂ ਪੰਚਾਇਤਾਂ ਲੋਕਤੰਤਰ ਦੀ ਸਭ ਤੋਂ ਮਜ਼ਬੂਤ ਨੀਂਹ ਹਨ, ਪਰ ਬਹੁਤ ਸਾਰੀਆਂ ਪੰਚਾਇਤਾਂ ਕੋਲ ਬੈਠਣ ਲਈ ਢੁਕਵੀਂ ਥਾਂ ਵੀ ਨਹੀਂ ਸੀ ਪਰ ਸੇਵਾ ਕੇਂਦਰ ਤੇ ਪੰਚਾਇਤ ਘਰ ਇਸ ਕਮੀ ਨੂੰ ਦੂਰ ਕਰਨਗੇ।

# ਸਿਰਲੇਖਵਾਰ ਇਸ਼ਤਿਹਾਰ /Classified Advertisement

**(U/o 5 Rule 20 CPC)**
**In The Court of Ms. Ravi Inder Kaur Sandhu Additional District and Sessions Judge-4, Moga**
CNR No. PBMO01-003103-2024
Next Date : 12-09-2025
Surinder Singh
Versus
Balraj Singh
Notice to: (2) Rajinder Singh S/o Baldev Singh S/o Arjan Singh (3) Sukhjinder Kaur D/o Baldev Singh S/o Arjan Singh 4 (i) Paramjit Kaur W/o Harpreet Singh 4 (iii) Ajit Singh Minor S/o Harpreet Singh 4 (iv) Amandeep Kaur minor D/o Harpreet Singh (6) Simarjit Kaur @ Rample D/o Gurnek Singh S/o Hari Singh All R/o VPO Danger Khera, District Fazilka, minor through their mother Paramjit Kaur Widow of Harpreet Singh R/o VPO Danger Khera, District Fazilka.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 12-09-2025 at 10:00 A.M.
For details logon to https://highcourtchd.gov.in/?mod=district notice&district=mogacourt
Dated, this day of 26-08-2025
**Sd/- Additional District and Sessions Judge-4, Moga**

**(U/o 5 Rule 20 CPC)**
**In the Court of Sh. Kuldeep Singh Civil Judge Jr. Div., Chandigarh**
CNR No. CHCH02-003793-2024
Next Date : 26-09-2025
State Bank of India
Versus
M/s Yashika Enterprises
Notice to: M/s Yashika Enterprises:- Through Prop. Sh. Brij Mohan S/o Chote Lal Yadav Shop No. 5 Near PNB Dhanas Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26-09-2025 at 10:00 A.M.
For details logon to https://highcourtchd.gov.in/?trs=district_notice&district=Chandigarh
Dated this day of 26-07-2025
**Sd/- Civil Judge Jr. Div., Chandigarh**

**(U/o 5 Rule 20 CPC)**
**In the Court of Sh. Kuldeep Singh Civil Judge Jr. Div., Chandigarh**
CNR No. CHCH02-003794-2024
Next Date : 26-09-2025
State Bank of India
Versus
Sunil Kumar
Notice to: Sunil Kumar Father:- Mast Ram House No. 37 Village Butrela, Sector 41 Chandigarh Add2- Village Kakrot, Tehsil Bhoranj, Distt. Hamirpur Add3- Shop No. 3, Nfar Gurudwara Stadium Road, Village Dadu Majra
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26-09-2025 at 10:00 A.M.
For details logon to https://highcourtchd.gov.in/?trs=district_notice&district=Chandigarh
Dated this day of 28-07-2025
**Sd/- Civil Judge Jr. Div., Chandigarh**

**(U/o 5 Rule 20 CPC)**
**In the Court of Ms. Neelam Arora Additional District and Sessions Judge-1, Ferozepur**
CNR No. PBFZ01-003042-2025
Next Date : 15-09-2025
Punjab State Grains Procurement Corporation Ltd
Versus
M/s M.S Foods Pvt. Ltd. through its Director Sh. Sushil Monga
Notice to: 1. Ajay Sachdeva s/o K. R. Sachdeva, H.No. 26, PNB Complex, Ferozepur City (2) Sh. Sushil Monga S/o Darshan Lal, O/s Hira Mandi, Krishna Nagri Gali, Ferozepur City (3) Sh. Ranjiv Monga S/o Mohan Lal r/o H.No. 191, Kucha Bawa Tara Singh, Ferozepur City
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 15-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 26-08-2025
**Sd/- Additional District and Sessions Judge-1, Ferozepur**

**(U/o 5 Rule 20 CPC)**
**In the Court of Ms. Reena Rani Civil Judge (Junior Division), Phul**
CNR No. PBBTB0-000358-2025
Next Date : 10-09-2025
Harjeet Kaur
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 10-09-2025 at 10:00 A.M.
For details logon to https://highcourtchd.gov.in/?mod=district_notice&district=Bathinda
Dated this day of 26-08-2025
**Sd/- Civil Judge (Junior Division), Phul**

**(U/o 5 Rule 20 CPC)**
**In the Court of Ms. Anshul Berry Principal Judge Family Court, Bathinda**
CNR No. PBBT01-007209-2024
Next Date : 15-09-2025
Saranjeet Kaur
Versus
Harpreet Singh
Notice to: Harpreet Singh S/o Lt. Harpal Singh R/o Shaheed Bhagat Singh Nagar at By Pass, Near Baba Balak Nath Mandir, Near Petrol Pump, Ludhiana Mb-No. 98886-03352
In above titled case the defendant(s)/respondent(s) could not be served. It is ordered that respondent should appear in person or through counsel on 15-09-2025 at 10:00 A.M.
For details logon to https://highcourtchd.gov.in/?mod=district_notice&district=Bathinda
Dated this day of 02-07-2025
**Sd/- Principal Judge Family Court, Bathinda**

## ਬੇਦਖਲੀ ਸੂਚਨਾ

ਅਸੀਂ ਰਾਮ ਸਿੰਘ ਪੁੱਤਰ ਮਾਈ ਦਿੱਤਾ ਅਤੇ ਨਿਰਮਲ ਕੌਰ ਪਤਨੀ ਰਾਮ ਸਿੰਘ ਵਾਸੀਆਨ ਪਿੰਡ ਮਾਨੂੰਪੁਰ ਤਹਿਸੀਲ ਵਾ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਗੁਰਜੋਤ ਕੌਰ ਜੋ ਸਾਡੇ ਕਹਿਣੇ ਤੋਂ ਬਾਹਰ ਹੈ, ਸਾਡੀ ਬਿਲਕੁਲ ਵੀ ਇੱਜ਼ਤ ਨਹੀਂ ਕਰਦੀ ਤੇ ਤੰਗ ਪ੍ਰੇਸ਼ਾਨ ਕਰਦੀ ਹੈ। ਇਸ ਲਈ ਅਸੀਂ ਇਸਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ/ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਸ ਨਾਲ ਕੋਈ ਤਾਲੁਕ ਵਾਸਤਾ ਨਹੀਂ ਰਿਹਾ।

**(U/o 5 Rule 20 CPC)**
**In the Court of Sh. Harish Kumar Additional Civil Judge (SD), Bathinda**
CNR No. PBBT02-002877-2023
Next Date : 15-09-2025
CS/1249/2023
State Bank of India
Versus
M/s Dasmesh Interior Decorator
Suit for Recovery of Rs. 10,06,512.00p Rs. 8,51497.00p in respect of CC Limit account and Rs. 155015.00p in Respect of Term Loan Account as principal and unpaid interest up to 10.07.2023 and for pendente-lite and future interest @ 12.75% percent annum with monthly rests from the date of suit till its actual payment, as per agreement on the basis of oral and documentary evidence, from the person and properties of the defendants jointly and severally being outstanding amount of Cash Credit Hyphenation Limit account and term Loan Account
Notice to: Ravinder Goyal Son:- Sat Pal Goyal Bathinda
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 15-09-2025 at 10:00 A.M.
For details logon to https://highcourtchd.gov.in/?mod=district_notice&district=Bathinda
Dated this day of 11-08-2025
**Sd/- Additional Civil Judge (SD), Bathinda**

**(U/o 5 Rule 20 CPC)**
**In the Court of Ms. Geeta Rani Additional Civil Judge (Senior Division), Phul**
CNR No. PBBTB0-000587-2025
Next Date : 15-09-2025
Gurwinder Singh
Versus
General Public
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 15-09-2025 at 10:00 A.M.
For details logon to https://highcourtchd.gov.in/?mod=district_notice&district=Bathinda
Dated this day of 13-08-2025
**Sd/- Additional Civil Judge (Senior Division), Phul**

**(U/o 5 Rule 20 CPC)**
**In the Court of Sh. Munish Garg Civil Judge (Senior Division), Barnala**
CNR No. PBBR02-001342-2025
Next Date : 12-09-2025
Amarjit Kaur
Versus
General Public
Notice to: General Public:- Barnala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 12-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 14-08-2025
**Sd/- Civil Judge (Senior Division), Barnala**

**(U/o 5 Rule 20 CPC)**
**In the Court of Ms. Shivani Civil Judge (Junior Division), Batala**
CNR No. PBGDA0-001233-2025
Next Date: 12-09-2025
Tarsem Singh Son of Lachhman Singh R/o VIllage Kotla Mussa, Tehsil Batala, District Gurdaspur
Versus
General Public
\Notice to: General Public:- batala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 12-09-2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated this day of 17-08-2025
**Sd/- Additional Civil Judge (Junior Division), Batala**

**In the Court of Sh. Palwinder Singh Additional Civil Judge (Senior Division), Ajnala**
CNR No. PBASA00013612023
Next Date : 12-09-2025
Hardeep Singh S/o Inder Singh R/o Village Kamalpura Tehsil Ajnala Distt. Amritsar
......Plaintiff
Versus
Yadwinder Singh S/o Harminder Singh S/o Dharam Singh R/o Village Khairabad Tehsil and Distt. Amritsar at Present R/o Village Kamalpura Tehsil Ajnala Distt. Amritsar
.........Defendant
Suit for Recovery
Notice to: Yadwinder Singh S/o Harminder Singh S/o Dharam Singh R/o Village Khairabad Tehsil and Distt. Amritsar at Present R/o Village Kamalpura Tehsil Ajnala Distt. Amritsar
In above titled Recovery Suit has been Filed. It is ordered that the anyone have objection then he/she should appear in person or through counsel on 12-09-2025 at 10:00 a.m.
For details logon to https://highcourtchd.gov.in/?trs=district_notice&district=amritsar
Dated this day of 13-08-2025
**Sd/- Additional Civil Judge (Senior Division), Ajnala**

**(U/o 5 Rule 20 CPC)**
**In the Court of Ms. Navneet Kaur Dhaliwal Civil Judge Junior Division-4, Abohar**
CNR No. PBFZE0-001387-2022
Next Date : 12-09-2025
CS/797/2022
Raj Kumar Son of Amar Chand R/o House NO. 211, Street No. 05, Ramdev Nagri, Abohar Tehsil Abohar District Fazilka
Versus
1) Arvinder Kaur Widow of Late Sh. Jaspal Singh Son of Kartar Singh 2) Avtar Singh Son of Late Sh. Jaspal Singh Son of Kartar Singh 3) Preet Kaur Daughter of Late Sh. Jaspal Singh Son of Kartar Singh All Residents of Dharam Nagri Street No.4 Abohar Tehsil Abohar District Fazilka
Notice to: 1) Arvinder Kaur Widow of Late Sh. Jaspal Singh Son of Kartar Singh 2) Avtar Singh Son of Late Sh. Jaspal Singh Son of Kartar Singh 3) Preet Kaur Daughter of Late Sh. Jaspal Singh Son of Kartar Singh All Residents of Dharam Nagri Street No.4 Abohar Tehsil Abohar District Fazilka
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 12-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 11-07-2025
**Sd/- Civil Judge Junior Division-4, Abohar**

**(U/o 5 Rule 20 CPC)**
**In The Court of Ms. Ranjeet Kaur Additional Principal Judge Family Court, Garhshankar**
CNR No. PBHOF3-000194-2025
Next Date : 12-09-2025
GW/12/2025
Ranjit Kaur W/o Simran Singh R/o VPO Kotla PO Kot Fatuhi Tehsil Garhshankar District Hoshiarpur
Versus
General Public
U/s 7 & 25 Guardian and Wards Act
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 12-09-2025 at 10:00 A.M.
For details logon to https://highcourtchd.gov.in/?mod=district notice&district=Hoshiarpur
Dated, this day of 30-07-2025
**Sd/- Additional Principal Judge Family Court, Garhshankar**

**(U/o 5 Rule 20 CPC)**
**In the Court of Ms. Ranjeet Kaur Additional Principal Judge Family court, Garhshankar**
CNR No. PBHOF3-000042-2025
Next Date : 12-09-2025
GW/4/2025
Rosy Batta W/o Late Ramit Batta R/o H.No. 1037 Ward No. 7 PS Garhshankar Tehsil Garhshankar District Hoshiarpur
Versus
General Public
Petition U/s 7 of Guardians and Wards Act 1890
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 12-09-2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 21-07-2025
**Sd/- Additional Principal Judge Family court, Garhshankar**

## ਸਿਦਕ ਪ੍ਰਾਪਰਟੀ ਅਡਵਾਈਜ਼ਰ ਵਾਲਿਆਂ ਵੱਲੋਂ ਦਫ਼ਤਰ ਦਾ ਉਦਘਾਟਨ

ਚੌਕ ਮਹਿਤਾ 27 ਅਗਸਤ-(ਬਲਜਿੰਦਰ ਸਿੰਘ ਰੰਧਾਵਾ) ਸਥਾਨਕ ਕਸਬਾ ਮਹਿਤਾ ਚੌਕ ਦੇ ਜਲੰਧਰ ਰੋਡ ਤੇ ਸਿਦਕ ਪ੍ਰਾਪਰਟੀ ਐਡਵਾਈਜ਼ਰ ਦੇ ਦਫਤਰ ਦਾ ਉਦਘਾਟਨ ਕੀਤਾ ਗਿਆ ਅਮਨਦੀਪ ਸਿੰਘ ਵੜੈਚ,ਤੇ ਰਣਜੀਤ ਸਿੰਘ ਸੋਢੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਓਟ ਆਸਰਾ ਲੈਂਦੇ ਹੋਏ ਸ਼ੁਰੂਆਤ ਕੀਤੀ। ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਤੇ ਅਰਦਾਸ ਉਪਰੰਤ ਕਵੀਸ਼ਰੀ ਜਥੇ ਵੱਲੋਂ ਵਾਰਾਂ ਗਾ ਕੇ ਹਾਜਰ ਸੰਗਤਾਂ ਨੂੰ ਨਿਹਾਲ ਕੀਤਾ, ਇਲਾਕੇ ਦੇ ਪੰਚਾਂ ਸਰਪੰਚਾਂ ਮੋਹਤਬਰਾਂ ਸਮਾਜ ਸੇਵੀਆਂ ਦੀ ਹਾਜ਼ਰੀ ਦੌਰਾਨ ਰਿਬਨ ਕੱਟਣ ਦੀ ਰਸਮ ਵੀ ਕੀਤੀ। ਇਸ ਮੌਕੇ ਪ੍ਰਮੁੱਖ ਤੌਰ ਹਰਜੀਤ ਸਿੰਘ , ਸਰਪੰਚ ਮਨਦੀਪ ਸਿੰਘ ਸੋਨਾ ਸਰਪੰਚ ਕਸ਼ਮੀਰ ਸਿੰਘ ਕਾਲਾ , ਚੇਅਰਮੈਨ ਗੁਰਵਿੰਦਰ ਸਿੰਘ ਖੱਬੇ ਰਾਜਪੂਤਾਂ, ਸਰਪੰਚ ਨਿਸ਼ਾਨ ਸਿੰਘ ਗੋਲਡੀ ਦੁਬਰਜੀ, ਗਾਂਧੀ ਨਿੰਬਰਵਿੰਡ, ਸਰਪੰਚ ਹਰਜਿੰਦਰ ਸਿੰਘ ਜੱਜ, ਚੇਅਰਮੈਨ ਲਖਵਿੰਦਰ ਸਿੰਘ ਸੋਨਾ, ਗੁਲਜਿੰਦਰ ਸਿੰਘ ਲਾਡੀ, ਰਾਜਬੀਰ ਸਿੰਘ ਉਦੋ ਨੰਗਲ, ਚੇਅਰਮੈਨ ਸਤਨਾਮ ਸਿੰਘ ਚੂੰਗ,ਮਨਜੀਤ ਸਿੰਘ ਮੰਨਾ, ਸਰਪੰਚ ਰਵੀ ਟਪਿਆਲਾ ,ਹਰਜੀਤ ਬੁੱਟਰ ਗੁਰਿੰਦਰ ਸਿੰਘ ਬੱਲ ਲਾਡੀ ਭੁੱਲਰ, ਪ੍ਰਧਾਨ ਬਲਜੀਤ ਸਿੰਘ,ਬਲਜਿੰਦਰ ਸਿੰਘ,ਹਰਮਨ ਪ੍ਰੀਤ ਸਿੰਘ ਸਰਪੰਚ ਸੁਖਦੇਵ ਸਿੰਘ,ਰਛਪਾਲ ਸਿੰਘ, ਮੰਨੂ ਤਨੇਜਾ, ਫਤਿਹ ਸਿੰਘ,ਗੌਰਵ ਹੁੰਦਲ,ਗੁਰਦੇਵ ਸਿੰਘ ਪਟਵਾਰੀ,ਗੌਰਵਦੀਪ ਸਿੰਘ ਰੰਗੜ ਨੰਗਲ,ਚਾਚਾ ਕੈਪਟਨ ਸਿੰਘ,ਬਲਦੇਵ ਸਿੰਘ ਫੌਜੀ, ਸੁਖਵੰਤ ਸਿੰਘ ਫੌਜੀ, ਸੂਬੇਦਾਰ ਚਰਨਜੀਤ ਸਿੰਘ, ਕੰਵਲਜੀਤ ਸਿੰਘ,ਸਾਬੂ ਚੰਨਣਕੇ,ਹਰਜੀਤ ਸਿੰਘ ਬੁੱਟਰ, ਜੋਬਨਪ੍ਰੀਤ ਸਿੰਘ ਮਹਿਤਾ, ਗੁਰਵਿੰਦਰ ਸਿੰਘ ਬੱਲ ,ਮਹਿਤਾਬ ਸਿੰਘ,ਦਲਬੀਰ ਸਿੰਘ,ਗੁਰਲਾਲ ਸਿੰਘ ਲਾਲੀ, ਬਿਕਰਮਜੀਤ ਸਿੰਘ ਖੱਬੇ,ਪੰਜਾਬ ਨੰਬਰਦਾਰ,ਛਿੰਦਾ ਚਾਹਲ,ਜਰਮਨ ਸਿੰਘ ਪੱਡਾ,ਮੇਜਰ ਪੁਰਬਾ, ਪ੍ਰਧਾਨ ਬਲਜਿੰਦਰ ਸਿੰਘ ਪੱਤਰਕਾਰ ਬਲਜਿੰਦਰ ਸਿੰਘ ਬੱਲੀ, ਪੱਤਰਕਾਰ ਸਤਨਾਮ ਜੱਜ, ਪੱਤਰਕਾਰ ਉਪਕਾਰ ਸਿੰਘ ਬੱਲ, ਪੱਤਰਕਾਰ ਦਵਿੰਦਰ ਸਿੰਘ ,ਰਵੀਸ਼ੇਰ ਸਿੰਘ ਦੁਬਰਜੀ ਆਦਿ ਹਾਜ਼ਰ ਸਨ ।

## ਪ੍ਰਸ਼ਾਸ਼ਨ ਵੱਲੋਂ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਲਈ ਕੀਤੇ ਸੁਚਾਰੂ ਪ੍ਰਬੰਧ : ਜਸਪ੍ਰੀਤ ਸਿੰਘ

ਸ੍ਰੀ ਅਨੰਦਪੁਰ ਸਾਹਿਬ 27 ਅਗਸਤ (ਤਰਲੋਚਨ ਸਿੰਘ) ਉਪ ਮੰਡਲ ਮੈਜਿਸਟ੍ਰੇਟ ਜਸਪ੍ਰੀਤ ਸਿੰਘ ਅਤੇ ਡੀ.ਐਸ.ਪੀ ਅਜੇ ਸਿੰਘ ਨੇ ਅੱਜ ਸਬ ਡਵੀਜ਼ਨ ਦੇ ਪਿੰਡ ਚੰਦਪੁਰ ਅਤੇ ਗੱਜਪੁਰ ਦਾ ਦੌਰਾ ਕਰਕੇ ਹੜ੍ਹ ਦੀ ਸੰਭਾਵੀ ਸਥਿਤੀ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਵੱਲੋਂ ਹਰ ਤਰ੍ਹਾਂ ਦੇ ਸੁਚਾਰੂ ਪ੍ਰਬੰਧ ਕੀਤੇ ਹੋਏ ਹਨ। ਅੱਜ ਚੰਦਪੁਰ ਤੇ ਗੱਜਪੁਰ ਪਿੰਡ ਦਾ ਦੌਰਾ ਕਰਨ ਮੌਕੇ ਉਨ੍ਹਾਂ ਪਿੰਡਾਂ ਦੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਦੱਸਿਆ ਕਿ ਹੜ੍ਹ ਦੇ ਸੰਭਾਵੀ ਖ਼ਤਰੇ ਨੂੰ ਧਿਆਨ ਵਿੱਚ ਰੱਖਦਿਆਂ ਪ੍ਰਸ਼ਾਸਨ ਵੱਲੋਂ ਨਿਰੰਤਰ ਚੌਕਸੀ ਵਰਤੀ ਜਾ ਰਹੀ ਹੈ। ਲੋਕਾਂ ਦੇ ਜਾਨ ਮਾਲ ਦੀ ਸੁਰੱਖਿਆ ਲਈ ਅਧਿਕਾਰੀ ਵੱਲੋਂ ਲਗਾਤਾਰ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਨਿਰੀਖਣ ਕੀਤਾ ਜਾ ਰਿਹਾ ਹੈ।ਭਾਖੜਾ ਡੈਮ ਵਿੱਚ ਪਾਣੀ ਦੇ ਪੱਧਰ ਅਤੇ ਨਹਿਰਾਂ ਵਿੱਚ ਛੱਡੇ ਜਾ ਰਹੇ ਪਾਣੀ ਦੀ ਮਾਤਰਾ ਨਾਲ ਨਾਲ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਵਰਖਾ ਕਾਰਨ ਸਵਾਂ ਨਦੀ ਵਿਚ ਆ ਰਹੇ ਵਧੇਰੇ ਪਾਣੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਤਲੁਜ ਦਰਿਆ ਨਾਲ ਲੱਗਦੇ ਪਿੰਡਾਂ ਦੀ ਸਥਿਤੀ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਹਰ ਲੋੜੀਂਦਾ ਕਦਮ ਚੁੱਕ ਕੇ ਨੇੜਲੇ ਇਲਾਕਿਆਂ ਦੇ ਵਸਨੀਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਈ ਜਾ ਰਹੀ ਹੈ।

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਨ ਨੂੰ ਸਮਰਪਿਤ ਫਿਰੋਜ਼ਪੁਰ -1 ਦੇ ਬਲਾਕ ਪੱਧਰੀ ਕਵਿਤਾ ਮੁਕਾਬਲੇ ਸਰਕਾਰੀ ਸਕੂਲ ਕੈਨਾਲ ਕਲੋਨੀ ਵਿਖੇ ਕਰਵਾਏ

ਫ਼ਿਰੋਜ਼ਪੁਰ 27 ਅਗਸਤ (ਤਿਵਾੜੀ )-ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ:) ਸ੍ਰੀਮਤੀ ਸੁਨੀਤਾ ਰਾ ਣੀ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਫਿਰੋਜ਼ਪੁਰ-1 ਸ੍ਰੀਮਤੀ ਸੁਮਨਦੀਪ ਕੌਰ ਜੀ ਦੀ ਯੋਗ ਅਗਵਾਈ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਕੈਨਾਲ ਕਲੋਨੀ ਵਿੱਚ ਕਵੀ ਸ੍ਰੀ ਸ਼ਿਵ ਕੁਮਾਰ ਬਟਾਲਵੀ ਜੀ ਦੇ ਜਨਮ ਦਿਨ ਨੂੰ ਸਮਰਪਿਤ ਬਲਾਕ ਫਿਰੋਜ਼ਪੁਰ -1ਦੇ ਬਲਾਕ ਪੱਧਰੀ ਰਾਸ਼ਟਰੀ ਕਵਿਤਾ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਬਲਾਕ ਦੇ ਸੈਂਟਰਾਂ ਦੇ 6 ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ। ਇਹਨਾਂ ਮੁਕਾਬਲਿਆਂ ਲਈ ਜੱਜ ਦੀ ਭੂਮਿਕਾ ਸੀ.ਐੱਚ.ਟੀ. ਗੁਰਬਚਨ ਸਿੰਘ, ਸੀ.ਐੱਚ.ਟੀ. ਰਾਜੇਸ਼ ਢੀਂਗਰਾ ਅਤੇ ਮਨਪ੍ਰੀਤ ਸਿੰਘ ਨੇ ਨਿਭਾਈ। ਮੁਕਾਬਲਿਆਂ ਵਿੱਚ ਪਹਿਲਾ ਸਥਾਨ ਸਰਕਾਰੀ ਪ੍ਰਾਇਮਰੀ ਸਕੂਲ ਪਟੇਲ ਨਗਰ ਦੀ ਪੰਜਵੀਂ ਜਮਾਤ ਦੀ ਵਿਦਿਆਰਥਣ ਪ੍ਰਭਜੀਤ ਕੌਰ ਨੇ ਪਹਿਲਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕਾਸੂ ਬੇਗੂ ਦੀ ਵਿਦਿਆਰਥਣ ਹਰਮਨ ਕੌਰ ਨੇ ਦੂਜਾ ਸਥਾਨ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪੀਰਾਂ ਵਾਲੇ ਦੀ ਵਿਦਿਆਰਥਣ ਦੀਕਸ਼ਾ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੁਕਾਬਲੇ ਵਿੱਚ ਜੇਤੂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ ਨਾਲ ਸਨਮਾਨਿਤ ਕੀਤਾ।

**ਪੰਜਾਬ ਸਰਕਾਰ**
**ਟੈਂਡਰ ਹਵਾਲਾ ਨੰਬਰ ਐਮਸੀ ਪਠਾਨਕੋਟ/203/ਸੀਈ/2025-26**
**ਨਗਰ ਨਿਗਮ ਪਠਾਨਕੋਟ ਦੇ ਵਿਭਾਗ ਵੱਲੋਂ ਵਿਕਾਸ ਕਾਰਜਾਂ ਦੇ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ:**

| | |
|---|---|
| ਬੰਦ ਹੋਣ ਦੀ ਮਿਤੀ ਅਤੇ ਸਮਾਂ : | 22.09.2025 ਨੂੰ (ਸ਼ਾਮ 05.00 ਵਜੇ) |
| ਪੂਰਵ-ਬੋਲੀ ਬੈਠਕ ਦੀ ਮਿਤੀ : | 09.09.2025 ਨੂੰ (ਸਵੇਰੇ 11.00 ਵਜੇ) ਐਮ.ਸੀ. ਦਫਤਰ ਵਿਖੇ |
| ਵੇਰਵਿਆਂ ਲਈ ਲਾਗ ਆਨ ਕਰੋ : | https://eproc.punjab.gov.in |

ਨੋਟ : ਟੈਂਡਰ/ਆਰਐਫਪੀ ਸੂਚਨਾ ਵਿਚ ਕੋਈ ਵੀ ਸੋਧ (ਾਂ) ਉਕਤ ਵੈਬਸਾਈਟ 'ਤੇ ਪਾਈ ਜਾਵੇਗੀ।
ਸਹੀ/-ਨਿਗਮ ਇੰਜੀਨੀਅਰ, ਨਗਰ ਨਿਗਮ, ਪਠਾਨਕੋਟ
**RO.No.PR-Advt. No. 3184/12/2025-26/2625/Dated CHD : 27/8/2025**

**ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ**
ਰਜਿ. ਆਫਿਸ : ਪੀ.ਐਸ.ਈ.ਬੀ. ਹੈੱਡ ਆਫਿਸ, ਦੀ ਮਾਲ ਪਟਿਆਲਾ-147001 ਕਾਰਪੋਰੇਟ ਆਇਡੈਂਨਟਿਟੀ ਨੰ. U40109PB2010SGC033814 ਦਫ਼ਤਰ : ਸੀ.ਕਾ.ਕਾ. ਇੰਜੀ: ਪੀ ਤੇ ਐਮ ਮੰਡਲ ਪਾਤੜਾਂ
ਈ-ਮੇਲ : srxen-pm-patran@pstcl.org
**ਈ-ਟੈਂਡਰ ਨੋਟਿਸ**
ਕੰਮ ਦਾ ਨਾਮ : ਪੀ ਤੇ ਐਮ ਮੰਡਲ, ਪਾਤੜਾਂ ਅਧੀਨ ਪੈਂਦੇ 220 ਕੇ.ਵੀ. ਸ/ਸ ਬੰਗਾਂ ਅਤੇ 220 ਕੇ.ਵੀ. ਸ/ਸ ਛਾਜਲੀ ਵਿਖੇ ਸਾਫ-ਸਫਾਈ ਦਾ ਕੰਮ ਆਊਟਸੋਰਸ ਕਰਨਾ। ਓਪਨ ਟੈਂਡਰ ਇੰਨਕੁਆਇਰੀ ਨੰ. 05/P&M/PAT/2025-26। ਟੈਂਡਰ ਜਮ੍ਹਾਂ ਕਰਾਉਣ ਦੀ ਅੰਤਿਮ ਮਿਤੀ/ਸਮਾਂ : 25.09.2025 ਨੂੰ ਸਮਾਂ 11:00 ਵਜੇ ਤੱਕ। ਟੈਂਡਰ ਖੋਲ੍ਹਣ ਦੀ ਮਿਤੀ/ਸਮਾਂ: 25.09.2025 ਨੂੰ ਸਮਾਂ 11:30 ਵਜੇ।
ਨੋਟ : ਵਿਸਥਾਰਯੋਗ ਡੀ.ਐਨ.ਆਈ.ਟੀ./ਟੈਂਡਰ ਪੀ.ਐਸ.ਟੀ.ਸੀ.ਐਲ. ਦੀ ਈ. ਟੈਡਰਿੰਗ ਵੈੱਬਸਾਈਟ www.pstcl.org ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ। ਜੇਕਰ ਕਿਸੇ ਕਾਰਨ ਟੈਂਡਰ ਪ੍ਰੀਕ੍ਰਿਆ ਪੂਰੀ ਨਹੀਂ ਹੁੰਦੀ ਤਾਂ ਉਸ ਕੇਸ ਵਿੱਚ ਅਖ਼ਬਾਰਾਂ ਵਿੱਚ ਸੋਧ ਪ੍ਰਕਾਸ਼ਿਤ ਨਹੀਂ ਕਰਵਾਈ ਜਾਵੇਗੀ। ਸੋਧ ਵੇਰਵੇ ਪੀ.ਐਸ.ਟੀ.ਸੀ.ਐਲ. ਦੀ ਵੈੱਬਸਾਈਟ ਤੇ ਵੇਖੇ ਜਾਣ।
ਵ.ਨਿਗ.ਇੰਜੀ: ਪੀ ਤੇ ਐਮ ਮੰਡਲ ਪਾਤੜਾਂ
**R. No. PR-Advt. No. 1078 / 12 / 2025-26 / 2642 / Dated CHD : 27.08.2025**

**PSPCL Punjab State Power Corporation Limited**
**Regd. Office : PSEB Head Office, The Mall, Patiala-147001**
**Corporate Identification Number : U40109PB2010SGC033813 Website : www.pspcl.in**
**Contact No. 96461-18880**
ਟੈਂਡਰ ਇੰਨਕੁਆਇਰੀ ਨੰ. **01/2025-26** ਮਿਤੀ **27.08.2025**
ਸੀਨੀਅਰ ਕਾਰਜਕਾਰੀ ਇੰਜੀਨੀਅਰ, ਇਨਫੋਰਸਮੈਂਟ-ਕਮ-ਈ.ਏ. ਤੇ ਐਮ.ਐਮ.ਟੀ.ਐਸ. ਸ੍ਰੀ ਮੁਕਤਸਰਸਾਹਿਬ, ਇੱਕ (1) ਨੰ: ਬਲੈਰੋ/ਐਗਜੈਲੋ/ਟੀਯੂਵੀ 300 ਜਾਂ ਬਰਾਬਰ ਰੇਟ ਦੀ ਗੱਡੀ ਸਮੇਤ ਡਰਾਈਵਰ ਅਤੇ ਸਾਰੇ ਟੈਕਸ ਟੈਂਡਰ ਡਾਕੂਮੈਂਟ ਦੀਆਂ ਸ਼ਰਤਾਂ ਅਨੁਸਾਰ ਹਾਇਰ ਕਰਨ ਲਈ ਟੈਂਡਰ ਕਾਲ ਕਰ ਰਿਹਾ ਹੈ। ਟੈਂਡਰ ਡਾਕੂਮੈਂਟ 1000 ਰੁਪਏ + ਜੀ.ਐਸ.ਟੀ. ਭਰਕੇ ਮਿਤੀ 15.09.2025 (13:00 ਵਜੇ) ਤੱਕ ਖਰੀਦੇ ਜਾ ਸਕਦੇ ਹਨ। ਟੈਂਡਰ ਮਿਤੀ 16.09.2025 ਨੂੰ 11:30 ਵਜੇ ਖੋਲ੍ਹੇ ਜਾਣਗੇ।
ਨੋਟ : ਸੰਭਾਵੀ ਬੋਲੀ ਦੇਣ ਵਾਲੇ ਠੇਕੇਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸੀਨੀਅਰ ਕਾਰਜਕਾਰੀ ਇੰਜੀਨੀਅਰ, ਇਨਫੋਰਸਮੈਂਟ-ਕਮ-ਈ.ਏ. ਤੇ ਐਮ.ਐਮ.ਟੀ.ਐਸ. ਸ੍ਰੀ ਮੁਕਤਸਰ ਸਾਹਿਬ ਤੋਂ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਅਖ਼ਬਾਰਾਂ ਵਿੱਚ ਸੋਧ ਪ੍ਰਕਾਸ਼ਿਤ ਨਹੀਂ ਕਰਵਾਈ ਜਾਏਗੀ। ਸੋਧ ਸਬੰਧੀ ਵੇਰਵੇ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ www.pspcl.in ਤੇ ਵੇਖੇ ਜਾਣ।
**C 591 / 25**
**Ro. No. PR-Advt. No. 1079 / 12 / 2025-26 / 2638 / Dated CHD : 27.08.2025**

**ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ**
**ਥੋੜ੍ਹੇ ਸਮੇਂ ਦਾ ਟੈਂਡਰ ਨੋਟਿਸ**
**(ਪ੍ਰੈਸ ਨੋਟ)**
ਡੀਐਨਆਈਟੀ ਰਕਮ 'ਤੇ ਪ੍ਰਤੀਸ਼ਤ ਦਰ ਦੇ ਆਧਾਰ 'ਤੇ ਢੁੱਕਵੀਂ ਸ਼੍ਰੇਣੀ ਅਤੇ ਵਰਗ ਦੇ ਲਈ ਮੋਹਰਬੰਦ ਟੈਂਡਰ ਮੁੱਖ ਵਿਭਾਗ ਨਾਲ ਸੂਚੀਬੱਧ ਕਿਰਤ ਅਤੇ ਉਸਾਰੀ ਸਭਾਵਾਂ ਅਤੇ ਲੋਨਿਵਿ (ਭ ਅਤੇ ਮ )/ਪੁੱਡਾ/ਕੇਂਦਰੀ/ਰਾਜ ਸਰਕਾਰ ਦੇ ਵਿਭਾਗਾਂ/ਪੀਐਸਯੂਜ਼ ਵਿੱਚ ਯੋਗ ਸੂਚੀਬੱਧ ਠੇਕੇਦਾਰਾਂ ਤੋਂ ਦੋ ਲਿਫਾਫਾ ਪ੍ਰਣਾਲੀ ਵਿਚ ਹੇਠਾਂ ਦਿੱਤੇ ਕੰਮਾਂ ਲਈ ਮੰਗੇ ਜਾਂਦੇ ਹਨ।
1. ਬਠਿੰਡਾ ਵਿਖੇ ਪੀਆਰਟੀਸੀ ਵਰਕਸ਼ਾਪ ਵਿਚ ਮੁੱਖ ਐਲਟੀ ਪੈਨਲ ਅਤੇ ਸਬੰਧਤ ਮੌਜੂਦਾ ਕੇਬਲਜ਼ ਦੀ ਰੱਦੋਬਦਲ (ਟੈਂਡਰ ਦੀ ਰਕਮ ਰੁ. 4.87 ਲੱਖ ਅਤੇ ਬਿਆਨਾ ਰਕਮ ਰੁ. 9800.00)
2. ਪੀਆਰਟੀਸੀ ਨਵਾਂ ਬੱਸ ਸਟੈਂਡ ਪਟਿਆਲਾ ਵਿਖੇ ਐਲਐਚਐਸ+ ਆਰਐਚਐਸ ਸਾਈਡ 'ਤੇ ਪੀਣ ਵਾਲੇ ਪਾਣੀ ਦੇ ਪੁਆਇੰਟਸ ਦੀ ਵਿਵਸਥਾ। (ਟੈਂਡਰ ਦੀ ਰਕਮ ਰੁ. 4.76 ਲੱਖ ਅਤੇ ਬਿਆਨਾ ਰਕਮ ਰੁ. 9600.00)
3. ਪੀਆਰਟੀਸੀ ਵਰਕਸ਼ਾਪ ਚੰਡੀਗੜ੍ਹ ਵਿਖੇ ਪੁਰਾਣੇ ਵਾਟਰ ਟੈਂਕ ਰੂਮ ਨੂੰ ਤੋੜਨਾ ਅਤੇ ਨਵੇਂ ਵਾਟਰ ਟੈਂਕ ਰੂਮ ਦਾ ਨਿਰਮਾਣ।
(ਟੈਂਡਰ ਦੀ ਰਕਮ ਰੁ. 1.86 ਲੱਖ ਅਤੇ ਬਿਆਨਾ ਰਕਮ ਰੁ. 3800.00)
ਵਿਸਥਾਰਤ ਬੋਲੀ ਮੰਗ ਸੂਚਨਾ ਦੇ ਨਿਯਮ ਅਤੇ ਸ਼ਰਤਾਂ ਅਤੇ ਟੈਂਡਰ ਦਸਤਾਵੇਜ਼ 05.09.2025 ਨੂੰ ਦੁਪਹਿਰ 12.00 ਵਜੇ ਤੱਕ ਪ੍ਰਾਪਤ ਕੀਤੇ ਜਾ ਸਕਦੇ ਹਨ ਅਤੇ ਉਸੇ ਦਿਨ ਬਾ. ਦੁ. 3.00 ਵਜੇ ਖੋਲ੍ਹੇ ਜਾਣਗੇ। ਟੈਂਡਰ ਦੇ ਸਬੰਧ ਵਿੱਚ ਸੋਧ/ਪੂਰਕ, ਜੇ ਕੋਈ ਹੈ, ਇਸ ਦਫ਼ਤਰ ਦੁਆਰਾ **www.pepsurtc.com** 'ਤੇ ਜਾਰੀ ਕੀਤੇ ਜਾਣਗੇ।
ਸਹੀ/-
ਕਾਰਜਕਾਰੀ ਇੰਜੀਨੀਅਰ, ਪੀਆਰਟੀਸੀ ਪਟਿਆਲਾ
**RO.No. PR-ADVT.No: 1044/12/2025-26/2613/Dated CHD : 27/08/2025**

**ਇੰਡੀਅਨ ਬੈਂਕ Indian Bank** — ਇਲਾਹਾਬਾਦ ALLAHABAD
# ਇੰਡੀਅਨ ਬੈਂਕ
ਜ਼ੋਨਲ ਦਫ਼ਤਰ: ਐਸਸੀਓ-44-ਸੀ, ਅਰਬਨ ਅਸਟੇਟ, ਫੇਜ਼-2, ਜਲੰਧਰ-144022

**[ਨਿਯਮ-8(1)]ਕਬਜ਼ਾ ਸੂਚਨਾ (ਅਚੱਲ ਸੰਪੱਤੀ ਲਈ)**
ਜਿਥੇ ਕਿ, ਨਿਮਨ ਹਸਤਾਖ਼ਰੀ ਨੇ ਇੰਡੀਅਨ ਬੈਂਕ ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ (ਾਂ) ਨੂੰ ਅਦਾ ਕਰਨ ਲਈ ਉਨ੍ਹਾਂ ਨੂੰ ਸੱਦਾ ਦਿੰਦੇ ਹੋਏ ਦਰਸਾਈ ਮਿਤੀ ਨੂੰ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰਾਂ/ਗਿਰਵੀਕਾਰਾਂ/ਜ਼ਾਮਨਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਦਰਸਾਈ ਮਿਤੀ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰਾਂ/ਗਿਰਵੀਕਾਰਾਂ/ਜ਼ਾਮਨਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ, ਅਚਨਚੇਤੀ ਖਰਚਿਆਂ, ਲਾਗਤਾਂ ਆਦਿ ਸਮੇਤ ਇੰਡੀਅਨ ਬੈਂਕ ਦੇ ਚਾਰਜ ਨਾਲ ਸਬੰਧਤ ਹੋਵੇਗੀ।
**(ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ। )**

| ਸ਼ਾਖਾ/ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ<br>ਸ਼ਾਖਾ ਦਫਤਰ : ਟਾਂਢਾ | ਬੰਦੀ/ਗਿਰਵੀ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|
| **ਕਰਜ਼ਦਾਰ : ਸ੍ਰੀ ਸੁਖਰਾਜ ਸਿੰਘ** ਪੁੱਤਰ ਸ੍ਰੀ ਕੁਲਵਿੰਦਰ ਸਿੰਘ, ਵਾਸੀ ਪਿੰਡ ਫੁੱਲਪੁਖਤਾ ਤਹਿਸੀਲ ਦਸੂਆ, ਹੁਸ਼ਿਆਰਪੁਰ, ਪੰਜਾਬ-144204 | ਤਬਾਦਲਾ ਡੀਡ ਪੰਜੀਕ੍ਰਿਤ ਦਸਤਾਵੇਜ਼ ਨੰ. 2022-23/161/1/957 ਮਿਤੀ 08.09.2022 ਅਨੁਸਾਰ ਸ੍ਰੀ ਸੁਖਰਾਜ ਸਿੰਘ ਸਪੁੱਤਰ ਸ੍ਰੀ ਕੁਲਵਿੰਦਰ ਸਿੰਘ ਦੇ ਨਾਮ 'ਤੇ ਸਬ ਰਜਿਸਟਰਾਰ ਟਾਂਢਾ ਨਾਲ ਪੰਜੀਕ੍ਰਿਤ ਅਤੇ ਖਾਤਾ ਨੰ. 71/82, ਖਸਰਾ ਨੰ. 9//12 (6-0), 13 (2-6) ਕਿਤੇ 2 (8-6) ਵਿਚ ਸ਼ਾਮਲ ਕੁੱਲ ਜ਼ਮੀਨ 8 ਕੇ-6 ਐਮ ਦਾ 19/166ਵਾਂ ਹਿੱਸਾ ਯਾਨੀ 19 ਮਰਲੇ ਮਾਪ ਵਾਲੀ ਜ਼ਮੀਨ 'ਤੇ ਨਿਰਮਿਤ ਇਮਾਰਤ ਅਤੇ ਜ਼ਮੀਨ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ : ਪੂਰਬ : ਰਸਤਾ, ਪੱਛਮ: ਮਹਿੰਦਰ ਸਿੰਘ ਦਾ ਪਲਾਟ, ਉੱਤਰ : ਮਹਿੰਦਰ ਸਿੰਘ ਦਾ ਪਲਾਟ, ਦੱਖਣ : ਗੁਰਸ਼ਰਨ ਕੌਰ ਦਾ ਪਲਾਟ | 09.06.2025<br>ਰੁ. 14,59,188/- (**ਰੁ. ਚੋਦਾਂ ਲੱਖ ਉਣਾਹਠ ਹਜ਼ਾਰ ਇਕ ਸੌ ਅਠਾਸੀ ਕੇਵਲ**) ਸਮੇਤ ਅਗਲੇਰੇ ਵਿਆਜ ਅਤੇ ਖਰਚੇ | 27.08.2025 |

ਮਿਤੀ : 27.08.2025 ਸਥਾਨ : ਟਾਂਢਾ **ਅਧਿਕਾਰਤ ਅਧਿਕਾਰੀ**

**pnb ਪੰਜਾਬ ਨੈਸ਼ਨਲ ਬੈਂਕ** ....ਬਿਹਤਰੀ ਲਈ ਸਾਂਝ
ਏਆਰਐਮਬੀ ਬਠਿੰਡਾ, ਪਹਿਲੀ ਮੰਜ਼ਿਲ ਪਲਾਟ ਨੰ. 445, ਮਾਡਲ ਟਾਊਨ, ਫੇਜ਼-3, ਨੇੜੇ ਦਾਦੀ ਪੋਤੀ ਪਾਰਕ, ਬਠਿੰਡਾ

**ਸੰਕੇਤਕ ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**
ਜਿਥੇ ਕਿ ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ, ਰਿਕਵਰੀ ਕਮੇਟੀ ਬਠਿੰਡਾ** ਦੇ **"ਅਧਿਕਾਰਤ ਅਧਿਕਾਰੀ"** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਸ ਉਪਰੰਤ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਧਾਰਾ 2002 ਦੇ ਅਧੀਨ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਏ ਵੇਰਵਿਆਂ ਅਧੀਨ ਦਰਸਾਈ ਰਕਮ ਦੇ ਲਈ **ਪੰਜਾਬ ਨੈਸ਼ਨਲ ਬੈਂਕ, ਰਿਕਵਰੀ ਕਮੇਟੀ ਬਠਿੰਡਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ (ਆਂ) ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਗਿਰਵੀ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਕਰਜ਼ਦਾਰ : ਮੈਸ. ਸ਼ੁਭਦੀਪ ਆਟੋ ਡੀਲਜ਼ ਰਾਹੀਂ ਇਸ ਦੇ ਪ੍ਰੋਪ. ਦਿਲਜੀਤ ਸਿੰਘ ਢਿੱਲੋਂ ਪੁੱਤਰ ਪਰਦੁਮਨ ਸਿੰਘ ਅਤੇ (ਸਹਿ ਕਰਜ਼ਦਾਰ) ਨਰਿੰਦਰਪਾਲ ਸਿੰਘ ਪੁੱਤਰ ਪਰਦੁਮਨ ਸਿੰਘ ਜ਼ਾਮਨ : ਵਿਮਲ ਕੁਮਾਰ ਪੁੱਤਰ ਗੁਰਚਰਨ ਦਾਸ** | ਆਰਟੀਡੀ ਨੰਬਰ 7998 ਮਿਤੀ 04.10.2005 ਦੇ ਅਧੀਨ 260 ਵਰਗ ਗਜ਼ ਦੇ ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ, ਯਾਨੀ 0 ਬਿਘਾ 5, 1/4 ਬਿਸਵਾ, ਜਿਸ ਵਿੱਚ ਖਸਰਾ ਨੰਬਰ 2432 ਮਿਨ (0-5,1/4), ਖੇਵਟ/ਖਤੋਨੀ ਨੰਬਰ 2497/11812 ਤੋਂ 11815 ਵਾਕਾ ਰਕਬਾ, ਝੁਝਾਰ ਸਿੰਘ ਨਗਰ, # 20263-ਬੀ, ਐਮਸੀਬੀ-ਜ਼ੈਡ-2/12302, ਗਲੀ ਨੰਬਰ 2, ਜੁਝਾਰ ਸਿੰਘ ਨਗਰ, ਬਠਿੰਡਾ, ਪੰਜਾਬ- 151001, ਨਰਿੰਦਰਪਾਲ ਸਿੰਘ ਪੁੱਤਰ ਪਰਦੁਮਨ ਸਿੰਘ ਦੇ ਨਾਮ 'ਤੇ ਸਥਿਤ। ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ:78' ਪਲਾਟ ਪਾਲ ਸਿੰਘ, ਪੱਛਮ:78' ਗਲੀ 20' ਚੌੜੀ, ਦੱਖਣ:30' ਕੰਵਲਦੀਪ ਕੌਰ, ਉੱਤਰ:30' ਗਲੀ 20' ਚੌੜੀ | 12.03.2025 | 26.08.2025 | Rs. 24,07,602.52<br>(ਰੁ. ਚੌਵੀ ਲੱਖ ਸੱਤ ਹਜ਼ਾਰ ਛੇ ਸੌ ਦੋ ਅਤੇ ਬਵੰਜਾ ਪੈਸੇ ਕੇਵਲ) ਮਿਤੀ 11.03.2025 ਅਨੁਸਾਰ ਸਮੇਤ ਅਗਲੇਰੇ ਵਿਆਜ 12.03.2025 ਤੋਂ ਪ੍ਰਭਾਵੀ, ਅਤੇ ਹੋਰ ਬਣਦੇ ਖਰਚੇ, ਲਾਗਤਾਂ ਅਤੇ ਫੀਸਾਂ (ਮਨਫੀ ਵਸੂਲੀ ਜੇਕਰ ਕੋਈ ਹੋਵੇ।) |

ਮਿਤੀ : 26.08.2025 ਸਥਾਨ : ਬਠਿੰਡਾ **ਅਧਿਕਾਰਤ ਅਧਿਕਾਰੀ**

**ਬੈਂਕ ਆਫ ਬੜੌਦਾ Bank of Baroda**
ਆਰਓ ਲੁਧਿਆਣਾ, ਪਤਾ : ਬੀ 20-3369, ਤੀਜੀ ਮੰਜ਼ਿਲ, ਸੰਧੂ ਟਾਵਰ 2, ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001)
ਸੰਪਰਕ ਨੰਬਰ : 0161-5127233 ਈਮੇਲ ਆਈਡੀ : **recovery.ludhiana@bankofbaroda.co.in**
**ਈ-ਨਿਲਾਮੀ ਵਿਕਰੀ ਸੂਚਨਾ**

**"ਅੰਤਿਕਾ-4-ਏ [ਨਿਯਮ 6 (2) ਅਤੇ 8 (6) ਦੀ ਵਿਵਸਥਾ ਦੇਖੋ] ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ**
**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।**
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਕਬਜ਼ਾ **ਬੈਂਕ ਆਫ ਬੜੌਦਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ** ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਖਾਤੇ/ਖਾਤਿਆਂ ਵਿਚ ਦਰਸਾਏ ਬਕਾਇਆਂ ਦੀ ਵਸੂਲੀ ਦੇ ਲਈ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ, ਜੋ ਹੈ"** ਅਤੇ **"ਜੋ ਵੀ ਉਥੇ ਹੈ"** ਆਧਾਰ 'ਤੇ ਕੀਤੀ ਜਾਵੇਗੀ। ਕਰਜ਼ਦਾਰ (ਾਂ)/ਗਿਰਵੀਕਾਰ (ਾਂ)/ਜ਼ਾਮਨ(ਾਂ)/ਸੁਰੱਖਿਅਤ ਸੰਪੱਤੀ/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾ ਰਕਮ ਅਤੇ ਬੋਲੀ ਵਾਧਾ ਰਕਮ ਦੇ ਵੇਰਵੇ ਨਿਮਨ ਦਰਸਾਏ ਹਨ :-

**ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ : 19.09.2025 ਨੂੰ ਸ਼ਾਮ 05.00 ਵਜੇ ਤੱਕ | ਈ-ਨਿਲਾਮੀ ਦੇ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ 20.09.2025 ਨੂੰ ਬਾ. ਦੁ. 02.00 ਵਜੇ ਤੋਂ ਸ਼ਾਮ 06.00 ਵਜੇ ਤੱਕ | ਐਮਡੀ ਦੇ ਭੁਗਤਾਨ ਦੀ ਵਿਧੀ ਆਰਟੀਜੀਐਸ/ਐਨਈਐਫਟੀ**

| ਲ. ਨੰ. | ਕਰਜ਼ਦਾਰ (ਾਂ), ਜ਼ਾਮਨ (ਾਂ) ਅਤੇ ਗਿਰਵੀਕਾਰ(ਾਂ) ਦਾ ਨਾਮ ਅਤੇ ਪਤਾ | ਗੈਰ ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਅਚੱਲ ਸੰਪੱਤੀ ਦੇ ਵਿਸਥਾਰਤ ਵੇਰਵੇ | ਕੁੱਲ ਬਕਾਏ, ਵਿਆਜ ਅਤੇ ਹੋਰ ਫੀਸਾਂ ਤੋਂ ਬਿਨਾਂ / ਸਰਫਾਇਸੀ ਦੇ ਅਧੀਨ ਕਬਜ਼ੇ ਦੀ ਸਥਿਤੀ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਸ਼ਾਖਾ ਪ੍ਰਬੰਧਕ ਅਤੇ ਅਧਿਕਾਰਤ ਅਧਿਕਾਰੀ |
|---|---|---|---|---|---|---|
| 01. | ਆਰਓ ਐਸਏਆਰਬੀ ਲੁਧਿਆਣਾ<br>ਮੈਸਰਜ਼ ਐਸ਼ਵਰਿਆ ਇੰਟਰਪ੍ਰਾਈਜਿਜ਼ ਆਪਣੇ ਪ੍ਰੋਪਰਾਈਟਰ ਰਾਹੀਂ 1. ਕਰਨ ਥਾਪਰ #ਬੀ35 15 ਐਪੈਕਸ ਨਗਰ ਪੋਸਟ ਆਫਿਸ ਰਾਜਗੁਰੂ ਨਗਰ, ਬਾੜੇਵਾਲ ਰੋਡ ਲੁਧਿਆਣਾ ਅਤੇ ਪਤਾ: 6, ਐਪੈਕਸ ਨਗਰ, ਬਾੜੇਵਾਲ ਰੋਡ, ਲੁਧਿਆਣਾ, 2. ਸ੍ਰੀ ਕਰਨ ਥਾਪਰ (ਮਾਲਕ) ਪਤਾ: 6, ਐਪੈਕਸ ਨਗਰ, ਬਾੜੇਵਾਲ ਰੋਡ, ਲੁਧਿਆਣਾ ਜ਼ਾਮਨ : 1) ਗੌਤਮ ਥਾਪਰ, #6, ਐਪੈਕਸ ਨਗਰ, ਬਾੜੇਵਾਲ ਰੋਡ, ਲੁਧਿਆਣਾ, 2) ਸ੍ਰੀਮਤੀ ਰੰਜਨਾ ਥਾਪਰ #14 ਐਪੈਕਸ ਨਗਰ ਪੋਸਟ ਆਫਿਸ, ਰਾਜਗੁਰੂ ਨਗਰ ਬਾੜੇਵਾਲ ਰੋਡ, ਲੁਧਿਆਣਾ, 3) ਸ੍ਰੀ ਸੁਮਿਤ ਥਾਪਰ #ਬੀ-35/14 ਐਪੈਕਸ ਨਗਰ ਪੋਸਟ ਆਫਿਸ, ਰਾਜਗੁਰੂ ਨਗਰ ਬਾੜੇਵਾਲ ਰੋਡ, ਸ੍ਰੀਮਤੀ ਆਰਤੀ ਥਾਪਰ, #15 ਐਪੈਕਸ ਨਗਰ ਪੋਸਟ ਆਫਿਸ, ਰਾਜਗੁਰੂ ਨਗਰ ਬਾੜੇਵਾਲ ਰੋਡ, ਲੁਧਿਆਣਾ 5) ਊਸ਼ਾ ਥਾਪਰ (ਆਪਣੇ ਕਾਨੂੰਨੀ ਵਾਰਸਾਂ ਰਾਹੀਂ) #ਬੀ-35 15 ਐਪੈਕਸ ਨਗਰ ਡਾਕਘਰ ਰਾਜਗੁਰੂ ਨਗਰ ਬਰੇਵਾਲ ਰੋਡ, ਲੁਧਿਆਣਾ | ਸੰਪਤੀ 2009-2010 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 4//2, 3/1,8/2,9,12,13/1, ਖੇਵਤ ਖਤੌਨੀ ਨੰਬਰ 194/272, ਪਿੰਡ ਜੱਸੜ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ 7K-16M ਵਿੱਚ ਸ਼ਾਮਲ ਹੈ। ਸ੍ਰੀ ਕਰਨ ਥਾਪਰ ਪੁੱਤਰ ਬਾਲ ਕ੍ਰਿਸ਼ਨ ਥਾਪਰ ਦੇ ਨਾਮ 'ਤੇ ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ 179, ਮਿਤੀ 09/05/2008 | Rs. 9,34,85,914.28/-<br>ਭੌਤਿਕ | Rs. 1,65,00,000/-<br>Rs. 16,50,000/-<br>Rs. 50,000/- | 11.09.2025 ਅਤੇ 12.09.2025 ਅਗਾਊਂ ਪ੍ਰਵਾਨਗੀ ਲੈਣ ਦੁਆਰਾ | ਸ੍ਰੀ ਅਜੇ ਵੀ ਨੰਦੂਰਕਰ<br>91155 - 21745 |
| 02. | ਆਰਓ ਐਸਏਆਰਬੀ ਲੁਧਿਆਣਾ<br>ਮੈਸ. ਊਸ਼ਾ ਸਪਿਨਰਜ਼ ਆਪਣੇ ਪ੍ਰੋਪਰਾਈਟਰ ਸ੍ਰੀ ਗੌਤਮ ਥਾਪਰ ਰਾਹੀਂ, ਪਤਾ 1-15 ਰੋਸ਼ਨ ਅੱਟਾ ਚੱਕੀ ਐਪੈਕਸ ਨਗਰ, ਬਰੇਵਾਲ ਰੋਡ ਰਾਜਗੁਰੂ ਨਗਰ ਲੁਧਿਆਣਾ, ਪਤਾ 2:6, ਐਪੈਕਸ ਨਗਰ, ਬਰੇਵਾਲ ਰੋਡ, ਲੁਧਿਆਣਾ, ਜ਼ਾਮਨ (ਾਂ): 1) ਸ੍ਰੀਮਤੀ ਰੰਜਨਾ ਥਾਪਰ #14 ਐਪੈਕਸ ਨਗਰ ਪੋਸਟ ਆਫਿਸ, ਰਾਜਗੁਰੂ ਨਗਰ ਬਾੜੇਵਾਲ ਰੋਡ, ਲੁਧਿਆਣਾ, 2) ਸ੍ਰੀ ਸੁਮਿਤ ਥਾਪਰ #ਬੀ-35/14 ਐਪੈਕਸ ਨਗਰ ਪੋਸਟ ਆਫਿਸ, ਰਾਜਗੁਰੂ ਨਗਰ ਬਾੜੇਵਾਲ ਰੋਡ, 3) ਸ੍ਰੀਮਤੀ ਆਰਤੀ ਥਾਪਰ, #15 ਐਪੈਕਸ ਨਗਰ ਪੋਸਟ ਆਫਿਸ, ਰਾਜਗੁਰੂ ਨਗਰ ਬਾੜੇਵਾਲ ਰੋਡ, ਲੁਧਿਆਣਾ 4)ਕਰਨ ਥਾਪਰ #ਬੀ35 15 ਐਪੈਕਸ ਨਗਰ ਪੋਸਟ ਆਫਿਸ ਰਾਜਗੁਰੂ ਨਗਰ, ਬਾੜੇਵਾਲ ਰੋਡ ਲੁਧਿਆਣਾ 5) ਊਸ਼ਾ ਥਾਪਰ (ਆਪਣੇ ਕਾਨੂੰਨੀ ਵਾਰਸਾਂ ਰਾਹੀਂ) #ਬੀ-35 15 ਐਪੈਕਸ ਨਗਰ ਡਾਕਘਰ ਰਾਜਗੁਰੂ ਨਗਰ ਬਾੜੇਵਾਲ ਰੋਡ, ਲੁਧਿਆਣਾ | ਸੰਪਤੀ 2009-2010 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 4//2, 3/1,8/2,9,12,13/1, ਖੇਵਤ ਖਤੌਨੀ ਨੰਬਰ 194/272, ਪਿੰਡ ਜੱਸੜ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ 7K-16M ਵਿੱਚ ਸ਼ਾਮਲ ਹੈ। ਸ੍ਰੀ ਕਰਨ ਥਾਪਰ ਪੁੱਤਰ ਬਾਲ ਕ੍ਰਿਸ਼ਨ ਥਾਪਰ ਦੇ ਨਾਮ 'ਤੇ ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ 179, ਮਿਤੀ 09/05/2008। | Rs. 16,85,74,017.85/-<br>ਭੌਤਿਕ | Rs. 1,65,00,000/-<br>Rs. 16,50,000/-<br>Rs. 50,000/- | 11.09.2025 ਅਤੇ 12.09.2025 ਅਗਾਊਂ ਪ੍ਰਵਾਨਗੀ ਲੈਣ ਦੁਆਰਾ | ਸ੍ਰੀ ਅਜੇ ਵੀ ਨੰਦੂਰਕਰ<br>91155 - 21745 |

**ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ : 06.10.2025 ਨੂੰ ਸ਼ਾਮ 05.00 ਵਜੇ ਤੱਕ | ਈ-ਨਿਲਾਮੀ ਦੇ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ 07.10.2025 ਨੂੰ ਬਾ. ਦੁ. 02.00 ਵਜੇ ਤੋਂ ਸ਼ਾਮ 06.00 ਵਜੇ ਤੱਕ | ਐਮਡੀ ਦੇ ਭੁਗਤਾਨ ਦੀ ਵਿਧੀ ਆਰਟੀਜੀਐਸ/ਐਨਈਐਫਟੀ**

| ਲ. ਨੰ. | ਕਰਜ਼ਦਾਰ (ਾਂ), ਜ਼ਾਮਨ (ਾਂ) ਅਤੇ ਗਿਰਵੀਕਾਰ(ਾਂ) ਦਾ ਨਾਮ ਅਤੇ ਪਤਾ | ਗੈਰ ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਅਚੱਲ ਸੰਪੱਤੀ ਦੇ ਵਿਸਥਾਰਤ ਵੇਰਵੇ | ਕੁੱਲ ਬਕਾਏ, ਵਿਆਜ ਅਤੇ ਹੋਰ ਫੀਸਾਂ ਤੋਂ ਬਿਨਾਂ / ਸਰਫਾਇਸੀ ਦੇ ਅਧੀਨ ਕਬਜ਼ੇ ਦੀ ਸਥਿਤੀ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਸ਼ਾਖਾ ਪ੍ਰਬੰਧਕ ਅਤੇ ਅਧਿਕਾਰਤ ਅਧਿਕਾਰੀ |
|---|---|---|---|---|---|---|
| 01. | ਆਰਓ ਐਸਏਆਰਬੀ ਲੁਧਿਆਣਾ<br>1. ਮੈਸਰਜ਼ ਨਾਨਕ ਇੰਟਰਨੈਸ਼ਨਲ, ਪ੍ਰੋਪਰਾਈਟਰ ਸ੍ਰੀ ਜਗਜੀਤ ਸਿੰਘ, ਪਲਾਟ ਨੰਬਰ 391, ਹੀਰਾ ਲਾਲ ਸ਼ੈਲਰ ਨੇੜੇ, ਰਾਮਗੜ੍ਹ, ਜਲੰਧਰ, ਪੰਜਾਬ-144410, 2. ਸ੍ਰੀ ਜਗਜੀਤ ਸਿੰਘ ਪੁੱਤਰ ਸਵਰਨ ਸਿੰਘ, ਵਾਸੀ ਨੰਬਰ 391, ਪਿੰਡ-ਰਾਮਗੜ੍ਹ, ਫਿਲੌਰ, ਸ੍ਰੀ ਸਵਰਨ ਸਿੰਘ 1440, ਪੰਜਾਬ-144410, 3. ਸ੍ਰੀ ਸਵਰਨ ਸਿੰਘ ਸਪੁੱਤਰ ਸਾਧੂ ਸਿੰਘ ਵਾਸੀ ਮਕਾਨ ਨੰ. 391, ਪਿੰਡ ਰਾਮਗੜ੍ਹ ਫਿਲੌਰ ਜਲੰਧਰ ਪੰਜਾਬ-144410 | ਵਿਕਰੀ ਡੀਡ/ਟ੍ਰਾਂਸਫਰ ਡੀਡ ਵਸੀਕਾ ਨੰਬਰ 587, ਮਿਤੀ 14/06/2004, ਜਿਸ ਵਿੱਚ ਖਸਰਾ ਨੰਬਰ 23//25/1, ਖਾਤਾ ਨੰਬਰ 212/231, ਪਿੰਡ ਪੰਜਢੇਰਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਸ਼ਾਮਲ ਹਨ ਅਤੇ ਹੇਠ ਲਿਖੇ ਅਨੁਸਾਰ:- ਪੂਰਬ: ਕਰਨੈਲ ਸਿੰਘ 90'-0", ਪੱਛਮ: ਪ੍ਰੀਤਮ ਸਿੰਘ 90'-0", ਉੱਤਰ: ਗੁਰਦਿਆਲ ਸਿੰਘ (30'-0"), ਦੱਖਣ: ਗਲੀ (ਕੱਚਾ ਰਸਤਾ) 30'-0") | Rs. 34,99,860.00/-<br>ਸੰਕੇਤਕ | Rs. 25,28,100/-<br>Rs. 2,52,810/-<br>Rs. 10,000/- | 25.09.2025 ਅਤੇ 26.09.2025 ਅਗਾਊਂ ਪ੍ਰਵਾਨਗੀ ਲੈਣ ਦੁਆਰਾ | ਸ੍ਰੀ ਅਜੇ ਵੀ ਨੰਦੂਰਕਰ<br>91155 - 21745 |
| 02. | ਆਰਓ ਐਸਏਆਰਬੀ ਲੁਧਿਆਣਾ<br>1. ਮੈਸਰਜ਼ ਕੈਲੀ ਸਟੀਲ ਕਾਰਪੋਰੇਸ਼ਨ, ਵਾਰਡ ਨੰ. 04, ਸੇਲਜ਼ ਟੈਕਸ ਦਫ਼ਤਰ ਨੇੜੇ, ਜੀ.ਟੀ. ਰੋਡ, ਮੰਡੀ ਗੋਬਿੰਦਗੜ੍ਹ, ਫਤਿਹਗੜ੍ਹ ਸਾਹਿਬ-147301, 2. ਸ੍ਰੀ ਰਾਮ ਸਿੰਘ ਪੁੱਤਰਸ੍ਰੀ ਗੁਰਦਿਆਲ ਸਿੰਘ, ਵਾਸੀ ਪ੍ਰੀਤਮ ਸਟੀਲ ਵਰਕਸ ਐਮ.ਕੇ. ਰੋਡ, ਪਿੰਡ ਰਸੂਲੜਾ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ-141401, 3. ਸ੍ਰੀਮਤੀ ਗੁਰਪ੍ਰੀਤ ਕੌਰ, ਨਿਵਾਸੀ ਪ੍ਰੀਤਮ ਸਟੀਲ ਵਰਕਸ ਐਮ.ਕੇ. ਰੋਡ, ਪਿੰਡ ਰਸੂਲੜਾ, ਤਹਿਸੀਲ ਖੰਨਾ, ਜ਼ਿਲ੍ਹਾ, ਲੁਧਿਆਣਾ-141401 | 18 ਬਿਸਵਾ 3 ਬਿਸਵਾਸੀ 4 ਦੇ ਰੂਪ ਵਿੱਚ ਸ਼ਾਮਲ ਭੂਮੀ ਮਾਪਣ ਵਾਲੀ ਈਐਮਡੀ ਟੀਡੀ ਬਿਸਵਾ-6-1/2 ਬਿਸਵਾਸੀ 3 ਬਿਘੇ 17 ਦੀ ਕੁੱਲ ਜ਼ਮੀਨ ਵਿੱਚ 86 12/1540 ਹਿੱਸੇ ਵਜੋਂ ਖਾਤਾ ਨੰਬਰ 460/703 ਵਿੱਚ ਬਿਸਵਾ, ਖਸਰਾ ਨੰਬਰ 1258/523 (3-17) ਅਤੇ ਜ਼ਮੀਨ ਮਿਣਤੀ 10 ਬਿਸਵਾ 10 ਬਿਸਵਾਸੀ ਵਿੱਚ ਖਾਤਾ ਨੰਬਰ 461/704, ਖਾਰਾ ਨੰਬਰ 522 (3-8) ਅਤੇ 1 ਬਿਸਵਾ 6 ਵਿੱਚ 3 ਬਿਘੇ 8 ਬਿਸਵਾਸੀ ਦੀ ਕੁੱਲ ਜ਼ਮੀਨ ਵਿੱਚ 210/1360 ਹਿੱਸੇ ਸ਼ਾਮਲ ਹਨ। ਖਾਤਾ ਨੰਬਰ 462/705, ਖਸਰਾ ਨੰਬਰ 1256/1014/521 ਮਿ: (1-19-8) ਵਿੱਚ 1 ਬਿਸਵਾ 19 ਬਿਸਵਾਸੀ-8 ਬਿਸਵਾਸੀ ਦੀ ਕੁੱਲ ਜ਼ਮੀਨ ਵਿੱਚ 1-1/2 ਬਿਸਵਾਸੀ 2612/788 ਹਿੱਸੇ ਵਜੋਂ ਅਤੇ ਬਿਸਵਾਸੀ/4040 ਬਿਸਵਾ ਦੀ ਕੁੱਲ ਜ਼ਮੀਨ ਵਿੱਚ 1 ਬਿਸਵਾ/404 ਹਿੱਸੇ ਦੀ ਕੁੱਲ ਜ਼ਮੀਨ ਦਾ ਹਿੱਸਾ ਸ਼ਾਮਲ ਹੈ। ਖਸਰਾ ਨੰਬਰ 467/710 ਵਿੱਚ ਖਸਰਾ ਨੰਬਰ 1243/517(0-4)ਅਤੇ 1 ਬਿਸਵਾ ਜ਼ਮੀਨ ਦਾ 1/3 ਹਿੱਸਾ ਖਾਤਾ ਨੰਬਰ 468/711 ਖਸਰਾ ਨੰਬਰ 1244/517(0-3) ਵਿੱਚ ਪਿੰਡ ਨਸਰਾਲੀ ਦੀ ਮਾਲ ਹੱਦ ਵਿੱਚ ਰਾਮ ਸਿੰਘ ਦੇ ਨਾਮ ਤੋਹਫ਼ੇ ਵਜੋਂ 2042 ਮਿਤੀ 30.12.2014, ਸਾਲ 2002-03 ਲਈ ਜਮ੍ਹਾਂਬੰਦੀ ਅਨੁਸਾਰ ਸ਼ਾਮਲ ਹੈ। | Rs. 84,85,072.00/-<br>ਭੌਤਿਕ | Rs. 85,00,000/-<br>Rs. 8,50,000/-<br>Rs. 20,000/- | 25.09.2025 ਅਤੇ 26.09.2025 ਅਗਾਊਂ ਪ੍ਰਵਾਨਗੀ ਲੈਣ ਦੁਆਰਾ | ਸ੍ਰੀ ਅਜੇ ਵੀ ਨੰਦੂਰਕਰ<br>91155 - 21745 |
| 6653 | 6663 | 6665 | 6680 | 6751 | 6755 | 6756 | 6794 | 6796 | 6803 |
| 6836 | 6851 | 6879 | 6886 | 6891 | 6901 | 6927 | 6946 | 6949 | 6965 |
| 6969 | 6987 | 7030 | 7082 | 7088 | 7109 | 7113 | 7123 | 7135 | 7158 |
| 7162 | 7167 | 7178 | 7187 | 7194 | 7196 | 7223 | 7238 | 7255 | 7261 |
| 7293 | 7297 | 7304 | 7319 | 7321 | 7322 | 7323 | 7344 | 7358 | 7360 |
| 7387 | 7388 | 7394 | 7401 | 7415 | 7427 | 7444 | 7450 | 7458 | 7480 |
| 7490 | 7535 | 7537 | 7545 | 7548 | 7562 | 7576 | 7584 | 7591 | 7594 |
| 7598 | 7609 | 7618 | 7620 | 7626 | 7641 | 7644 | 7646 | 7686 | 7695 |
| 7703 | 7722 | 7731 | 7748 | 7767 | 7784 | 7789 | 7802 | 7807 | 7809 |
| 7818 | 7824 | 7832 | 7837 | 7867 | 7880 | 7882 | 7900 | 7901 | 7903 |
| 7911 | 7912 | 7938 | 7942 | 7946 | 7950 | 7972 | 7973 | 7977 | 8015 |
| 8021 | 8073 | 8078 | 8080 | 8097 | 8114 | 8119 | 8121 | 8125 | 8137 |
| 8143 | 8152 | 8158 | 8166 | 8180 | 8181 | 8213 | 8217 | 8270 | 8285 |
| 8304 | 8312 | 8317 | 8319 | 8323 | 8347 | 8365 | 8399 | 8408 | 8413 |
| 8437 | 8441 | 8444 | 8445 | 8453 | 8456 | 8498 | 8500 | 8501 | 8503 |
| 8512 | 8519 | 8522 | 8523 | 8528 | 8550 | 8553 | 8557 | 8560 | 8578 |
| 8582 | 8585 | 8598 | 8600 | 8609 | 8612 | 8621 | 8624 | 8629 | 8633 |
| 8654 | 8664 | 8677 | 8712 | 8744 | 8754 | 8769 | 8779 | 8805 | 8827 |
| 8851 | 8854 | 8858 | 8860 | 8868 | 8869 | 8872 | 8873 | 8891 | 8914 |
| 8927 | 8944 | 8958 | 8967 | 8972 | 9000 | 9003 | 9005 | 9010 | 9013 |
| 9016 | 9041 | 9076 | 9085 | 9119 | 9151 | 9173 | 9176 | 9200 | 9206 |
| 9221 | 9227 | 9237 | 9244 | 9246 | 9247 | 9274 | 9324 | 9337 | 9348 |
| 9415 | 9419 | 9433 | 9440 | 9456 | 9486 | 9492 | 9500 | 9516 | 9517 |
| 9530 | 9541 | 9557 | 9561 | 9589 | 9593 | 9598 | 9601 | 9611 | 9631 |
| 9633 | 9636 | 9654 | 9673 | 9712 | 9725 | 9731 | 9734 | 9777 | 9783 |
| 9790 | 9792 | 9795 | 9797 | 9799 | 9820 | 9830 | 9852 | 9862 | 9875 |
| 9890 | 9894 | 9898 | 9899 | 9915 | 9963 | 9966 | 9979 | 9980 | 9983 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਤੋਂ ਪੜਤਾਲ ਲਓ
RO. No. PR-Advt. No. 1118/11/2025-26/2385/Dated CHD 20.8.2025


# ਸੰਤ ਬਾਬਾ ਬਲਜਿੰਦਰ ਸਿੰਘ ਪੰਜ ਤੱਤਾਂ 'ਚ ਵਿਲੀਨ

ਰਾੜਾ ਸਾਹਿਬ, 27 ਅਗਸਤ (ਸੰਜੀਵ ਲਹਿਲ) : ਸੰਤ ਬਾਬਾ ਬਲਜਿੰਦਰ ਸਿੰਘ ਪੰਜ ਤੱਤਾਂ ਵਿੱਚ ਹੋਏ ਵਲੀਨ ਸਿੱਖ ਮਰਿਆਦਾ ਅਨੁਸਾਰ ਗੁਰਦੁਆਰਾ ਕਰਮਸਰ ਸ੍ਰੀ ਰਾੜਾ ਸਾਹਿਬ ਵਿਖੇ ਕੀਤਾ ਗਿਆ ਅੰਤਿਮ ਸੰਸਕਾਰ ਚਿਖਾ ਬਾਬਾ ਬਲਜਿੰਦਰ ਸਿੰਘ ਜੀਆਂ ਦੇ ਭਰਾ ਅਤੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਦਿੱਤੀ ਗਈ। ਗੁਰਦੁਆਰਾ ਕਰਮਸਰੜ ਰਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਲਜਿੰਦਰ ਸਿੰਘ ਜੀ ਜੋ ਕਿ ਪਿਛਲੇ ਦਿਨੀ ਇਸ ਫਾਨੀ ਸੰਸਾਰ ਤੋਂ ਸਦਾ ਲਈ ਪਿਆਨਾ ਕਰ ਗਏ ਸਨ ਅੱਜ ਉਹਨਾਂ ਦੇ ਪਵਿੱਤਰ ਮ੍ਰਿਤਕ ਸਰੀਰ ਦਾ ਸੰਸਕਾਰ ਸਿੱਖ ਮਰਿਆਦਾ ਅਨੁਸਾਰ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਦੀ ਹਦੂਦ ਦੇ ਅੰਦਰ



ਹੀ ਕੀਤਾ ਗਿਆ ਇਸ ਮੌਕੇ ਤੇ ਪੰਥ ਦੇ ਵਿਦਵਾਨ, ਵੱਖ ਵੱਖ ਸੰਪਰਦਾਇ ਦੇ ਸੰਤ ਮਹਾਂਪੁਰਖ ਇਲਾਕੇ ਦੇ ਧਾਰਮਿਕ ਅਤੇ ਸਿਆਸੀ ਲੀਡਰ ਹਾਜ਼ਰ ਹੋਏ ਸੁਣਨ ਵਿੱਚ ਆਇਆ ਕਿ ਇਹ ਮਰਿਆਦਾ ਦਾ ਜ਼ਿਕਰ ਸੰਤ ਬਾਬਾ ਬਲਜਿੰਦਰ ਸਿੰਘ ਜੀ ਪਹਿਲਾਂ ਹੀ ਕਰਿਆ ਕਰਦੇ ਸਨ ਜਦੋਂ ਵੀ ਟਰੱਸਟ ਦੇ ਮੈਂਬਰਾਂ ਦੀ ਮੀਟਿੰਗ ਸੰਤ ਬਾਬਾ ਬਲਜਿੰਦਰ ਸਿੰਘ ਜੀ ਨਾਲ ਹੁੰਦੀ ਉਸ ਸਮੇਂ ਜਿੱਥੇ ਕੋਈ ਨਵੇਂ ਪ੍ਰੋਗਰਾਮ ਉਲੀਕੇ ਜਾਂਦੇ ਉੱਥੇ ਗੁਰਮਤਿ ਦੀਆਂ ਵੀ ਵਿਚਾਰਾਂ ਕਰਿਆ ਕਰਦੇ ਸਨ ਉਹ ਹਮੇਸ਼ਾ ਇਹ ਗੱਲ ਦਾ ਜ਼ਿਕਰ ਕਰਦੇ ਕਿ ਆਪਾਂ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਵੱਲੋਂ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਸਮੇਂ ਤੋਂ ਚੱਲਦੀ ਆ ਰਹੀ ਪਰੰਪਰਾ ਜੋ ਕਿ ਮਹਾਂਪੁਰਖਾਂ ਦੇ ਮ੍ਰਿਤਕ ਸਰੀਰ ਨੂੰ ਬਗੌਰ ਸਾਹਿਬ ਨੰਗਲ ਡੈਮ ਵਿਖੇ ਜਲ ਪ੍ਰਵਾਹ ਕੀਤਾ ਜਾਂਦਾ ਹੈ ਉਸ ਨੂੰ ਆਪਾਂ ਹਮੇਸ਼ਾ ਲਈ ਰਾੜਾ ਸਾਹਿਬ ਸੰਪਰਦਾ ਵੱਲੋਂ ਬੰਦ ਕਰਨ ਦੀਆਂ ਵਿਚਾਰਾਂ ਕਰਿਆ ਕਰਦੇ ਸਨ ਉਸ ਚੀਜ਼ ਨੂੰ ਦੇਖਦੇ ਹੋਏ ਗੁਰਦੁਆਰਾ ਸਾਹਿਬ ਟਰੱਸਟ ਦੇ ਮੈਂਬਰਾਂ,ਸੰਗਤਾਂ ਅਤੇ ਸੰਤ ਮਹਾਂਪੁਰਖਾਂ ਨਾਲ ਵਿਚਾਰ ਕੀਤੀ ਕਿ ਆਪਾਂ ਸੰਤ ਬਾਬਾ ਬਲਜਿੰਦਰ ਸਿੰਘ ਦੇ ਇਹ ਬਚਨਾਂ ਨੂੰ ਪੂਰਾ ਕਰੀਏ ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ ਸੰਤ ਬਲਜਿੰਦਰ ਸਿੰਘ ਜੀ ਦਾ ਸੰਸਕਾਰ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਦੀ ਹਦੂਦ ਅੰਦਰ ਹੀ ਸਿੱਖ ਮਰਿਆਦਾ ਅਨੁਸਾਰ ਕੀਤਾ ਗਿਆ ਕੀਤਾ ਗਿਆ ਇਸ ਮੌਕੇ ਤੇ ਜਿੱਥੇ ਕਿ ਸੰਗਤਾਂ ਵੱਡੀ ਗਿਣਤੀ ਵਿੱਚ ਪਹੁੰਚੀਆਂ ਉੱਥੇ ਸੰਤ ਮਹਾਂਪੁਰਖਾਂ ਦੇ ਸਕੇ ਸਬੰਧੀ ਪਰਿਵਾਰ ਦੇ ਮੈਂਬਰ ਵੀ ਹਾਜ਼ਰ ਹੋਏ ਸੰਤ ਬਾਬਾ ਬਲਜਿੰਦਰ ਸਿੰਘ ਜੀ ਚਿਖਾ ਨੂੰ ਅਗਨੀ ਉਹਨਾਂ ਦੇ ਪਰਿਵਾਰ ਦੇ ਮੈਂਬਰ ਭਰਾ ਅਤੇ ਰਾੜਾ ਸਾਹਿਬ ਸੰਪਰਦਾਇ ਦੇ ਮੁੱਖ ਸੇਵਾਦਾਰਾਂ ਵੱਲੋਂ ਦਿੱਤੀ ਗਈ ਇਸ ਸਮੇਂ ਜਿੱਥੇ ਵੱਡੀ ਗਿਣਤੀ ਵਿੱਚ ਸੰਗਤਾਂ ਵਾਹਿਗੁਰੂ ਵਾਹਿਗੁਰੂ ਸਤਿਨਾਮ ਵਾਹਿਗੁਰੂ ਦਾ ਜਾਪ ਕਰ ਰਹੀਆਂ ਸਨ ਉੱਥੇ ਹੀ ਹਜ਼ਾਰਾਂ ਹੀ ਅੱਖਾਂ ਹੰਜੂਆਂ ਦੇ ਨਾਲ ਭਰੀਆਂ ਵੀ ਨਜ਼ਰ ਆ ਰਹੀਆਂ ਸਨ ਇੱਕ ਵੱਡੀ ਗੱਲ ਜਾਂ ਇਹ ਕਹਿ ਲਈਏ ਕਿ ਵੱਡਾ ਕੌਤਕ ਇਹ ਵੇਖਿਆ ਗਿਆ ਕਿ ਭਾਵੇਂ ਮੀਹ ਸਵੇਰ ਤੋਂ ਹੀ ਪੈ ਰਿਹਾ ਸੀ ਜਿਵੇਂ ਹੀ ਬਾਬਾ ਜੀ ਦੀ ਦੇਹ ਸੰਸਕਾਰ ਵਾਲੇ ਸਥਾਨ ਤੇ ਲਿਆਂਦੀ ਗਈ ਜਿੱਥੇ ਇੱਕ ਦ ਮੀਹ ਰੁਕ ਗਿਆ ਉੱਥੇ ਹੀ ਸੂਰਜ ਦੇਵਤਾ ਵੀ ਕਈ ਦਿਨ ਬਾਅਦ ਸੰਗਤਾਂ ਨੂੰ ਨਜ਼ਰ ਆਏ ਜੋ ਕਿ ਲੋਕਾਂ ਨੇ ਆਪਣੀਆਂ ਅੱਖਾਂ ਦੇ ਨਾਲ ਪਰਮਾਤਮਾ ਦਾ ਕਰਤਵ ਵੇਖਿਆ ਸੰਗਤਾਂ ਦੇ ਦਿਲਾਂ ਵਿੱਚ ਸੰਤ ਬਾਬਾ ਬਲਜਿੰਦਰ ਸਿੰਘ ਜੀਆਂ ਲਈ ਅਥਾਹ ਪਿਆਰ ਇਹ ਦਰਸਾ ਰਿਹਾ ਸੀ ਕਿ ਭਾਵੇਂ ਮੀਹ ਸਵੇਰ ਤੋਂ ਲੈ ਕੇ ਰੁਕਣ ਦਾ ਨਾਂ ਨਹੀਂ ਲੈ ਰਿਹਾ ਸੀ ਪਰ ਸੰਗਤਾਂ ਇਸਦੇ ਬਾਵਜੂਦ ਵੀ ਵੱਡੀ ਗਿਣਤੀ ਵਿੱਚ ਸੰਤਾਂ ਦੇ ਦਰਸ਼ਨ ਕਰਨ ਲਈ ਪਹੁੰਚੀਆਂ ਸਨ ਕੱਲ ਸਵੇਰੇ 9 ਵਜੇ ਸੰਤਾਂ ਦੀਆਂ ਅਸਥੀਆਂ ਚੁਗੀਆਂ ਜਾਣਗੀਆਂ ਅਤੇ 11 ਵਜੇ ਸ੍ਰੀ ਕੀਰਤ ਸਾਹਿਬ ਲਈ ਸੰਗਤਾਂ ਵੱਡੀ ਗਿਣਤੀ ਵਿੱਚ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੀਆਂ ਗੱਡੀਆਂ ਬੱਸਾਂ ਆਦਿ ਵਿੱਚ ਜਾਣਗੀਆਂ ਇਸ ਸਮੇਂ ਗੁਰਦੁਆਰਾ ਸ੍ਰੀ ਕਰਮਸਰ ਸਾਹਿਬ ਦੇ ਸੈਕਟਰੀ ਭਾਈ ਰਣਧੀਰ ਸਿੰਘ ਨੇ ਦੱਸਿਆ ਕਿ ਕੱਲ ਗੁਰਦੁਆਰਾ ਸਾਹਿਬ ਵੱਲੋਂ ਸੈਂਕੜੇ ਹੀ ਬੱਸਾਂ ਦਾ ਇੰਤਜ਼ਾਮ ਕੀਤਾ ਗਿਆ ਹੈ ਜਿਸ ਮਾਈ ਭਾਈ ਨੇ ਸ੍ਰੀ ਕੀਰਤਪੁਰ ਸਾਹਿਬ ਜਾਣਾ ਹੋਵੇ ਉਹ ਜਾ ਸਕਦਾ ਹੈ।


**ਜਨਤਕਸੂਚਨਾ**

**ਸ਼੍ਰੀ ਰਾਜੀਵ ਤਿਵਾੜੀ ਸਹਾਇਕ ਅਸਟੇਟ ਅਫ਼ਸਰ-III ਤੋਂ ਪਹਿਲਾਂ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ**



ਵਿਸ਼ਾ: ਵੱਖ-ਵੱਖ ਸਮਝੌਤਾ ਡੀਡਾਂ ਦੇ ਆਧਾਰ 'ਤੇ ਬਿਲਟ-ਅੱਪ ਬੂਥ ਨੰਬਰ 4, ਸੈਕਟਰ 9-ਡੀ, ਚੰਡੀਗੜ੍ਹ (CP-206) ਦੇ 100% ਹਿੱਸੇ ਦੀ ਹੱਦ ਤੱਕ ਮਾਲਕੀ ਦੇ ਤਬਾਦਲੇ ਸੰਬੰਧੀ। ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ, ਬਿਲਟ-ਅੱਪ ਬੂਥ ਨੰਬਰ 4, ਸੈਕਟਰ 9-ਡੀ, ਚੰਡੀਗੜ੍ਹ ਦੇ 100% ਹਿੱਸੇ ਵਜੋਂ ਜਾਣੀ ਜਾਂਦੀ ਜਾਇਦਾਦ ਸ਼੍ਰੀ ਅਮਰ ਨਾਥ ਦੇ ਨਾਮ 'ਤੇ ਹੈ, ਹੁਣ, ਸ਼੍ਰੀ ਰਾਜੀਵ ਸੂਰੀ, ਪੁੱਤਰ ਸਵਰਗੀ ਸ਼੍ਰੀ ਕੇਵਲ ਕ੍ਰਿਸ਼ਨ ਸੂਰੀ ਦੁਆਰਾ ਇਹ ਰਿਪੋਰਟ ਕੀਤੀ ਗਈ ਹੈ ਕਿ ਸ਼੍ਰੀ. ਅਮਰ ਨਾਥ ਦੀ ਮੌਤ 07.03.1987 ਨੂੰ ਹੋ ਗਈ ਹੈ, ਉਹ ਆਪਣੇ ਪਿੱਛੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਛੱਡ ਗਏ ਹਨ, ਜਿਨ੍ਹਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ। **ਕਾਨੂੰਨੀ ਵਾਰਸਾਂ ਦੇ ਨਾਮ - ਮ੍ਰਿਤਕ ਨਾਲ ਸਬੰਧ**

1. ਸ਼੍ਰੀਮਤੀ ਸੁਸ਼ਮਾ - ਪੁੱਤਰੀ, 2. ਸ਼੍ਰੀਮਤੀ ਨਿਰਮਲਾ- ਪੁੱਤਰੀ, 3. ਸ਼੍ਰੀਮਤੀ ਵਿਨੋਦ ਕੁਮਾਰੀ - ਪੁੱਤਰੀ, 4. ਸ਼੍ਰੀਮਤੀ ਰਮਾ - ਪੁੱਤਰੀ, 5. ਸ਼੍ਰੀਮਤੀ ਤ੍ਰਿਸ਼ਲਾ - - ਪੁੱਤਰੀ, 6. ਸ਼੍ਰੀਮਤੀ ਸੁਦੇਸ਼ ਕੁਮਾਰੀ - ਪੁੱਤਰੀ, 7. ਸ਼੍ਰੀਮਤੀ ਸੰਤੋਸ਼ - - ਪੁੱਤਰੀ, 8. ਸ਼੍ਰੀਮਤੀ ਅਨੀਤਾ - ਪੁੱਤਰੀ (ਵਿਆਹ ਰਹਿਤ ਅਤੇ ਬੇਔਲਾਦ ਮੌਤ ਹੋ ਗਈ), 9. ਸ਼੍ਰੀ ਜਾਦੀਸ਼ ਮਿੱਤਰ ਪੁੱਤਰ (ਮ੍ਰਿਤਕ), 10. ਸ਼੍ਰੀ ਕੇਵਲ ਕ੍ਰਿਸ਼ਨ ਸੂਰੀ-ਪੁੱਤਰ (ਮ੍ਰਿਤਕ)

**ਸ਼੍ਰੀ ਜਗਦੀਸ਼ ਮਿੱਤਰ ਦੇ ਕਾਨੂੰਨੀ ਵਾਰਸਾਂ ਦਾ ਨਾਮ ਮ੍ਰਿਤਕ ਨਾਲ ਸਬੰਧ**
i. ਸ਼੍ਰੀਮਤੀ ਪੁਸ਼ਪਾ - ਪਤਨੀ (ਸ਼੍ਰੀ ਅਮਰ ਨਾਥ ਦੀ ਨੂੰਹ), ii. ਸ਼੍ਰੀਮਤੀ ਨਿਸ਼ਾ ਧੀ (ਮ੍ਰਿਤਕ ਤੋਂ ਬਾਅਦ) (ਸ਼੍ਰੀ ਅਮਰ ਨਾਥ ਦੀ ਪੋਤੀ)

**ਸ਼੍ਰੀਮਤੀ ਨਿਸ਼ਾ ਦੇ ਕਾਨੂੰਨੀ ਵਾਰਸਾਂ ਦਾ ਨਾਮ - ਮ੍ਰਿਤਕ ਨਾਲ ਸਬੰਧ**
i. ਸੁਨਾਕਸ਼ੀ - ਪੁੱਤਰੀ, ii. ਅਰਚਨਾ - ਪੁੱਤਰੀ, iii. ਵਰਸ਼ਾ- ਪੁੱਤਰੀ

**ਸ਼੍ਰੀ ਕੇਵਲ ਕ੍ਰਿਸ਼ਨ ਸੂਰੀ ਦੇ ਕਾਨੂੰਨੀ ਵਾਰਸਾਂ ਦਾ ਨਾਮ - ਮ੍ਰਿਤਕ ਨਾਲ ਸਬੰਧ**
i. ਸ਼੍ਰੀਮਤੀ ਸੰਤੋਸ਼ ਸੂਰੀ ਪਤਨੀ (ਸ਼੍ਰੀ ਅਮਰ ਨਾਥ ਦੀ ਨੂੰਹ), ii. ਸ਼੍ਰੀ ਦੀਪਕ ਸੂਰੀ ਪੁੱਤਰ (ਸ਼੍ਰੀ ਅਮਰ ਨਾਥ ਦਾ ਪੋਤਾ), iii. ਸ਼੍ਰੀ ਰਾਜੀਵ ਸੂਰੀ - ਪੁੱਤਰ (ਸ਼੍ਰੀ ਅਮਰ ਨਾਥ ਦਾ ਪੋਤਾ), iv. ਸ਼੍ਰੀਮਤੀ ਰੇਣੂਕਾ ਚਾਵਲਾ - ਪੁੱਤਰ (ਸ਼੍ਰੀ ਅਮਰ ਨਾਥ ਦੀ ਪੋਤੀ)

ਹੁਣ, ਸ਼੍ਰੀ ਰਾਜੀਵ ਸੂਰੀ ਪੁੱਤਰ ਸਵਰਗੀ ਸ਼੍ਰੀ ਕੇਵਲ ਕ੍ਰਿਸ਼ਨ ਸੂਰੀ ਨੇ ਵੱਖ-ਵੱਖ ਸਮਝੌਤਾ ਡੀਡਾਂ ਰਾਹੀਂ ਉਪਰੋਕਤ ਸਾਰੇ ਕਾਨੂੰਨੀ ਵਾਰਸਾਂ ਨਾਲ ਸਮਝੌਤਾ ਡੀਡ ਕੀਤੇ ਹਨ ਅਤੇ ਇਨ੍ਹਾਂ ਸਮਝੌਤਾ ਡੀਡਾਂ ਅਨੁਸਾਰ ਅਜਿਹੇ ਕਾਨੂੰਨੀ ਵਾਰਸਾਂ ਦਾ ਹਿੱਸਾ ਅਦਾ ਕਰ ਦਿੱਤਾ ਹੈ। ਹੁਣ, ਉਸਨੇ ਵੱਖ-ਵੱਖ ਸਮਝੌਤਾ ਡੀਡ ਦੇ ਆਧਾਰ 'ਤੇ ਉਨ੍ਹਾਂ ਦੇ ਹੱਕ ਵਿੱਚ 100% ਹਿੱਸੇ ਦੀ ਹੱਦ ਤੱਕ ਜਾਇਦਾਦ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਉਪਰੋਕਤ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸਾਂ ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਨੂੰ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਸੂਚਿਤ ਕੀਤਾ ਜਾ ਸਕਦਾ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰ ਦੇ ਹੱਕ ਵਿੱਚ ਉਕਤ ਜਾਇਦਾਦ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ ਕਾਰਜਕਾਰੀ ਮੈਜਿਸਟ੍ਰੇਟ/ਨੋਟਰੀ ਪਬਲਿਕ ਦੁਆਰਾ ਤਸਦੀਕ ਕੀਤੇ ਗਏ ਹਲਫ਼ਨਾਮੇ ਦੇ ਰੂਪ ਵਿੱਚ ਪੇਸ਼ ਕਰ ਸਕਦੇ ਹਨ, ਜਿਸ ਵਿੱਚ ਅਸਟੇਟ ਅਫਸਰ, ਸੈਕਟਰ 17, ਚੰਡੀਗੜ੍ਹ ਨੂੰ ਇਸ ਤਰ੍ਹਾਂ ਉਠਾਏ ਗਏ ਆਪਣੇ ਇਤਰਾਜ਼ ਦੀ ਅਸਲੀਅਤ ਦਾ ਦਾਅਵਾ ਕੀਤਾ ਜਾ ਸਕਦਾ ਹੈ, ਨਹੀਂ ਤਾਂ ਉਪਰੋਕਤ ਜਾਇਦਾਦ ਦਾ 100% ਹਿੱਸਾ ਵੱਖ-ਵੱਖ ਸਮਝੌਤਾ ਡੀਡ ਦੇ ਆਧਾਰ 'ਤੇ ਉਸ ਅਨੁਸਾਰ ਇੰਤਕਾਲ ਕੀਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਸ਼੍ਰੀ ਰਾਜੀਵ ਤਿਵਾੜੀ,**
**ਸਹਾਇਕ ਅਸਟੇਟ ਦਫਤਰ-III, ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**

**ਜਨਤਕ ਨੋਟਿਸ**

**ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ-III, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ।**



ਵਿਸ਼ਾ:- ਸਵਰਗੀ ਸ਼੍ਰੀਮਤੀ ਚਰਨ ਕੌਰ ਦੇ 09.12.2003 ਦੇ ਅਦਾਲਤੀ ਫ਼ਰਮਾਨ ਅਤੇ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਐਸ.ਸੀ.ਐਫ. ਨੰਬਰ 1-2, ਸੈਕਟਰ-19-ਸੀ, ਚੰਡੀਗੜ੍ਹ ਦੇ 100% ਹਿੱਸੇ ਦੀ ਮਾਲਕੀ ਦੇ ਤਬਾਦਲੇ ਬਾਰੇ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ, ਐਸ.ਸੀ.ਐਫ. ਨੰਬਰ 1-2, ਸੈਕਟਰ-19-ਸੀ, ਚੰਡੀਗੜ੍ਹ ਦੇ 100% ਹਿੱਸੇ ਵਜੋਂ ਜਾਣੀ ਜਾਂਦੀ ਜਾਇਦਾਦ ਸ਼੍ਰੀਮਤੀ ਚਰਨ ਕੌਰ ਦੇ ਨਾਮ 'ਤੇ ਹੈ, ਜਦੋਂ ਕਿ ਸ਼੍ਰੀ ਬਖਸ਼ੀ ਸਿੰਘ ਦੇ ਸਾਰੇ ਪੁੱਤਰ ਸ਼੍ਰੀ ਗੁਰਮੀਤ ਸਿੰਘ, ਸਵਰਨ ਸਿੰਘ ਅਤੇ ਸੁਰਜੀਤ ਸਿੰਘ ਦੁਆਰਾ ਇਹ ਰਿਪੋਰਟ ਕੀਤੀ ਗਈ ਹੈ ਕਿ ਸ਼੍ਰੀਮਤੀ... ਚਰਨ ਕੌਰ ਨੇ 09.12.2003 ਨੂੰ ਬਿਨਾਂ ਰਜਿਸਟਰਡ ਵਸੀਅਤ ਲਿਖੀ ਸੀ, ਜਿਸਦੀ ਮਿਆਦ 02.09.2007 ਨੂੰ ਖਤਮ ਹੋ ਗਈ ਸੀ ਅਤੇ ਉਹ ਆਪਣੇ ਪਿੱਛੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਛੱਡ ਗਈ ਸੀ, ਜਿਨ੍ਹਾਂ ਦੇ ਵੇਰਵੇ ਇਸ ਪ੍ਰਕਾਰ ਹਨ:- (1) ਸ਼੍ਰੀ ਸੁਰਜੀਤ ਸਿੰਘ (ਪੁੱਤਰ) (2) ਸ਼੍ਰੀਮਤੀ ਸੁਰਜੀਤ ਕੌਰ (ਪੁੱਤਰੀ) (3) ਸ਼੍ਰੀ ਸਤਵੰਤ ਸਿੰਘ (ਪੁੱਤਰ) (4) ਸ਼੍ਰੀ ਗੁਰਮੀਤ ਸਿੰਘ (ਪੁੱਤਰ) (5) ਸ਼੍ਰੀਮਤੀ ਗੁਰਮਿਥ ਕੌਰ (ਪੁੱਤਰੀ) (6) ਸ਼੍ਰੀ ਸਵਰਨ ਸਿੰਘ (ਪੁੱਤਰ) (7) ਸ਼੍ਰੀਮਤੀ ਸੁਬਰਨ ਕੌਰ (ਪੁੱਤਰੀ) (8) ਸ਼੍ਰੀਮਤੀ ਸਤਵੰਤ ਕੌਰ (ਪੁੱਤਰੀ) (9) ਸ਼੍ਰੀਮਤੀ ਜਸਵੀਰ ਕੌਰ (ਪੁੱਤਰੀ)। ਹੁਣ, ਗੁਰਮੀਤ ਸਿੰਘ, ਸਵਰਨ ਸਿੰਘ ਅਤੇ ਸੁਰਜੀਤ ਸਿੰਘ, ਸਾਰੇ ਸ਼੍ਰੀ ਦੇ ਪੁੱਤਰ। ਬਖ਼ਸ਼ੀ ਸਿੰਘ ਨੇ 9.12.2003 ਨੂੰ ਸਵਰਗੀ ਸ਼੍ਰੀਮਤੀ ਚਰਨ ਕੌਰ ਦੁਆਰਾ [illegible]

**ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ-III, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**



# Doaba College of Law (Kharar)

**Village Ghataur , Kharar , Distt. SAS Nagar, Punjab, PIN code: 140103 (Mid-way Kharar - Kurali Road)**
**Approved by Bar council of India and affiliated to Punjabi University Patiala**

**REQUIRED ON REGULAR BASIS FACULTY FOR LAW**

**Principal-01, Assistant Professor (Law)-05, (Political Science)-01, (Sociology)-01, (English)-01**

Qualification and pay scale as per Pb. Govt/ UGC/ Punjabi University Patiala norms. Applications must be submitted within 11 days. Please apply at http://collegejobs.punjabiuniversity.ac.in . Enquiry at principaldbs@gmail.com , Contact: 9646125578

**Date: 26.08.2025** **Chairman**



**ਇਸ਼ਤਿਹਾਰ ਨੰਬਰ 20/2025**

**ਕੇਂਦਰੀ ਵਿਦਿਆਲਿਆ ਸੰਗਠਨ ਵਿਚ ਸਿੱਧੀ ਭਰਤੀ ਦੇ ਮਾਧਿਅਮ ਨਾਲ ਡਿਪਟੀ ਕਮਿਸ਼ਨਰ ਦੇ ਅਹੁਦੇ ਨੂੰ ਭਰਨਾ**

ਕੇਂਦਰੀ ਵਿਦਿਆਲਿਆ ਸੰਗਠਨ, ਭਾਰਤ ਸਰਕਾਰ, ਸਿੱਖਿਆ ਮੰਤਰਾਲੇ ਦੇ ਅਧੀਨ ਇੱਕ ਖੁਦਮੁਖਤਿਆਰ ਅਦਾਰਾ, ਸਿੱਧੀ ਭਰਤੀ ਦੇ ਮਾਧਿਅਮ ਨਾਲ ਡਿਪਟੀ ਕਮਿਸ਼ਨਰ ਅਹੁਦਾ, ਤਨਖਾਹ ਪੱਧਰ-12 (ਰੁਪਏ 78,800-2,09,200/-) ਨੂੰ ਭਰਨ ਦੇ ਲਈ ਨਿਮਨ ਅਸਾਮੀਆਂ ਦੇ ਅਨੁਸਾਰ ਅਰਜ਼ੀਆਂ ਦੀ ਮੰਗ ਕਰਦਾ ਹੈ :-

| ਗੈਰ ਰਾਖਵੇਂ | ਆਰਥਿਕ ਰੂਪ ਤੋਂ ਕਮਜ਼ੋਰ ਵਰਗ | ਹੋਰ ਪੱਛੜੇ ਵਰਗ | ਅਨੁਸੂਚਿਤ ਜਾਤੀ | ਅਨੁਸੂਚਿਤ ਕਬੀਲਾ | ਕੁੱਲ | ਹੱਡੀ ਵਿਕਲਾਂਗ (ਓਐਚ) | ਨਜ਼ਰ ਵਿਕਲਾਂਗ (ਵੀਐਚ) | ਸੁਣਨ ਵਿਕਲਾਂਗ (ਐਚਐਚ) | ਹੋਰ (ਓਟੀਐਚ) |
|---|---|---|---|---|---|---|---|---|---|
| 02 | - | 01 | - | - | 03 | - | 01 | - | - |

ਵਧੇਰੇ ਜਾਣਕਾਰੀ ਦੇ ਲਈ ਕੇਂਦਰੀ ਵਿਦਿਆਲਿਆ ਸੰਗਠਨ ਦੀ ਵੈਬਸਾਈਟ www.kvsangathan.nic.in ਦੇਖੋ ਜਾਂ ਰੋਜ਼ਗਾਰ ਸਮਾਚਾਰ ਦੇ ਮਿਤੀ 23 ਅਗਸਤ, 2025 ਦੇ ਐਡੀਸ਼ਨ ਵਿਚ ਦੇਖੋ।
cbc21106/12/0002/2526



# ਸੈਂਟਰਲ ਬੈਂਕ ਆਫ ਇੰਡੀਆ

ਸੈਂਟਰਲ ਬੈਂਕ ਆਫ ਇੰਡੀਆ / Central Bank of India — "CENTRAL TO YOU SINCE 1911"
ਖੇਤਰੀ ਦਫ਼ਤਰ: ਕੇ.ਪੀ. ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ, ਫਿਰੋਜ਼ਪੁਰ ਰੋਡ, ਲੁਧਿਆਣਾ-141001

**ਮੰਗ ਸੂਚਨਾ**
**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਅਧੀਨ ਸੂਚਨਾ**

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨਾਂ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ ਬਣ ਚੁੱਕੀਆਂ ਹਨ। ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਨ੍ਹਾਂ ਦੇ ਆਖਰੀ ਜਾਣੂੰ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾ ਭੇਜੀ ਗਈ ਸੀ। ਹਾਲਾਂਕਿ ਕੁਝ ਮਾਮਲਿਆਂ ਵਿਚ ਸੂਚਨਾਵਾਂ ਅਣਸੌਂਪੀਆਂ ਹੀ ਪਰਤ ਆਈਆਂ ਅਤੇ ਹੋਰ ਮਾਮਲਿਆਂ ਵਿਚ ਪਹੁੰਚ ਰਸੀਦ ਪ੍ਰਾਪਤ ਨਹੀਂ ਕੀਤੀ ਗਈ ਅਤੇ ਸੂਚਨਾ ਉਨ੍ਹਾਂ ਦੇ ਪੰਜੀਕ੍ਰਿਤ ਪਤੇ ਉਪਰ ਚਸਪਾ ਕੀਤੀ ਗਈ ਸੀ, ਇਸ ਲਈ ਉਨ੍ਹਾਂ ਨੂੰ ਇਥੇ ਇਸ ਸੰਬੰਧੀ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ, ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਸਲੇਮ ਟਾਬਰੀ ਬ੍ਰਾਂਚ** 1) **ਸ਼੍ਰੀਮਤੀ ਅਮਿਤ ਮਿੱਤਲ ਪੁੱਤਰ ਦਲਚੰਦ ਮਿੱਤਲ**, ਮਕਾਨ ਨੰਬਰ 18, ਨਸੀਬ ਇਨਕਲੇਵ ਨੇੜੇ ਸਿੱਧ ਦੁਰਗਾ ਮਾਤਾ ਮੰਦਿਰ ਹੈਬੋਵਾਲ ਕਲਾਂ, ਲੁਧਿਆਣਾ, 2) **ਸ਼੍ਰੀਮਤੀ ਉਸ਼ਾ ਮਿੱਤਲ ਪਤਨੀ ਅਮਿਤ ਮਿੱਤਲ**, ਮਕਾਨ ਨੰਬਰ 18, ਨਸੀਬ ਐਨਕਲੇਵ ਨੇੜੇ ਸਿੱਧ ਦੁਰਗਾ ਮਾਤਾ ਮੰਦਰ ਹੈਬੋਵਾਲ, ਲੁਧਿਆਣਾ | ਵਿਕਰੀ ਡੀਡ ਵਸੀਕਾ ਨੰਬਰ 311 ਮਿਤੀ 07.04.2022 ਨੂੰ ਸਬ-ਰਜਿਸਟਰਾਰ ਲੁਧਿਆਣਾ ਕੋਲ ਰਜਿਸਟਰਡ ਜਾਇਦਾਦ ਮਕਾਨ ਅਧੀਨ ਐਮ.ਸੀ.ਨੰ. ਬੀ-34-6719/1, ਮਾਪ 90 ਵਰਗ ਗਜ਼ ਖਸਰਾ ਨੰਬਰ 45//16/2, 46//21, 51//1, 52//5, 45//25, ਖਾਤਾ ਨੰਬਰ 500/513, 648/665 ਵਿੱਚ ਸ਼ਾਮਲ ਹੈ, ਸਾਲ 2007-08 ਲਈ ਜਮ੍ਹਾਂਬੰਦੀ ਦੇ ਅਨੁਸਾਰ, ਪਿੰਡ ਜੱਸੀਆਂ, ਐਚ.ਬੀ. ਨੰ. 101, ਆਬਾਦੀ ਨਿਊ ਆਤਮ ਨਗਰ, ਨੇੜੇ ਨਵੀਨ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਅਤੇ ਇਸ ਦੀ ਹੱਦਬੰਦੀ ਇਸ ਪ੍ਰਕਾਰ ਹਨ: ਪੂਰਬ: ਗਲੀ ਚੌੜੀ, ਪੱਛਮ: ਜਵਾਲਾ ਸਿੰਘ, ਉੱਤਰ: ਜਵਾਲਾ ਸਿੰਘ, ਦੱਖਣ:- ਗੁਆਂਢੀ | 18.08.2025 | 21.08.2025 | Rs 29, 71,168.72 (ਰੁ. ਉਣੱਤੀ ਲੱਖ ਇਕਹੱਤਰ ਹਜ਼ਾਰ ਇਕ ਸੌ ਅਠਾਹਠ ਅਤੇ ਬਹੱਤਰ ਪੈਸੇ ਕੇਵਲ) ਸਮੇਤ ਵਿਆਜ ਸੈਂਟ ਹੋਮ ਲੋਨ ਅਨੁਸਾਰ 8.60% ਸਲਾਨਾ ਦਰ ਨਾਲ ਅਤੇ ਸੀਸੀ ਸੈਂਟ ਜਨਰਲ ਐਮਐਸਐਮਈ 9.80% ਸਲਾਨਾ ਦਰ ਨਾਲ ਮਾਸਿਕ ਵਿਸ਼ਰਾਮ ਨਾਲ ਮਿਤੀ 21.08.2025 ਤੋਂ ਗਿਣੇ ਜਾਣ ਵਾਲਾ |
| **ਮਾਲ ਰੋਡ, ਪਟਿਆਲਾ ਬ੍ਰਾਂਚ** 1) **ਸ਼੍ਰੀ ਬਿੱਟੂ** ਪੁੱਤਰ ਸ਼੍ਰੀ ਸੁਖਚੈਨ ਸਿੰਘ, ਪਿੰਡ ਅਲੀਪੁਰ ਅਰਾਈਆਂ, ਰਣਜੀਤ ਨਗਰ ਸਰਹਿੰਦ ਰੋਡ, ਪਟਿਆਲਾ 147001, 2) **ਸ਼੍ਰੀਮਤੀ ਨਿਰਮਲਾ ਦੇਵੀ** ਪਤਨੀ ਸ੍ਰੀ ਬਿੱਟੂ ਪਿੰਡ ਅਲੀਪੁਰ ਅਰਾਈਆਂ, ਰਣਜੀਤ ਨਗਰ ਸਰਹਿੰਦ ਰੋਡ, ਪਟਿਆਲਾ 147001 | ਖਾਤਾ ਨੰਬਰ 456/1043 ਤੋਂ 1074 ਤੱਕ 134ਬੀ-15ਬੀ-10ਬੀ ਵਿੱਚੋਂ ਜਾਇਦਾਦ ਮਾਪ 0ਬੀ-1ਬੀ-8ਬੀ, ਕੁੱਲ 134ਬੀ-15ਬੀ-10ਬੀ, ਪਿੰਡ ਅਲੀਪੁਰ ਅਰਾਈਆਂ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਾਲ 2018-19 ਦੀ ਜਮ੍ਹਾਂਬੰਦੀ ਅਨੁਸਾਰ ਸਥਿਤ, ਜੋ ਕਿ 07-05-2021 ਨੂੰ ਸਬ-ਰਜਿਸਟਰਾਰ, ਪਟਿਆਲਾ ਕੋਲ ਰਜਿਸਟਰਡ ਰਜਿਸਟਰਡ ਵਿਕਰੀ ਡੀਡ ਨੰਬਰ 2109, ਬਹੀ ਨੰਬਰ 1 ਦੁਆਰਾ ਖਰੀਦੀ ਗਈ ਹੈ। ਜਾਇਦਾਦ ਦਾ ਕੁੱਲ ਖੇਤਰਫਲ 71.11 ਵਰਗ ਗਜ਼ ਹੈ, ਜਿਸਨੂੰ ਬਾਅਦ ਵਿੱਚ ਸੁਧਾਰ ਡੀਡ ਨੰਬਰ 6267 ਮਿਤੀ 13-07-2021, ਸ੍ਰ ਬਿੱਟੂ ਪੁੱਤਰ ਸ. ਸੁਖਚੈਨ ਸਿੰਘ ਦੇ ਨਾਮ 'ਤੇ ਰਣਜੀਤ ਨਗਰ, ਅਲੀਪੁਰ ਅਰਾਈਆਂ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਹੈ। | 18.08.2025 | 19.08.2025 | Rs. 8,41,500.15 (ਰੁ. ਅੱਠ ਲੱਖ ਇਕਤਾਲੀ ਹਜ਼ਾਰ ਪੰਜ ਸੌ ਅਤੇ ਪੰਦਰਾਂ ਪੈਸੇ ਕੇਵਲ) ਸਮੇਤ ਵਿਆਜ 7.80% ਸਲਾਨਾ ਦਰ ਅਨੁਸਾਰ ਮਿਤੀ 19.08.2025 ਤੋਂ ਗਿਣੇ ਜਾਣ ਵਾਲਾ ਮਾਸਿਕ ਵਿਸ਼ਰਾਮ ਨਾਲ |

ਹੁਣ ਇਸ ਪ੍ਰਕਾਸ਼ਨ ਦੇ ਮਾਧਿਅਮ ਦੁਆਰਾ ਸੁਰੱਖਿਅਣ ਕਾਨੂੰਨ 2002 ਦੀ ਵਿਵਸਥਾ ਅਨੁਸਾਰ ਸੁਰੱਖਿਅਤ ਕਰਜ਼ਦਾਤਾ (ਬੈਂਕ) ਦੇ ਅਧਿਕਾਰਤ ਅਧਿਕਾਰੀ ਵਜੋਂ ਆਪਣੀ ਸਮਰਥਾ ਵਿਚ ਨਿਮਨ ਹਸਤਾਖ਼ਰੀ ਦੁਆਰਾ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਦੇ ਅੰਦਰ ਲਾਗੂ ਅਨੁਸਾਰ ਭਾਵੀ ਵਿਆਜ ਅਤੇ ਖਰਚਿਆਂ/ਫੀਸਾਂ ਸਮੇਤ ਬਕਾਇਆ ਦੇਣਦਾਰੀ ਦੀ ਰਕਮ ਨੂੰ ਅਦਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਜਿਸ ਤੋਂ ਅਸਫਲ ਰਹਿਣ 'ਤੇ ਸੁਰੱਖਿਅਤ ਕਰਜ਼ਦਾਤਾ ਦਰਸਾਏ ਅਧਿਆਦੇਸ਼ ਦੀ ਧਾਰਾ 13 ਦੀ ਉਪ ਧਾਰਾ (2) ਅਤੇ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਵਿਸਥਾਰਤ ਅਨੁਸਾਰ ਕਿਸੇ ਵੀ ਜਾਂ ਸਾਰੇ ਅਧਿਕਾਰਾਂ ਦੀ ਵਰਤੋਂ ਕਰਨਗੇ।
ਤੁਹਾਨੂੰ ਇਹ ਵੀ ਸੂਚਨਾ ਦਿੱਤੀ ਜਾਂਦੀ ਹੈ ਕਿ ਦਰਸਾਏ ਕਾਨੂੰਨ ਦੀ ਧਾਰਾ 13 ਦੇ ਸਬੰਧ ਵਿਚ ਤੁਸੀਂ ਬੈਂਕ ਦੀ ਲਿਖਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
ਇਹ ਸੂਚਨਾ ਕਾਨੂੰਨ ਦੀਆਂ ਕਿਸੇ ਵੀ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਜ਼ਰੂਰੀ ਸਮਝੀ ਜਾਂਦੀ ਅਜਿਹੀ ਹੋਰ ਕਾਰਵਾਈ ਜਾਂ ਕਾਨੂੰਨੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ ਬੈਂਕ ਦੇ ਅਧਿਕਾਰ ਦੀ ਉਲੰਘਣਾ ਤੋਂ ਬਿਨਾਂ ਹੈ।
**ਤੁਹਾਡਾ ਦਾ ਧਿਆਨ ਸੁਰੱਖਿਅਤ ਸੰਪੱਤੀ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

ਮਿਤੀ : 27.08.2025 — ਸਥਾਨ : ਲੁਧਿਆਣਾ — ਅਧਿਕਾਰਤ ਅਧਿਕਾਰੀ



ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ



# ਪੈਰ ਵੀ ਦੱਸਦੇ ਨੇ ਬਲੱਡ ਸ਼ੂਗਰ ਦਾ ਵੱਧਣਾ

ਸ਼ੂਗਰ ਇੱਕ ਮੈਟਾਬੋਲਿਕ ਬਿਮਾਰੀ ਹੈ, ਜਿਸ ਵਿੱਚ ਪੈਨਕ੍ਰੀਅਸ ਜਾਂ ਤਾਂ ਇਨਸੁਲਿਨ ਦੇ ਉਤਪਾਦਨ ਨੂੰ ਘਟਾ ਦਿੰਦਾ ਹੈ ਜਾਂ ਇਸਨੂੰ ਪੂਰੀ ਤਰ੍ਹਾਂ ਬੰਦ ਕਰ ਦਿੰਦਾ ਹੈ। ਇਸ ਕਾਰਨ, ਸਰੀਰ ਵਿੱਚ ਬਲੱਡ ਸ਼ੂਗਰ ਦਾ ਪੱਧਰ ਤੇਜ਼ੀ ਨਾਲ ਵਧਣ ਲੱਗਦਾ ਹੈ। ਸਮੇਂ ਸਿਰ ਸ਼ੂਗਰ ਨੂੰ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਲੰਬੇ ਸਮੇਂ ਤੱਕ ਬਲੱਡ ਸ਼ੂਗਰ ਜ਼ਿਆਦਾ ਰਹਿਣ ਨਾਲ



ਕਈ ਗੰਭੀਰ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਨਾਲ ਦਿਲ ਦੀਆਂ ਬਿਮਾਰੀਆਂ, ਗੁਰਦੇ ਫੇਲ੍ਹ ਹੋਣ ਅਤੇ ਫੇਫੜਿਆਂ ਨੂੰ ਨੁਕਸਾਨ ਹੋਣ ਵਰਗੀਆਂ ਸਮੱਸਿਆਵਾਂ ਵੀ ਹੋ ਸਕਦੀਆਂ ਹਨ।

**ਰਾਤ ਨੂੰ ਲੱਤਾਂ ਵਿੱਚ ਕੜਵੱਲ:** ਰਾਤ ਨੂੰ ਲੱਤਾਂ ਵਿੱਚ ਕੜਵੱਲ ਵੀ ਹਾਈ ਬਲੱਡ ਸ਼ੂਗਰ ਦੀ ਨਿਸ਼ਾਨੀ ਹੋ ਸਕਦੀ ਹੈ। ਲੱਤਾਂ ਵਿੱਚ ਕੜਵੱਲ ਅਕਸਰ ਡੀਹਾਈਡਰੇਸ਼ਨ ਜਾਂ ਖਣਿਜਾਂ ਦੀ ਘਾਟ ਕਾਰਨ ਹੁੰਦੇ ਹਨ, ਪਰ ਸ਼ੂਗਰ ਵਿੱਚ, ਕੜਵੱਲ ਨਸਾਂ ਦੇ ਨੁਕਸਾਨ ਜਾਂ ਖ਼ੂਨ ਦੇ ਮਾੜੇ ਪ੍ਰਵਾਹ ਕਾਰਨ ਵੀ ਹੋ ਸਕਦੇ ਹਨ। ਜਦੋਂ ਮਾਸਪੇਸ਼ੀਆਂ ਨੂੰ ਲੋੜੀਂਦਾ ਖ਼ੂਨ ਨਹੀਂ ਮਿਲਦਾ, ਤਾਂ ਉਹ ਦਰਦ ਨਾਲ ਸੁੰਗੜਨ ਲੱਗਦੇ ਹਨ।

**ਗਿੱਟਿਆਂ ਦੇ ਨੇੜੇ ਚਮੜੀ ਦਾ ਕਾਲਾ ਹੋਣਾ:** ਬਹੁਤ ਸਾਰੇ ਲੋਕ ਇਸਨੂੰ ਗੰਦਗੀ ਜਾਂ ਧੁੱਪ ਕਾਰਨ ਟੈਨਿੰਗ ਮੰਨਦੇ ਹਨ। ਪਰ ਸ਼ੂਗਰ ਵਿੱਚ, ਇਹ ਡਾਇਬੀਟਿਕ ਡਰਮੋਪੈਥੀ ਜਾਂ ਸ਼ੁਰੂਆਤੀ ਸੰਚਾਰ ਸਮੱਸਿਆ ਹੋ ਸਕਦੀ ਹੈ। ਇਹ ਤਬਦੀਲੀ ਇਸ ਲਈ ਹੁੰਦੀ ਹੈ ਕਿਉਂਕਿ ਹਾਈ ਬਲੱਡ ਸ਼ੂਗਰ ਸਰੀਰ ਦੀਆਂ ਛੋਟੀਆਂ ਖ਼ੂਨ ਦੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਜਿਸ ਕਾਰਨ ਚਮੜੀ ਦਾ ਰੰਗ ਬਦਲਣਾ ਸ਼ੁਰੂ ਹੋ ਜਾਂਦਾ ਹੈ

**ਵਾਲ ਝੜਨਾ:** ਹਾਂ, ਸ਼ੂਗਰ ਵਿੱਚ, ਸਿਰ ਦੇ ਵਾਲ ਹੀ ਨਹੀਂ, ਸਗੋਂ ਪੈਰਾਂ ਦੇ ਵਾਲ ਵੀ ਝੜਨ ਲੱਗਦੇ ਹਨ। ਸ਼ੂਗਰ ਵਿੱਚ ਖ਼ੂਨ ਸੰਚਾਰ ਖ਼ਰਾਬ ਹੋਣ ਕਾਰਨ, ਵਾਲਾਂ ਦੀਆਂ ਜੜ੍ਹਾਂ ਨੂੰ ਲੋੜੀਂਦਾ ਪੋਸ਼ਣ ਅਤੇ ਆਕਸੀਜਨ ਨਹੀਂ ਮਿਲਦੀ, ਜਿਸ ਕਾਰਨ ਉੱਥੇ ਵਾਲ ਅਚਾਨਕ ਝੜਨ ਲੱਗਦੇ ਹਨ। ਇਹ ਇਸ ਗੱਲ ਦਾ ਸੰਕੇਤ ਹੈ ਕਿ ਤੁਹਾਡੇ ਪੈਰਾਂ ਨੂੰ ਖ਼ੂਨ ਦੀ ਸਪਲਾਈ ਸਹੀ ਢੰਗ ਨਾਲ ਨਹੀਂ ਹੋ ਰਹੀ ਹੈ।

**ਪਿੰਜਨੀਆਂ ਵਿੱਚ ਜਲਣ:** ਥਕਾਵਟ ਜਾਂ ਜ਼ਿਆਦਾ ਤੁਰਨ ਕਾਰਨ ਪਿੰਜਨੀਆਂ ਵਿੱਚ ਜਲਣ ਇੱਕ ਆਮ ਗੱਲ ਮੰਨੀ ਜਾਂਦੀ ਹੈ। ਪਰ ਸ਼ੂਗਰ ਦੇ ਮਾਮਲਿਆਂ ਵਿੱਚ, ਇਹ ਜਲਣ ਨਸਾਂ ਦੇ ਨੁਕਸਾਨ ਦਾ ਸੰਕੇਤ ਹੋ ਸਕਦੀ ਹੈ। ਕਈ ਵਾਰ ਆਰਾਮ ਕਰਨ ਜਾਂ ਸੌਣ ਵੇਲੇ ਇਹ ਜਲਣ ਜ਼ਿਆਦਾ ਮਹਿਸੂਸ ਹੁੰਦੀ ਹੈ। ਇਹ ਜਲਣ ਇੰਨੀ ਜ਼ਿਆਦਾ ਮਹਿਸੂਸ ਹੁੰਦੀ ਹੈ ਜਿਵੇਂ ਪੈਰਾਂ ਵਿੱਚ ਅੱਗ ਲੱਗੀ ਹੋਵੇ।

**ਪੈਰਾਂ ਵਿੱਚ ਝਰਨਾਹਟ** ਪੈਰਾਂ ਵਿੱਚ ਝਰਨਾਹਟ ਉਦੋਂ ਹੁੰਦੀ ਹੈ ਜਦੋਂ ਬਲੱਡ ਸ਼ੂਗਰ ਜ਼ਿਆਦਾ ਹੁੰਦੀ ਹੈ ਜੋ ਖਤਮ ਨਹੀਂ ਹੁੰਦੀ। ਕਈ ਵਾਰ ਕਿਸੇ ਖਾਸ ਸਥਿਤੀ ਵਿੱਚ ਬੈਠਣ ਕਾਰਨ ਪੈਰਾਂ ਵਿੱਚ ਝਰਨਾਹਟ ਹੋਣਾ ਆਮ ਗੱਲ ਹੈ, ਪਰ ਜੇਕਰ ਅਜਿਹੀ ਸਥਿਤੀ ਹਰ ਰੋਜ਼ ਬਣੀ ਰਹਿੰਦੀ ਹੈ, ਤਾਂ ਇਹ ਨਸਾਂ ਦੇ ਨੁਕਸਾਨ (ਪੈਰੀਫਿਰਲ ਨਿਊਰੋਪੈਥੀ) ਦਾ ਸੰਕੇਤ ਹੋ ਸਕਦਾ ਹੈ ਜੋ ਕਿ ਸ਼ੂਗਰ ਦਾ ਇੱਕ ਆਮ ਪਰ ਗੰਭੀਰ ਲੱਛਣ ਹੈ।

## ਵਿੰਬਲਡਨ ਚੈਂਪੀਅਨ ਕਵਿਤੋਵਾ ਵੱਲੋਂ ਸੰਨਿਆਸ

ਨਿਊਯਾਰਕ, 27 ਅਗਸਤ (ਚ.ਨ.ਸ.) : ਦੋ ਵਾਰ ਦੀ ਵਿੰਬਲਡਨ ਚੈਂਪੀਅਨ ਪੇਤਰਾ ਕਵਿਤੋਵਾ ਨੇ ਯੂਐੱਸ ਓਪਨ ਦੇ ਪਹਿਲੇ ਗੇੜ ਵਿੱਚ ਡਾਇਨੇ ਪੈਰੀ ਤੋਂ ਹਾਰਨ ਮਗਰੋਂ ਟੈਨਿਸ ਨੂੰ ਅਲਵਿਦਾ ਕਹਿ ਦਿੱਤਾ ਹੈ। ਮੈਚ ਖਤਮ ਹੋਣ ਤੋਂ ਬਾਅਦ ਕਵਿਤੋਵਾ ਦੀਆਂ ਅੱਖਾਂ ਹੰਝੂਆਂ ਨਾਲ ਭਰ ਆਈਆਂ। ਗੈਲਰੀ ਵਿੱਚ ਮੌਜੂਦ ਉਸ ਦੇ ਪਤੀ ਅਤੇ ਕੋਚ ਜੀਰੀ ਵਾਨੇਕ ਨੇ ਉਸ ਨੂੰ ਗਲੇ ਲਾਇਆ। ਪਿਛਲੇ ਸਾਲ ਜੁਲਾਈ ਵਿੱਚ ਪੁੱਤਰ ਨੂੰ ਜਨਮ ਦੇਣ ਵਾਲੀ ਕਵੀਤੋਵਾ 17 ਮਹੀਨਿਆਂ ਬਾਅਦ ਕੋਰਟ 'ਤੇ ਪਰਤੀ ਸੀ। ਉਸ ਨੇ ਇਸ ਸਾਲ ਦੇ ਸ਼ੁਰੂ ਵਿੱਚ ਕਿਹਾ ਸੀ ਕਿ ਯੂਐੱਸ ਓਪਨ ਉਸ ਦਾ ਆਖਰੀ ਟੂਰਨਾਮੈਂਟ ਹੋਵੇਗਾ। ਮੈਚ ਤੋਂ ਬਾਅਦ ਉਸ ਨੇ ਦੱਸਿਆ ਕਿ ਕੁਝ ਹਫ਼ਤੇ ਪਹਿਲਾਂ ਉਹ ਕਰੋਨਾ ਤੋਂ ਪੀੜਤ



ਹੋਣ ਕਾਰਨ ਯੂਐੱਸ ਓਪਨ 'ਚੋਂ ਨਾਮ ਵਾਪਸ ਲੈਣ ਬਾਰੇ ਸੋਚ ਰਹੀ ਸੀ। ਉਸ ਨੇ ਕਿਹਾ, 'ਸਵੇਰੇ ਉੱਠਣ ਤੋਂ ਬਾਅਦ ਮੈਨੂੰ ਲੱਗ ਰਿਹਾ ਸੀ ਕਿ ਕੁਝ ਵੀ ਚੰਗਾ ਨਹੀਂ ਹੋਵੇਗਾ। ਮੈਂ ਖਾ ਨਹੀਂ ਸਕਦੀ ਸੀ। ਮੈਂ ਬਹੁਤ ਘਬਰਾ ਗਈ ਸੀ। ਬਹੁਤ ਮੁਸ਼ਕਲ ਸਮਾਂ ਸੀ। ਮੇਰੇ ਨਾਲ ਕਦੇ ਅਜਿਹਾ ਨਹੀਂ ਹੋਇਆ।' ਕਵਿਤੋਵਾ ਨੇ 2011 ਵਿੱਚ ਮਾਰੀਆ ਸ਼ਾਰਾਪੋਵਾ ਨੂੰ ਹਰਾ ਕੇ ਵਿੰਬਲਡਨ ਖਿਤਾਬ ਜਿੱਤਿਆ ਸੀ। ਇਸ ਤੋਂ ਬਾਅਦ 2014 ਵਿੱਚ ਉਸ ਨੇ ਯੂਜੀਨ ਬੁਚਾਰਡ ਨੂੰ ਹਰਾ ਕੇ ਖਿਤਾਬ ਜਿੱਤਿਆ ਸੀ।

# ਆਸਟ੍ਰੇਲੀਆ ਸਰਕਾਰ ਨੇ ਤਹਿਰਾਨ ਨਾਲ ਰਿਸ਼ਤੇ ਕੀਤੇ ਖ਼ਤਮ, ਈਰਾਨ ਦੇ ਰਾਜਦੂਤ ਨੂੰ ਦੇਸ਼ ਛੱਡਣ ਦਾ ਹੁਕਮ

ਮੈਲਬੌਰਨ, 27 ਅਗਸਤ (ਚ.ਨ.ਸ.) : ਆਸਟ੍ਰੇਲੀਆ ਨੇ ਈਰਾਨ ਦੇ ਰਾਜਦੂਤ ਅਹਿਮਦ ਸਾਦੇਗੀ ਅਤੇ ਤਿੰਨ ਹੋਰ ਰਾਜਨੀਤਿਕ ਅਧਿਕਾਰੀਆਂ ਨੂੰ ਸੱਤ ਦਿਨਾਂ ਦੇ ਅੰਦਰ ਅੰਦਰ ਦੇਸ਼ ਛੱਡਣ ਦਾ ਹੁਕਮ ਦਿੱਤਾ ਹੈ। ਆਸਟ੍ਰੇਲੀਆ ਦੀ ਜਾਸੂਸੀ ਏਜੰਸੀ ਏਐੱਸਆਈਓ ਦਾ ਕਹਿਣਾ ਹੈ ਕਿ ਇਰਾਨ ਘੱਟੋ-ਘੱਟ ਦੋ ਅਜਿਹੀਆਂ ਕਾਰਵਾਈਆਂ ਦੇ ਪਿੱਛੇ ਸੀ, ਜਿਨ੍ਹਾਂ ਨੂੰ ਯਹੂਦੀ ਵਿਰੋਧੀ ਹਮਲੇ ਕਿਹਾ ਗਿਆ ਹੈ। ਇਸ ਤੋਂ ਬਾਅਦ ਆਸਟ੍ਰੇਲੀਆਈ ਸਰਕਾਰ ਨੇ ਤਹਿਰਾਨ ਨਾਲ ਆਪਣੇ ਰਾਜਨੀਤਿਕ ਰਿਸ਼ਤੇ ਲਗਪਗ ਖਤਮ ਕਰ ਦਿੱਤੇ ਹਨ। ਇਸ ਘਟਨਾ ਦੇ ਚਲਦਿਆਂ ਤਹਿਰਾਨ ਵਿਚਲੇ ਆਪਣੇ ਦੂਤਾਵਾਸ ਨੂੰ ਬੰਦ ਕਰਕੇ ਰਾਜਨਾਇਕਾਂ ਨੂੰ ਵਾਪਸ ਬੁਲਾ ਲਿਆ ਹੈ।ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ ਈਰਾਨ ਦੀ ਇਸਲਾਮਿਕ ਰਿਵੋਲੂਸ਼ਨਰੀ ਗਾਰਡ ਕੋਰਪਸ (ਆਈਆਰਜੀਸੀ)ਜੱਥੇਬੰਦੀ ਨੂੰ ਜਲਦੀ ਹੀ ਆਸਟ੍ਰੇਲੀਆ ਵਿੱਚ ਦਹਿਸ਼ਤਗਰਦ ਸੰਗਠਨ ਘੋਸ਼ਿਤ ਕੀਤਾ ਜਾਵੇਗਾ। ਇਸ ਲਈ ਸੰਸਦ ਵਿੱਚ ਵਿਸ਼ੇਸ਼ ਕਾਨੂੰਨ ਲਿਆਂਦਾ ਜਾਵੇਗਾ।ਏਐੱਸਆਈਓ ਦੇ ਮੁਖੀ ਮਾਈਕ ਬਰਗੈੱਸ ਨੇ ਦੱਸਿਆ ਕਿ ਦਸੰਬਰ 2024 ਵਿੱਚ ਮੈਲਬੌਰਨ ਦੇ ਅਡਾਸ ਇਸਰਾਇਲ ਸਿਨਾਗੌਗ 'ਤੇ ਹਮਲਾ ਅਕਤੂਬਰ 2024 ਵਿੱਚ ਸਿਡਨੀ ਦੇ ਲੂਇਸ ਕੰਟੀਨੈਂਟਲ ਕਿਚਨ 'ਤੇ ਹਮਲਾ ਇਹ ਦੋਵੇਂ ਕਾਰਵਾਈਆਂ ਇਰਾਨੀ ਆਈ. ਆਰਜੀਸੀ ਦੇ ਸੰਚਾਲਕਾਂ ਨੇ ਇਰਾਨ ਦੇ ਹੁਕਮ ਤੇ ਕੀਤੀਆਂ ਅਤੇ ਉਨ੍ਹਾਂ ਨੂੰ ਸਿੱਧਾ ਫੰਡ ਪ੍ਰਾਪਤ ਹੋਇਆ।ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਕਿਹਾ ਕਿ ਇਹ ਹਮਲੇ ਦੋ ਕਾਰਨਾਂ ਕਰਕੇ ਕੀਤੇ ਗਏ। ਪਹਿਲਾ ਯਹੂਦੀ ਵਿਰੋਧੀ ਸੋਚ, ਜੋ ਇਰਾਨ ਦੀ



ਵਿਚਾਰਧਾਰਾ ਦਾ ਹਿੱਸਾ ਹੈ, ਦੂਜਾ ਆਸਟ੍ਰੇਲੀਆ ਵਿੱਚ ਫੁੱਟ 'ਤੇ ਅਸਮਝੀ ਪੈਦਾ ਕਰਨੀ। ਇਹ ਸਾਡੇ ਸਮਾਜਿਕ ਤਾਣੇ ਬਾਣੇ 'ਤੇ ਸਿੱਧਾ ਹਮਲਾ ਹੈ। ਇਰਾਨ ਦੇ ਵਿਦੇਸ਼ ਮੰਤਰੀ ਨੇ ਦੋਸ਼ਾਂ ਨੂੰ ਨਕਾਰਦਿਆਂ ਅਲਬਾਨੀਜ਼ ਨੂੰ ਕਮਜ਼ੋਰ ਰਾਜਨੀਤਿਕ ਕਿਹਾ।

# ਵਿਸ਼ਵ ਚੈਂਪੀਅਨਸ਼ਿਪ: ਧਰੁਵ ਅਤੇ ਤਨੀਸ਼ਾ ਪ੍ਰੀ-ਕੁਆਰਟਰ ਫ਼ਾਈਨਲ ਵਿੱਚ

ਪੈਰਿਸ, 27 ਅਗਸਤ (ਚ.ਨ.ਸ.) : ਧਰੁਵ ਕਪਿਲਾ ਅਤੇ ਤਨੀਸ਼ਾ ਕ੍ਰਾਸਟੋ ਦੀ ਭਾਰਤੀ ਮਿਕਸਡ ਡਬਲਜ਼ ਬੈਡਮਿੰਟਨ ਖਿਡਾਰੀਆਂ ਦੀ ਜੋੜੀ ਨੇ ਬੁੱਧਵਾਰ ਨੂੰ ਇੱਥੇ ਆਇਰਲੈਂਡ ਦੇ ਜੋਸ਼ੂਆ ਮੈਗੀ ਅਤੇ ਮੋਆ ਰਿਆਨ ਦੀ ਜੋੜੀ ਨੂੰ ਸਿੱਧੇ ਗੇਮਾਂ ਵਿੱਚ ਹਰਾ ਕੇ ਵਿਸ਼ਵ ਚੈਂਪੀਅਨਸ਼ਿਪ ਦੇ ਪ੍ਰੀ-ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਧਰੁਵ ਅਤੇ ਤਨੀਸ਼ਾ ਦੀ 16ਵੀਂ ਦਰਜਾ ਪ੍ਰਾਪਤ ਜੋੜੀ ਨੇ ਪੂਰੇ ਮੈਚ ਵਿੱਚ ਦਬਦਬਾ ਬਣਾਇਆ ਅਤੇ ਸਿਰਫ 35 ਮਿੰਟਾਂ ਵਿੱਚ ਆਇਰਿਸ਼ ਜੋੜੀ ਨੂੰ



21-11, 21-16 ਨਾਲ ਹਰਾਇਆ। ਹੁਣ ਕੁਆਰਟਰ ਫਾਈਨਲ ਵਿੱਚ ਜਗ੍ਹਾ ਬਣਾਉਣ ਲਈ, ਇਸ ਭਾਰਤੀ ਜੋੜੀ ਦਾ ਸਾਹਮਣਾ ਹਾਂਗਕਾਂਗ ਦੇ ਤਾਂਗ ਚੁਨ ਮੈਨ ਅਤੇ ਤਸੇ ਯਿੰਗ ਸੁਏਟ ਦੀ ਪੰਜਵੀਂ ਦਰਜਾ ਪ੍ਰਾਪਤ ਜੋੜੀ ਨਾਲ ਹੋਵੇਗਾ। ਧਰੁਵ ਅਤੇ ਤਨੀਸ਼ਾ ਨੇ ਸ਼ੁਰੂਆਤ ਤੋਂ ਹੀ ਦਬਦਬਾ ਬਣਾਇਆ ਅਤੇ ਬ੍ਰੇਕ ਤੇ ਆਪਣੀ 6-2 ਦੀ ਲੀਡ ਵਧਾ ਕੇ 11-6 ਕਰ ਦਿੱਤੀ। ਉਨ੍ਹਾਂ ਨੇ ਵਿਰੋਧੀ ਜੋੜੀ ਨੂੰ ਵਾਪਸੀ ਦਾ ਕੋਈ ਮੌਕਾ ਨਹੀਂ ਦਿੱਤਾ ਅਤੇ ਆਸਾਨੀ ਨਾਲ ਪਹਿਲਾ ਗੇਮ ਜਿੱਤ ਲਿਆ। ਦੂਜੇ ਗੇਮ ਵਿੱਚ ਵੀ ਸਥਿਤੀ ਉਹੀ ਰਹੀ ਕਿਉਂਕਿ ਭਾਰਤੀ ਜੋੜੀ ਨੇ 7-2 ਦੀ ਲੀਡ ਲੈ ਲਈ ਅਤੇ ਬਿਨਾਂ ਕਿਸੇ ਮੁਸ਼ਕਲ ਦੇ ਮੈਚ ਜਿੱਤ ਲਿਆ।

# ਸਾਬਕਾ ਬੀ.ਐਸ.ਐਫ. ਅਧਿਕਾਰੀ ਅਮਰਦੀਪ ਨੇ ਸਰ ਕੀਤਾ ਮਾਊਂਟ ਐਲਬਰੂਸ

ਜਲੰਧਰ, 27 ਅਗਸਤ (ਚ.ਨ.ਸ.): ਮਹਾਨਗਰ ਦੇ ਐਨ ਨਾਲ ਲੱਗਦੇ ਪਿੰਡ ਨੂਰਪੁਰ ਵਾਸੀ ਸਾਬਕਾ ਬੀਐੱਸਐੱਫ ਅਧਿਕਾਰੀ ਅਮਰਦੀਪ ਸਿੰਘ ਨੇ 14 ਤੇ 16 ਅਗਸਤ ਨੂੰ ਲਗਾਤਾਰ ਦੋ ਵਾਰ ਰੂਸ ਦੀ ਸਭ ਤੋਂ ਉੱਚੀ 5642 ਮੀਟਰ ਦੀ ਚੋਟੀ 'ਤੇ ਚੜ੍ਹਾਈ ਚੜ੍ਹ ਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਉਨ੍ਹਾਂ ਨੇ ਦੋ ਵਾਰ ਦੀ ਇਹ ਚੜ੍ਹਾਈ ਇਕ ਦਿਨ ਦੇ ਵਕਫੇ ਪਿੱਛੋਂ ਚੜ੍ਹੀ ਤੇ ਨਵੀਂ ਉਪਲੱਬਧੀ ਹਾਸਲ ਕੀਤੀ ਹੈ।ਗੱਲਬਾਤ ਕਰਦਿਆਂ ਪਰਬਤਾਰੋਹੀ 44 ਸਾਲਾ ਅਮਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਜਨਮ 1980 'ਚ ਨੂਰਪੁਰ ਪਿੰਡ 'ਚ ਹੋਇਆ ਸੀ। ਉਨ੍ਹਾਂ ਨੇ ਗ੍ਰੈਜੂਏਸ਼ਨ ਡੀਏਵੀ ਕਾਲਜ ਜਲੰਧਰ ਤੋਂ ਕੀਤੀ ਅਤੇ ਐੱਨਸੀਸੀ ਕੈਡੇਟ ਰਹੇ, ਜਿਨ੍ਹਾਂ ਕੋਲ ਐਨਸੀਸੀ ਦਾ ਸਰਟੀਫਿਕੇਟ ਵੀ ਹੈ। 2004 'ਚ ਉਹ ਬੀਐੱਸਐੱਫ 'ਚ ਬਤੌਰ ਸਬ-ਇੰਸਪੈਕਟਰ ਭਰਤੀ ਹੋ ਗਏ ਅਤੇ 10 ਸਾਲ ਸੇਵਾਵਾਂ ਦੇਣ ਉਪਰੰਤ 2014 'ਚ ਉਨ੍ਹਾਂ ਨੇ ਯੂਨੀਅਨ ਬੈਂਕ ਆਫ ਇੰਡੀਆ 'ਚ ਬਤੌਰ ਸਕਿਉਰਿਟੀ ਇੰਚਾਰਜ ਦੀ ਪ੍ਰੀਖਿਆ ਪਾਸ ਕਰ ਲਈ।ਬੀਐੱਸਐੱਫ ਦੀ ਨੌਕਰੀ ਛੱਡ ਕੇ ਬੈਂਕ ਦੀ ਨੌਕਰੀ ਸ਼ੁਰੂ ਕਰ ਲਈ। ਮੌਜੂਦਾ ਸਮੇਂ ਉਹ ਗੁਜਰਾਤ ਵਿਖੇ ਖੇਤਰੀ ਸਕਿਉਰਿਟੀ ਇੰਚਾਰਜ ਵਜੋਂ ਸੇਵਾਵਾਂ ਦੇ ਰਹੇ ਹਨ। ਆਪਣੇ ਪਰਬਤਾਰੋਹਣ ਦੇ ਸਫ਼ਰ ਬਾਰੇ ਗੱਲ ਕਰਦਿਆਂ ਅਮਰਦੀਪ ਸਿੰਘ ਨੇ ਦੱਸਿਆ ਕਿ ਪਰਬਤਾਰੋਹੀ ਵਜੋਂ ਉਨ੍ਹਾਂ ਦਾ ਸਫਰ 2000 ਵਿਚ ਨਹਿਰੂ ਇੰਸਟੀਚਿਊਟ ਆਫ ਮਾਊਂਟੇਨੀਅਰਿੰਗ ਉੱਤਰਕਾਸ਼ੀ ਤੋਂ ਬੇਸਿਕ ਮਾਊਂਟੇਨੀਅਰਿੰਗ ਕੋਰਸ ਨਾਲ ਸ਼ੁਰੂ ਹੋਇਆ।



# ਫਲੋਰਿਡਾ ਜੇਲ੍ਹ 'ਚ ਬੰਦ ਹਰਜਿੰਦਰ ਸਿੰਘ ਨਾਲ ਪੰਨੂ ਨੇ ਕੀਤੀ ਮੁਲਾਕਾਤ !

### ਵਿੱਤੀ ਸਹਾਇਤਾ ਦਾ ਵੀ ਕੀਤਾ ਐਲਾਨ

ਵਾਸ਼ਿੰਗਟਨ, 27 ਅਗਸਤ (ਚ.ਨ.ਸ.) : ਬੀਤੀ 12 ਅਗਸਤ ਨੂੰ ਅਮਰੀਕਾ 'ਚ ਇਕ ਭਿਆਨਕ ਸੜਕ ਹਾਦਸਾ ਵਾਪਰਿਆ ਸੀ, ਜਿੱਥੋਂ ਦੇ ਫਲੋਰਿਡਾ ਵਿਖੇ ਇਕ ਪੰਜਾਬੀ ਬੰਦ ਹੈ।ਇਸੇ ਦੌਰਾਨ ਸੂਤਰਾਂ ਦੇ ਹਵਾਲੇ ਤੋਂ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਫਲੋਰਿਡਾ ਜੇਲ੍ਹ ਚ ਬੰਦ ਹਰਜਿੰਦਰ ਸਿੰਘ ਨਾਲ ਮੁਲਾਕਾਤ



ਨੌਜਵਾਨ ਟਰੱਕ ਡਰਾਈਵਰ ਹਰਜਿੰਦਰ ਸਿੰਘ ਨੇ 18 ਪਹੀਆਂ ਵਾਲਾ ਟਰੱਕ ਚਲਾਉਂਦੇ ਹੋਏ ਅਚਾਨਕ ਯੂ-ਟਰਨ ਲੈ ਲਿਆ ਸੀ। ਇਸ ਕਾਰਨ ਪਿੱਛੋਂ ਆ ਰਹੀ ਇਕ ਕਾਰ ਟਰੱਕ 'ਚ ਜਾ ਵੱਜੀ ਤੇ ਕਾਰ ਸਵਾਰ 3 ਲੋਕਾਂ ਦੀ ਦਰਦਨਾਕ ਮੌਤ ਹੋ ਗਈ ਸੀ। ਇਸ ਹਾਦਸੇ ਮਗਰੋਂ ਟਰੱਕ ਡਰਾਈਵਰ ਹਰਜਿੰਦਰ ਸਿੰਘ ਨੂੰ ਪੁਲਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤੇ 3 ਮੌਤਾਂ ਦੇ ਮਾਮਲੇ 'ਚ ਉਸ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਤੇ ਉਸ ਦੇ ਮਾਮਲਾ ਅਦਾਲਤ 'ਚ ਚੱਲ ਰਿਹਾ ਹੈ। ਫਿਲਹਾਲ ਉਹ ਫਲੋਰਿਡਾ ਦੀ ਜੇਲ੍ਹ 'ਚ ਕੀਤੀ ਹੈ। ਉਨ੍ਹਾਂ ਨੇ ਹਰਜਿੰਦਰ ਦਾ ਪੱਖ ਲੈਂਦੇ ਹੋਏ ਕਿਹਾ ਕਿ ਇਹ ਇਕ ਹਾਦਸਾ ਸੀ, ਹਰਜਿੰਦਰ ਨੇ ਜਾਣਬੁੱਝ ਕੇ ਕੁਝ ਨਹੀਂ ਕੀਤਾ। ਪੰਨੂ ਨੇ ਕਿਹਾ ਕਿ ਇਹ ਅਣਜਾਣੇ 'ਚ ਹੋਇਆ ਹਾਦਸਾ ਹੈ, ਇਸ ਦੌਰਾਨ ਮਾਰੇ ਗਏ ਲੋਕਾਂ ਦਾ ਕਾਤਲ ਹਰਜਿੰਦਰ ਨੂੰ ਕਹਿਣਾ ਬਿਲਕੁਲ ਵੀ ਸਹੀ ਨਹੀਂ ਹੋਵੇਗਾ। ਦੱਸਿਆ ਜਾ ਰਿਹਾ ਹੈ ਕਿ ਇਸ ਮੁਲਾਕਾਤ ਮਗਰੋਂ ਪੰਨੂ ਨੇ ਹਰਜਿੰਦਰ ਦੀ ਮਦਦ ਲਈ 1 ਲੱਖ ਡਾਲਰ ਦੇਣ ਦਾ ਵੀ ਐਲਾਨ ਕੀਤਾ ਹੈ। ਉਨ੍ਹਾਂ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਨੂੰ ਨਿਰਪੱਖਤਾ ਨਾਲ ਦੇਖਿਆ ਜਾਵੇ ਤੇ ਇਨਸਾਫ਼ ਕੀਤਾ ਜਾਵੇ।



ਸ਼੍ਰੀ ਰਾਜਾ ਗਣਪਤੀ ਵੈਲਫੇਅਰ ਸੁਸਾਇਟੀ ਦੇ ਮੈਂਬਰ 'ਪਦਮ ਸ਼੍ਰੀ' ਡਾ.. ਜਗਜੀਤ ਸਿੰਘ ਦਰਦੀ ਨੂੰ ਸੱਦਾ-ਪੱਤਰ ਦਿੰਦੇ ਹੋਏ ਚੰਦਰ ਪ੍ਰਕਾਸ਼ ਸੰਜੀਵ ਕੁਮਾਰ ਵਿਕਾਸ ਕੁਮਾਰ ਸਤਬੀਰ ਸਿੰਘ।

# ਰਾਜ ਭਾਸ਼ਾ ਲਾਗੂ ਕਰਨ ਸੰਬੰਧੀ ਕਮੇਟੀ ਦੀ ਛਿਮਾਹੀ ਮੀਟਿੰਗ ਪੰਚਕੂਲਾ 'ਚ ਸਮਾਪਤ

ਪੰਚਕੂਲਾ, 27 ਅਗਸਤ (ਅੰਮ੍ਰਿਤਪਾਲ ਸਿੰਘ) : ਨਗਰ ਰਾਜਭਾਸ਼ਾ ਲਾਗੂ ਕਰਨ ਕਮੇਟੀ, ਪੰਚਕੂਲਾ - ਜੋ ਕਿ ਕੇਂਦਰੀ ਸਰਕਾਰੀ ਦਫ਼ਤਰਾਂ, ਅਦਾਰਿਆਂ ਅਤੇ ਸ਼ਹਿਰ ਦੇ ਬੈਂਕਾਂ ਦੀ ਇੱਕ ਸਾਂਝੀ ਕਮੇਟੀ ਹੈ ਜੋ ਰਾਜਭਾਸ਼ਾ ਨੂੰ ਸਰਕਾਰੀ ਕੰਮਕਾਜ ਵਿੱਚ ਵੱਧ ਤੋਂ ਵੱਧ ਵਰਤੋਂ ਕਰਨ ਲਈ ਕੰਮ ਕਰਦੀ ਹੈ। ਇਸ ਦੀ ਸਾਲ 2025-26 ਦੀ ਪਹਿਲੀ ਛਿਮਾਹੀ ਮੀਟਿੰਗ ਪੰਚਕੂਲਾ ਵਿੱਚ ਆਯੋਜਿਤ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਪੰਚਕੂਲਾ ਦੇ ਪ੍ਰਿੰਸੀਪਲ ਇਨਕਮ ਟੈਕਸ ਕਮਿਸ਼ਨਰ ਸ਼੍ਰੀਮਤੀ ਕੋਮਲ ਜਗਪਾਲ ਅਤੇ ਰਾਜਭਾਸ਼ਾ ਵਿਭਾਗ ਵੱਲੋਂ ਸੰਯੁਕਤ ਨਿਦੇਸ਼ਕ ਸ਼੍ਰੀ ਕੁਮਾਰ ਪਾਲ ਸ਼ਰਮਾ ਦੀ ਪ੍ਰਤੀਨਿਧਤਾ ਵਿੱਚ ਆਯੋਜਿਤ ਹੋਈ। ਮੀਟਿੰਗ ਵਿੱਚ ਸ਼ਹਿਰ ਦੇ ਵੱਖ-ਵੱਖ ਮੈਂਬਰ ਦਫ਼ਤਰਾਂ ਦੇ 84 ਮੁਖੀ ਅਤੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਇਸ ਮੌਕੇ, ਸਾਲ 2025-26 ਦੌਰਾਨ ਸ਼ਹਿਰੀ ਪੱਧਰ 'ਤੇ ਆਯੋਜਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਪ੍ਰੋਗਰਾਮ ਦੇ ਤਹਿਤ, ਸਾਲ 2024-25 ਵਿੱਚ ਆਯੋਜਿਤ ਮੁਕਾਬਲਿਆਂ ਦੇ 57 ਜੇਤੂਆਂ ਨੂੰ ਪੁਰਸਕਾਰ ਪ੍ਰਦਾਨ ਕੀਤੇ ਗਏ। ਇਸ ਮੌਕੇ ਸ਼੍ਰੀ ਕੁਮਾਰ ਪਾਲ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੰਠ, ਕਲਮ ਅਤੇ ਕੰਪਿਊਟਰ ਰਾਹੀਂ ਸਰਕਾਰੀ ਭਾਸ਼ਾ ਦੀ ਤਰੱਕੀ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ।

ਆਪਣੇ ਪ੍ਰਧਾਨਗੀ ਭਾਸ਼ਣ ਵਿੱਚ, ਸ਼੍ਰੀਮਤੀ ਕੋਮਲ ਜਗਪਾਲ ਨੇ ਸਾਰੇ ਦਫ਼ਤਰ ਮੁਖੀਆਂ ਨੂੰ ਆਪਣੇ-ਆਪਣੇ ਦਫ਼ਤਰਾਂ ਵਿੱਚ ਰਾਜਭਾਸ਼ਾ ਨੂੰ ਲਾਗੂ ਕਰਨ ਲਈ ਸੁਚਾਰੂ ਅਤੇ ਸਾਰਥਕ ਯਤਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਉਨ੍ਹਾਂ ਨੂੰ ਆਸਾਨ ਹਿੰਦੀ ਅਤੇ ਮਿਸ਼ਰਿਤ ਭਾਸ਼ਾ ਦੀ ਵਰਤੋਂ ਕਰਕੇ ਰਾਜਭਾਸ਼ਾ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ।

ਅੰਤ ਵਿੱਚ, ਕਮੇਟੀ ਸਕੱਤਰ ਨੇ ਸਾਰੇ ਮੈਂਬਰਾਂ ਦਾ ਉਨ੍ਹਾਂ ਦੀ ਮਾਣਮੱਤੇ ਮੌਜ਼ੂਦਗੀ ਲਈ ਧੰਨਵਾਦ ਕੀਤਾ।




# ਹੈਰਾਨੀਜਨਕ ! ਚੀਨ ਦੇ ਡਾਕਟਰਾਂ ਦਾ ਚਮਤਕਾਰ, ਸੂਰ ਦੇ ਫੇਫੜੇ ਮਨੁੱਖ 'ਚ ਕੀਤੇ ਟ੍ਰਾਂਸਪਲਾਂਟ

ਨਵੀਂ ਦਿੱਲੀ, 27 ਅਗਸਤ (ਚ.ਨ.ਸ.) : ਚੀਨ ਵਿੱਚ ਸਰਜਨਾਂ ਨੇ ਇੱਕ ਸੂਰ ਦੇ ਫੇਫੜੇ ਨੂੰ ਦਿਮਾਗੀ ਤੌਰ ਤੇ ਮ੍ਰਿਤ ਮਨੁੱਖੀ ਪ੍ਰਾਪਤਕਰਤਾ ਵਿੱਚ ਸਫਲਤਾਪੂਰਵਕ ਟ੍ਰਾਂਸਪਲਾਂਟ ਕੀਤਾ ਹੈ। ਡਾਕਟਰ ਇਸਨੂੰ ਜ਼ੈਨੋਟ੍ਰਾਂਸਪਲਾਂਟੇਸ਼ਨ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਮੰਨ ਰਹੇ ਹਨ। ਖੋਜਕਰਤਾਵਾਂ ਨੇ ਖੁਲਾਸਾ ਕੀਤਾ ਹੈ ਕਿ ਸਰਜਨਾਂ ਨੇ ਪਹਿਲੀ ਵਾਰ ਜੈਨੇਟਿਕ ਤੌਰ ਤੇ ਸੋਧੇ ਹੋਏ ਸੂਰ ਦੇ ਫੇਫੜੇ ਨੂੰ ਦਿਮਾਗੀ ਤੌਰ ਤੇ ਮ੍ਰਿਤ ਮਨੁੱਖੀ ਪ੍ਰਾਪਤਕਰਤਾ ਵਿੱਚ ਟ੍ਰਾਂਸਪਲਾਂਟ ਕੀਤਾ ਹੈ ਅਤੇ ਪਾਇਆ ਹੈ ਕਿ ਇਹ ਨੌਂ ਦਿਨਾਂ ਤੱਕ ਕੰਮ ਕਰਦਾ ਰਿਹਾ।ਇਸਦਾ ਵੇਰਵਾ ਨੇਚਰ ਮੈਡੀਸਨ ਜਰਨਲ ਵਿੱਚ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਸਨੂੰ ਹੁਣ ਜੈਨੇਟਿਕ ਤੌਰ ਤੇ ਇਸਦੀ ਵਰਤੋਂ ਵੱਲ ਇੱਕ ਮਾਮੂਲੀ ਕਦਮ ਮੰਨਿਆ ਜਾਂਦਾ ਹੈ।ਇਹ ਆਪ੍ਰੇਸ਼ਨ ਮਈ 2024 ਵਿੱਚ ਗੁਆਂਗਜ਼ੂ ਮੈਡੀਕਲ ਯੂਨੀਵਰਸਿਟੀ ਦੇ ਪਹਿਲੇ ਐਫੀਲੀਏਟਿਡ ਹਸਪਤਾਲ ਵਿੱਚ ਕੀਤਾ ਗਿਆ ਸੀ, ਜਿਸ ਵਿੱਚ ਇੱਕ 39 ਸਾਲਾ ਵਿਅਕਤੀ ਦੇ ਖੱਬੇ ਫੇਫੜੇ ਨੂੰ ਬਦਲਣਾ ਸ਼ਾਮਲ ਸੀ।ਸੂਰ ਦਾ ਫੇਫੜਾ ਜਿਸਨੂੰ ਮਨੁੱਖੀ ਟਿਸ਼ੂ ਨਾਲ ਆਪਣੀ ਅਨੁਕੂਲਤਾ ਵਧਾਉਣ ਲਈ ਜੈਨੇਟਿਕ ਤੌਰ ਤੇ ਸੋਧਿਆ ਗਿਆ ਸੀ, ਮਨੁੱਖਾਂ ਵਿੱਚ ਨੌਂ ਦਿਨਾਂ ਤੱਕ ਕੰਮ ਕਰਦਾ ਰਿਹਾ। ਇਸ ਸਮੇਂ ਦੌਰਾਨ, ਅੰਗ ਨੇ ਪ੍ਰਭਾਵਸ਼ਾਲੀ ਢੰਗ ਨਾਲ ਆਕਸੀਜਨ ਅਤੇ ਕਾਰਬਨ ਡਾਈਆਕਸਾਈਡ ਦਾ ਆਦਾਨ-ਪ੍ਰਦਾਨ ਕੀਤਾ, ਆਪਣਾ ਮੁੱਖ ਕਾਰਜ ਕਰਨ ਦੀ ਸਮਰੱਥਾ ਦਾ ਪ੍ਰਦਰਸ਼ਨ ਕੀਤਾ।

# ਟ੍ਰਾਈਡੈਂਟ ਗਰੁੱਪ ਨੂੰ ਆਈ.ਬੀ.ਡੀ.ਏ: 2025 ਵਿਖੇ ਬੈਸਟ ਇਨ-ਹਾਊਸ ਸਟੂਡੀਓਐਵਾਰਡ ਨਾਲ ਸਨਮਾਨਿਤ

ਚੰਡੀਗੜ੍ਹ, 27 ਅਗਸਤ (ਚ.ਨ.ਸ.) : ਟ੍ਰਾਈਡੈਂਟ ਗਰੁੱਪ, ਜੋ ਕਿ ਟੈਕਸਟਾਈਲ ਅਤੇ ਪੇਪਰ ਖੇਤਰ ਵਿੱਚ ਅਗੇਤੀ ਗਲੋਬਲ ਨਿਰਮਾਤਾ ਅਤੇ ਨਿਰਯਾਤਕ ਹੈ, ਨੂੰ ਪ੍ਰਸਿੱਧ ਇੰਡੀਆਜ਼ ਬੈਸਟ ਡਿਜ਼ਾਈਨ ਐਵਾਰਡਜ਼ 2025 'ਚ ਬੈਸਟ ਇਨ-ਹਾਊਸ ਸਟੂਡਿਓ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਟ੍ਰਾਈਡੈਂਟ ਦੀ ਡਿਜ਼ਾਈਨ ਉਤਕ੍ਰਿਸ਼ਟਤਾ ਪ੍ਰਤੀ ਵਚਨਬੱਧਤਾ ਅਤੇ ਇਨੋਵੇਸ਼ਨ-ਆਧਾਰਿਤ ਡਿਜ਼ਾਈਨ 'ਚ ਇਸ ਦੀ ਨੇਤ੍ਰਿਤਾ ਦੀ ਪੁਸ਼ਟੀ ਕਰਦਾ ਹੈ।ਇੱਕ ਮਹੱਤਵਪੂਰਨ ਦੋਹਰੀ ਜਿੱਤ ਵਿੱਚ, ਟ੍ਰਾਈਡੈਂਟ ਗਰੁੱਪ ਨੂੰ ਗ੍ਰੇਟੈਸਟ ਆਫ ਆਲ ਟਾਈਮ (GOAT) ਦ ਡਿਜ਼ਾਈਨ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। ਇਹ ਖ਼ਾਸ ਸਨਮਾਨ ਉਹਨਾਂ ਪਿਛਲੇ ਜੇਤੂਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਕਈ ਵਾਰ ਬੈਸਟ ਡਿਜ਼ਾਈਨ ਸਟੂਡਿਓ ਦਾ ਖ਼ਿਤਾਬ ਹਾਸਲ ਕੀਤਾ ਹੈ। ਟ੍ਰਾਈਡੈਂਟ ਨੇ ਇਹ ਉਪਲਬਧੀ 2021, 2022, 2023 ਅਤੇ 2025 ਵਿੱਚ ਬੈਸਟ ਇਨ-ਹਾਊਸ ਸਟੂਡਿਓ ਐਵਾਰਡ ਜਿੱਤ ਕੇ ਪ੍ਰਾਪਤ ਕੀਤੀ, ਜਿਸ ਨਾਲ ਇਸ ਦੀ ਡਿਜ਼ਾਈਨ ਵਿੱਚ ਲੰਬੇ ਸਮੇਂ ਦੀ ਪ੍ਰਭਾਵਸ਼ਾਲੀ ਹਿੱਸੇਦਾਰੀ ਅਤੇ ਲੀਡਰਸ਼ਿਪ ਸਾਬਤ ਹੋਈ। ਇਹ ਐਵਾਰਡ ਡਿਜ਼ਾਈਨ ਇੰਡੀਆ ਸ਼ੋ ਦੇ 10ਵੇਂ ਸੰਸਕਰਣ 'ਚ ਪ੍ਰਦਾਨ ਕੀਤੇ ਗਏ, ਜੋ ਦੇਸ਼ ਦੇ ਸਭ ਤੋਂ ਪ੍ਰਭਾਵਸ਼ਾਲੀ ਡਿਜ਼ਾਈਨ ਮਾਹਿਰਾਂ ਨੂੰ ਇਕੱਠਾ ਕਰਕੇ ਰਚਨਾਤਮਕਤਾ ਅਤੇ ਨਵਾਚਾਰ ਦਾ ਜਸ਼ਨ ਮਨਾਉਂਦਾ ਹੈ। ਟ੍ਰਾਈਡੈਂਟ ਦਾ ਇਨ-ਹਾਊਸ ਡਿਜ਼ਾਈਨ ਸਟੂਡਿਓ 50 ਤੋਂ ਵੱਧ ਡਿਜ਼ਾਈਨਰਾਂ ਦੀ ਟੀਮ 'ਤੇ ਆਧਾਰਿਤ ਹੈ, ਜੋ ਕਿ ਨੇਸ਼ਨਲ ਇੰਸਟੀਚਿਊਟ ਆਫ ਡਿਜ਼ਾਈਨ, ਨੈਸ਼ਨਲ ਇੰਸਟੀਚਿਊਟ ਆਫ ਫੈਸ਼ਨ ਟੈਕਨੋਲੋਜੀ ਅਤੇ ਹੋਰ ਪ੍ਰਮੁੱਖ ਭਾਰਤੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਸੰਬੰਧਤ ਹਨ। ਇਹ ਟੀਮ ਸਸਟੇਨੀਬਿਲਿਟੀ, ਕਹਾਣੀ ਕਹਿਣ ਦੀ ਕਲਾ ਅਤੇ ਗਲੋਬਲ ਟ੍ਰੈਂਡ ਰਿਸਰਚ ਨੂੰ ਜੋੜ ਕੇ ਉਹ ਉਤਪਾਦ ਤਿਆਰ ਕਰਦੀ ਹੈ ਜੋ ਖਪਤਕਾਰਾਂ ਵੱਲੋਂ ਬਹੁਤ ਪਸੰਦ ਕੀਤੇ ਜਾਂਦੇ ਹਨ। ਟੀਮ ਦੀਆਂ ਖ਼ਾਸ ਸਮਰੱਥਾਵਾਂ ਵਿੱਚ ਟ੍ਰੈਂਡ ਫੋਰਕਾਸਟਿੰਗ, ਸਰਫੇਸ ਪੈਟਰਨ ਵਿਕਾਸ, ਪ੍ਰਿੰਟ ਕ੍ਰਿਏਸ਼ਨ, ਪ੍ਰੋਡਕਟ ਇਨੋਵੇਸ਼ਨ ਅਤੇ ਵਿਜ਼ੂਅਲ ਸਟੋਰੀਟੈਲਿੰਗ ਸ਼ਾਮਲ ਹਨ। ਇਸਦੇ ਕੁਝ ਮਹੱਤਵਪੂਰਨ ਡਿਜ਼ਾਈਨ ਪ੍ਰੋਜੈਕਟਾਂ ਵਿੱਚ ਵਸੰਤ ਕਲੇਕਸ਼ਨ, ਭਾਰਤ ਟੈਕਸ ਪ੍ਰੋਜੈਕਟ, ਪ੍ਰਕ੍ਰਿਤਿ ਕਲੇਕਸ਼ਨ ਅਤੇ ਹੋਰ ਪ੍ਰਭਾਵਸ਼ਾਲੀ ਪਹਿਲਕਦਮੀਆਂ ਸ਼ਾਮਲ ਹਨ।




# ਫੜਨਵੀਸ ਸਰਕਾਰ ਵੱਲੋਂ ਸਿਕਲੀਗਰ ਸਿੱਖਾਂ ਨੂੰ ਦਿੱਤੀ ਮਾਨਤਾ ਕੇਂਦਰ ਸਰਕਾਰ ਦੇਸ਼ ਦੇ ਸਾਰੇ ਸੂਬਿਆਂ 'ਚ ਲਾਗੂ ਕਰੇ: ਪ੍ਰੋ. ਖਿਆਲਾ

ਅੰਮ੍ਰਿਤਸਰ, 27 ਅਗਸਤ (ਅੰਮ੍ਰਿਤਪਾਲ ਸਿੰਘ) : ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸ਼੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਸਮੇਂ ਮਹਾਰਾਸ਼ਟਰ ਵਿਚ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੱਲੋਂ ਸਿੱਖ ਭਾਈਚਾਰੇ ਦੇ ਹੱਕ ਵਿਚ ਲਏ ਗਏ ਇਤਿਹਾਸਕ ਫ਼ੈਸਲੇ ਦਾ ਸਵਾਗਤ ਕੀਤਾ ਹੈ। ਇਸ ਫ਼ੈਸਲੇ ਅਧੀਨ ਸਿੱਖ ਕੌਮ ਦੇ ਅਟੁੱਟ ਹਿੱਸੇ ਰਹੇ ਪਰ ਸਰਕਾਰੀ ਸਹੂਲਤਾਂ ਤੋਂ ਦਹਾਕਿਆਂ ਤੱਕ ਵਾਂਝੇ ਰਹੇ ਵਣਜਾਰਾ, ਲੁਬਾਣਾ ਅਤੇ ਸਿਕਲੀਗਰ ਭਾਈਚਾਰਿਆਂ ਨੂੰ ਭਟਕੇ ਵਿਮੁਕਤ ਜਾਤੀਸ਼੍ਰੇਣੀ ਵਿੱਚ ਸ਼ਾਮਲ ਕਰਕੇ ਉਨ੍ਹਾਂ ਦੇ ਦਸਤਾਵੇਜ਼ੀਕਰਨ ਅਤੇ ਸਰਕਾਰੀ ਸੁਵਿਧਾਵਾਂ ਦੇ ਦਰਵਾਜ਼ੇ ਖੋਲ੍ਹੇ ਗਏ ਹਨ।ਪ੍ਰੋ. ਖਿਆਲਾ ਨੇ ਇਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਅਤੇ ਮਹਾਰਾਸ਼ਟਰ ਸਿੱਖ ਸਮਾਜ ਤਾਲਮੇਲ ਕਮੇਟੀ ਦੇ ਮੁਖੀ ਭਾਈ ਜਸਪਾਲ ਸਿੰਘ ਸਿੱਧੂ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਹੀ ਆਗੂਆਂ ਦੇ ਲਗਾਤਾਰ ਯਤਨਾਂ ਦਾ ਨਤੀਜਾ ਹੈ ਕਿ ਮਹਾਰਾਸ਼ਟਰ ਵਿਚ ਸਿੱਖ ਸਮਾਜ ਦੇ ਉਹਨਾਂ ਮਸਲਿਆਂ ਨੂੰ ਪ੍ਰਮੁੱਖਤਾ ਮਿਲੀ ਜਿਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਨੇ ਹਮੇਸ਼ਾ ਨਜ਼ਰਅੰਦਾਜ਼ ਕੀਤਾ।ਉਨ੍ਹਾਂ ਕਿਹਾ ਕਿ ਸ਼੍ਰੀ ਫੜਨਵੀਸ ਦੀ ਦੂਰਦਰਸ਼ੀ ਸੋਚ ਅਤੇ ਦ੍ਰਿੜ੍ਹ ਕਾਰਵਾਈ ਨਾਲ ਘੱਟ ਪ੍ਰਤੀਨਿਧਤਾ ਵਾਲੇ ਇਹ ਭਾਈਚਾਰੇ ਆਖ਼ਰਕਾਰ ਉਸ ਹੱਕ ਤੱਕ ਪਹੁੰਚੇ ਹਨ ਜੋ ਉਨ੍ਹਾਂ ਨੂੰ ਦਹਾਕਿਆਂ ਪਹਿਲਾਂ ਮਿਲਣਾ ਚਾਹੀਦਾ ਸੀ। ਹੁਣ ਪੰਚਾਇਤ ਪੱਧਰ 'ਤੇ ਜਾਤੀ ਸਰਟੀਫਿਕੇਟ ਪ੍ਰਾਪਤ ਕਰਨ ਦੀ ਸਹੂਲਤ ਨਾਲ ਇਨ੍ਹਾਂ ਭਾਈਚਾਰਿਆਂ ਦੇ ਬੱਚਿਆਂ ਨੂੰ ਸਿੱਖਿਆ, ਰਿਹਾਇਸ਼, ਰੁਜ਼ਗਾਰ ਅਤੇ ਭਲਾਈ ਯੋਜਨਾਵਾਂ ਵਿੱਚ ਬਰਾਬਰ ਦੇ ਮੌਕੇ ਮਿਲਣ ਦਾ ਰਾਹ ਪੱਧਰਾ ਹੋ ਗਿਆ ਹੈ। ਉਨ੍ਹਾਂ ਨੇ ਸਿੱਖਾਂ ਪ੍ਰਤੀ



ਮਹਾਰਾਸ਼ਟਰ ਮਾਡਲ ਨੂੰ ਮੱਧ ਪ੍ਰਦੇਸ਼, ਝਾਰਖੰਡ ਸਮੇਤ ਸਾਰੇ ਰਾਜਾਂ ਵਿੱਚ ਫੈਲਾਉਣ 'ਤੇ ਲਾਗੂ ਕਰਨ ਦੀ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ, ਤਾਂ ਜੋ ਇਹਨਾਂ ਨਾਨਕ ਨਾਮ ਲੇਵਾ ਗ਼ਰੀਬ ਸਿੱਖਾਂ ਨੂੰ ਦੇਸ਼ ਭਰ ਵਿੱਚ ਇਕਸਾਰ ਨਿਆਂ ਅਤੇ ਹੱਕ ਮਿਲ ਸਕਣ।

ਪ੍ਰੋ. ਖਿਆਲਾ ਨੇ ਇਸ ਫ਼ੈਸਲੇ ਦੀ ਇਤਿਹਾਸਕ ਅਹਿਮੀਅਤ ਬਿਆਨ ਕਰਦਿਆਂ ਕਿਹਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਇਹੀ ਵਣਜਾਰਾ, ਲੁਬਾਣਾ ਅਤੇ ਸਿਕਲੀਗਰ ਸਿੱਖ ਮੁਗ਼ਲ ਹਕੂਮਤ ਵੱਲੋਂ ਬੇਘਰ-ਬੇਆਸਰਾ ਕਰ ਦਿੱਤੇ ਗਏ ਸਨ। ਵਣਜਾਰੇ ਅਤੇ ਲੁਬਾਣੇ ਕਦੇ ਵੱਡੇ ਵਪਾਰੀ ਸਨ, ਪਰ ਸਿੱਖੀ ਨੂੰ ਨਾਤਿਆਗਣਦੀ ਕੀਮਤ ਉਨ੍ਹਾਂ ਨੇ ਆਪਣਾ ਰਾਜ, ਦੌਲਤ ਅਤੇ ਜੀਵਨ ਸੁਖ ਗਵਾ ਕੇ ਚੁਕਾਈ। ਉਸ ਤੋਂ ਬਾਅਦ ਇਹ ਲੋਕ ਜੰਗਲਾਂ ਅਤੇ ਬੇਲਿਆਂ ਵਿਚ ਭਟਕਦੇ ਰਹੇ। ਅੱਜ ਵੀ ਇਹ ਨਾਨਕਪੰਥੀ ਭਾਈਚਾਰੇ ਝੁੱਗੀਆਂ-ਝੌਂਪੜੀਆਂ ਵਿਚ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਗੁਜ਼ਾਰਨ ਲਈ ਮਜਬੂਰ ਹਨ। ਨਾ ਉਨ੍ਹਾਂ ਨੂੰ ਰਹਿਣ ਵਾਸਤੇ ਜ਼ਮੀਨ ਮਿਲੀ, ਨਾ ਘਰ ਅਲਾਟ ਹੋਏ ਅਤੇ ਸਰਕਾਰੀ ਸਹੂਲਤਾਂ ਫਿਰ ਵੀ, ਸਿੱਖੀ ਦੇ ਸਿਧਾਂਤਾਂ ਨਾਲ ਉਨ੍ਹਾਂ ਦੀ ਲਗਨ ਅਤੇ ਪ੍ਰਣ ਅਟੁੱਟ ਹਨ, ਅਤੇ ਸਿੱਖੀ ਦੀ ਆਤਮਿਕ ਤਾਕਤ ਅੱਜ ਵੀ ਉਨ੍ਹਾਂ ਵਿਚ ਜੀਵਤ ਹੈ। ਇਸ ਭੁੱਲੇ-ਬਿਸਰੇ ਸਿੱਖ ਭਾਈਚਾਰੇ ਦੀ ਬਾਂਹ ਫੜਨ ਦੀ ਪਹਿਲਕਦਮੀ ਮਹਾਰਾਸ਼ਟਰ ਦੇ ਭਾਜਪਾ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਨੇ ਕੀਤੀ ਹੈ, ਜੋ ਸਿੱਖ ਇਤਿਹਾਸ ਵਿਚ ਇਕ ਸੁਨਹਿਰੇ ਅੱਖਰਾਂ ਨਾਲ ਲਿਖੀ ਜਾਵੇਗੀ।ਇਸੇ ਨਾਲ ਪ੍ਰੋ. ਖਿਆਲਾ ਨੇ ਮਹਾਰਾਸ਼ਟਰ ਦੀ ਭਾਜਪਾ ਸਰਕਾਰ ਵੱਲੋਂ ਮੁੰਬਈ ਤੋਂ ਸੱਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਤਕ ਵੰਦੇ ਭਾਰਤ ਰੇਲ ਗੱਡੀ ਦੀ ਸ਼ੁਰੂਆਤ 'ਤੇ ਵੀ ਪੂਰੇ ਸਿੱਖ ਸਮਾਜ ਨੂੰ ਵਧਾਈ ਦਿੱਤੀ।ਇਸ ਤੋਂ ਇਲਾਵਾ, ਉਨ੍ਹਾਂ ਦਿੱਲੀ ਵਿੱਚ ਸ਼੍ਰੀਮਤੀ ਰੇਖਾ ਗੁਪਤਾ ਦੀ ਭਾਜਪਾ ਸਰਕਾਰ ਅਤੇ ਹਰਿਆਣਾ ਵਿੱਚ ਨਾਇਬ ਸਿੰਘ ਸੈਣੀ ਦੀ ਸਰਕਾਰ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਪੀੜਤ ਕ੍ਰਮਵਾਰ 250 ਅਤੇ 121 ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੇ ਇਤਿਹਾਸਕ ਕਦਮ ਨੂੰ ਵੀ ਸਰਾਹਿਆ। ਉਨ੍ਹਾਂ ਕਿਹਾ ਕਿ ਦੇਰ ਨਾਲ ਹੀ ਸਹੀ, ਪਰ ਭਾਜਪਾ ਸਰਕਾਰਾਂ ਵੱਲੋਂ ਉਠਾਇਆਗਿਆਇਹ ਕਦਮ ਨਿਆਂ, ਪੁਨਰਵਾਸ ਅਤੇ ਮਨੁੱਖੀ ਸੰਵੇਦਨਸ਼ੀਲਤਾ ਦਾ ਜੀਵਤ ਪ੍ਰਤੀਕ ਹੈ। ਦੂਜੇ ਪਾਸੇ, ਪ੍ਰੋ. ਖਿਆਲਾ ਨੇ ਪੰਜਾਬ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਵੱਡੇ-ਵੱਡੇ ਦਾਅਵਿਆਂ ਅਤੇ ਭਾਸ਼ਣਾਂ ਦੇ ਬਾਵਜੂਦ, ਪੰਜਾਬ ਦੀ ਸਰਕਾਰ ਅਜੇ ਤੱਕ ਸਿੱਖ ਭਾਈਚਾਰੇ ਦੇ ਇਹੋ ਜਿਹੇ ਸੰਵੇਦਨਸ਼ੀਲ ਮਸਲਿਆਂ 'ਤੇ ਕੋਈ ਸਾਰਥਕ ਕਦਮ ਚੁੱਕਣ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਸੱਚੀ ਲੀਡਰਸ਼ਿਪ ਸਿਰਫ਼ ਸ਼ਬਦਾਂ ਨਾਲ ਨਹੀਂ, ਸਗੋਂ ਅਮਲੀ ਕਾਰਵਾਈ ਨਾਲ ਦਿਖਾਈ ਦਿੰਦੀ ਹੈ।

### ਜਨਮ ਦਿਨ ਮੁਬਾਰਕ



ਨਿਮਰਤ ਕੌਰ



ਰਹਿਮਤ ਕੌਰ

## ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਦਿਹਾੜਾ 1 ਸਤੰਬਰ ਨੂੰ ਮਨਾਇਆ ਜਾਵੇਗਾ

ਪਟਿਆਲਾ, 27 ਅਗਸਤ (ਚ.ਨ.ਸ.) : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਦਾ 531ਵਾਂ ਪ੍ਰਕਾਸ਼ ਦਿਹਾੜਾ ਮਿਤੀ 1 ਸਤੰਤਰ ਨੂੰ ਧੰਨ ਧੰਨ ਬਾਬਾ ਸ੍ਰੀ ਚੰਦ ਜੀ ਦੇ ਦਰਬਾਰ ਗੁਰੂ ਅਮਰਦਾਸ ਪਬਲਿਕ ਸਕੂਲ ਪਿੰਡ ਫਰੌਰ ਵਿਖੇ ਮਨਾਇਆ ਜਾ ਰਿਹਾ ਹੈ। ਜਿਸ ਵਿਚ ਵੱਡੀ ਗਿਣਤੀ ਸੰਤ ਮਹਾਂ ਪੁਰਸ਼ ਪਹੁੰਚ ਰਹੇ ਹਨ। 30 ਸਤੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਪ੍ਰਕਾਸ਼ ਹੋਣਗੇ ਅਤੇ 1 ਸਤੰਬਰ ਨੂੰ 9.00 ਵਜੇ ਭੋਗ ਪਾਏ ਜਾਣਗੇ। ਇਸ ਉਪਰੰਤ ਆਰਮੀ ਹੋਵੇਗੀ। 9.30 ਵਜੇ ਕੀਰਤਨ ਅਤੇ 12.00 ਵਜੇ ਢਾਡੀ ਵਾਰਾਂ ਗਾਉਣਗੇ। ਉਪਰੋਕਤ ਜਾਣਕਾਰੀ ਸਰਬਜੀਤ ਸਿੰਘ ਭੁੱਲਾ ਨੇ ਦਿੱਤੀ।

## ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਕਵਿਤਾ ਮੁਕਾਬਲੇ ਕਰਵਾਏ ਗਏ



ਫਿਰੋਜ਼ਪੁਰ 27 ਅਗਸਤ (ਤਿਵਾੜੀ )-ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ:) ਸ੍ਰੀਮਤੀ ਸੁਨੀਤਾ ਰਾਣੀ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਫਿਰੋਜ਼ਪੁਰ-1 ਸ੍ਰੀਮਤੀ ਸੁਮਨਦੀਪ ਕੌਰ ਜੀ ਦੀ ਯੋਗ ਅਗਵਾਈ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਕੈਨਾਲ ਕਲੋਨੀ ਵਿੱਚ ਕਵੀ ਸ੍ਰੀ ਸ਼ਿਵ ਕੁਮਾਰ ਬਟਾਲਵੀ ਜੀ ਦੇ ਜਨਮ ਦਿਨ ਨੂੰ ਸਮਰਪਿਤ ਬਲਾਕ ਫਿਰੋਜ਼ਪੁਰ -1ਦੇ ਬਲਾਕ ਪੱਧਰੀ ਰਾਸ਼ਟਰੀ ਕਵਿਤਾ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਬਲਾਕ ਦੇ ਸੈਂਟਰਾਂ ਦੇ 6 ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ। ਇਹਨਾਂ ਮੁਕਾਬਲਿਆਂ ਲਈ ਜੱਜ ਦੀ ਭੂਮਿਕਾ ਸੀ.ਐੱਚ.ਟੀ. ਗੁਰਬਚਨ ਸਿੰਘ, ਸੀ.ਐੱਚ.ਟੀ. ਰਾਜੇਸ਼ ਢੀਂਗਰਾ ਅਤੇ ਮਨਪ੍ਰੀਤ ਸਿੰਘ ਨੇ ਨਿਭਾਈ। ਮੁਕਾਬਲਿਆਂ ਵਿੱਚ ਪਹਿਲਾ ਸਥਾਨ ਸਰਕਾਰੀ ਪ੍ਰਾਇਮਰੀ ਸਕੂਲ ਪਟੇਲ ਨਗਰ ਦੀ ਪੰਜਵੀਂ ਜਮਾਤ ਦੀ ਵਿਦਿਆਰਥਣ ਪ੍ਰਭਜੀਤ ਕੌਰ ਨੇ ਪਹਿਲਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕਾਸੂ ਬੇਗੂ ਦੀ ਵਿਦਿਆਰਥਣ ਹਰਮਨ ਕੌਰ ਨੇ ਦੂਜਾ ਸਥਾਨ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪੀਰਾਂ ਵਾਲੇ ਦੀ ਵਿਦਿਆਰਥਣ ਕਰਿਸ਼ਮਾ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੁਕਾਬਲੇ ਵਿੱਚ ਜੇਤੂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ ਨਾਲ ਸਨਮਾਨਿਤ ਕੀਤਾ। ਇਸ ਸਮਾਗਮ ਵਿੱਚ ਸਟੇਜ ਸੈਕਟਰੀ ਦੀ ਭੂਮਿਕਾ ਚਰਨਜੀਤ ਸਿੰਘ ਚਹਿਲ ਵੱਲੋਂ ਨਿਭਾਈ ਗਈ।ਇਸ ਸਮਾਗਮ ਵਿੱਚ ਸੀ.ਐੱਚ.ਟੀ. ਜਸਵਿੰਦਰ ਕੌਰ, ਬੀ.ਆਰ.ਸੀ. ਤਰੁਣ ਸ਼ਰਮਾ, ਸੁਦੇਸ਼ ਰਾਣੀ,ਜਸਪ੍ਰੀਤ ਕੌਰ, ਅਮਰਜੀਤ ਕੌਰ, ਮੈਡਮ ਚਿੰਕੀ,ਜਨਕ ਰਾਜ ਜੀ, ਸੁਰਿੰਦਰ ਨਰੂਲਾ, ਕਮਲਜੀਤ ਕੌਰ, ਮੈਡਮ ਕਮਲੇਸ਼, ਕਮਲਜੀਤ ਕੌਰ ,ਮਾਨਸੀ, ਸਿਮਰਨ ਕੌਰ, ਸਾਗਰ,ਕਰਨ, ਸੁਖਪ੍ਰੀਤ ਸਿੰਘ,ਕੁਲਦੀਪ ਸਿੰਘ ਅਤੇ ਦਲਵਿੰਦਰ ਸਿੰਘ ਵੱਲੋਂ ਸ਼ਿਰਕਤ ਕੀਤੀ ਗਈ। ਇਸ ਪ੍ਰੋਗਰਾਮ ਦਾ ਸਮੁੱਚਾ ਪ੍ਰਬੰਧ ਸੀ.ਐੱਚ.ਟੀ. ਹਰਦੀਪ ਸਿੰਘ ਅਤੇ ਉਨਾਂ ਦੇ ਸਮੂਹ ਸਟਾਫ ਵੱਲੋਂ ਕੀਤਾ ਗਿਆ।

# ਹੜ੍ਹ ਦੇ ਪਾਣੀ ਵਿੱਚ ਘਿਰੇ ਜਵਾਹਰ ਨਵੋਦਿਆ ਵਿਦਿਆਲਿਆ ਦੇ ਵਿਦਿਆਰਥੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ



ਗੁਰਦਾਸਪੁਰ, 27 ਅਗਸਤ ( ਜਗੀਰ ਸਿੰਘ ਮੰਡ ) ਰਾਵੀ ਦਰਿਆ ਵਿੱਚ ਆਏ ਹੜ੍ਹ ਕਾਰਨ ਬੀਤੀ ਰਾਤ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੈਂਦੇ ਪੀ.ਐੱਮ. ਸ੍ਰੀ ਸਕੂਲ, ਜਵਾਹਰ ਨਵੋਦਿਆ ਵਿਦਿਆਲਿਆ, ਦਬੂੜੀ ਵਿਖੇ 381 ਵਿਦਿਆਰਥੀ ਅਤੇ 70 ਦੇ ਕਰੀਬ ਅਧਿਆਪਕ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਹੜ੍ਹ ਦੇ ਪਾਣੀ ਵਿੱਚ ਘਿਰ ਗਏ ਸਨ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੇ ਬੀ.ਐੱਸ.ਐੱਫ ਅਤੇ ਐੱਨ ਡੀ.ਆਰ.ਐੱਫ ਦੇ ਸਹਿਯੋਗ ਦੇ ਨਾਲ ਸੁਰੱਖਿਅਤ ਬਾਹਰ ਕੱਢਿਆ ਲਿਆ ਹੈ। ਰਾਵੀ ਦਰਿਆ ਦਾ ਪਾਣੀ ਏਨ੍ਹਾਂ ਜ਼ਿਆਦਾ ਸੀ ਕਿ ਇਸ ਸਕੂਲ ਵਿੱਚ 4 ਤੋਂ 5 ਫੁੱਟ ਦੇ ਕਰੀਬ ਪਾਣੀ ਆ ਗਿਆ ਸੀ। ਇਸ ਸਬੰਧੀ ਜਦੋਂ ਸਕੂਲ ਪ੍ਰਿੰਸੀਪਲ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਰੂਮ ਦੇ ਨੰਬਰ ਉੱਪਰ ਸਹਾਇਤਾ ਲਈ ਕਾਲ ਕੀਤੀ ਗਈ ਤਾਂ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਤੁਰੰਤ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੂੰ ਸਕੂਲੀ ਵਿਦਿਆਰਥੀਆਂ ਤੇ ਉਨ੍ਹਾਂ ਦੇ ਅਧਿਆਪਕਾਂ ਦੇ ਬਚਾਅ ਲਈ ਭੇਜਿਆ। ਸਕੂਲ ਦੇ ਆਲੇ-ਦੁਆਲੇ ਬਹੁਤ ਪਾਣੀ ਸੀ ਅਤੇ ਪਾਣੀ ਦਾ ਵਹਾਅ ਵੀ ਬਹੁਤ ਤੇਜ਼ ਸੀ। ਇਸ ਸਭ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਬੀ.ਐੱਸ.ਐੱਫ ਅਤੇ ਐੱਨ ਡੀ.ਆਰ.ਐੱਫ ਦੇ ਸਹਿਯੋਗ ਦੇ ਨਾਲ ਕਿਸ਼ਤੀਆਂ ਰਾਹੀਂ ਪਹੁੰਚ ਕਰਕੇ ਜਵਾਹਰ ਨਵੋਦਿਆ ਵਿਦਿਆਲਿਆ, ਦਬੂੜੀ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ। ਜਵਾਹਰ ਨਵੋਦਿਆ ਵਿਦਿਆਲਿਆ, ਦਬੂੜੀ ਦੇ ਪ੍ਰਿੰਸੀਪਲ ਵੱਲੋਂ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਕੀਤੀ ਗਈ ਅਣਗਹਿਲੀ ਦਾ ਨੋਟਿਸ ਲੈਂਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀਆਂ ਹਦਾਇਤਾਂ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਗੁਰਦਾਸਪੁਰ ਵੱਲੋਂ ਪ੍ਰਿੰਸੀਪਲ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਜਾਰੀ ਨੋਟਿਸ ਵਿੱਚ ਕਿਹਾ ਹੈ ਕਿ ਜਦੋਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਕੂਲਾਂ ਵਿੱਚ ਛੁੱਟੀ ਦਾ ਐਲਾਨ ਕਰ ਦਿੱਤਾ ਗਿਆ ਸੀ ਤਾਂ ਪ੍ਰਿੰਸੀਪਲ ਵੱਲੋਂ ਬੱਚਿਆਂ ਨੂੰ ਛੁੱਟੀ ਕਰਕੇ ਘਰ ਕਿਉਂ ਨਹੀਂ ਭੇਜਿਆ ਗਿਆ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਾਰ-ਵਾਰ ਚਿਤਾਵਨੀ ਵੀ ਦਿੱਤੀ ਜਾ ਰਹੀ ਸੀ ਕਿ ਰਾਵੀ ਦਰਿਆ ਦੇ ਨੇੜੇ ਦੇ ਖੇਤਰ ਵਿੱਚ ਹੜ੍ਹ ਆ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਸਭ ਨੂੰ ਦਰਕਿਨਾਰ ਕਰਕੇ ਬੱਚਿਆਂ ਦੀ ਜਾਨ ਨੂੰ ਗੰਭੀਰ ਖ਼ਤਰੇ ਵਿੱਚ ਪਾਉਣਾ ਨਾ-ਬਰਦਾਸ਼ਤਯੋਗ ਹੈ। ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਹੈਲਪ ਲਾਈਨ ਨੰਬਰ ਉੱਪਰ ਹੜ੍ਹ ਪ੍ਰਭਾਵਿਤ ਖੇਤਰਾਂ ਵਿਚੋਂ ਸਹਾਇਤਾ ਲਈ ਲੋਕਾਂ ਦੀਆਂ ਕਾਲਾਂ ਆ ਰਹੀਆਂ ਹਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਤੁਰੰਤ ਪ੍ਰਭਾਵਿਤ ਲੋਕਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੱਲ੍ਹ ਦੇ ਮੁਕਾਬਲੇ ਦਰਿਆ ਰਾਵੀ ਵਿੱਚ ਪਾਣੀ ਦਾ ਪੱਧਰ ਥੋੜ੍ਹਾ ਘੱਟ ਹੋਇਆ ਹੈ ਅਤੇ ਆਉਂਦੇ ਸਮੇਂ ਵਿੱਚ ਹੋਰ ਸੁਧਾਰ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਸਮੁੱਚਾ ਪ੍ਰਸ਼ਾਸਨ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਕਿਸੇ ਨੂੰ ਘਬਰਾਉਣ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਲੋਕ ਲੋੜ ਪੈਣ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਹੈਲਪ ਲਾਈਨ ਨੰਬਰ 1800-180-1852 ਜਾਂ 01874-266376 ਉੱਪਰ ਸੰਪਰਕ ਕਰ ਸਕਦੇ ਹਨ।

## ਬੋਰਵੈਲਾਂ ਤੇ ਟਿਊਬਵੈਲਾਂ ਦੀ ਖੁਦਾਈ ਸੰਬੰਧੀ ਦਿਸ਼ਾ ਨਿਰਦੇਸ਼ ਜਾਰੀ

ਫ਼ਤਹਿਗੜ੍ਹ ਸਾਹਿਬ, 27 ਅਗਸਤ: (ਹਰਪ੍ਰੀਤ ਕੌਰ ਟਿਵਾਣਾ) ਮਾਣਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਮੈਜਿਸਟਰੇਟ, ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿੱਚ ਪੈਂਦੇ ਬੋਰਵੈਲਾਂ, ਟਿਊਬਵੈਲਾਂ ਦੀ ਉਸਾਰੀ, ਮੁਰੰਮਤ ਕਰਨ ਸਮੇਂ ਜ਼ਿਲ੍ਹਾ ਮੈਜਿਸਟਰੇਟ, ਸਰਪੰਚ, ਗ੍ਰਾਮ ਪੰਚਾਇਤ, ਨਗਰ ਕੌਂਸਲ ਤੇ ਜਨ ਸਿਹਤ ਵਿਭਾਗ ਨੂੰ 15 ਦਿਨ ਪਹਿਲਾਂ ਸੂਚਿਤ ਕੀਤਾ ਜਾਵੇ।ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪੇਂਡੂ ਖੇਤਰਾਂ ਲਈ ਡਰਿਲਿੰਗ ਏਜੰਸੀਆਂ ਦਾ ਜ਼ਿਲ੍ਹੇ ਦਤੇ ਕਾਰਜਕਾਰੀ ਇੰਜਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪਾਸੋਂ ਅਤੇ ਸ਼ਹਿਰੀ ਖੇਤਰ ਲਈ ਸਬੰਧਤ ਕਾਰਜ ਸਾਧਕ ਅਫਸਰ ਨਗਰ ਕੌਂਸਲ ਦੇ ਦਫ਼ਤਰ ਪਾਸੋਂ ਰਜਿਸਟਰ ਹੋਣਾ ਜ਼ਰੂਰੀ ਹੈ ਅਤੇ ਉਸਾਰੀ ਵਾਲੀ ਥਾਂ ਤੇ ਡਰਿਲਿੰਗ ਏਜੰਸੀ ਖੁਦਾਏ ਜਾਣ ਵਾਲੇ ਖੂਹ ਦੇ ਮਾਲਕ ਦੇ ਪੂਰੇ ਪਤੇ ਦਾ ਸਾਈਨ ਬੋਰਡ ਲਗਾਇਆ ਜਾਵੇ। ਬੋਰਵੈਲ ਦੇ ਆਲੇ-ਦੁਆਲੇ ਕੰਡਿਆਲੀ ਤਾਰ ਲਗਾਈ ਜਾਵੇ ਅਤੇ ਇਸ ਨੂੰ ਸਟੀਲ ਪਲੇਟ ਦੇ ਢੱਕਣ ਨਾਲ ਨਟ-ਬੋਲਟ ਬੰਦ ਕਰ ਕੇ ਕਵਰ ਕਰ ਕੇ ਰੱਖਿਆ ਜਾਵੇ।ਹੁਕਮਾਂ ਮੁਤਾਬਕ ਖੂਹ/ਬੋਰਵੈਲ ਦੇ ਆਲੇ-ਦੁਆਲੇ ਸੀਮਿੰਟ/ਕੰਕਰੀਟ ਦਾ ਪਲੇਟਫ਼ਾਰਮ, ਜੋ ਜ਼ਮੀਨੀ ਸਤਾ ਤੋਂ 0.50/0.50 ⌀ 0.60 ਮੀਟਰ (0.30 ਮੀਟਰ ਜ਼ਮੀਨੀ ਲੈਵਲ ਤੋਂ ਅਤੇ 0.30 ਮੀਟਰ ਜ਼ਮੀਨੀ ਲੈਵਲ ਤੋਂ ਹੇਠਾਂ) ਖੂਹ ਦੇ ਆਲੇ-ਦੁਆਲੇ ਜ਼ਰੂਰੀ ਹੈ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਉਸਾਰੀ ਉਪਰੰਤ ਖ਼ਾਲੀ ਥਾਂ ਨੂੰ ਮਿੱਟੀ ਨਾਲ, ਖ਼ਾਲੀ ਪਏ ਬੋਰਵੈਲ ਖੂਹ ਨੂੰ ਮਿੱਟੀ/ਰੇਤ ਨਾਲ ਉਪਰ ਤੱਕ ਭਰਿਆ ਜਾਵੇ ਅਤੇ ਕੰਮ ਮੁਕੰਮਲ ਹੋਣ ਉਪਰੰਤ ਜ਼ਮੀਨੀ ਲੈਵਲ ਨੂੰ ਪਹਿਲਾਂ ਵਾਂਗ ਕੀਤਾ ਜਾਵੇ।

## ਪ੍ਰਵਾਸੀ ਨੌਜਵਾਨ ਨੇ ਫਾਹਾ ਲੈ ਕੇ ਕੀਤੀ ਜੀਵਨ ਲੀਲਾ ਸਮਾਪਤ।

ਚੌਂਕ ਮਹਿਤਾ 27 ਅਗਸਤ (ਬਲਜਿੰਦਰ ਸਿੰਘ ਰੰਧਾਵਾ) ਬੀਤੀ ਰਾਤ ਮਹਿਤਾ ਚੌਂਕ ਦੇ ਜਲੰਧਰ ਰੋਡ ਤੇ ਸਥਿਤ ਇੰਡੀਅਨ ਆਇਲ ਦੇ ਪੈਟਰੋਲ ਪੰਪ ਤੇ ਕੰਮ ਕਰਦੇ ਕਰਿੰਦਿਆਂ ਵਿੱਚੋਂ ਇੱਕ ਨੇ ਰਾਤ ਨੂੰ ਫਾਹਾ ਲੈ ਕੇ ਆਤਮਹੱਤਿਆ ਕਰ ਲਈ। ਇਸ ਸੰਬੰਧ ਵਿੱਚ ਜਾਣਕਾਰੀ ਦਿੰਦਿਆਂ ਤਫਤੀਸ਼ੀ ਅਫਸਰ ਸ੍ਰੀ ਕੁਮਾਰ ਕਸ਼ੇਪ ਨੇ ਦੱਸਿਆ ਕਿ ਉਕਤ ਨੌਜਵਾਨ ਅਸ਼ੋਕ ਅਹਿਰਵਾਲ ਪੁੱਤਰ ਕਿਸ਼ੋਰੀ ਲਾਲ ਪਿੰਡ ਭਧੋਰਾ ਤਹਿਸੀਲ ਗੁਹਾਰ ਜਿਲਾ ਛੱਤਰਪੁਰ ਮੱਧ ਪ੍ਰਦੇਸ਼ ਦਾ ਰਹਿਣ ਵਾਲਾ ਸੀ ਅਤੇ ਅਜੇ ਕੁਝ ਦਿਨ ਪਹਿਲਾਂ ਹੀ ਇਸ ਪੈਟਰੋਲ ਪੰਪ ਤੇ ਆ ਕੇ ਉਸ ਨੇ ਆਪਣੀ ਨੌਕਰੀ ਸ਼ੁਰੂ ਕੀਤੀ ਸੀ ਬੀਤੀ ਰਾਤ ਜਾ ਦੋ ਦੂਸਰੇ ਕਰਿੰਦਿਆਂ ਨਾਲ ਬੈਠ ਕੇ ਰੋਟੀ ਪਾਣੀ ਖਾਣ ਤੋਂ ਬਾਅਦ ਕਮਰੇ ਵਿੱਚ ਚਲਾ ਗਿਆ ਦੂਸਰੇ ਕਿਨ ਦੇ ਦੂਸਰੇ ਕਮਰੇ ਵਿੱਚ ਸਨ ਜਦ ਸਵੇਰੇ ਉੱਠ ਕੇ ਦੂਸਰੇ ਕਰਿੰਦਿਆਂ ਨੇ ਉਸਨੂੰ ਆਵਾਜ਼ ਮਾਰੀ ਅਗੋਂ ਕੋਈ ਆਵਾਜ਼ ਨਾ ਆਉਣ ਤੇ ਉਹਨਾਂ ਦਰਵਾਜ਼ਾ ਖੋਲ ਕੇ ਦੇਖਿਆ ਤਾਂ ਉਹ ਛੱਤ ਨਾਲ ਲਟਕਿਆ ਹੋਇਆ ਸੀ। ਤਫਤੀਸ਼ ਹੀ ਅਫਸਰ ਨੇ ਦੱਸਿਆ ਤਫਤੀਸ਼ੀ ਅਫਸਰ ਨੇ ਦੱਸਿਆ ਕਿ ਅੱਜ ਮ੍ਰਿਤਕ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਉਸ ਦੇ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ ਅਤੇ ਅਗਲੇਰੀ ਕਾਰਵਾਈ ਜਾਰੀ ਹੈ।

## ਡੀਸੀ ਨੇ ਸ਼ਾਸਤਰੀ ਬੈਡਮਿੰਟਨ ਹਾਲ ਨੂੰ ਤੁਰੰਤ ਅਪਗ੍ਰੇਡ ਕਰਨ ਦੇ ਦਿੱਤੇ ਹੁਕਮ




ਲੁਧਿਆਣਾ, 27 ਅਗਸਤ (ਵਿਸ਼ਾਲ ਸ਼ਰਮਾ) ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਬੁੱਧਵਾਰ ਨੂੰ ਸ਼ਾਸਤਰੀ ਬੈਡਮਿੰਟਨ ਹਾਲ ਦਾ ਡੂੰਘਾਈ ਨਾਲ ਨਿਰੀਖਣ ਕੀਤਾ, ਸੁਵਿਧਾ ਦੇ ਬੈਡਮਿੰਟਨ ਕੋਰਟਾਂ, ਕਮਰਿਆਂ ਅਤੇ ਲਾਅਨ ਖੇਤਰਾਂ ਦਾ ਮੁਲਾਂਕਣ ਕੀਤਾ। ਖਿਡਾਰੀਆਂ ਲਈ ਬੇਹ ਬੁਨਿਆਦੀ ਢਾਂਚੇ ਨੂੰ ਵਧਾਉਣ ਲਈ ਵਚਨਬੱਧ, ਉਨ੍ਹਾਂ ਨੇ ਹਾਲ ਨੂੰ ਇੱਕ ਆਧੁਨਿਕ, ਖਿਡਾਰੀ-ਅਨੁਕੂਲ ਸਥਾਨ ਵਿੱਚ ਬਦਲਣ ਲਈ ਤੁਰੰਤ ਨਿਰਦੇਸ਼ ਜਾਰੀ ਕੀਤੇ।ਆਪਣੇ ਦੌਰੇ ਦੌਰਾਨ, ਡਿਪਟੀ ਕਮਿਸ਼ਨਰ ਜੈਨ ਨੇ ਅਹਾਤੇ ਦੀ ਵਿਆਪਕ ਸਫਾਈ ਅਤੇ ਜ਼ਰੂਰੀ ਫਿਟਨੈਸ ਮਸ਼ੀਨਾਂ ਨਾਲ ਲੈਸ ਇੱਕ ਨਵਾਂ ਜਿਮਨੇਜ਼ੀਅਮ ਸਥਾਪਤ ਕਰਨ ਦੇ ਆਦੇਸ਼ ਦਿੱਤੇ। ਉਨ੍ਹਾਂ ਨੇ ਨਵੇਂ ਸਿੰਥੈਟਿਕ ਕੋਰਟਾਂ ਦੀ ਸਥਾਪਨਾ, ਕੁਰਸੀਆਂ ਅਤੇ ਰੋਸ਼ਨੀ ਦੀ ਮੁਰੰਮਤ, ਅਤੇ ਯੋਗਾ ਰੂਮ ਅਤੇ ਇੱਕ ਚੇਂਜਿੰਗ ਰੂਮ ਸਮੇਤ ਸਮਰਪਿਤ ਥਾਵਾਂ ਦੀ ਸਿਰਜਣਾ ਨੂੰ ਵੀ ਲਾਜ਼ਮੀ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਸਹੂਲਤ ਦੇ ਸਮੁੱਚੇ ਮਾਹੌਲ ਨੂੰ ਵਧਾਉਣ ਲਈ ਵਾਸ਼ਰੂਮਾਂ ਦੀ ਪੂਰੀ ਮੁਰੰਮਤ ਅਤੇ ਲਾਅਨ ਵਿੱਚ ਸੁਧਾਰ ਕਰਨ ਦੇ ਨਿਰਦੇਸ਼ ਦਿੱਤੇ।ਖਿਡਾਰੀਆਂ ਅਤੇ ਦਰਸ਼ਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ, ਡਿਪਟੀ ਕਮਿਸ਼ਨਰ ਜੈਨ ਨੇ ਅਹਾਤੇ ਦੇ ਅੰਦਰ ਇੱਕ ਸਪੋਰਟਸ ਸ਼ਾਪ-ਕਮ-ਕੈਂਟੀਨ ਸਥਾਪਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅੱਗੇ ਐਲਾਨ ਕੀਤਾ ਕਿ ਸ਼ਾਸਤਰੀ ਬੈਡਮਿੰਟਨ ਹਾਲ ਕੱਲ੍ਹ ਤੋਂ ਖਿਡਾਰੀਆਂ ਲਈ ਦੁਬਾਰਾ ਖੁੱਲ੍ਹ ਜਾਵੇਗਾ, ਜਿਸ ਨਾਲ ਅਪਗ੍ਰੇਡ ਕੀਤੀ ਗਈ ਸਹੂਲਤ ਤੱਕ ਤੁਰੰਤ ਪਹੁੰਚ ਯਕੀਨੀ ਬਣਾਈ ਜਾ ਸਕੇਗੀ। ਨਿਰੰਤਰ ਰੱਖ-ਰਖਾਅ ਨੂੰ ਯਕੀਨੀ ਬਣਾਉਣ ਲਈ, ਉਨ੍ਹਾਂ ਨੇ ਸੀਨੀਅਰ ਅਧਿਕਾਰੀਆਂ ਨੂੰ ਹਾਲ ਦੇ ਰੱਖ-ਰਖਾਅ ਲਈ ਇੱਕ ਸਮਰਪਿਤ ਢਾਂਚਾ ਵਿਕਸਤ ਕਰਨ ਦਾ ਕੰਮ ਸੌਂਪਿਆ। ਇਸ ਤੋਂ ਇਲਾਵਾ, ਉਨ੍ਹਾਂ ਨੇ ਪਹੁੰਚ ਨੂੰ ਨਿਯਮਤ ਕਰਨ ਅਤੇ ਸਹੂਲਤ ਦੇ ਕਾਰਜਾਂ ਦਾ ਸਮਰਥਨ ਕਰਨ ਲਈ ਮੈਂਬਰਸ਼ਿਪ ਫੀਸ ਨਿਰਧਾਰਤ ਕਰਨ ਦੇ ਆਦੇਸ਼ ਦਿੱਤੇ।

## ਕੇਂਦਰ ਸਰਕਾਰ ਦੀ ਸਾਜ਼ਿਸ਼ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ : ਗੁਰਪ੍ਰੀਤ ਸਿੰਘ ਸੋਢੀ



ਗੁਰਦਾਸਪੁਰ 27 ਅਗਸਤ ( ਜਸਵਿੰਦਰ ਸਿੰਘ )- ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਪੰਜਾਬ ਦੇ ਕੁੱਲ 1.53 ਕਰੋੜ ਰਾਸ਼ਨ ਕਾਰਡਾਂ ਵਿੱਚੋਂ 55 ਲੱਖ ਗ਼ਰੀਬ ਪੰਜਾਬੀਆਂ ਨੂੰ ਮਿਲਣ ਵਾਲਾ ਮੁਫ਼ਤ ਰਾਸ਼ਨ ਬੰਦ ਕਰਨ ਜਾ ਰਹੀ ਹੈ, ਜੋ ਕਿਸੇ ਕੀਮਤ ਉੱਪਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਗੁਰਪ੍ਰੀਤ ਸਿੰਘ ਸੋਢੀ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਨੇ ਕਿਹਾ ਕਿ ਮੋਦੀ ਸਰਕਾਰ ਨੇ ਕੇ.ਵਾਈ.ਸੀ. ਨਾ ਹੋਣ ਦਾ ਬਹਾਨਾ ਲਗਾ ਕੇ 23 ਲੱਖ ਗ਼ਰੀਬਾਂ ਦਾ ਰਾਸ਼ਨ ਜੁਲਾਈ ਤੋਂ ਹੀ ਬੰਦ ਕਰ ਦਿੱਤਾ ਹੈ ਅਤੇ ਹੁਣ 32 ਲੱਖ ਹੋਰ ਲੋਕਾਂ ਦਾ ਰਾਸ਼ਨ 30 ਸਤੰਬਰ ਤੋਂ ਬਾਅਦ ਬੰਦ ਕਰਨ ਦੀ ਧਮਕੀ ਦਿੱਤੀ ਹੈ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਲੋਕ ਤੇ ਗ਼ਰੀਬ ਵਿਰੋਧੀ ਫ਼ੈਸਲਾ ਪੰਜਾਬ ਉੱਪਰ ਸਿੱਧਾ ਹਮਲਾ ਹੈ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਅਨਾਜ ਪੈਦਾ ਕਰਕੇ ਪੂਰੇ ਦੇਸ਼ ਦਾ ਪੇਟ ਪਾਲਦੇ ਹਨ ਅਤੇ ਹੁਣ ਕੇਂਦਰ ਦੀ ਉਹੀ ਸਰਕਾਰ ਪੰਜਾਬ ਦੇ ਗ਼ਰੀਬ ਪਰਿਵਾਰਾਂ ਦੀਆਂ ਪਲੇਟਾਂ ਖ਼ਾਲੀ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਨੂੰ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨਾਲ ਵਿਸ਼ਵਾਸਘਾਤ ਮੰਨਦੀ ਹੈ ਅਤੇ ਇਸ ਬੇਇਨਸਾਫ਼ੀ ਵਿਰੁੱਧ ਆਮ ਆਦਮੀ ਪਾਰਟੀ ਹਰ ਪੱਧਰ ਤੇ ਲੜਾਈ ਲੜੇਗੀ ਸੋਢੀ ਨੇ ਕਿਹਾ ਕਿ ਜਿੰਨਾ ਚਿਰ ਸੂਬੇ ਵਿੱਚ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹੈ, ਕਿਸੇ ਵੀ ਗ਼ਰੀਬ ਦਾ ਰਾਸ਼ਨ ਨਹੀਂ ਰੁਕੇਗਾ ਉਨ੍ਹਾਂ ਕਿਹਾ ਕਿ 1.29 ਕਰੋੜ ਰਾਸ਼ਨ ਲਾਭਪਾਤਰੀਆਂ ਦੀ ਤਸਦੀਕ ਪੂਰੀ ਹੋ ਗਈ ਹੈ ਅਤੇ ਬਾਕੀ ਰਹਿੰਦੇ ਲੋਕਾਂ ਦੀ ਤਸਦੀਕ ਅਗਲੇ 6 ਮਹੀਨਿਆਂ ਵਿੱਚ ਘਰ-ਘਰ ਜਾ ਕੇ ਪੂਰੀ ਕੀਤੀ ਜਾਵੇਗੀ ਉਨ੍ਹਾਂ ਕਿਹਾ ਭਗਵੰਤ ਮਾਨ ਸਰਕਾਰ ਦਾ ਪੰਜਾਬੀਆਂ ਨਾਲ ਵਾਅਦਾ ਹੈ ਕਿ ਕਿਸੇ ਵੀ ਲਾਭਪਾਤਰੀ ਦਾ ਰਾਸ਼ਨ ਕਾਰਡ ਕੱਟਿਆ ਨਹੀਂ ਜਾਵੇਗਾ

## ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਰੋਸ ਮਾਰਚ ਤੇ ਅਰਥੀ ਫੂਕ ਮੁਜਾਹਰਾ 1 ਸਤੰਬਰ ਨੂੰ



ਜ਼ੀਰਾ 27 ਅੱਗਸਤ (ਦੀਪਕ ਭਾਰਗੋ ) ਜੰਗਲਾਤ ਕਾਮਿਆਂ ਦੀ ਸਿਰਮੌਰ ਜਥੇਬੰਦੀ ਜੰਗਲਾਤ ਵਰਕਰ ਯੂਨੀਅਨ ਪੰਜਾਬ ਵੱਲੋਂ ਆਪਣੀਆਂ ਮੰਗਾਂ ਸਬੰਧੀ ਚਲਦੇ ਧਰਨਿਆਂ ਦੌਰਾਨ ਮੰਗਾਂ ਨਾ ਮੰਨਣ ਦੇ ਰੋਸ ਵਜੋਂ ਰੋਸ ਮਾਰਚ ਅਤੇ ਅਰਥੀ ਫੂਕ ਮੁਜਾਹਰਾ 1ਸਤੰਬਰ 2025 ਨੂੰ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਜੰਗਲਾਤ ਵਿਭਾਗ ਦੇ ਰੇਂਜ ਦਫਤਰ ਜ਼ੀਰਾ ਵਿਖੇ ਰੇਂਜ ਪ੍ਰਧਾਨ ਜਸਵਿੰਦਰ ਰਾਜ ਸ਼ਰਮਾ ਦੀ ਅਗਵਾਈ ਹੇਠ ਅੱਜ ਦਾ ਧਰਨਾ ਸੱਤਵੇਂ ਦਿਨ ਵਿਚ ਪਹੁੰਚ ਗਿਆ ਹੈ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਰੇਂਜ ਪ੍ਰਧਾਨ ਜਸਵਿੰਦਰ ਰਾਜ ਸ਼ਰਮਾ ਨੇ ਕਿਹਾ ਕਿ ਜੰਗਲਾਤ ਕਾਮੇ ਦੀਆਂ ਮੰਗਾਂ ਸਬੰਧੀ ਰੇਂਜ ਅਫਸਰ ਜੀਰਾਂ ਨਾਲ ਮੀਟਿੰਗ ਕੀਤੀ ਗਈ ਸੀ, ਪਰ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਨਾ ਹੋਣ ਦੇ ਰੋਸ ਵਜੋਂ ਚਲਦੇ ਧਰਨਿਆਂ ਦੌਰਾਨ ਉਨ੍ਹਾਂ ਨਾਲ ਵਿਭਾਗ ਦੇ ਕਿਸੇ ਵੀ ਅਧਿਕਾਰੀ ਨੇ ਕੋਈ ਗੱਲਬਾਤ ਨਹੀਂ ਕੀਤੀ ਹੈ। ਜਿਸ ਦੇ ਰੋਸ ਵਜੋਂ ਮਿਤੀ 1 ਸਤੰਬਰ 2025 ਨੂੰ ਵਿਧਾਨ ਸਭਾ ਹਲਕਾ ਜ਼ੀਰਾ ਦੇ ਮੇਨ ਚੌਂਕ ਤੋਂ ਰੋਸ ਮਾਰਚ ਕੱਢਿਆ ਜਾਵੇਗਾ ਅਤੇ ਜ਼ੀਰਾ ਰੇਂਜ ਦੇ ਦਫਤਰ ਅੱਗੇ ਰੇਂਜ ਅਫਸਰ ਅਤੇ ਬਲਾਕ ਅਫਸਰ ਦੇ ਪੁਤਲੇ ਫੂਕੇ ਕੇ ਅਰਥੀ ਫੂਕ ਮੁਜਾਹਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਧਰਨੇ ਮੁਜ਼ਾਹਰੇ ਦੌਰਾਨ ਕੋਈ ਅਣਸੁਖਾਵੀਂ ਕੋਈ ਵੀ ਘਟਨਾ ਵਾਪਰਦੀ ਹੈ, ਤਾਂ ਉਸਦਾ ਜ਼ਿੰਮੇਵਾਰੀ ਰੇਂਜ ਅਤੇ ਬਲਾਕ ਅਫਸਰ ਦੋਨੋਂ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਰੋਸ ਮਾਰਚ ਸਬੰਧੀ ਪ੍ਰਸ਼ਾਸ਼ਨਿਕ ਅਧਿਕਾਰੀਆਂ ਅਤੇ ਪੁਲਿਸ ਅਧਿਕਾਰੀਆ ਨੂੰ ਜਾਣਕਾਰੀ ਭੇਜ ਦਿੱਤੀ ਗਈ। ਇਸ ਮੌਕੇ ਧਰਨੇ ਵਿੱਚ ਨਿਸ਼ਾਨ ਸਿੰਘ ਸ਼ਹਿਜ਼ਾਦੀ ਜ਼ਿਲ੍ਹਾ ਪ੍ਰਧਾਨ, ਗੁਰਬੀਰ ਸਿੰਘ ਸ਼ਹਿਜਾਦੀ ਜ਼ਿਲ੍ਹਾ ਜਨਰਲ ਸਕੱਤਰ,ਪ ਸ ਸਫ ਦੇ ਬਲਾਕ ਪ੍ਰਧਾਨ ਕੌਰ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਜਸਵਿੰਦਰ ਸਿੰਘ ਪੰਨੂੰ ਬਲਾਕ ਪ੍ਰਧਾਨ, ਜਸਵਿੰਦਰ ਰਾਜ ਸ਼ਰਮਾ ਰੇਂਜ ਪ੍ਰਧਾਨ , ਲਖਬੀਰ ਸਿੰਘ ਸੀਨੀਅਰ ਮੀਤ ਪ੍ਰਧਾਨ, ਪਰਮਜੀਤ ਸਿੰਘ ਪ੍ਰੈੱਸ ਸਕੱਤਰ, ਅਮਰਜੀਤ ਸਿੰਘ ਸਹਾਇਕ ਪ੍ਰੈਸ ਸਕੱਤਰ, ਗਿਆਨ ਸਿੰਘ ਜਥੇਬੰਦਕ ਸਕੱਤਰ, ਗੁਰਵੀਰ ਸਿੰਘ ਮੁੱਖ ਸਲਾਹਕਾਰ ਆਦਿ ਤੋਂ ਇਲਾਵਾਂ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

## ਮਨੀਸ਼ਾ ਕਪੂਰ ਦੀ ਅਗਵਾਈ ਹੇਠ ਭਾਜਪਾ ਵਿਰੁੱਧ ਨੁੱਕੜ ਮੀਟਿੰਗ




ਲੁਧਿਆਣਾ, 27 ਅਗਸਤ (ਵਿਸ਼ਾਲ ਸ਼ਰਮਾ) ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਮਨੀਸ਼ਾ ਕਪੂਰ ਦੀ ਅਗਵਾਈ ਹੇਠ, ਲੁਧਿਆਣਾ ਦੇ ਵਾਰਡ ਨੰਬਰ 66 ਵਿੱਚ ਭਾਜਪਾ ਵਿਰੁੱਧ ਇੱਕ ਨੁੱਕੜ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮਨੀਸ਼ਾ ਕਪੂਰ ਨੇ ਕਿਹਾ ਕਿ ਇਹ ਸੜਕੀ ਮੀਟਿੰਗ ਭਾਜਪਾ ਦੀਆਂ ਨੀਤੀਆਂ ਦੇ ਵਿਰੁੱਧ ਹੈ। ਭਾਜਪਾ ਰਾਸ਼ਨ ਚੋਰੀ ਕਰਨ ਦੇ ਨਾਲ-ਨਾਲ ਵੋਟ ਚੋਰ ਹੋਣ ਦੀ ਪਾਰਟੀ ਬਣ ਗਈ ਹੈ। ਭਾਜਪਾ ਪੰਜਾਬ ਦੇ ਲੋਕਾਂ ਨੂੰ ਆਪ ਵਿਰੁੱਧ ਭੜਕਾਉਣ ਵਿੱਚ ਕੋਈ ਕਸਰ ਨਹੀਂ ਛੱਡ ਰਹੀ। ਪਰ ਪੰਜਾਬੀ ਜਾਣਦੇ ਹਨ ਕਿ ਕੌਣ ਲੋਕਾਂ ਦੇ ਹੱਕ ਵਿੱਚ ਹੈ ਅਤੇ ਕੌਣ ਉਨ੍ਹਾਂ ਦੇ ਵਿਰੁੱਧ। ਪੰਜਾਬ ਦੇ ਲੋਕਾਂ ਦੇ ਰਾਸ਼ਨ ਕਾਰਡ ਕੱਟਣ ਦੀ ਸਸਤੀ ਰਾਜਨੀਤੀ ਲਈ, ਪੰਜਾਬ ਦੇ ਲੋਕ ਭਾਜਪਾ ਨੂੰ ਅਜਿਹਾ ਢੁੱਕਵਾਂ ਜਵਾਬ ਦੇਣਗੇ ਕਿ ਦੇਖਣ ਯੋਗ ਹੋਵੇਗਾ। ਗਰੀਬਾਂ ਦੇ ਹੱਕ ਖੋਹਣ ਵਾਲਿਆਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝਾ ਕਰ ਦਿੱਤਾ ਜਾਵੇਗਾ। ਇਸ ਮੌਕੇ ਮੌਜੂਦ ਆਪ ਵਰਕਰਾਂ ਨੇ ਭਾਜਪਾ ਵਿਰੁੱਧ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਆਪ ਮਹਿਲ ਾ ਵਿੰਗ ਉੱਤਰੀ ਹਲਕੇ ਦੀ ਇੰਚਾਰਜ ਪੂਨਮ ਅਰੋੜਾ, ਰਵੀ ਦਿਲੋੜ, ਅਭੈ ਸਹੋਤਾ, ਸੋਨੀਆ ਸ਼ਰਮਾ, ਨੀਰੂ, ਰੁਚਿਕਾ, ਨੀਲਮ ਰਾਣੀ ਨੇ ਪੂਰੀ ਟੀਮ ਸਮੇਤ ਸ਼ਿਰਕਤ ਕੀਤੀ ਅਤੇ ਆਪਣਾ ਵਿਰੋਧ ਪ੍ਰਗਟ ਕੀਤਾ ਅਤੇ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਮੰਗ ਕੀਤੀ।

## ਦਰਸ਼ਪ੍ਰੀਤ ਕੌਰ ਨੂੰ ਕੀਤਾ ਗਿਆ ਸਨਮਾਨਿਤ



ਸ੍ਰੀ ਅਨੰਦਪੁਰ ਸਾਹਿਬ, 27 ਅਗਸਤ (ਤਰਲੋਚਨ ਸਿੰਘ)ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ, ਭਾਰਤੀ ਗਿਆਨ ਪ੍ਰਣਾਲੀ ਸੈੱਲ ਅਤੇ ਏਕਲਵਿਆ ਲਿਟਰੇਰੀ ਰਿਸਰਚ ਫਾਊਂਡੇਸ਼ਨ ਆਂਧਰਾ ਪ੍ਰਦੇਸ਼ ਵੱਲੋਂ ਸਾਂਝੇ ਤੌਰ ਤੇ ਸਾਹਿਤ, ਵਾਤਾਵਰਣ ਅਤੇ ਮੌਸਮੀ ਤਬਦੀਲੀ ਵਿਸ਼ੇ ਤੇ ਇੱਕ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਅਕਾਦਮਿਕ ਸਮਾਗਮ ਵਿੱਚ ਭਾਰਤ ਅਤੇ ਵਿਦੇਸ਼ਾਂ ਤੋਂ 160 ਤੋਂ ਵੱਧ ਵਿਦਵਾਨਾਂ ਨੇ ਭਾਗ ਲਿਆ ।ਕਾਨਫਰੰਸ ਦੌਰਾਨ ਕਾਲਜ ਦੇ ਅੰਗਰੇਜ਼ੀ ਵਿਭਾਗ ਦੀ ਸਹਾਇਕ ਪ੍ਰੋਫੈਸਰ ਅਤੇ ਕਾਲਜ ਦੀ ਪੁਰਾਣੀ ਵਿਦਿਆਰਥਣ ਪ੍ਰੋ. ਦਰਸ਼ਪ੍ਰੀਤ ਕੌਰ ਨੂੰ ਸਭ ਤੋਂ ਚੰਗਾ ਪੇਪਰ ਪ੍ਰਸਤੁਤ ਕਰਨ ਵਾਲੇ ਵਿਦਵਾਨ ਵਜੋਂ ਸਨਮਾਨਿਤ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਪ੍ਰੋ. ਦਰਸ਼ਪ੍ਰੀਤ ਕੌਰ ਨੂੰ ਇਸ ਸਨਮਾਨ ਲਈ ਵਧਾਈ ਦਿੱਤੀ । ਇਸ ਮੌਕੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਕਾਲਜ ਦੇ ਅੰਗਰੇਜ਼ੀ ਵਿਭਾਗ ਵੱਲੋਂ ਕਾਨਫਰੰਸ ਦਾ ਆਯੋਜਨ ਕਰਨ ਲਈ ਪੂਰੇ ਵਿਭਾਗ ਦੀ ਪ੍ਰਸ਼ੰਸ਼ਾ ਕੀਤੀ। ਉਨ੍ਹਾਂ ਕਿਹਾ ਕਿ ਅਜੋਕੇ ਭਖਦੇ ਮਸਲਿਆਂ ਤੇ ਵੱਖ ਵੱਖ ਦੇਸ਼ਾਂ ਦੇ ਵਿਦਵਾਨਾਂ ਦਾ ਵਿਚਾਰ ਵਟਾਂਦਰਾ ਕਰਨਾ ਜਿੱਥੇ ਚੇਤਨਾ ਪੈਦਾ ਕਰਦਾ ਹੈ ਉੱਥੇ ਹੀ ਇਹ ਵਿਚਾਰ ਵਟਾਂਦਰਾ ਭਵਿੱਖ ਲਈ ਰਾਹ ਵੀ ਬਣਦਾ ਹੈ।ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਗੁਰਪ੍ਰੀਤ ਕੌਰ ਨੇ ਕਾਨਫਰੰਸ ਦੀ ਸ਼ੁਰੂਆਤ ਮਹਿਮਾਨਾਂ ਦੇ ਸਵਾਗਤ ਨਾਲ ਕੀਤੀ। ਉਨ੍ਹਾਂ ਵਿਭਾਗ ਦੀ ਵਿਦੇਸ਼ੀ ਭਾਸ਼ਾ ਸਿੱਖਿਆ ਅਤੇ ਸਾਂਸਕ੍ਰਿਤਿਕ ਪੈਡਾਗੋਜੀ ਵੱਲ ਲੰਬੇ ਸਮੇਂ ਤੋਂ ਚੱਲ ਰਹੀ ਵਚਨਬੱਧਤਾ ਨੂੰ ਉਜਾਗਰ ਕੀਤਾ।ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਪੰਜਾਬ ਦੀ ਵਾਤਾਵਰਣਕ ਸਥਿਤੀ ਤੇ ਚਿੰਤਾ ਜਤਾਈ ਅਤੇ ਨੌਜਵਾਨਾਂ ਨੂੰ ਧਰਤੀ ਦੇ ਰਖਵਾਲੇ ਬਣਨ ਦੀ ਪ੍ਰੇਰਿਤ ਕੀਤਾ।ਕਾਨਫਰੰਸ ਦੇ ਟੈਕਨੀਕਲ ਸੈਸ਼ਨ ਦੌਰਾਨ ਅਮਰੀਕਾ ਤੋਂ ਡਾ. ਐਮੀ ਪੋਜ਼ੋਰਸਕੀ ਨੇ ਟ੍ਰਾਂਸਕਲਚਰਲ ਈਕੋਲੋਜੀ ਵਿਸ਼ੇ ਤੇ ਭਾਸ਼ਣ ਦਿੱਤਾ, ਜਿਸ ਵਿੱਚ ਉਨ੍ਹਾਂ ਨੇ ਮੌਸਮੀ ਤਬਦੀਲੀ ਬਾਰੇ ਚਰਚਾ ਕੀਤੀ। ਇਸਦੇ ਨਾਲ ਹੀ ਸਵੀਡਨ ਤੋਂ ਡਾ. ਜੋਹਨ ਹੋਗਲੰਡ ਨੇ ਕਲਾਈਮੇਟ ਫਿਕਸ਼ਨ ਵਿੱਚ ਗਲੋਬਲ ਨੌਰਥ ਅਤੇ ਗਲੋਬਲ ਸਾਊਥ ਦੀ ਭੂਮਿਕਾ ਤੇ ਚਰਚਾ ਕੀਤੀ। ਡਾ. ਕੇ. ਸ਼ਾਹੀਨ, ਮਦਨਪੱਲੇ, ਨੇ ਵਾਤਾਵਰਣਕ ਸਮਝ ਅਤੇ ਮੌਸਮੀ ਤਬਦੀਲੀ ਨੂੰ ਸਾਂਸਕ੍ਰਿਤਿਕ ਸੰਕਟ ਵਜੋਂ ਵਿਸ਼ਲੇਸ਼ਣ ਕੀਤਾ। ਉਦਘਾਟਨ ਸਮਾਰੋਹ ਦੌਰਾਨ ਕਾਨਫਰੰਸ ਦਾ ਸੌਵਿਨੀਅਰ ਅਤੇ ਡਾ. ਗੁਰਪ੍ਰੀਤ ਕੌਰ ਵੱਲੋਂ ਸੰਪਾਦਿਤ ਪੁਸਤਕ ਰਿਲੀਜ਼ ਕੀਤੀ ਗਈ। ਕਾਨਫਰੰਸ ਦੀ ਸਫਲਤਾ ਵਿੱਚ ਡਾ. ਬਸ਼ੀਰ ਖਾਨ, ਪ੍ਰੋ. ਪਰਵਿੰਦਰ ਕੌਰ, ਪ੍ਰੋ. ਦਿਲਸ਼ੇਰਬੀਰ ਸਿੰਘ, ਡਾ. ਬਲਜੀਤ ਸਿੰਘ ਚਾਨਾ, ਡਾ. ਗੁਰਪ੍ਰੀਤ ਕੌਰ ਰੇਖੀ, ਡਾ. ਨੇਹਾ ਪਰਭਾਕਰ, ਪ੍ਰੋ. ਦਰਸ਼ਪ੍ਰੀਤ ਕੌਰ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਅਤੇ ਗੁਰਲੀਨ ਕੌਰ ਆਦਿਕ ਹਾਜ਼ਰ ਸਨ।

## ਕਿਸੇ ਵੀ ਤਰ੍ਹਾਂ ਦੀ ਮੈਡੀਕਲ ਐਮਰਜੈਂਸੀ ਲਈ ਸਿਹਤ ਵਿਭਾਗ ਦੀਆਂ ਟੀਮਾਂ 24 ਘੰਟੇ ਤਿਆਰ : ਡਾ. ਰਾਜਵਿੰਦਰ ਕੌਰ



ਫ਼ਿਰੋਜ਼ਪੁਰ, 27 ਅਗਸਤ (ਤਿਵਾੜੀ) ਜ਼ਿਲਾ ਪ੍ਰਸ਼ਾਸਨ ਵੱਲੋਂ ਪਿੰਡ ਬਾਰੇ ਕੇ ਵਿਖੇ ਸਥਾਪਿਤ ਕੀਤੇ ਰਿਲੀਫ਼ ਕੈਂਪ ਵਿੱਚ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਦੇ ਲਈ ਸਿਹਤ ਵਿਭਾਗ ਵੱਲੋਂ ਮੈਡੀਕਲ ਟੀਮਾਂ ਦੀ ਤੈਨਾਤੀ ਕਰ ਦਿੱਤੀ ਗਈ ਹੈ ਅਤੇ ਇਹਨਾਂ ਕੈਂਪਾਂ ਵਿੱਚ ਮਰੀਜ਼ਾ ਨੂੰ 24 ਘੰਟੇ ਡਾਕਟਰੀ ਉਪਚਾਰ ਅਤੇ ਦਵਾਈਆਂ ਦਿਤੀਆਂ ਜਾ ਰਹੀਆਂ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਰਾਜਵਿੰਦਰ ਕੌਰ ਸਿਵਲ ਸਰਜਨ ਫਿਰੋਜ਼ਪੁਰ ਨੇ ਰਿਲੀਫ਼ ਕੈਂਪ ਵਿੱਚ ਪਹੁੰਚ ਕੇ ਲੋਕਾਂ ਨਾਲ ਗੱਲਬਾਤ ਕਰਨ ਉਪਰੰਤ ਕੀਤਾ। ਇਸ ਮੌਕੇ ਕੈਂਪ ਵਿੱਚ ਮਹਿਲਾ ਮਰੀਜਾਂ ਨੇ ਵੀ ਸਿਵਲ ਸਰਜਨ ਨੂੰ ਆਪਣੇ ਸਿਹਤ ਸੰਬੰਧੀ ਤਕਲੀਫ਼ਾ ਤੋ ਜਾਣੂ ਕਰਵਾਇਆ ਜਿਸ ਵਿੱਚ ਜਿਆਦਾ ਤਕਲੀਫ਼ ਵਾਲੇ ਮਰੀਜ਼ਾ ਨੂੰ ਹਸਪਤਾਲ ਦਾਖ਼ਲ ਹੋਣ ਦੀ ਸਲਾਹ ਦਿੰਦਿਆਂ ਲੋੜ ਪੈਣ ਤੇ ਸਿਹਤ ਸਟਾਫ਼ ਨੂੰ ਲੋੜੀਂਦੇ ਪ੍ਰਬੰਧ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਮੈਡੀਕਲ ਐਮਰਜੈਂਸੀ ਨਾਲ ਨਜਿੱਠਣ ਲਈ ਟੀਮਾਂ ਨੂੰ 24 ਘੰਟੇ ਤਿਆਰ ਰਹਿਣ ਦੀਆਂ ਹਦਾਇਤਾਂ ਦਿਤੀਆਂ ਗਈਆਂ ਹਨ ਅਤੇ ਮੌਕੇ 'ਤੇ ਹੀ ਐਂਮਬੂਲੈਂਸ ਦੀ ਤੈਨਾਤੀ ਕੀਤੀ ਗਈ ਹੈ। ਕੈਂਪ ਵਿੱਚ ਮਰੀਜਾਂ ਦੇ ਅੱਖਾਂ ਦੀ ਵੀ ਜਾਂਚ ਲਈ ਟੀਮ ਤਾਇਨਾਤ ਕੀਤੀ ਗਈ ਹੈ। ਉਹਨਾਂ ਲੋਕਾਂ ਨੂੰ ਅਪੀਲ ਕਰਦਿਆ ਕਿਹਾ ਕਿ ਸਿਹਤ ਵਿਭਾਗ ਅਤੇ ਜ਼ਿਲਾ ਪ੍ਰਸ਼ਾਸਨ ਸਥਿਤੀ 'ਤੇ ਨਜ਼ਰ ਬਣਾਏ ਹੋਏ ਹਨ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਅਤੇ ਲੋਕਾਂ ਇਹਨਾਂ ਕੈਂਪਾਂ ਵਿਚ ਆ ਕੇ ਹਰ ਤਰ੍ਹਾਂ ਦੀ ਸਹੂਲਤ ਲੈ ਸਕਦੇ ਹਨ। ਇਸ ਮੌਕੇ ਡਾ. ਰਾਜੂ ਚੌਹਾਨ ਐਸ.ਐਮ.ਓ. ਮਮਦੋਟ, ਅੰਕੁਸ਼ ਭੰਡਾਰੀ ਡਿਪਟੀ ਮਾਸ ਮੀਡੀਆ ਅਫ਼ਸਰ, ਵਿਕਾਸ ਕਾਲੜਾ ਪੀ.ਏ., ਅਮਨ ਕੰਬੋਜ ਬੀ.ਈ.ਈ., ਅਮਰਜੀਤ ਐਸ.ਆਈ. ਮੌਜੂਦ ਸਨ।

## ਹੜ੍ਹਾਂ ਦੇ ਸੰਭਾਵੀ ਖਤਰੇ ਦੇ ਮੱਦੇ ਨਜ਼ਰ ਸਿਹਤ ਵਿਭਾਗ ਨੇ ਐਡਵਾਈਜਰੀ ਕੀਤੀ ਜਾਰੀ

ਤਿਹਗੜ੍ਹ ਸਾਹਿਬ :-27 ਅਗਸਤ (ਹਰਪ੍ਰੀਤ ਕੌਰ ਟਿਵਾਣਾ) ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ ਅਤੇ ਸਿਹਤ ਡਾਇਰੈਕਟਰ ਡਾ ਹਿਤਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ ਦਵਿੰਦਰਜੀਤ ਕੌਰ ਵੱਲੋਂ ਜਿਲੇ ਅੰਦਰ ਹੜਾਂ ਦੀ ਸੰਭਾਵਿਤ ਸਥਿਤੀ ਦੇ ਮੱਦੇ ਨਜ਼ਰ ਵਾਟਰ ਬੋਰਨ ਅਤੇ ਵੈਕਟਰ ਬੋਰਨ ਬਿਮਾਰੀਆਂ ਤੋਂ ਬਚਣ ਅਤੇ ਆਪਣੀ ਸਿਹਤ ਦਾ ਖਿਆਲ ਰੱਖਣ ਲਈ ਅਡਵਾਜਰੀ ਜਾਰੀ ਕੀਤੀ ਗਈ ਹੈ ਤਾਂਕਿ ਜੇਕਰ ਹੜ ਆਉਂਦੇ ਹਨ ਇਸਦੇ ਮਾੜੇ ਪ੍ਰਭਾਵਾਂ ਤੋਂ ਸਿਹਤ ਨੂੰ ਬਚਾਇਆ ਜਾ ਸਕੇ। ਇਸ ਸਬੰਧੀ ਜਾਣਕਾਰੀ ਦਿੰਦਿਆ ਡਾ ਦਵਿੰਦਰਜੀਤ ਕੌਰ ਨੇ ਕਿਹਾ ਕਿ ਹੜਾਂ ਦੇ ਪਾਣੀ ਦੇ ਸਿੱਧੇ ਸੰਪਰਕ ਵਿੱਚ ਆਉਣ ਤੋਂ ਬਚਿਆ ਜਾਵੇ, ਜੇਕਰ ਫਿਰ ਵੀ ਪਾਣੀ ਵਿੱਚ ਵੜਨਾ ਪਵੇ ਤਾਂ ਗਮਬੂਟ ਪਾਏ ਜਾਣ, ਖਾਣਾ ਖਾਣ ਤੋਂ ਪਹਿਲਾਂ ਹੱਥ ਚੰਗੀ ਤਰ੍ਹਾਂ ਸਾਬਣ ਪਾਣੀ ਨਾਲ ਧੋਤੇ ਜਾਣ, ਖਾਣ-ਪੀਣ ਵਾਲੀਆਂ ਵਸਤੂਆਂ ਨੂੰ ਢੱਕ ਕੇ ਰੱਖਿਆ ਜਾਵੇ , ਖਾਣਾ ਬਣਾਉਣ, ਸਟੋਰ ਕਰਨ ਅਤੇ ਉਸਦੀ ਸਾਂਭ ਸੰਭਾਲ ਸਹੀ ਤਰੀਕੇ ਨਾਲ ਕੀਤੀ ਜਾਵੇ।ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਪਾਣੀ ਉਬਾਲ ਕੇ ਜਾਂ ਕਲੋਰੀਨੇਟ ਕਰਕੇ ਹੀ ਪੀਤਾ ਜਾਵੇ, ਫਲ /ਸਬਜ਼ੀਆਂ ਨੂੰ ਚੰਗੀ ਤਰ੍ਹਾਂ ਸਾਫ ਸੁਥਰੇ ਪਾਣੀ ਵਿੱਚ ਧੋਕੇ ਹੀ ਵਰਤੋਂ ਵਿੱਚ ਲਿਆਂਦਾ ਜਾਵੇ ਪਰ ਹੜਾਂ ਦੇ ਪਾਣੀ ਤੋਂ ਪ੍ਰਭਾਵਿਤ ਫਲ/ਸਬਜੀਆਂ ਦੀ ਵਰਤੋਂ ਨਾ ਕੀਤੀ ਜਾਵੇ।ਉਹਨਾਂ ਕਿਹਾ ਕਿ ਵੈਕਟਰ ਬੋਰਨ ਬਿਮਾਰੀਆਂ ਤੋਂ ਬਚਣ ਲਈ ਵੱਧ ਤੋਂ ਵੱਧ ਸਰੀਰ ਢਕਣ ਵਾਲੇ ਕੱਪੜੇ ਪਹਿਨੇ ਜਾਣ , ਜਾਲੀਦਾਰ ਦਰਵਾਜੇ, ਮੱਛਰਦਾਨੀ, ਮੱਛਰ ਭੁਜਾਓ ਕਰੀਮਾ ਆਦਿ ਦੀ ਵਰਤੋਂ ਕੀਤੀ ਜਾਵੇ, ਹੜ ਪ੍ਰਭਾਵਿਤ ਖੇਤਰ ਵਿੱਚ ਫੋਗਿੰਗ ਕੀਟਨਾਸਕ ਆਦਿ ਦੀ ਸਪਰੇ ਕੀਤੀ ਜਾਵੇ ।ਸੱਪ ਦੇ ਕੱਟਣ ਤੋਂ ਬਚਾਅ ਲਈ ਪਾਣੀ, ਝਾੜੀਆਂ ਅਤੇ ਹਨੇਰੇ ਆਦਿ ਵਿੱਚ ਨਾ ਵੜੋ ਅਤੇ ਸੋਟੀ, ਟਾਰਚ ਦੀ ਵਰਤੋਂ ਕਰੋ, ਸੱਪ ਕੀੜੇ ਮਕੌੜੇ ਅਤੇ ਹੋਰ ਖਤਰਨਾਕ ਜਾਨਵਰਾਂ ਦੇ ਲੁਕਣ ਵਾਲੀਆਂ ਥਾਵਾਂ ਜਿਵੇਂ ਡੂੰਗੀਆ ਥਾਵਾਂ, ਟੋਇਆ, ਖੱਡਾਂ ਵਿੱਚ ਹੱਥ ਪੈਰ ਨਾ ਪਾਓ। ਹੜ ਦੇ ਪਾਣੀ ਦੇ ਸੰਪਰਕ ਵਿੱਚ ਆਉਣ ਤੇ ਚਮੜੀ ਦੇ ਰੋਗ, ਅਲਰਜੀ, ਇਨਫੈਕਸ਼ਨ ਆਦਿ ਤੋਂ ਬਚਣ ਲਈ ਤੁਰੰਤ ਸਾਫ ਪਾਨੀ ਨਾਲ ਨਹਾਓ, ਚਮੜੀ ਤੇ ਖਾਰਸ਼, ਚਮੜੀ ਲਾਲ, ਚਮੜੀ ਤੇ ਧੱਫੜ ਹੋਣ ਦੀ ਸੂਰਤ ਵਿੱਚ ਐਂਟੀਸੈਪਟਿਕ ਕਰੀਮਾਂ /ਪਾਊਡਰ ਦੀ ਵਰਤੋਂ ਕਰੋ ਅਤੇ ਆਪਣੇ ਕੱਪੜੇ ਦੂਸਰਿਆਂ ਨਾਲ ਸਾਂਝੇ ਨਾ ਕਰੋ। ਉਲਟੀਆਂ ਟੱਟੀਆਂ ਲੱਗਣ ਦੀ ਸੂਰਤ ਵਿੱਚ ਉਬਲਿਆ ਅਤੇ ਕਲੋਰੀਨੇਟ ਪਾਣੀ ਵਰਤਨ ਦੇ ਨਾਲ ਨਾਲ ਓ.ਆਰ.ਐਸ ਘੋਲ ਦੀ ਵਰਤੋਂ ਕਰੋ। ਉਹਨਾਂ ਕਿਹਾ ਕਿ ਜੇਕਰ ਫਿਰ ਵੀ ਸਿਹਤ ਸਬੰਧੀ ਕੋਈ ਸਮੱਸਿਆ ਆਉਂਦੀ ਹੈ ਤਾਂ ਤੁਰੰਤ ਨੇੜੇ ਦੀ ਸਿਹਤ ਸੰਸਥਾ ਨਾਲ ਸੰਪਰਕ ਕੀਤਾ ਜਾਵੇ।

## ਡਿਪਟੀ ਕਮਿਸ਼ਨਰ ਵੱਲੋਂ ਅਹਿਤਿਆਤੀ ਤੌਰ ਤੇ ਸਮੂਹ ਚੋਅ ਤੇ ਡਰੇਨਾਂ ਉਤੇ ਚੌਕਸੀ ਵਧਾਉਣ ਦੀ ਹਦਾਇਤ

ਫਤਹਿਗੜ੍ਹ ਸਾਹਿਬ, 27 ਅਗਸਤ: (ਹਰਪ੍ਰੀਤ ਕੌਰ ਟਿਵਾਣਾ)ਪਿਛਲੇ ਕੁਝ ਦਿਨਾਂ ਤੋਂ ਪਹਾੜੀ ਇਲਾਕਿਆਂ ਵਿੱਚ ਹੋ ਰਹੀ ਭਾਰੀ ਬਰਸਾਤ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਅਹਿਤਿਆਤੀ ਤੌਰ ਤੇ ਜਿਲ੍ਹਾ ਫਤਹਿਗੜ੍ਹ ਸਾਹਿਬ ਵਿੱਚੋਂ ਲੰਘਦੀਆਂ ਚੋਅ ਤੇ ਬਰਸਾਤੀ ਡਰੇਨਾਂ ਉਤੇ ਚੌਕਸੀ ਵਧਾਉਣ ਦੀਆਂ ਹਦਾਇਤਾਂ ਦਿੱਤੀਆਂ ਹਨ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਜਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਚੋਅ, ਨਹਿਰਾਂ ਤੇ ਬਰਸਾਤੀ ਡਰੇਨਾਂ ਵਿੱਚ ਪਾਣੀ ਦਾ ਪੱਧਰ ਕਾਫ਼ੀ ਨੀਵਾਂ ਚੱਲ ਰਿਹਾ ਹੈ ਅਤੇ ਕਿਸੇ ਨੂੰ ਵੀ ਘਬਰਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਨੇ ਲੋਕਾਂ ਨੂੰ ਪਾਣੀ ਸਬੰਧੀ ਕਿਸੇ ਵੀ ਕਿਸਮ ਦੀਆਂ ਅਫ਼ਵਾਹਾਂ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਪਹਿਲਾਂ ਤੋਂ ਹੀ ਜਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਜਿਲ੍ਹਾ ਪੱਧਰੀ ਫਲੱਡ ਕੰਟਰੋਲ ਰੂਮ 24 ਘੰਟੇ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ ਜਿਸ ਦਾ ਸੰਪਰਕ ਨੰਬਰ 01763232838 ਹੈ।ਇਸੇ ਦੌਰਾਨ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੀਆਂ ਹਦਾਇਤਾਂ ਉਤੇ ਉਪ ਮੰਡਲ ਮੈਜਿਸਟਰੇਟ ਅਰਵਿੰਦ ਕੁਮਾਰ ਗੁਪਤਾ ਨੇ ਸਰਹਿੰਦ ਚੋਅ ਵਿੱਚ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਦੱਸਿਆ ਕਿ ਪਾਣੀ ਦਾ ਵਹਾਓ ਠੀਕ ਚੱਲ ਰਿਹਾ ਹੈ ਅਤੇ ਲੋਕਾਂ ਨੂੰ ਬਿਲਕੁਲ ਵੀ ਚਿੰਤਾ ਕਰਨ ਦੀ ਲੋੜ ਨਹੀਂ ਹੈ। ਇਸੇ ਤਰ੍ਹਾਂ ਮੁੱਖ ਮੰਤਰੀ ਫੀਲਡ ਅਫਸਰ ਸ਼ੰਕਰ ਸ਼ਰਮਾ ਤੇ ਜਿਲ੍ਹਾ ਮਾਲ ਅਫ਼ਸਰ ਕਰੁਣ ਗੁਪਤਾ ਨੇ ਸਰਹਿੰਦ ਚੋਅ ਤੇ ਪਟਿਆਲਾ ਕੀ ਰਾਓ ਵਿਖੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਨੇੜੇ ਵਸੇ ਇਲਾਕਿਆਂ ਜਿਵੇਂ ਬਰਾਸ, ਚੌਂਟੀ ਖੇੜੀ, ਪਤਾਰਸੀ ਕਲਾਂ, ਸ਼ੇਖੂਪੁਰਾ, ਫਤਹਿਗੜ੍ਹ ਸਾਹਿਬ ਆਦਿ ਦਾ ਜਾਇਜ਼ਾ ਲਿਆ।ਅਧਿਕਾਰੀਆਂ ਨੇ ਨਿਰੀਖਣ ਮਗਰੋਂ ਦੱਸਿਆ ਕਿ ਹਾਲ ਦੀ ਘੜੀ ਚਿੰਤਾ ਵਾਲੀ ਕੋਈ ਗੱਲ ਨਹੀਂ ਹੈ ਪਰ ਫਿਰ ਵੀ ਸਾਵਧਾਨੀ ਵਜੋਂ ਹਰ ਡਰੇਨ ਅਤੇ ਚੋਅ ਦੀ ਸਥਿਤੀ ਉਤੇ ਪਲ ਪਲ ਨਜ਼ਰ ਰੱਖੀ ਜਾ ਰਹੀ ਹੈ।

## ਜਲਣਸ਼ੀਲ ਚੀਜ਼ਾਂ ਅਤੇ ਤੇਜਧਾਰ ਹਥਿਆਰ ਚੁੱਕਣ ਤੇ ਪਾਬੰਦੀ

ਫ਼ਤਹਿਗੜ੍ਹ ਸਾਹਿਬ, 27 ਅਗਸਤ:(ਹਰਪ੍ਰੀਤ ਕੌਰ ਟਿਵਾਣਾ) ਜ਼ਿਲ੍ਹਾ ਮੈਜਿਸਟਰੇਟ ਡਾ. ਸੋਨਾ ਥਿੰਦ ਨੇ ਜ਼ਿਲ੍ਹੇ ਵਿੱਚ ਅਮਨ ਤੇ ਕਾਨੂੰਨ ਨੂੰ ਕਾਇਮ ਰੱਖਣ ਅਤੇ ਲੋਕ ਹਿਤ ਵਿਚ ਸ਼ਾਂਤੀ ਬਰਕਰਾਰ ਰੱਖਣ ਲਈ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਜਨਤਕ ਥਾਵਾਂ 'ਤੇ ਅਗਨ ਸ਼ਸ਼ਤਰ, ਅਸਲਾ, ਵਿਸਫੋਟਕ, ਜਲਣਸ਼ੀਲ ਚੀਜ਼ਾਂ ਆਦਿ ਅਤੇ ਤੇਜ਼ ਹਥਿਆਰ, ਜਿਵੇਂ ਕਿ ਟਕੂਏ, ਬਰਛੇ ਆਦਿ ਨੂੰ ਚੁਕਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਆਰਮੀ ਪ੍ਰਸੋਨਲ, ਪੈਰਾ ਮਿਲਟਰੀ ਫੋਰਸਿਜ਼, ਬਾਵਰਦੀ ਪੁਲਿਸ ਕਰਮਚਾਰੀਆਂ ਅਤੇ ਜਿਨ੍ਹਾਂ ਨੂੰ ਧਾਰਮਿਕ ਤੌਰ ਤੇ ਜਾਂ ਕਾਨੂੰਨੀ ਤੌਰ ਤੇ ਰੀਤੀ ਰਿਵਾਜਾਂ ਤਹਿਤ ਹਥਿਆਰ ਚੁੱਕਣ ਦੇ ਅਧਿਕਾਰ ਹਨ, ਅਸਲਾ ਲਾਇਸੈਂਸ ਦੀ ਰੀਨਿਊਲ ਆਦਿ ਵਰਗੇ ਦਫ਼ਤਰੀ ਕੰਮਾਂ ਲਈ ਆਉਣ ਵਾਲਿਆਂ ਤੇ ਲਾਗੂ ਨਹੀਂ ਹੋਣਗੇ। ਇਸ ਤੋਂ ਇਲਾਵਾ ਜਿਨ੍ਹਾਂ ਨੂੰ ਭਾਰਤ/ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਸੁਰੱਖਿਆ ਕਵਚ ਪ੍ਰਦਾਨ ਕੀਤਾ ਹੋਇਆ ਹੈ, ਤੇ ਵੀ ਇਹ ਹੁਕਮ ਲਾਗੂ ਨਹੀਂ ਹੋਵੇਗਾ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਇਹ ਹੁਕਮ ਜ਼ਿਲ੍ਹੇ ਵਿੱਚ 25 ਅਕਤੂਬਰ, 2025 ਤੱਕ ਲਾਗੂ ਰਹਿਣਗੇ।

## ਪੰਜਾਬ ਕਾਲਜ ਆੱਫ ਐਜੂਕੇਸ਼ਨ ਵਿਖੇ ਸੱਤ ਰੋਜ਼ਾ ਐਫ.ਡੀ.ਪੀ ਪ੍ਰੋਗਰਾਮ ਦੀ ਹੋਈ ਸਮਾਪਤੀ



ਫਤਿਹਗੜ੍ਹ ਸਾਹਿਬ, 27 ਅਗਸਤ (ਹਰਪ੍ਰੀਤ ਕੌਰ ਟਿਵਾਣਾ)ਪੰਜਾਬ ਕਾਲਜ ਆੱਫ ਐਜੂਕੇਸ਼ਨ ਅਤੇ ਪੰਜਾਬ ਕਾਲਜ ਆੱਫ ਕਾਮਰਸ ਐਂਡ ਐਗਰੀਕਲਚਰ, ਪਿੰਡ ਸਰਕੱਪੜਾ, ਚੂੰਨੀ ਕਲ੍ਹਾਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਸਹਿਯੋਗ ਨਾਲ ਆਈ ਕਿਓ ਏ ਸੀ ਸੈੱਲ ਦੇ ਅੰਤਰਗਤ 7 ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦੇ ਅਖੀਰਲੇ ਦਿਨ ਵੈਲਡਿਕਟਰੀ ਸਮਾਰੋਹ ਦੇ ਨਾਲ ਸਫਲਤਾਪੂਰਵਕ ਸਮਾਪਤੀ ਹੋਈ।ਕਾਲਜ ਚੇਅਰਮੈਨ ਸ. ਨਿਰਮਲ ਸਿੰਘ, ਪ੍ਰਿੰਸੀਪਲ ਡਾ. ਸੁਮਨਦੀਪ ਕੌਰ ਅਤੇ ਐਚ. ਓ .ਡੀ. ਡਾ. ਗੀਤਾ ਰਾਣੀ ਦੁਆਰਾ ਆਏ ਮੁੱਖ ਮਹਿਮਾਨ ਡਾ. ਗੁਰਦਰਸ਼ਨ ਸਿੰਘ ਬਰਾੜ (ਐਜੂਕੇਸ਼ਨ ਐਡਮਿਨਸਟਰੇਟਰ) ਅਤੇ ਵਿਸ਼ੇਸ਼ ਸਪੀਕਰ ਡਾ. ਜਗਪ੍ਰੀਤ ਕੌਰ (ਮੁਖੀ, ਐਜੂਕੇਸਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ।ਇਸ ਪ੍ਰੋਗਰਾਮ ਵਿੱਚ ਡਾ. ਜਗਪ੍ਰੀਤ ਕੌਰ ਨੇ ਆਪਣੇ ਸੰਬੋਧਨ ਵਿੱਚ ਨਵੀਂ ਐਜੂਕੇਸ਼ਨ ਪੋਲਿਸੀ ਦੇ ਅਧੀਨ ਆਈ ਟੌਪ ਪ੍ਰੋਗਰਾਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਗੁਰਦਰਸ਼ਨ ਸਿੰਘ ਬਰਾੜ ਨੇ ਵੈਲਡਿਕਟਰੀ ਸਮਾਰੋਹ ਤੇ ਬੋਲਦਿਆਂ ਦੱਸਿਆ ਕਿ ਐਨ ਈ ਪੀ 2020 ਦੇ ਅਧੀਨ ਹੋ ਰਹੇ ਬਦਲਾਵਾ ਦੇ ਅਨੁਸਾਰ ਅਧਿਆਪਕ ਵਰਗ ਨੂੰ ਨਵੀਂ ਤਕਨੀਕ ਦੇ ਹਿਸਾਬ ਨਾਲ ਆਪਣੇ ਆਪ ਨੂੰ ਅਪਡੇਟ ਕਰਨ ਦੀ ਲੋੜ ਹੈ ਤਾਂ ਜੋ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਿਆ ਜਾ ਸਕੇ। ਅੰਤ ਵਿੱਚ ਪ੍ਰਿੰਸੀਪਲ ਡਾ . ਸੁਮਨਦੀਪ ਕੌਰ ਨੇ ਆਏ ਹੋਏ ਮੁੱਖ ਮਹਿਮਾਨ ਡਾ. ਗੁਰਦਰਸ਼ਨ ਸਿੰਘ ਬਰਾੜ ਅਤੇ ਵਿਸ਼ੇਸ਼ ਸਪੀਕਰ ਡਾ. ਜਗਪ੍ਰੀਤ ਕੌਰ ਦਾ ਸਨਮਾਨ ਚਿੰਨ੍ਹ ਦੇ ਕੇ ਧੰਨਵਾਦ ਕੀਤਾ। ਇਸ ਤਰ੍ਹਾਂ ਸੱਤ ਰੋਜ਼ਾ ਐਫ ਡੀ ਪੀ ਪ੍ਰੋਗਰਾਮ ਦੀ ਸਫ਼ਲਤਾਪੂਰਵਕ ਸਮਾਪਤੀ ਹੋਈ।

# ਅਕਾਲ ਗਤਕਾ ਗਰੁੱਪ ਮਸਤੂਆਣਾ ਸਾਹਿਬ ਦੀ ਬ੍ਰਾਂਚ: ਭੁੱਲਣ, ਠਸਕਾ ਦੀ ਟੀਮ ਵੱਲੋਂ ਸਟੇਟ ਪੱਧਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ



ਖਨੌਰੀ, 27 ਅਗਸਤ (ਓਮਪ੍ਰਕਾਸ਼ ਮੁਆਲ): ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਗਤਕਾ ਐਸੋਸੀਏਸ਼ਨ ਵੱਲੋਂ ਦਸਵੀਂ ਰਾਜ ਪੱਧਰੀ ਗਤਕਾ ਚੈਂਪੀਅਨਸ਼ਿਪ ਕਰਵਾਈ ਗਈ, ਜਿਸ ਵਿੱਚ ਅਕਾਲ ਗਤਕਾ ਗਰੁੱਪ ਮਸਤੂਆਣਾ ਸਾਹਿਬ ਦੀ ਬ੍ਰਾਂਚ: ਭੁੱਲਣ, ਠਸਕਾ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 9 ਮੈਡਲ ਪ੍ਰਾਪਤ ਕੀਤੇ । ਇਸ ਬਾਰੇ ਜਾਣਕਾਰੀ ਦਿੰਦਿਆਂ ਬਾਬਾ ਚਮਕੌਰ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਸਾਹਿਬ ਠਸਕਾ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਲੱਗਭਗ 17 ਬੱਚਿਆਂ ਨੇ ਭਾਗ ਲਿਆ। ਜਿਨ੍ਹਾਂ 'ਚੋਂ ਸਿੰਗਲ ਸੋਟੀ ਟੀਮ ਅੰਡਰ 11 ਸਾਲਾ ਕੁੜੀਆਂ ਨੇ ਦੂਜਾ ਸਥਾਨ ਅਤੇ ਸਿੰਗਲ ਸੋਟੀ ਵਿਅਕਤੀਗਤ, ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ 17 ਸਾਲਾ ਸਿੰਗਲ ਸੋਟੀ ਟੀਮ ਵਿੱਚ ਮੁੰਡਿਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਉਸਤਾਦ ਜਤਿੰਦਰ ਸਿੰਘ, ਸ਼ਮਸ਼ੇਰ ਸਿੰਘ ਤੇ ਉਸਤਾਦ ਮਨਵੀਰ ਸਿੰਘ ਕੋਹਾੜਾ ਨੇ ਬੱਚਿਆਂ ਤੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ।ਮਨਪ੍ਰੀਤ ਸਿੰਘ ਸੇਲੀ ਠਸਕਾ ਨੇ ਦੱਸਿਆ ਕਿ ਅੰਡਰ 17 ਸਾਲਾ ਮੁੰਡਿਆਂ ਦੀ ਟੀਮ ਨੇ ਪੰਜਾਬ ਗਤਕਾ ਐਸੋਸੀਏਸ਼ਨ ਵਿੱਚ ਲਗਾਤਾਰ ਦੂਜੀ ਵਾਰ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪਿੰਡ ਠਸਕਾ ਦੀ ਪ੍ਰਭਦੀਪ ਕੌਰ ਨੇ ਇਕ ਸਟੇਟ ਵਿੱਚ ਦੋ ਮੈਡਲ ਪ੍ਰਾਪਤ ਕਰਕੇ ਪਿੰਡ ਦਾ ਨਾਂ ਰੌਸ਼ਨ ਕੀਤਾ। ਉਸ ਨੇ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਸੁਖਨਰੀ, ਗੁਰਨੂਰ ਕੌਰ, ਰੇਨੂੰ ਅਤੇ ਅਮਨਪ੍ਰੀਤ ਸਿੰਘ ਨੇ ਮੈਡਲ ਜੀਤੇ ਹਨ। ਇਸ ਸ਼ਾਨਦਾਰ ਪ੍ਰਾਪਤੀ ਲਈ ਸਮੁੱਚੀ ਗ੍ਰਾਮ ਪੰਚਾਇਤ ਅਤੇ ਪ੍ਰਬੰਧਕ ਕਮੇਟੀ ਪਿੰਡ ਭੁੱਲਣ ਤੇ ਠਸਕਾ ਵੱਲੋਂ ਵਿਸ਼ੇਸ਼ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ ਹੈ।

# ਡਰੇਨਾਂ ਦੀ ਪੁਖਤਾ ਸਫਾਈ ਨਾ ਹੋਣ ਕਰਨ ਡੁੱਬਿਆ ਸੈਂਕੜੇ ਏਕੜ ਝੋਨਾ, ਕਿਸਾਨ ਹੋਏ ਬਰਬਾਦ

ਲਹਿਰਾਗਾਗਾ, 27 ਅਗਸਤ (ਗੁਰਦੀਪ ਸਿੰਘ): ਪੰਜਾਬ ਵਿੱਚ ਭਾਰੀ ਵਰਖਾ ਹੋਣ ਕਾਰਨ ਹੜ੍ਹਾਂ ਵਾਲੀ ਸਥਿਤੀ ਬਣੀ ਹੋਈ ਹੈ,ਹਰ ਵਰਗ ਦਾ ਵਿਆਕਤੀ ਬਹੁਤ ਪਰੇਸ਼ਾਨ ਦਿਖਾਈ ਦੇ ਰਿਹਾ ਹੈ,ਕਿਉਂਕਿ ਮੌਸਮ ਖਰਾਬ ਹੋਣ ਕਾਰਨ ਖਾਣ ਪੀਣ ਦੀਆਂ ਵਸਤੂਆਂ ਵੀ ਖਰਾਬ ਹੋ ਰਹੀਆਂ ਹਨ,ਛੱਤਾਂ ਚੋ ਰਹੀਆਂ ਹਨ ਕੋਈ ਹੱਲ ਨਹੀਂ ਹੋ ਰਿਹਾ,ਖਾਸ ਤੌਰ ਪੰਜਾਬ ਦੇ ਕਿਸਾਨਾਂ ਦੀਆਂ ਫਸਲਾਂ ਦਾ ਬਹੁਤ ਭਾਰੀ ਨੁਕਸਾਨ ਹੋ ਚੁੱਕਾ ਹੈ ਤੇ ਕਿਸਾਨ ਬਰਬਾਦ ਹੋ ਗਏ ਹਨ,ਪਿੰਡ ਕੋਟੜਾ ਲਹਿਲ ਵਿਖੇ ਡਰੇਨ ਵਿੱਚ ਪਏ ਪਾੜ ਨੂੰ ਕਿਸਾਨ ਖੁਦ ਆਪ ਮਿੱਟੀ ਦੇ ਗੱਟੇ ਲੈ ਕੇ ਬੰਦ ਕਰਨ ਲਈ ਜੁਝਦੇ ਦੇਖੇ ਗਏ, ਹਲਕਾ ਲਹਿਰਾਗਾਗਾ ਹੋਰ ਪਿੰਡਾਂ ਦੀ ਗੱਲ ਲੈ ਲਈਏ, ਇੱਥੇ ਡਰੇਨਾਂ ਦੀ ਸਮੇਂ ਸਿਰ ਪੁਖਤਾ ਸਫਾਈ ਨਾ ਹੋਣ ਕਰਕੇ ਇਲਾਕੇ ਦੇ ਕਿਸਾਨਾਂ ਦੀਆਂ ਸੈਂਕੜੇ ਏਕੜ ਫਸਲਾਂ ਤਬਾਹ ਹੋ ਗਈਆਂ ਹਨ, ਜਿਸ ਵਿੱਚ ਲਗਭਗ 200 ਏਕੜ ਕੋਟੜਾ ਲਹਿਲ, 350 ਏਕੜ ਆਲਮਪੁਰ, 300 ਏਕੜ ਚੋਟੀਆਂ, 150 ਏਕੜ ਕਾਲੀਆ, 50 ਤੋਂ 60 ਏਕੜ ਬਖਸ਼ੀਵਾਲਾ, ਲੱਗਭੱਗ 250 ਏਕੜ ਗੁਰਨੇ ਖੁਰਦ ਵਿਖੇ ਕਿਸਾਨਾਂ ਦੀ ਝੋਨੇ ਦੀ ਫਸਲ ਬਰਬਾਦ ਹੋ ਚੁੱਕੀ ਹੈ, ਇਹ ਫਸਲ ਬਰਬਾਦ ਹੋਣ ਦਾ ਕਾਰਨ ਡਰੇਨ ਵਿਭਾਗ ਵੱਲੋਂ ਡਰੇਨਾਂ ਦੀ ਸਫਾਈ ਦਾ ਟੈਂਡਰ ਲੇਟ ਕਰਨਾ ਅਤੇ ਲੇਟ ਟੈਂਡਰ ਹੋਣ ਤੋਂ ਬਾਅਦ ਵੀ ਠੇਕੇਦਾਰ ਅਤੇ ਵਿਭਾਗ ਦੀ ਮਿਲੀ ਭੁਗਤ ਕਾਰਨ ਸਫਾਈ ਦਾ ਨਾ ਸ਼ੁਰੂ ਹੋਣਾ, ਇਸਦਾ ਵੀ ਬਰਬਾਦੀ ਦਾ ਵੱਡਾ ਕਾਰਨ ਬਣਿਆ ਹੈ,ਐਜ ਯੂਥ ਆਗੂ ਅਮਨਦੀਪ ਸਿੰਘ ਕੋਟੜਾ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਭਾਵਕ ਹੁੰਦਿਆਂ ਕਿਹਾ ਕਿ ਅਸੀਂ 85 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਠੇਕੇ ਤੇ ਲਈ ਹੋਈ ਜਮੀਨ ਵਿੱਚ ਜਿੱਥੇ ਝੋਨਾ ਲਾਇਆ ਸੀ, ਸਾਰੀ ਡਰੇਨ ਵਿਭਾਗ ਦੇ ਅਧਿਕਾਰੀਆਂ ਅਤੇ ਠੇਕੇਦਾਰ ਦੀ ਮਿਲੀ ਭੁਗਤ ਤੇ ਲਾਪਰਵਾਹੀ ਕਾਰਨ ਬਰਬਾਦ ਹੋ ਚੁੱਕੀ ਹੈ, ਪੰਜਾਬ ਸਰਕਾਰ ਨੂੰ ਡਰੇਨ ਵਿਭਾਗ ਦੇ ਅਧਿਕਾਰੀਆਂ ਅਤੇ ਠੇਕੇਦਾਰ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਤੇ ਕਿਸਾਨਾਂ ਦੇ ਹੋਏ ਨੁਕਸਾਨ ਦੀ ਮੁਆਵਜ਼ਾ ਦੇ ਕੇ ਭਰਪਾਈ ਕਰਨੀ ਚਾਹੀਦੀ ਹੈ, ਪਿੰਡ ਆਲਮਪੁਰ ਦੇ ਸਰਪੰਚ ਬੂਟਾ ਸਿੰਘ ਨੇ ਕਿਹਾ ਕਿ ਡਰੇਨ ਦੇ ਨਾਲ ਲੱਗਦੀ ਹੋਈ ਲਗਭਗ 150 ਏਕੜ ਅਤੇ ਕਿਸ਼ਨਗੜ੍ਹ ਵਾਲੇ ਪਾਸੇ 200 ਏਕੜ ਫਸਲ ਤਬਾਹ ਹੋ ਚੁੱਕੀ ਹੈ, ਜੋ ਡਰੇਨ ਨਾਲ ਲੱਗਦੀ ਕੋਟੜੇ ਵਾਲੇ ਪਾਸੇ ਝੋਨੇ ਦੀ ਫਸਲ ਬਰਬਾਦ ਹੋਈ ਹੈ ਉਸ ਦਾ ਮੁੱਖ ਕਾਰਨ ਡਰੇਨ ਦੀ ਸਫਾਈ ਨਾ ਕਰਨਾ ਹੈ, ਇਸ ਤੋਂ ਇਲਾਵਾ ਪਿੰਡ ਚੋਟੀਆਂ ਦੇ ਯੂਥ ਆਗੂ ਰਣਵੀਰ ਸਿੰਘ ਤੇ ਹਰਪਰੀਤ ਸਿੰਘ ਭੋਲਾ ਨੇ ਦੱਸਿਆ ਕਿ ਸਾਡੇ ਪਿੰਡ ਲਗਭਗ 400 ਏਕੜ ਫਸਲ ਬਰਬਾਦ ਹੋ ਚੁੱਕੀ ਹੈ, ਢਾਈ ਤਿੰਨ ਫੁੱਟ ਪਾਣੀ ਖੇਤਾਂ ਵਿੱਚ ਦਿਖਾਈ ਦੇ ਰਿਹਾ ਹੈ, ਜਦੋਂ ਉਹਨਾਂ ਨੂੰ ਇੰਨੀ ਵੱਡੀ ਪੱਧਰ ਤੇ ਫਸਲ ਮਰਨ ਦਾ ਕਾਰਨ ਬਾਰੇ ਪੁੱਛਿਆ ਤਾਂ ਉਹਨਾਂ ਦੱਸਿਆ ਕਿ ਡਰੇਨ ਵਿਭਾਗ ਨੇ ਡਰੇਨ ਦੀ ਸਫਾਈ ਬਿਲਕੁਲ ਵੀ ਨਹੀਂ ਕੀਤੀ, ਜਿਸ ਕਾਰਨ ਸਾਡਾ ਭਾਰੀ ਨੁਕਸਾਨ ਹੋ ਚੁੱਕਿਆ ਹੈ, ਪਿੰਡ ਕਾਲੀਆਂ ਦੇ ਯੂਥ ਆਗੂ ਅੰਮ੍ਰਿਤਪਾਲ ਸਿੰਘ ਕਾਲੀਆਂ ਨੇ ਦੱਸਿਆ ਕਿ ਸਾਡੇ ਪਿੰਡ 150 ਏਕੜ ਝੋਨੇ ਦੀ ਫਸਲ ਬਰਬਾਦ ਹੋ ਚੁੱਕੀ ਹੈ, ਇਸ ਤੋਂ ਇਲਾਵਾ ਗੁਰਨੇ ਖੁਰਦ ਲਗਭਗ 250 ਏਕੜ ਝੋਨੇ ਦੀ ਫਸਲ ਦੀ ਬਰਬਾਦੀ ਦਾ ਕਾਰਨ ਡਰੇਨ ਦੀ ਸਫਾਈ ਨਾ ਹੋਣਾ ਹੈ ,ਅ ਹੁਣ ਜਦੋਂ ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋ ਚੁਕੀਆਂ ਹਨ ਤਾਂ ਐਸ ਡੀ ਓ ਡਰੇਨ ਤੇ ਠੇਕੇਦਾਰ ਆਪਣੀਆਂ ਮਸ਼ੀਨਾ ਭਜਾਈ ਫਿਰਦੇ ਹਨ, ਵਿਭਾਗ ਵੀ ਹੁਣ ਪੱਬਾਂ ਭਾਰ ਹੋਇਆ ਫਿਰਦਾ ਹੈ ,(ਜਿਵੇਂ ਕਹਾਵਤ ਹੈ, ਵਖਤੋਂ ਖੁੰਜੀ ਡੂਮਣੀ ਬੋਲੇ ਆਲ ਪਤਾਲ)ਹੁਣ ਫਸਲਾਂ ਬਰਬਾਦ ਹੋਣ ਤੋਂ ਬਾਅਦ ਇਹ ਸਭ ਕੁੱਝ ਦਾ ਕੀ ਫਾਇਦਾ,ਉਨਾਂ ਕਿਹਾ ਕਿ ਇਸ ਬਰਬਾਦੀ ਦਾ ਕਾਰਨ ਠੇਕੇਦਾਰ ਤੇ ਡਰੇਨ ਵਿਭਾਗ ਦੇ ਅਧਿਕਾਰੀ ਹਨ ,ਜਿਨਾਂ ਦੇ ਭ੍ਰਿਸ਼ਟਾਚਾਰ ਕਾਰਨ ਇਲਾਕੇ ਦੇ ਕਿਸਾਨਾਂ ਦੀਆਂ ਫਸਲਾਂ ਦਾ ਇੰਨਾਂ ਭਾਰੀ ਨੁਕਸਾਨ ਹੋਇਆ ਹੈ ,ਉਨਾਂ ਪੰਜਾਬ ਸਰਕਾਰ ਤੋਂ ਠੇਕੇਦਾਰ ਤੇ ਡਰੇਨ ਵਿਭਾਗ ਦੇ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਮੰਗ ਕੀਤੀ, ਤੇ ਨੁਕਸਾਨੀਆਂ ਫਸਲਾਂ ਦਾ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਸਰਕਾਰ ਨੂੰ ਅਪੀਲ ਕੀਤੀ,(ਕੀ ਕਿਹਾ ਐਸ ਡੀ ਓ ਡਰੇਨ ਵਿਭਾਗ ਤੇ ਠੇਕੇਦਾਰ ਨੇ)ਐਸ ਡੀ ਓ ਡਰੇਨ ਨੇ ਪੱਤਰਕਾਰ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਮਸ਼ੀਨਾਂ ਚੱਲ ਰਹੀਆਂ ਹਨ,ਸਫਾਈ ਪਹਿਲਾਂ ਵੀ ਕੀਤੀ ਸੀ, ਬਾਰਿਸ਼ ਜਿਆਦਾ ਹੋਣ ਕਾਰਨ ਪਾਣੀ ਜਿਆਦਾ ਆ ਗਿਆ ਹੈ ਜਿਸ ਕਰਕੇ ਫਸਲਾਂ ਦਾ ਨੁਕਸਾਨ ਹੋਇਆ ਹੈ ,ਜਦ ਪੱਤਰਕਾਰ ਨੇ ਪੁੱਛਿਆ ਕਿਸਾਨਾਂ ਦੇ ਅਨੁਸਾਰ ਬਾਰਿਸ਼ ਤੋਂ ਪਹਿਲਾਂ ਕੋਈ ਮਸ਼ੀਨ ਨਹੀਂ ਆਈ,ਤੇ ਨਾ ਹੀ ਸਫਾਈ ਹੋਈ ਹੈ,ਇਸ ਦਾ ਉਹ ਕੋਈ ਪੁਖਤਾ ਜਵਾਬ ਨਾਂ ਦਿੰਦੇ ਹੋਏ ਕਹਿੰਦੇ ਮੈਂ ਥੋੜੇ ਨਾਲ ਬਰਿਸ ਨਾਲ ਕਰ ਸਕਦਾ,ਤੇ ਕਹਿੰਦੇ ਰਹੇ ਪਾਣੀ ਪਿੱਛੋਂ ਹੀ ਜਿਆਦਾ ਆ ਗਿਆ ਹੈ,

# ਗੁੱਜਰ ਪਰਿਵਾਰਾਂ ਦੀਆਂ 39 ਮੱਝਾਂ ਘੁੰਨਸ ਡਰੇਨ 'ਚ ਜਲਬੂਟੀ ਦੀ ਲਪੇਟ ਵਿਚ ਆਉਣ ਕਾਰਨ ਮਰੀਆਂ

ਤਪਾ ਮੰਡੀ, 27 ਅਗਸਤ(ਭੂਸ਼ਨ ਘੜੈਲਾ):ਅੱਜ ਬਰਨਾਲਾ-ਬਠਿੰਡਾ ਹਾਈਵੇ 'ਤੇ ਸਥਿਤ ਘੁੰਨਸ ਨੇੜੇ ਇੱਕ ਡਰੇਨ ਤੇ ਇੱਕ ਦਰਦਨਾਕ ਹਾਦਸਾ ਵਾਪਰਨ ਨਾਲ ਗੁੱਜਰ ਪਰਿਵਾਰ ਦੀਆਂ 39 ਮੱਝਾਂ ਜਲਬੂਟੀ ਦੀ ਲਪੇਟ 'ਚ ਆਉਣ ਕਾਰਨ ਮਰ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।



ਮੱਝਾਂ ਦੇ ਮਾਲਕ ਗੁਲਾਬ ਨਬੀ ਪੁੱਤਰ ਯੂਸ਼ਫ ਅਤੇ ਸਰੀਫ ਮੁਹੰਮਦ ਨੇ ਦੱਸਿਆ ਕਿ ਅਸੀਂ ਮੱਝਾਂ ਪਾਲਕੇ ਦੁੱਧ ਨਾਲ ਗੁਜ਼ਾਰਾ ਕਰਦੇ ਹਾਂ,ਅੱਜ ਜਦੋਂ ਉਹ ਪਸ਼ੂਆਂ ਨੂੰ ਚਾਰਦੇ ਹੋਏ ਇਸ ਡਰੇਨ ਦਾ ਪਾਣੀ ਪਿਲਾਉਣ ਲੱਗੇ ਤਾਂ ਪਿੱਛੋਂ ਆ ਰਹੇ ਤੇਜ਼ ਪਾਣੀ ਦੇ ਵਹਾਅ ਨਾਲ ਵਹਿ ਗਈਆਂ, ਜਿੱਥੇ ਜਿਆਦਾ ਜਲਬੂਟੀ ਹੋਣ ਕਾਰਨ ਉਸ ਦੀ ਲਪੇਟ ਵਿੱਚੋਂ ਬਾਹਰ ਨਾ ਨਿਕਲ ਸਕੀਆ ਜਿਸ ਕਾਰਨ ਜਿਸ ਕਾਰਨ 56 ਮੱਝਾਂ ਵਿੱਚੋਂ 39 ਮੱਝਾਂ ਮਰ ਗਈਆਂ ਜਿਨ੍ਹਾਂ ਵਿੱਚ 15 ਮੱਝਾਂ ਗੱਭਣ ਤੇ 15 ਦੁਧਾਰੂ ਸਨ। ਜਿਨ੍ਹਾਂ ਦੀ ਕੁਲ 30 ਲੱਖ ਰੁਪਏ ਦੇ ਕਰੀਬ ਦੱਸੀ ਜਾਂਦੀ ਹੈ।

ਗੁਜਰਾਂ ਵੱਲੋਂ ਵੱਲੋਂ ਰੌਲਾ ਪਾਉਣ ਤੇ ਪਿੰਡ ਘੁੰਨਸ ਅਤੇ ਧੌਲਾ

ਦੇ ਲੋਕ ਵੱਡੀ ਗਿਣਤੀ ਵਿੱਚ ਇਕੱਠੇ ਹੋ ਗਏ। ਉਨ੍ਹਾਂ ਜੇ.ਬੀ.ਸੀ ਮਸ਼ੀਨ ਨਾਲ ਅਤੇ ਖੁਦ ਧੂਹਕੇ 16 ਮੱਝਾਂ ਬਚਾਈਆਂ। ਘਟਨਾ ਦਾ ਪਤਾ ਲੱਗਦੇ ਹੀ ਏ.ਡੀ.ਸੀ ਸੁਖਵੰਤ ਸਿੰਘ,ਐਸ.ਡੀ.ਐਮ ਤਪਾ ਮੈਡਮ ਸੌਨਮ,ਡੀ.ਐਸ.ਪੀ ਤਪਾ ਗੁਰਬਿੰਦਰ ਸਿੰਘ,ਤਹਿਸੀਲਦਾਰ ਓਂਕਾਰ ਸਿੰਘ,ਰੀਡਰ ਸੁਖਵਿੰਦਰ ਸਿੰਘ,ਥਾਣਾ ਮੁੱਖੀ ਰੂੜੇਕੇ ਕਲਾਂ ਰੇਣੂ ਪਰੋਚਾ,ਵੈਟਰਨਰੀ ਡਾਕਟਰਜ ਡਾ.ਰਮਨਦੀਪ ਕੋਰ,ਡਾ.ਪ੍ਰੀਤ ਮਹਿੰਦਰ ਪਾਲ,ਅਭੀਨੀਤ ਕੌਰ ਭੱਟੀ,ਡਾ.ਹਰਮਨਜੋਤ ਬਚਾਅ ਕਾਰਜਾਂ 'ਚ ਜੁੱਟ ਗਏ।ਘਟਨਾ ਦਾ ਪਤਾ ਲੱਗਦੈ ਹੀ ਭਾਕਿਯੂ ਉਗਰਾਹਾਂ ਇਕਾਈ ਦੇ ਪ੍ਰਧਾਨ ਬਲਜਿੰਦਰ ਸਿੰਘ,ਮੀਤ ਪ੍ਰਧਾਨ ਮੇਜਰ ਸਿੰਘ,ਹਰਦੇਵ ਸਿੰਘ,ਬਲਦੇਵ ਸਿੰਘ.ਮਹਿੰਦਰ ਸਿੰਘ,ਗਾਂਧੀ ਸਿੰਘ,ਬੂਟਾ ਸਿੰਘ,ਭੋਲਾ ਸਿੰਘ ਆਦਿ ਦੀ ਅਗਵਾਈ 'ਚ ਪਹੁੰਚਕੇ ਸਰਕਾਰ ਖਿਲਾਫ ਰੋਸ਼ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰ ਨੇ ਦਾਅਵੇ ਕੀਤੇ ਸਨ ਕਿ ਉਹ ਕਿਸਾਨਾਂ ਅਤੇ ਆਮ ਲੋਕਾਂ ਦੇ ਨੁਕਸਾਨ ਦੀ ਭਰਵਾਈ ਕਰਨਗੇ। ਪਰ ਉਹ ਹੁਣ ਮ੍ਰਿਤਕ ਮੱਝਾਂ ਦਾ 30 ਲੱਖ ਦੇ ਕਰੀਬ ਨੁਕਸਾਨ ਹੋ ਗਿਆ ਹੈ ਉਹ ਮਰੀਆਂ ਮੱਝਾਂ ਨੂੰ ਉਨ੍ਹਾਂ ਸਮਾਂ ਇਥੋ ਨਹੀਂ ਚੁਕਣ ਦੇਣਗੇ ਜਿਨ੍ਹਾਂਸਮਾਂ ਸਰਕਾਰ ਉਨ੍ਹਾਂ ਗਰੀਬ ਪਸ਼ੂ ਪਾਲਕਾਂ ਦੇ ਨੁਕਸਾਨ ਦਾ ਭਰਵਾਈ ਨਹੀਂ ਕਰਦੀ।ਉਨ੍ਹਾਂ ਇਹ ਵੀ ਦੱਸਿਆ ਕਿ ਸਾਡੇ ਆਉਣ ਤੋਂ ਪਹਿਲਾਂ ਕੁਝ ਬੱਚੇ ਮੱਝਾਂ ਨੂੰ ਭਾਲਣ 'ਚ ਜੁੱਟੇ ਹੋਏ ਸਨ ਜਿਨ੍ਹਾਂ ਨੂੰ ਅਸੀਂ ਬਾਹਰ ਕੱਢਿਆਂ ਅਤੇ ਪ੍ਰਸ਼ਾਸਨ ਨੂੰ ਕਿਹਾ ਕਿ ਅਗਰ ਇਹ ਬੱਚੇ ਡੁੱਬ ਗਏ ਤਾਂ ਕੌਣ ਜਿੰਮੇਵਾਰ ਹੋਵੇਗਾ। ਖਬਰ ਲਿਖੇ ਜਾਣ ਤੱਕ ਗੁੱਜਰ ਜਲਬੂਟੀ ਨੂੰ ਪਿੱਛੇ ਹਟਾਕੇ ਲੱਭ ਰਹੇ ਸਨ ਪਰ ਹਨਵੇਰਾ ਹੋਣ ਕਾਰਨ ਅਸਮਰਥ ਦਿਖਾਈ ਦੇ ਰਹੇ ਸੀ। ਉਨ੍ਹਾਂ ਇਹ ਵੀ ਕਿਹਾ ਕਿ ਨਹਿਰੀ ਵਿਭਾਗ ਉਸ ਸਮੇਂ ਹਰਕਤ 'ਚ ਆਉਂਦਾ ਹੈ, ਜਦ ਕੋਈ ਘਟਨਾ ਵਾਪਰ ਜਾਂਦੀ ਹੈ ਉਸ ਤੋਂ ਪਹਿਲਾਂ ਦਫਤਰਾਂ 'ਚ ਬੈਠੇ ਏ.ਸੀ ਦੀ ਹਵਾ ਲੈਂਦੇ ਰਹਿੰਦੇ ਹਨ। ਇਸ ਮੌਕੇ ਪੁੱਜੇ ਪਿੰਡ ਘੁੰਨਸ ਦੇ ਸਰਪੰਚ ਬੇਅੰਤ ਸਿੰਘ ਅਤੇ ਵੱਡੀ ਗਿਣਤੀ 'ਚ ਪਿੰਡ ਦੇ ਲੋਕ ਬਚਾਅ ਕਾਰਜਾਂ 'ਚ ਜੁੱਟੇ ਹੋਏ ਸਨ।

# ਖਨੌਰੀ ਮੰਡੀ ਵਿੱਚ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਮੀਟਿੰਗ

ਖਨੌਰੀ 27 ਅਗਸਤ (ਓਮਪ੍ਰਕਾਸ਼ ਮੁਆਲ) ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਇਕ ਵਿਸ਼ੇਸ਼ ਮੀਟਿੰਗ ਨਾਮਦੇਵ ਧਰਮਸ਼ਾਲਾ ਖਨੌਰੀ ਮੰਡੀ ਵਿੱਚ ਹੋਈ। ਜਿਸ ਵਿੱਚ ਮਿਊਂਸਪਲ ਕੌਂਸ਼ਲਰਜ਼ ਤੇ ਵਾਰਡ ਡਿਫੈਂਸ਼ ਕਮੇਟੀ ਦੇ ਮੈਂਬਰ ਹਾਜ਼ਰ ਆਏ। ਇਸ ਮੌਕੇ ਮਿਊਂਸਪਲ ਕੌਂਸ਼ਲਰਜ਼ ਸ੍ਰੀ ਹਰਦੀਪ ਸਿੰਘ ਨੋਡਲ ਅਫ਼ਸਰ ਵੱਲੋਂ ਪਬਲਿਕ ਅਤੇ ਨੌਜਵਾਨ ਪੀੜੀ ਨੂੰ ਨਸ਼ਾ ਨਾ ਕਰਨ ਸਬੰਧੀ ਜਾਗਰੂਕ ਕੀਤਾ ਗਿਆ। ਜਿਸ ਵਿੱਚ ਸ੍ਰੀ ਹਰਮਿੰਦਰ ਸਿੰਘ ਐਸ.ਐਚ.ਓ. ਥਾਣਾ ਖਨੌਰੀ ਵੱਲੋਂ ਦੱਸਿਆ ਗਿਆ ਕਿ ਜੇਕਰ ਕੋਈ ਵਿਅਕਤੀ ਨਸ਼ਾ ਕਰਦਾ ਹੈ, ਤਾਂ ਇਸ ਦੀ ਸੂਚਨਾ ਪੁਲਿਸ਼ ਪ੍ਰਸ਼ਾਸਨ ਨੂੰ ਦਿੱਤੀ



ਜਾਵੇ। ਦੱਸਣ ਵਾਲੇ ਵਿਅਕਤੀ ਦਾ ਨਾਮ ਗੁਪਤ ਰੱਖਿਆ ਜਾਵੇਗਾ। ਲੋਕਾਂ ਨੂੰ ਅਪੀਲ ਕੀਤੀ ਗਈ ਕਿ ਖਨੌਰੀ ਸਹਿਰ ਵਿੱਚੋਂ ਨਸ਼ਿਆ ਦਾ ਪੂਰਨ ਤੌਰ ਤੇ ਖਾਤਮਾ ਕਰਨ ਵਿੱਚ ਸਹਿਯੋਗ ਦਿੱਤਾ ਜਾਵੇ। ਮਿਊਂਸਪਲ ਕੌਂਸ਼ਲਰਜ਼ ਅਤੇ ਸ੍ਰੀ ਹਰਦੀਪ ਸਿੰਘ ਨੋਡਲ ਅਫ਼ਸਰ ਵੱਲੋਂ ਇਸ ਮੀਟਿੰਗ ਵਿੱਚ ਹਾਜਰ ਹੋਏ ਵਾਰਡ ਡਿਫੈਂਸ਼ ਕਮੇਟੀ ਦੇ ਮੈਂਬਰ ਅਤੇ ਵਾਰਡ ਵਾਸੀਆਂ ਦਾ ਧੰਨਵਾਦ ਕੀਤਾ ਗਿਆਅਤੇਮੀਟਿੰਗਦੀਸਮਾਪਤੀਕੀਤੀਗਈ। ਇਸ ਮੌਕੇ ਹਰਮਿੰਦਰ ਸਿੰਘ ਐਸ.ਐਚ.ਓ.ਥਾਣੀ ਖਨੌਰੀ,ਹਰਬੰਸ ਲਾਲ ਐਮ ਸੀ.ਰਣਜੀਤ ਸਿੰਘ ਨੰਬਰਦਾਰ, ਬਲਵਿੰਦਰ ਸਿੰਘ ਐਮ.ਸੀ. ਜਸਵਿੰਦਰ ਸਿੰਘ ਠੇਕੇਦਾਰ,ਸੱਤਪਾਲ,ਹਰਦੀਪ ਸਿੰਘ ਕਲਰਕ,ਡਿਪਟੀ ਕੁਮਾਰ ਕਲਰਕ,ਸੁੰਦਰ, ਗੁਰਪ੍ਰੀਤ ਸਿੰਘ, ਸਰਬਜੀਤ ਸਿੰਘ, ਹਾਜ਼ਰ ਹੋਏ।

# ਭਾਈ ਗੁਰਦਾਸ ਬੀ.ਐੱਡ.ਕਾਲਜ ਦੇ ਵਿਦਿਆਰਥੀਆਂ ਨੇ ਮਾਰੀਆਂ ਵੱਡੀਆਂ ਮੱਲਾਂ, ਨਤੀਜਾ 100 ਫੀਸਦ ਰਿਹਾ

ਸੰਗਰੂਰ, 27 ਅਗਸਤ (ਹਰਕੰਵਲ ਸਿੰਘ ਹੈਪੀ):ਮਾਲਵੇ ਵਿੱਚ ਚੋਟੀ ਦੇ ਸਿੱਖਿਅਤ ਸੰਸਥਾਨ ਭਾਈ ਗੁਰਦਾਸ ਦੇ ਵਿਦਿਆਰਥੀਆਂ ਨੇ ਇੱਕ ਵਾਰ ਫ਼ੇਰ ਤੋਂ ਵੱਡਾ ਮਾਰਕਾ ਮਾਰਦਿਆਂ ਪੰਜਾਬੀ ਯੂਨੀਵਰਸਿਟੀ,ਪਟਿਆਲਾ ਵੱਲੋਂ ਬੀ.ਐਡ. ਸਮੈਸਟਰ ਚੌਥਾ ਦੇ ਐਲਾਨੇ ਨਤੀਜਿਆ ਵਿੱਚ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ਼ਾਨਦਾਰ ਪ੍ਰਦਰਸ਼ਨ ਕਰ ਸੌ ਫ਼ੀਸਦੀ ਨਤੀਜਾ ਹਾਸਲ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ।ਕਇਹਨਾਂ ਨਤੀਜਿਆ ਉੱਤੇ ਗਦ ਗਦ ਹੋਏ ਡਾ. ਗੁਨਿੰਦਰਜੀਤ ਸਿੰਘ ਜਵੰਧਾ ਚੇਅਰਮੈਨ ਗੁਰਦਾਸ ਗਰੁੱਪ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਦੱਸਿਆ ਕਿ 2015 ਤੋਂ ਸਥਾਪਿਤ ਇਸ ਬੀ.ਐਡ. ਕਾਲਜ ਦੇ ਤਕਰੀਬਨ 150 ਤੋਂ ਜਿਆਦਾ ਵਿਦਿਆਰਥੀਆਂ ਨੇ ਪੰਜਾਬ ਟੀਚਰ ਯੋਗਤਾ ਟੈਸਟ ਪਾਸ ਕਰਕੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆਂ ਵਿੱਚ ਬਤੌਰ ਸਰਕਾਰੀ ਅਧਿਆਪਕ ਨਿਯੁਕਤ ਹੋਏ ਹਨ ਅਤੇ ਸਿੱਖਿਆ ਦੇ ਖੇਤਰ ਵਿੱਚ ਆਪਣਾ ਵੱਡਾ ਯੋਗਦਾਨ ਪਾ ਰਹੇ ਹਨ। ਕਾਲਜ ਦੇ ਉੱਤਮ ਵਿੱਦਿਅਕ ਵਾਤਾਵਰਨ, ਪ੍ਰਿੰਸੀਪਲ, ਸਟਾਫ ਅਤੇ





ਭਾਈ ਗੁਰਦਾਸ ਗਰੁੱਪ ਆਫ ਇੰਸਟੀਚਿਊਸਨਜ ਨੇ ਦੱਸਿਆ ਕਿ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਇਸ ਵਾਰ ਵੀ ਕਾਲਜ ਦਾ ਨਤੀਜਾ ਸੌ ਫੀਸਦੀ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਾਲਜ ਦੀ ਵਿਦਿਆਰਥਣ ਸੀਮਾ ਕਪੂਰ ਨੇ 82.80 ਫ਼ੀਸਦੀ ਅੰਕ ਹਾਸਲ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਸ ਤੋਂ ਇਲਾਵਾ ਵਿਦਿਆਰਥਣ ਪ੍ਰਿਯੰਕਾ ਮਿੱਤਲ ਨੇ 82.40 ਫ਼ੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਅਤੇ ਵਿਦਿਆਰਥੀ ਮਨਦੀਪ ਕੌਰ ਅਤੇ ਹਰਕਮਲ ਕੌਰ ਨੇ 81.80 ਫ਼ੀਸਦੀ ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਕਾਲਜ ਦੇ 60 ਵਿਦਿਆਰਥੀਆਂ ਨੇ 75 ਫ਼ੀਸਦੀ ਤੋ ਵੱਧ ਅੰਕ ਪ੍ਰਾਪਤ ਕਰਕੇ ਕਾਲਜ ਦਾ ਨਾਮ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਭਾਈ ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ ਉੱਤੇ ਮਾਣ ਮਹਿਸੂਸ ਕਰਦੇ ਹੋਏ ਚੇਅਰਮੈਨ ਡਾ.ਗੁਨਿੰਦਰਜੀਤ ਸਿੰਘ ਜਵੰਧਾ ਨੇ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਕਾਲਜ ਦੇ ਵਿਦਿਆਰਥੀ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਉਪਲੱਬਧੀਆ ਹਾਸਲ ਕਰਨਗੇ। ਇਸ ਮੌਕੇ ਤੇ ਭਾਈ ਗੁਰਦਾਸ ਗਰੁੱਪ ਦੇ ਸਕੱਤਰ ਸ੍ਰੀਮਤੀ ਬਲਜਿੰਦਰ ਕੌਰ ਜਵੰਧਾ ਅਤੇ ਮੈਨੇਜਿੰਗ ਡਾਇਰੈਕਟਰ ਡਾ.ਸੁਵਰੀਤ ਕੌਰ ਜਵੰਧਾ ਨੇ ਨਤੀਜਿਆਂ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਅੰਤ ਵਿੱਚ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਦੱਸਿਆ ਕਿ ਸ਼ੈਸ਼ਨ 2025-26 ਦੇ ਬੀ.ਐਡ. ਕੋਰਸ ਲਈ ਕਾਲਜ ਵਿੱਚ ਦਾਖਲੇ ਸ਼ੁਰੂ ਹਨ ਅਤੇ ਦਾਖਲਿਆਂ ਪ੍ਰਤੀ ਬੱਚਿਆ ਵਿੱਚ ਕਾਫ਼ੀ ਉਤਸ਼ਾਹ ਦੇਖਿਆ ਜਾ ਰਿਹਾ ਹੈ।

# ਪਰਸ ਵਾਪਸ ਕਰਕੇ ਇਮਾਨਦਾਰੀ ਦਿਖਾਈ



ਧੂਰੀ, 27 ਅਗਸਤ (ਰਾਜੇਸ਼ਵਰ ਪਿੰਟੂ, ਅਮਨ ਗਰਗ):ਇਨਸਾਨੀਅਤ ਦੀ ਇੱਕ ਵੱਡੀ ਮਿਸਾਲ ਪੇਸ਼ ਕਰਦਿਆਂ ਪਿੰਡ ਸਾਰੋਂ ਦੇ ਰਹਿਣ ਵਾਲੇ ਜਸਪਾਲ ਸਿੰਘ ਭੁੱਲਰ ਨੇ ਜਿਲ੍ਹਾ ਪ੍ਰੀਸ਼ਦ ਮੈਂਬਰ ਇੰਦਰਪਾਲ ਸਿੰਘ ਕਹੇਰੂ ਦਾ ਪਰਸ ਵਾਪਸ ਕਰਕੇ ਲੋਕਾਂ ਦੇ ਦਿਲ ਜਿੱਤ ਲਏ ਹਨ। ਦਰਅਸਲ ਬੀਤੇ ਦਿਨੀਂ ਇੰਦਰਪਾਲ ਸਿੰਘ ਕਹੇਰੂ ਦੀ ਇੱਕ ਮੀਟਿੰਗ ਦੌਰਾਨ ਉਨ੍ਹਾਂ ਦਾ ਪਰਸ ਗੁੰਮ ਹੋ ਗਿਆ ਸੀ, ਜਿਸ ਵਿੱਚ ਕਈ ਅਹਿਮ ਦਸਤਾਵੇਜ਼ ਤੇ ਨਿੱਜੀ ਕਾਗਜ਼ ਸਨ। ਇਹ ਖ਼ਬਰ ਜਦੋਂ ਸੋਸ਼ਲ ਮੀਡੀਆ 'ਤੇ ਫੈਲੀ ਤਾਂ ਨੇੜਲੇ ਪਿੰਡ ਸਾਰੋਂ ਦੇ ਨਿਵਾਸੀ ਜਸਪਾਲ ਸਿੰਘ ਭੁੱਲਰ ਨੂੰ ਇਹ ਪਰਸ ਮਿਲਿਆ। ਬਿਨਾਂ ਕਿਸੇ ਲਾਲਚ ਜਾਂ ਲਾਭ ਦੀ ਸੋਚ ਰੱਖਦੇ ਹੋਏ ਉਨ੍ਹਾਂ ਨੇ ਇਹ ਪਰਸ ਸ੍ਰੀ ਇੰਦਰਪਾਲ ਸਿੰਘ ਗੋਲਡੀ ਨੂੰ ਸੌਂਪ ਦਿੱਤਾ। ਪਰਸ ਮਿਲਣ 'ਤੇ ਇੰਦਰਪਾਲ ਸਿੰਘ ਨੇ ਰਾਹਤ ਦੀ ਸਾਹ ਲੈਂਦਿਆਂ ਕਿਹਾ ਕਿ ਇਸ ਵਿੱਚ ਮੌਜੂਦ ਕਈ ਮਹੱਤਵਪੂਰਨ ਦਸਤਾਵੇਜ਼ ਦੁਬਾਰਾ ਬਣਾਉਣਾ ਬਹੁਤ ਔਖਾ ਸੀ। ਉਨ੍ਹਾਂ ਨੇ ਜਸਪਾਲ ਸਿੰਘ ਦੀ ਸੱਚਾਈ ਅਤੇ ਨੇਕਦਿਲੀ ਲਈ ਖ਼ਾਸ ਧੰਨਵਾਦ ਵੀ ਕੀਤਾ।ਇਹ ਘਟਨਾ ਸਾਬਤ ਕਰਦੀ ਹੈ ਕਿ ਅੱਜ ਵੀ ਸਮਾਜ ਵਿੱਚ ਇਨਸਾਨੀਅਤ, ਸੱਚਾਈ ਅਤੇ ਇਮਾਨਦਾਰੀ ਜਿਊਂਦੀ ਹੈ। ਜਸਪਾਲ ਸਿੰਘ ਭੁੱਲਰ ਵਰਗੇ ਲੋਕ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਹਨ।

# ਸਮਾਜ ਲਈ ਚੰਗੇ ਅਧਿਆਪਕ ਤਿਆਰ ਕਰਨਾ ਸੰਸਥਾ ਦੀ ਨੈਤਿਕ ਜ਼ਿੰਮੇਵਾਰੀ : ਗੁਰਵਿੰਦਰ ਸਿੰਘ



ਬਠਿੰਡਾ,27 ਅਗਸਤ (ਜਗਸੀਰ ਭੁੱਲਰ):ਲੜਕੀਆਂ ਦੀ ਸਿੱਖਿਆ ਨੂੰ ਸਮਰਪਿਤ ਇਲਾਕੇ ਦੀ ਨਾਮਵਰ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੇ ਐਜੂਕੇਸ਼ਨ ਕਾਲਜ ਦਾ ਨਤੀਜਾ ਅਵੱਲ ਰਿਹਾ । ਚੇਅਰਮੈਨ ਕੁਲਵੰਤ ਸਿੰਘ ਸਿੱਧੂ ਅਤੇ ਮੈਨੇਜਿੰਗ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਯੂਨੀਵਰਸਿਟੀ ਦੇ ਵੱਲੋਂ ਐਲਾਨੇ ਗਏ ਨਤੀਜਿਆਂ ਉੱਪਰ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਸਾਡੀ ਹਮੇਸ਼ਾ ਹੀ ਇਹ ਕੋਸ਼ਿਸ਼ ਰਹੀ ਹੈ ਕਿ ਅਸੀਂ ਐਜੂਕੇਸ਼ਨ ਕੋਰਸ਼ ਵਾਲੇ ਵਿਦਿਆਰਥੀਆਂ ਵਿੱਚੋਂ ਸਮਾਜ ਲਈ ਇੱਕ ਬਿਹਤਰੀਨ ਅਧਿਆਪਕ ਤਿਆਰ ਕਰਕੇ ਅੱਜ ਦੇ ਵਿਦਿਆਰਥੀਆਂ ਦਾ ਸੁਨਿਹਰਾ ਭਵਿੱਖ ਬਣਾਉਣ ਨੂੰ ਤਰਜੀਹ ਦਿੰਦੇ ਹਾਂ। ਸੰਸਥਾ ਦੇ ਡਾਇਰੈਕਟਰ ਐਡਮਿਨਿਸਟਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਇਹਨਾਂ ਬਿਹਤਰੀਨ ਨਤੀਜਿਆਂ ਲਈ ਸੰਸਥਾ ਦੇ ਪ੍ਰਿੰਸੀਪਲ, ਸਟਾਫ਼, ਵਿਦਿਆਰਥੀ ਅਤੇ ਮਾਪਿਆ ਨੂੰ ਵਧਾਈ ਦਿੰਦੇ ਹਾਂ ਅਤੇ ਭਵਿੱਖ ਵਿੱਚ ਇਹ ਕਾਮਨਾ ਕਰਦੇ ਹਾਂ ਕਿ ਸਾਡੇ ਵਿਦਿਆਰਥੀ ਹਮੇਸਾ ਚੰਗੇ ਨਤੀਜੇ ਲਿਆਉਣ ਵਿੱਚ ਸਫਲ ਹੋਣ। ਸੰਸਥਾ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਕਿਹਾ ਕਿ ਸਾਡੇ ਅਧਿਆਪਕਾਂ ਦੀ ਹਮੇਸ਼ਾ ਇਹੀ ਕੋਸ਼ਿਸ਼ ਰਹੀ ਹੈ ਕਿ ਅਸ਼ੀਂ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰੀਏ ਅਤੇ ਉਹਨਾਂ ਨੂੰ ਨੈਤਿਕ ਤੌਰ ਤੇ ਮਜਬੂਤ ਕਰਕੇ ਸਮਾਜ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਭਵਿੱਖ ਨੂੰ ਉਜਵੱਲ ਬਣਾਉਣ ਵਿੱਚ ਕਾਮਯਾਬ ਹੋਈਏ। ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਅਤੇ ਖਜਾਨਚੀ ਮੈਡਮ ਪ੍ਰਸ਼ੋਤਮ ਕੌਰ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਇਹਨਾਂ ਸਾਨਦਾਰ ਨਤੀਜਿਆਂ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਐਜੂਕੇਸ਼ਨ ਵਿਭਾਗ ਦੇ ਮੁੱਖੀ ਪ੍ਰੋ. ਮਨਪ੍ਰੀਤ ਕੌਰ ਨੇ ਵਿਸਤਾਰ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰਕਿਰਨ ਕੌਰ ਪੁੱਤਰੀ ਭਰਤਾਰ ਸਿੰਘ ਨੇ 82.4% ਅੰਕ ਪ੍ਰਾਪਤ ਪਹਿਲੀ ਪੁਜੀਸ਼ਨ, ਮਨਦੀਪ ਕੌਰ ਪੁੱਤਰੀ ਜਰਨੈਲ ਸਿੰਘ ਨੇ 82% ਨੇ ਦੂਜੀ ਪੁਜੀਸ਼ਨ ਅਤੇ ਵੀਰਦੀਪ ਕੌਰ ਪੁੱਤਰੀ ਬਰਮਚੇਤ ਸਿੰਘ ਨੇ 81.8 ਤੀਜੀ ਪੁਜੀਸ਼ਨ ਹਾਸਲ ਕਰਕੇ ਸੰਸਥਾ ਦਾ ਮਾਣ ਵਧਾਇਆ ਅਤੇ ਹਰਦੀਪ ਕੌਰ ਪੁੱਤਰੀ ਗੁਰਮੇਲ ਸਿੰਘ, ਗੁਰਮੀਤ ਕੌਰ ਪੁੱਤਰੀ ਭੋਲਾ ਸਿੰਘ, ਸੁਖਪ੍ਰੀਤ ਕੌਰ ਪੁੱਤਰੀ ਮੋਹਨ ਸਿੰਘ, ਮੋਨਿਕਾ ਆਹੁਜਾ ਪੁੱਤਰੀ ਰਾਜੀਵ ਕੁਮਾਰ, ਵੀਰਪਾਲ ਕੌਰ ਪੁੱਤਰੀ ਗੁਰਜੰਟ ਸਿੰਘ, ਕੋਮਲ ਗਰਗ ਪੁੱਤਰੀ ਵਿਨੈ ਕੁਮਾਰ, ਇੰਦਰਜੀਤ ਕੌਰ ਪੁੱਤਰੀ ਅਮਰਪਾਲ ਸਿੰਘ ਵਿਦਿਆਰਥਣਾਂ ਨੇ ਪਹਿਲੀਆਂ ਦਸ ਪੁਜੀਸ਼ਨਾ ਵਿੱਚ ਆਪਣਾ ਨਾਮ ਦਰਜ ਕਰਵਾਇਆ । ਇਸ ਮੌਕੇ ਸੀਨੀਅਰ ਪ੍ਰੋ. ਜਸਵਿੰਦਰ ਸਿੰਘ, ਸੀਨੀਅਰ ਪ੍ਰੋ. ਰਬਿੰਦਰ ਸ਼ਰਮਾ, ਸੀਨੀਅਰ ਪ੍ਰੋ. ਰਾਜਵਿੰਦਰ ਸਿੰਘ, ਪ੍ਰੋ. ਕਰਨਵੀਰ ਸਿੰਘ, ਪ੍ਰੋ. ਜਗਜੀਤ ਸਿੰਘ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਹਰਸ਼ ਰਾਣੀ, ਸੀਨੀਅਰ ਪ੍ਰੋ. ਰਣਜੀਤ ਕੌਰ, ਪ੍ਰੋ. ਅਮਨਦੀਪ ਸ਼ਰਮਾ, ਪ੍ਰੋ. ਅਮਨਦੀਪ ਕੌਰ ਫੈਸ਼ਨ ਡਿਜ਼ਾਇਨਿੰਗ, ਪ੍ਰੋ. ਵੀਰਇੰਦਰ ਕੌਰ, ਪ੍ਰੋ. ਸੁਖਪਾਲ ਕੌਰ, ਪ੍ਰੋ. ਕਿਰਨ ਖਾਂਨ, ਪ੍ਰੋ. ਕਿਰਨਜੀਤ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਗਗਨਦੀਪ ਕੌਰ, ਪ੍ਰੋ. ਰੁਪਿੰਦਰ ਕੌਰ, ਪ੍ਰੋ. ਮਨਿੰਦਰ ਕੌਰ, ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਅਮਨਦੀਪ ਕੌਰ ਕੰਪਿਊਟਰ ਸਾਇੰਸ, ਆਦਿ ਵੀ ਖੁਸ਼ੀ ਜਾਹਰ ਕਰਦਿਆ ਮੁਬਾਰਕਬਾਦ ਦਿੱਤੀ।

# ਅਰਨੋ ਸਕੂਲ ਦੀਆਂ ਕੁੜੀਆਂ ਨੇ ਨੈਸ਼ਨਲ ਸਰਕਲ ਸਟਾਈ ਕੱਬਡੀ ਵਿੱਚ ਬੱਲੇ-ਬੱਲੇ ਕਰਵਾਈ



ਅਰਨੋ, 27 ਅਗਸਤ (ਕਰਮਵੀਰ ਸਿੰਘ): ਪੰਜਾਬ ਸਰਕਾਰ ਦੀ ਹਦਾਇਤਾ ਅਨੁਸਾਰ ਜ਼ੋਨ ਪੱਧਰੀ ਖੇਡਾਂ ਸਰਕਾਰੀ ਹਾਈ ਸਕੂਲ ਭੂਤਗੜ 19-08-2025 ਸੁਰੂ ਹੋਇਆ ਸੀ। ਇਨ੍ਹਾਂ ਖੇਡਾਂ ਵਿੱਚ ਬਹੁਤ ਸਕੂਲਾਂ ਦੇ ਬੱਚਿਆਂ ਨੇ ਹਿੱਸਾ ਲਿਆ ਸੀ, ਸ.ਸ.ਸ.ਸ.ਅਰਨੋ ਦੇ ਸਕੂਲ ਵਿੱਚ ਪੜ੍ਹਦੀ ਲੜਕੀਆ ਨੇ ਨੈਸ਼ਨਲ ਸਟਾਈਲ ਕਬੱਡੀ ਵਿੱਚ 30 ਗੋਲਡ ਮੈਡਲ,12 ਸਿਲਵਰ ਮੈਡਲ ਜਿੱਤੇ 14 ਸਾਲ ਪਹਿਲਾਂ,17 ਸਾਲ ਦੂਜਾ ਸਥਾਨ ਪ੍ਰਾਪਤ ਕੀਤਾ , ਇਨ੍ਹਾਂ ਬੱਚਿਆਂ ਨੇ ਆਪਣੇ ਮਾਤਾ ਪਿਤਾ ਤੇ ਅਧਿਆਪਕਾਂ ਦਾ ਨਾਮ ਅਤੇ ਸਕੂਲ ਦਾ ਨਾਮ ਰੋਸ਼ਨ ਕੀਤਾ, ਸਕੂਲ ਇੰਚਾਰਜ ਸ੍ਰੀ ਕਰਨੈਲ ਸਿੰਘ ਨੇ ਲੜਕੀਆਂ ਦਾ ਭਰਵਾਂ ਸਵਾਗਤ ਕੀਤਾ ਗਿਆ, ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ.ਪੀ.ਈ. ਜਗਵੀਰ ਸਿੰਘ ਨੇ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਖੇਡਾਂ ਦਾ ਵੀ ਬੱਚਿਆਂ ਦੀ ਜਿੰਦਗੀ ਵਿੱਚ ਬਹੁਤ ਮਹੱਤਵ ਹੈ। ਖੇਡਾਂ ਨਾਲ ਬੱਚਿਆਂ ਦਾ ਮਾਨਸਿਕ ਤੇ ਸਰੀਰਕ ਵਿਕਾਸ ਹੁੰਦਾ ਹੈ। ਖੇਡਾਂ ਵਿੱਚ ਭਾਗ ਲੈਣ ਨਾਲ ਬੱਚਿਆਂ ਵਿੱਚ ਅਨੁਸ਼ਾਸਨ ਦੀ ਭਾਵਨਾ ਪੈਦਾ ਹੁੰਦੀ ਹੈ ਤੇ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕਰਕੇ ਬੱਚੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਵੀ ਰੋਸਨ ਕਰਦੇ ਹਨ। ਇਸ ਮੌਕੇ ਪ੍ਰਿੰਸੀਪਲ ਰਾਮਬਿਲਾਸ ਮਿਤਲ, ਗੁਰਪ੍ਰੀਤ ਸਿੰਘ ਪੀ.ਟੀ., ਵਿਕਾਸ ਕੁਮਾਰ ਲੈਫ਼ੀਜੀ ਏਜੁਕੇਸਨ ਤੇ ਸਮੂਹ ਸਟਾਫ ਹਾਜ਼ਰ ਸਨ।

# ਮਾਤਾ ਗੁਜਰੀ ਕਾਲਜ ਵਿਖੇ ਰੈਗਿੰਗ ਵਿਰੋਧੀ ਮੁਹਿੰਮ



ਫ਼ਤਹਿਗੜ੍ਹ ਸਾਹਿਬ, 27 ਅਗਸਤ (ਹਰਪ੍ਰੀਤ ਕੌਰ ਟਿਵਾਣਾ):ਮਾਤਾ ਗੁਜਰੀ ਕਾਲਜ ਦੇ ਫ਼ਾਈਨ ਆਰਟਸ ਵਿਭਾਗ ਨੇ ਕਾਲਜ ਦੀ ਇੰਗਲਿਸ਼ ਲਿਟਰੇਰੀ ਸੁਸਾਇਟੀ ਦੇ ਸਹਿਯੋਗ ਨਾਲ ਰੈਗਿੰਗ ਵਿਰੁੱਧ ਜਾਗਰੂਕਤਾ ਫੈਲਾਉਣ 'ਤੇ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ। ਕਾਲਜ ਦੇ ਐਂਟੀ-ਰੈਗਿੰਗ ਸੈੱਲ ਦੁਆਰਾ ਸੰਚਾਲਿਤ ਇਸ ਪ੍ਰੋਗਰਾਮ ਵਿੱਚ ਰੈਗਿੰਗ ਨੂੰ ਨਾਂਹ ਥੀਮ ਤਹਿਤ ਪੋਸਟਰ ਬਣਾਉਣ ਅਤੇ ਸਲੋਗਨ ਲਿਖਣ ਦਾ ਮੁਕਾਬਲਾ ਕਰਵਾਇਆ ਗਿਆ। ਇਸ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਕੁੱਲ 56 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਵਿੱਚ ਉਨ੍ਹਾਂ ਨੇ ਖ਼ੂਬਸੂਰਤ ਕਲਾਕ੍ਰਿਤੀਆਂ ਰਾਹੀਂ ਆਪਣੀ ਸਿਰਜਣਾਤਮਕਤਾ ਤੇ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਾਤਾ ਗੁਜਰੀ ਕਾਲਜ ਦਾ ਕੈਂਪਸ ਰੈਗਿੰਗ ਮੁਕਤ ਕੈਂਪਸ ਹੈ ਅਤੇ ਕਾਲਜ ਵਿਦਿਆਰਥੀਆਂ ਨੂੰ ਇੱਕ ਸ਼ਾਂਤ ਅਤੇ ਸੁਰੱਖਿਆਤਮਕ ਅਕਾਦਮਿਕ ਵਾਤਾਵਰਣ ਪ੍ਰਦਾਨ ਕਰਨ ਲਈ ਵਚਨਬੱਧ ਹੈ। ਕਾਲਜ ਦੇ ਵਾਈਸ ਪ੍ਰਿੰਸੀਪਲ ਅਤੇ ਐਂਟੀ-ਰੈਗਿੰਗ ਸੈੱਲ ਦੇ ਕਨਵੀਨਰ ਡਾ. ਹਰਵੀਨ ਕੌਰ ਨੇ ਐਂਟੀ ਰੈਗਿੰਗ ਸਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਦਿਆਂ ਵਿਦਿਆਰਥੀਆਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਦੇ ਸਮਾਧਾਨ ਲਈ ਕਾਲਜ ਵਿੱਚ ਸਥਾਪਿਤ ਐਂਟੀ ਰੈਗਿੰਗ ਸੈੱਲ ਦੀ ਭੂਮਿਕਾ ਤੋਂ ਜਾਣੂ ਕਰਵਾਇਆ।ਇਨ੍ਹਾਂ ਮੁਕਾਬਲਿਆਂ ਵਿੱਚ ਬੀ.ਏ. ਭਾਗ ਦੂਸਰਾ ਦੀ ਹਰਪ੍ਰੀਤ ਕੌਰ ਨੇ ਪਹਿਲਾ ਸਥਾਨ, ਬੀ.ਏ. ਭਾਗ ਤੀਸਰਾ ਦੀ ਸੁਮਨ ਨੇ ਦੂਸਰਾ ਸਥਾਨ ਅਤੇ ਬੀ.ਏ. ਭਾਗ ਪਹਿਲਾ ਦੇ ਜਸ਼ਨਪ੍ਰੀਤ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਬੀ.ਏ. ਭਾਗ ਦੂਸਰਾ ਦੀ ਸਿਮਰਜੀਤ ਕੌਰ ਅਤੇ ਬੀ.ਏ. ਤੀਸਰਾ ਦੀ ਵੰਦਨਾ ਨੇ ਕੰਸੋਲੇਸ਼ਨ ਪੁਰਸਕਾਰ ਪ੍ਰਾਪਤ ਕੀਤਾ।ਇਸ ਸਮਾਗਮ ਵਿੱਚ ਫਾਈਨ ਆਰਟਸ ਵਿਭਾਗ ਦੇ ਮੁਖੀ ਡਾ. ਅਵਨੀਤ ਕੌਰ, ਇੰਗਲਿਸ਼ ਲਿਟਰੇਰੀ ਸੁਸਾਇਟੀ ਦੇ ਕਨਵੀਨਰ ਡਾ. ਮਨਿੰਦਰ ਕੈਂਥ, ਫਾਈਨ ਆਰਟਸ ਵਿਭਾਗ ਤੋਂ ਪ੍ਰੋ. ਬਨਿੰਦਰ ਕੌਰ, ਅੰਗਰੇਜ਼ੀ ਵਿਭਾਗ ਤੋਂ ਪ੍ਰੋ. ਹਰਬੀਰ ਕੌਰ, ਪ੍ਰੋ. ਮਨਮੀਤ ਕੌਰ, ਪ੍ਰੋ. ਭਾਗਵਿੰਦਰ ਕੌਰ, ਪ੍ਰੋ. ਅੰਮ੍ਰਿਤ ਕੌਰ ਅਤੇ ਪ੍ਰੋ. ਸਹਿਜਦੀਪ ਕੌਰ ਆਦਿ ਸ਼ਾਮਲ ਹੋਏ।

# ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਨੈਤਿਕ ਸਿੱਖਿਆ ਦਾ ਇਮਤਿਹਾਨ ਦਿੱਤਾ

ਬਠਿੰਡਾ, 27 ਅਗਸਤ ( ਜਗਸੀਰ ਭੁੱਲਰ ): ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ (ਬੀ.ਐਫ.ਜੀ.ਆਈ.) ਦੇ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ ਸਕੂਲ ਕੈਂਪਸ ਵਿੱਚ ਇੱਕ ਨੈਤਿਕ ਸਿੱਖਿਆ ਦੀ ਪ੍ਰੀਖਿਆ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ-ਕੀਮਤਾਂ ਅਤੇ ਸੱਭਿਆਚਾਰਕ ਜਾਗਰੂਕਤਾ ਪੈਦਾ ਕਰਨਾ ਸੀ।ਕੁੱਲ 350 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਨੈਤਿਕ ਸਿੱਖਿਆ ਦੀ ਪ੍ਰੀਖਿਆ ਵਿੱਚ ਹਿੱਸਾ ਲਿਆ। ਇਸ ਪ੍ਰੀਖਿਆ ਦੌਰਾਨ ਉਨ੍ਹਾਂ ਨੇ ਨੈਤਿਕ ਕਦਰਾਂ-ਕੀਮਤਾਂ, ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਬਾਰੇ ਆਪਣੇ ਗਿਆਨ ਅਤੇ ਸਮਝ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦੀ ਅਗਵਾਈ ਤੇ ਪ੍ਰੇਰਨਾ ਸਦਕਾ ਬੜੇ ਉਚੇਚੇ ਢੰਗ ਨਾਲ ਤਿਆਰੀ ਕਰ ਕੇ ਇਹ ਇਮਤਿਹਾਨ ਦਿੱਤਾ। ਇਹ ਪ੍ਰੀਖਿਆ ਇੱਕ ਸ਼ਾਂਤੀਪੂਰਨ ਅਤੇ ਅਨੁਸ਼ਾਸਿਤ ਮਾਹੌਲ ਵਿੱਚ ਕਰਵਾਈ ਗਈ ਜੋ ਪ੍ਰਬੰਧਕੀ ਕਮੇਟੀ ਅਤੇ ਵਿਦਿਆਰਥੀ ਭਾਗੀਦਾਰਾਂ ਦੋਵਾਂ ਦੇ ਸਮਰਪਣ ਨੂੰ ਦਰਸਾਉਂਦੀ ਹੈ।ਸਕੂਲ ਦੇ ਪ੍ਰਿੰਸੀਪਲ ਡਾ. ਬਲਜਿੰਦਰ ਸਿੰਘ ਨੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਅੰਦਰ ਨੈਤਿਕ ਸਿੱਖਿਆ ਇਮਤਿਹਾਨ ਦੇਣ ਦੀ ਰੁਚੀ ਪ੍ਰਫੁੱਲਤ ਹੋਣਾ ਬਹੁਤ ਹੀ ਫ਼ਖਰ ਵਾਲੀ ਗੱਲ ਹੈ। ਉਨ੍ਹਾਂ ਨੇ ਇਸ ਅਰਥਪੂਰਨ ਸਮਾਗਮ ਨੂੰ ਆਯੋਜਿਤ ਕਰਨ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਟੀਮ ਦਾ ਉਨ੍ਹਾਂ ਦੇ ਸਮਰਥਨ ਅਤੇ ਮਾਰਗਦਰਸ਼ਨ ਲਈ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਲਈ ਵੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਨੈਤਿਕ ਅਤੇ ਅਧਿਆਤਮਿਕ ਸਿਧਾਂਤਾਂ ਬਾਰੇ ਸਿੱਖਦੇ ਰਹਿਣ ਲਈ ਉਤਸ਼ਾਹਿਤ ਕੀਤਾ।ਬੀ.ਐਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਅਤੇ ਕੈਂਪਸ ਡਾਇਰੈਕਟਰ ਪ੍ਰੋ.(ਡਾ.) ਐਮ.ਪੀ .ਪੂਨੀਆ ਨੇ ਕਿਹਾ ਕਿ ਬੱਚਿਆਂ ਦੀ ਸਰਵਪੱਖੀ ਸ਼ਖਸੀਅਤ ਦੇ ਵਿਕਾਸ ਲਈ ਅਜਿਹੇ ਉਪਰਾਲੇ ਬਹੁਤ ਹੀ ਕਾਰਗਾਰ ਸਿੱਧ ਹੁੰਦੇ ਹਨ।

# ਉਦਯੋਗ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਸੂਬਾ ਸਰਕਾਰ ਵਚਨਬੱਧ ਅਤੇ ਯਤਨਸ਼ੀਲ : ਸੰਜੀਵ ਅਰੋੜਾ



ਬਠਿੰਡਾ, 27 ਅਗਸਤ (ਜਗਸੀਰ ਭੁੱਲਰ): ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਉਦਯੋਗ ਨੂੰ ਹੋਰ ਪ੍ਰਫੁਲਿਤ ਕਰਨ ਲਈ ਪੂਰੀ ਤਰ੍ਹਾਂ ਵਚਨਵੱਧ ਤੇ ਯਤਨਸ਼ੀਲ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਉਦਯੋਗ, ਵਣਜ, ਨਿਵੇਸ਼ ਪ੍ਰੋਤਸਾਹਨ ਅਤੇ ਬਿਜਲੀ ਮੰਤਰੀ ਪੰਜਾਬ ਸ੍ਰੀ ਸੰਜੀਵ ਅਰੋੜਾ ਨੇ ਅੱਜ ਇਥੇ ਰਾਈਜਿੰਗ ਪੰਜਾਬ ਸੁਝਾਅ ਤੋਂ ਹੱਲ ਤੱਕ ਸਮਾਗਮ ਦੌਰਾਨ ਬਠਿੰਡਾ ਸਮੇਤ ਆਸ-ਪਾਸ ਦੇ 7 ਜ਼ਿਲ੍ਹਿਆਂ ਦੇ ਉਦਯੋਗਪਤੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਸ ਜਗਰੂਪ ਸਿੰਘ ਗਿੱਲ, ਵਿਧਾਇਕ ਭੁੱਚੋਂ ਮੰਡੀ ਮਾਸਟਰ ਜਗਸੀਰ ਸਿੰਘ, ਵਿਧਾਇਕ ਮੌੜ ਸ. ਸੁਖਬੀਰ ਸਿੰਘ ਮਾਈਸਰਖਾਨਾ, ਮੇਅਰ ਨਗਰ ਨਿਗਮ ਸ਼੍ਰੀ ਪਦਮਜੀਤ ਸਿੰਘ ਮਹਿਤਾ, ਉਦਯੋਗ ਤੇ ਕਮਰਸ ਵਿਭਾਗ ਪੰਜਾਬ ਦੇ ਪ੍ਰਬੰਧਕੀ ਸਕੱਤਰ ਸ਼੍ਰੀ ਕਮਲ ਕਿਸ਼ੋਰ ਯਾਦਵ, ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ, ਐਸਐਸਪੀ ਮੈਡਮ ਅਮਨੀਤ ਕੌਂਡਲ ਤੇ ਚੇਅਰਮੈਨ ਪੀ.ਐਸ.ਆਈ.ਈ.ਸੀ. ਸ. ਦਲਬੀਰ ਸਿੰਘ ਢਿੱਲੋਂ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਕਿਹਾ ਕਿ ਵਪਾਰ ਨੂੰ ਉਤਸ਼ਾਹਿਤ ਕਰਨ ਅਤੇ ਨਵੀਨਤਾਵਾਂ ਨੂੰ ਪ੍ਰਦਰਸ਼ਿਤ ਕਰਨ ਲਈ ਜਲਦੀ ਹੀ ਮੋਹਾਲੀ, ਲੁਧਿਆਣਾ ਤੇ ਅੰਮ੍ਰਿਤਸਰ ਵਿੱਚ ਪ੍ਰਦਰਸ਼ਨੀ-ਕਮ-ਕਨਵੈਨਸ਼ਨ ਸੈਂਟਰ ਸਥਾਪਤ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ (ਪੀ.ਐਸ.ਆਈ.ਈ.ਸੀ.) ਨੇ ਫੋਕਲ ਪੁਆਇੰਟਾਂ ਵਿੱਚ ਬੁਨਿਆਦੀ ਢਾਂਚੇ ਦੇ ਅਪਗ੍ਰੇਡ ਲਈ 100 ਕਰੋੜ ਰੁਪਏ ਅਲਾਟ ਕੀਤੇ ਹਨ, ਜਿਨ੍ਹਾਂ 'ਚੋਂ 70 ਕਰੋੜ ਰੁਪਏ ਦੇ ਟੈਂਡਰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ, ਜਦੋਂ ਕਿ ਬਾਕੀ 30 ਕਰੋੜ ਰੁਪਏ ਪ੍ਰਕਿਰਿਆ ਅਧੀਨ ਹਨ।ਇਸ ਦੌਰਾਨ ਕੈਬਨਿਟ ਮੰਤਰੀ ਸ਼੍ਰੀ ਸੰਜੀਵ ਅਰੋੜਾ ਨੇ ਕਿਹਾ ਕਿ ਪਿਛਲੇ ਪੰਜ ਮਹੀਨਿਆਂ ਵਿੱਚ 222 ਕਰੋੜ ਰੁਪਏ ਦੇ ਪ੍ਰੋਤਸਾਹਨ ਵੰਡੇ ਗਏ ਹਨ, ਜਦੋਂ ਕਿ ਪਿਛਲੇ ਸਾਲ ਦਿੱਤੇ ਗਏ 90 ਕਰੋੜ ਰੁਪਏ ਦੇ ਸਨ। ਉਨ੍ਹਾਂ ਅੱਗੇ ਕਿਹਾ ਕਿ ਨਵਾਂ ਸਿੰਗਲ-ਵਿੰਡੋ ਪੋਰਟਲ ਹੁਣ 45 ਦਿਨਾਂ ਦੇ ਅੰਦਰ ਉਦਯੋਗ ਪ੍ਰਵਾਨਗੀਆਂ ਨੂੰ ਯਕੀਨੀ ਬਣਾਉਂਦਾ ਹੈ, ਕੁਝ ਪ੍ਰਵਾਨਗੀਆਂ ਤਾਂ ਤੀਜੇ ਜਾਂ ਚੌਥੇ ਦਿਨ ਵੀ ਜਾਰੀ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਕਿਹਾ ਪੰਜਾਬ ਉੱਦਮੀਆਂ ਅਤੇ ਨਿਵੇਸ਼ਕਾਂ ਦਾ ਸਮਰਥਨ ਕਰਕੇ, ਨੌਕਰੀਆਂ ਪੈਦਾ ਕਰਕੇ, ਨਵੇਂ ਉਦਯੋਗਾਂ ਨੂੰ ਆਕਰਸ਼ਿਤ ਕਰਕੇ ਤੇ ਰਾਜ ਦੀ ਆਰਥਿਕਤਾ ਨੂੰ ਮਜ਼ਬੂਤ ਕਰਕੇ ਇੱਕ ਕਾਰੋਬਾਰ-ਅਨੁਕੂਲ ਵਾਤਾਵਰਣ ਪ੍ਰਣਾਲੀ ਬਣਾਉਣ ਲਈ ਵਚਨਬੱਧ ਹੈ। ਇਸ ਦੌਰਾਨ ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਵੱਖ-ਵੱਖ 7 ਜ਼ਿਲ੍ਹਿਆਂ ਤੋਂ ਆਏ ਜਿਥੇ ਵਪਾਰੀਆਂ ਦੇ ਸਵਾਲਾਂ ਦੇ ਢੁੱਕਵੇਂ ਜਵਾਬ ਦਿੱਤੇ ਉਥੇ ਹੀ ਉਨ੍ਹਾਂ ਦੇ ਸੁਝਾਵਾਂ ਨੂੰ ਵੀ ਹੱਲ ਕਰਨ ਦਾ ਭਰੋਸਾ ਦਿਵਾਇਆ।ਇਸ ਦੌਰਾਨ ਕੈਬਨਿਟ ਮੰਤਰੀ ਸ਼੍ਰੀ ਸੰਜੀਵ ਅਰੋੜਾ ਨੇ ਇਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਇੰਡਸਟਰੀਅਲ ਪਾਰਕ ਨੀਤੀ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਅਤੇ ਸਹੂਲਤਾਂ ਪ੍ਰਦਾਨ ਕਰੇਗੀ, ਜਿਸ ਨਾਲ ਉਦਯੋਗਾਂ ਖਾਸ ਕਰਕੇ ਲਾਲ ਸ਼੍ਰੇਣੀ ਦੀਆਂ ਇਕਾਈਆਂ ਲਈ ਆਬਾਦੀ ਵਾਲੇ ਖੇਤਰਾਂ ਤੋਂ ਦੂਰ ਸੁਰੱਖਿਅਤ ਖੇਤਰਾਂ ਵਿੱਚ ਸ਼ਿਫਟ ਹੋਣ ਦਾ ਵਿਕਲਪ ਦੇ ਕੇ ਇੱਕ ਸਹਾਇਕ ਵਾਤਾਵਰਣ ਦੇਵੇਗੀ। ਉਨ੍ਹਾਂ ਇਕ ਹੋਰ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ੇ ਦਾ ਲੱਕ ਤੋੜ ਦਿੱਤਾ ਹੈ, ਇਸ ਨਾਲ ਜਿਥੇ ਨਸ਼ਾ ਕੰਟਰੋਲ ਹੋਇਆ ਹੈ ਉਥੇ ਹੀ ਅਮਨ ਅਤੇ ਕਾਨੂੰਨ ਦੀ ਸਥਿਤੀ ਵੀ ਬਰਕਾਰ ਹੋਈ ਹੈ।

ਇਸ ਤੋਂ ਪਹਿਲਾ ਉਦਯੋਗ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਜਿਥੇ ਸਥਾਨਕ ਇੰਡਸਟਰੀਅਲ ਗ੍ਰੋਥ ਸੈਂਟਰ ਦਾ ਦੌਰਾ ਕਰਕੇ ਜਾਇਜਾ ਲਿਆ ਉਥੇ ਹੀ ਉਨ੍ਹਾਂ ਵਪਾਰੀਆਂ ਦੀਆਂ ਮੁਸ਼ਕਿਲਾਂ ਨੂੰ ਸੁਣਿਆਂ। ਉਨ੍ਹਾਂ ਹਰ ਮੁਸ਼ਕਿਲ ਦਾ ਹੱਲ ਕਰਨ ਲਈ ਯਕੀਨ ਵੀ ਦਿਵਾਇਆ। ਇਸ ਤੋਂ ਪਹਿਲਾ ਕੈਬਨਿਟ ਮੰਤਰੀ ਪੰਜਾਬ ਸ੍ਰੀ ਸੰਜੀਵ ਅਰੋੜਾ ਨੂੰ ਸਥਾਨਕ ਲੇਕ ਵਿਊ ਵਿਖੇ ਪਹੁੰਚਣ 'ਤੇ ਪੰਜਾਬ ਪੁਲਿਸ ਦੀ ਟੁਕੜੀ ਵਲੋਂ ਗਾਰਡ ਆਫ ਆਨਰ ਨਾਲ ਸਨਮਾਨਿਤ ਵੀ ਕੀਤਾ ਗਿਆ।

# ਭਾਸ਼ਾ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲੇ ਮੁਲਤਵੀ

ਬਰਨਾਲਾ, 27 ਅਗਸਤ (ਹਿਮਾਂਸ਼ੂ ਗਰਗ): ਸੂਬੇ 'ਚ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਭਾਸ਼ਾ ਵਿਭਾਗ ਪੰਜਾਬ ਵੱਲੋਂ 29 ਅਗਸਤ 2025 ਦਿਨ ਸ਼ੁੱਕਰਵਾਰ ਨੂੰ ਕਰਵਾਏ ਜਾਣ ਵਾਲੇ ਕਾਲਜਾਂ ਅਤੇ ਸਕੂਲੀ ਵਿਦਿਆਰਥੀਆਂ ਦੇ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲੇ ਹਾਲ ਦੀ ਘੜੀ ਮੁਲਤਵੀ ਕੀਤੇ ਜਾਂਦੇ ਹਨ। ਇਸ ਸਬੰਧੀ ਬਿੰਦਰ ਸਿੰਘ ਖੁੱਡੀ ਕਲਾਂ ਖੋਜ ਅਫ਼ਸਰ ਜ਼ਿਲ੍ਹਾ ਭਾਸ਼ਾ ਦਫ਼ਤਰ ਬਰਨਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੀ ਸਥਿਤੀ ਨੂੰ ਵੇਖਦਿਆਂ ਸੂਬੇ ਦੇ ਸਮੂਹ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਨਿੱਜੀ ਸਕੂਲਾਂ ਵਿੱਚ ਛੁੱਟੀਆਂ ਦਾ ਐਲਾਨ ਕਰਨ ਅਤੇ ਹੜ੍ਹਾਂ ਦੀ ਬਦੌਲਤ ਆਵਾਜਾਈ ਪ੍ਰਭਾਵਿਤ ਹੋਣ ਕਾਰਨ 29 ਅਗਸਤ ਨੂੰ ਕੁਇਜ਼ ਮੁਕਾਬਲੇ ਕਰਵਾਉਣੇ ਸੰਭਵ ਨਹੀਂ ਹਨ। ਉਹਨਾਂ ਦੱਸਿਆ ਕਿ ਡਾਇਰੈਕਟਰ ਭਾਸ਼ਾ ਵਿਭਾਗ , ਪੰਜਾਬ ਵੱਲੋਂ ਪ੍ਰਾਪਤ ਹਦਾਇਤਾਂ ਦੇ ਮੱਦੇਨਜ਼ਰ ਵਿਭਾਗ ਦੇ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲੇ ਹਾਲ ਦੀ ਘੜੀ ਮੁਲਤਵੀ ਕੀਤੇ ਜਾਂਦੇ ਹਨ। ਮੁਕਾਬਲਿਆਂ ਦੀਆਂ ਨਵੀਆਂ ਤਾਰੀਕਾਂ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ। ਨਵੀਆਂ ਮਿਤੀਆਂ ਅਤੇ ਸਥਾਨ ਬਾਰੇ ਵੱਖਰੇ ਤੌਰ 'ਤੇ ਸੂਚਨਾ ਜਾਰੀ ਕੀਤੀ ਜਾਵੇਗੀ।

# ਭਾਰੀ ਮੀਂਹ ਨੇ ਗ਼ਰੀਬ ਪਰਿਵਾਰ 'ਤੇ ਢਾਹਿਆ ਕਹਿਰ

ਭਗਤਾ ਭਾਈ ਕਾ, 27 ਅਗਸਤ (ਸਵਰਨ ਸਿੰਘ ਭਗਤਾ): ਪਿਛਲੇ ਦੋ ਦਿਨਾਂ ਲਗਾਤਾਰ ਹੋ ਰਹੀ ਭਾਰੀ ਮੀਂਹ ਲੋਕਾਂ ਲਈ ਵੱਡੀ ਆਫਤ ਬਣਿਆ ਰਿਹਾ ਇਸੇ ਹੀ ਆਫਤ ਕਰਕੇ ਭਗਤਾ ਭਾਈ ਦੀ ਸੇਲਵਰਾ ਪੱਤੀ ਵਿਖੇ ਦੇ ਇੱਕ ਗਰੀਬ ਮਿਹਨਤਕਸ਼ ਪਰਿਵਾਰ ਉੱਤੇ ਵੱਡਾ ਕਹਿਰ ਟੁੱਟਿਆ ਜਦ ਕਿ ਦਿਹਾੜੀਦਾਰ ਮਜ਼ਦੂਰ ਅੰਮ੍ਰਿਤ ਪਾਲ ਸਿੰਘ ਦੀ ਪਤਨੀ ਸੰਦੀਪ ਕੌਰ (49), ਪੁੱਤਰ ਗੌਰਵ (15) ਅਤੇ ਉਹਨਾਂ ਦਾ ਇਕ ਰਿਸ਼ਤੇਦਾਰ (47) ਉਸ ਵੇਲੇ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਜਦੋਂ ਉਨ੍ਹਾਂ ਦੇ ਘਰ ਦੀ ਛੱਤ ਮੀਂਹ ਕਾਰਨ ਅਚਾਨਕ ਡਿੱਗ ਪਈ। ਰਾਤ ਦੇ ਲਗਭਗ ਦੋ ਵਜੇ ਵਾਪਰੀ ਇਸ ਘਟਨਾ ਤੋਂ ਬਾਅਦ ਹਫੜਾ ਦਫੜੀ ਵਾਲਾ ਮਾਹੌਲ ਬਣ ਗਿਆ। ਘਟਨਾ ਦਾ ਪਤਾ ਲੱਗਦਿਆਂ ਹੀ ਆਂਢ ਗੁਆਂਢ ਦੇ ਲੋਕਾਂ ਨੇ ਡਿੱਗੀ ਛੱਤ ਹੇਠ ਫਸੇ ਜ਼ਖ਼ਮੀਆਂ ਨੂੰ ਬਾਹਰ ਕੱਢਿਆ ਅਤੇ ਤੁਰੰਤ ਹੀ ਸ਼ਹਿਰ ਦੇ ਸਿਵਲ ਹਸਪਤਾਲ ਪਹੁੰਚਾਇਆ। ਡਾਕਟਰਾਂ ਵੱਲੋਂ ਹਾਲਤ ਗੰਭੀਰ ਵੇਖਦੇ ਹੋਏ ਸਾਰੇ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਬਠਿੰਡਾ ਰੈਫਰ ਕਰ ਦਿੱਤਾ ਗਿਆ। ਇਸ ਘਟਨਾ ਨੇ ਲੋਕਾਂ ਦੇ ਦਿਲਾਂ ਨੂੰ ਝੰਝੋੜ ਕੇ ਰੱਖ ਦਿੱਤਾ ਹੈ। ਇੱਕ ਦਿਹਾੜੀਦਾਰ ਮਜ਼ਦੂਰ ਜਿਸ ਦਾ ਰੋਜ਼ਾਨਾ ਦਾ ਗੁਜ਼ਾਰਾ ਹੀ ਮੁਸ਼ਕਲ ਨਾਲ ਚਲਦਾ ਹੈ, ਉਸ ਲਈ ਘਰ ਦੀ ਛੱਤ ਢਹਿ ਜਾਣਾ ਵੱਡੀ ਮੁਸ਼ਕਲ ਤੋਂ ਘੱਟ ਨਹੀਂ। ਗੁਆਂਢੀਆਂ ਨੇ ਵੀ ਦੱਸਿਆ ਕਿ ਅੰਮ੍ਰਿਤ ਪਾਲ ਸਿੰਘ ਆਪਣੇ ਪਰਿਵਾਰ ਲਈ ਕਿਸੇ ਤਰ੍ਹਾਂ ਦੋ ਵਕਤ ਦੀ ਰੋਟੀ ਜੋੜਦਾ ਹੈ, ਹੁਣ ਮਕਾਨ ਦੀ ਛੱਤ ਡਿੱਗਣ ਨਾਲ ਉਹਨਾਂ ਦੀ ਜ਼ਿੰਦਗੀ ਹੋਰ ਵੀ ਕਠਿਨਾਈਆਂ ਨਾਲ ਘਿਰ ਗਈ ਹੈ ਉਨ੍ਹਾਂ ਦੱਸਿਆ ਕਿ ਦੂਸਰੇ ਕਮਰੇ ਦੀ ਛੱਤ ਵੀ ਡਿੱਗਣ ਕਿਨਾਰੇ ਹੈ ਅਤੇ ਛੱਤ'ਚ ਪਾਣੀ ਤੋਂ ਰਿਹਾ ਹੈ।ਮੌਕੇ ਤੇ ਇਕੱਤਰ ਵਿਅਕਤੀਆਂ ਨੇ ਸਰਕਾਰ,ਸਮਾਜ ਸੇਵੀ ਸੰਗਠਨਾਂ ਅਤੇ ਖੇਤਰ ਦੇ ਭਲਾਈ-ਚਾਹੁਣ ਵਾਲਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਗੇ ਆ ਕੇ ਇਸ ਗਰੀਬ ਪਰਿਵਾਰ ਦੀ ਸਹਾਇਤਾ ਕਰਨ। ਖ਼ਾਸ ਕਰਕੇ ਢਹਿ ਚੁੱਕੀ ਛੱਤ ਦੀ ਉਸਾਰੀ ਲਈ ਯੋਗ ਸਹਿਯੋਗ ਦੀ ਲੋੜ ਹੈ ਤਾਂ ਜੋ ਇਹ ਪਰਿਵਾਰ ਮੁੜ ਸੁਰੱਖਿਅਤ ਛੱਤ ਹੇਠ ਆਪਣੀ ਜ਼ਿੰਦਗੀ ਬਤੀਤ ਕਰ ਸਕੇ।

# ਜ਼ਿਲ੍ਹੇ 'ਚ ਪਾਣੀ ਭਰਨ ਕਾਰਨ ਕੁਝ ਸੜਕਾਂ ਆਰਜ਼ੀ ਤੌਰ 'ਤੇ ਬੰਦ:ਡੀ.ਸੀ.

## ਜ਼ਿਲ੍ਹਾ ਵਾਸੀਆਂ ਨੂੰ ਬਦਲਵੇਂ ਰਸਤਿਆਂ ਤੋਂ ਗੁਜ਼ਰਨ ਦੀ ਅਪੀਲ



ਬਰਨਾਲਾ, 27 ਅਗਸਤ (ਬਘੇਲ ਸਿੰਘ ਧਾਲੀਵਾਲ): ਭਾਰੀ ਮੀਂਹ ਅਤੇ ਪਾਣੀ ਭਰਨ ਦੀ ਸਮੱਸਿਆ ਕਾਰਨ ਜ਼ਿਲ੍ਹਾ ਬਰਨਾਲਾ ਦੀਆਂ ਕੁਝ ਸੜਕਾਂ ਨੂੰ ਬੰਦ ਕਰ ਦਿੱਤਾ ਗਿਆ ਹੈ ਅਤੇ ਆਵਾਜਾਈ ਨੂੰ ਹੋਰ ਰਸਤਿਆਂ 'ਤੇ ਮੋੜ ਦਿੱਤਾ ਗਿਆ ਹੈ। ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਟੀ. ਬੈਨਿਥ ਨੇ ਦੱਸਿਆ ਕਿ ਰਾਹਗੀਰਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਇਨ੍ਹਾਂ ਸੜਕਾਂ 'ਤੇ ਚੱਲਣ ਵਾਲੀ ਆਵਾਜਾਈ ਨੂੰ ਬੰਦ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚ ਬਰਨਾਲਾ-ਬਾਜਾਖਾਨਾ ਰੋਡ ਤੋਂ ਕੋਠੇ ਰਾਮਸਰ, ਖੁੱਡੀ ਕਲਾਂ ਤੋਂ ਸੋਲ੍ਹਾਂ ਦਾ ਮੱਠ, ਕੱਟੂ ਤੋਂ ਭੋਠਲਾਂ, ਬਰਨਾਲਾ - ਧਨੌਲਾ ਰੋਡ ਤੋਂ ਫਰਵਾਹੀ ਤੋਂ ਸੇਖਾ, ਕਾਹਨੇਕੇ ਤੋਂ ਬਦਰਾ, ਪੱਖੋ ਕਲਾਂ ਤੋਂ ਤਾਜੋਕੇ ਅਤੇ ਭੋਠਲਾਂ-ਕੱਟੂ ਆਦਿ ਸੜਕਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਬਰਨਾਲਾ ਪੁਲਿਸ ਨੇ ਇਲਾਕੇ ਦੀ ਨਾਕਾਬੰਦੀ ਕਰ ਦਿੱਤੀ ਹੈ ਅਤੇ ਆਵਾਜਾਈ ਨੂੰ ਇਨ੍ਹਾਂ ਰਸਤਿਆਂ ਤੋਂ ਮੋੜ ਦਿੱਤਾ ਹੈ। ਇਸੇ ਤਰ੍ਹਾਂ ਸੜਕਾਂ 'ਤੇ ਪਾਣੀ ਭਰ ਜਾਣ ਕਾਰਨ ਕੁਝ ਹਿੱਸਿਆਂ ਨੂੰ ਰਾਹਗੀਰਾਂ ਲਈ ਬੰਦ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚ ਪਿੰਡ ਝਲੂਰ ਦੀ ਫਿਰਨੀ, ਕਰਮਗੜ੍ਹ ਤੋਂ ਹਮੀਦੀ, ਝਲੂਰ ਤੋਂ ਰੇਲਵੇ ਸਟੇਸ਼ਨ ਸੇਖਾ, ਖੁੱਡੀ ਕਲਾਂ ਤੋਂ ਸੁਖਪੁਰਾ ਮੌੜ, ਫਿਰਨੀ ਪਿੰਡ ਸੇਖਾ ਅਤੇ ਕੋਟਦੁੰਨਾ ਤੋਂ ਬਦਰਾ ਸ਼ਾਮਲ ਹਨ। ਦੁਪਹਿਰ ਡੇਢ ਵਜੇ ਇਹ ਰਿਪੋਰਟ ਦਰਜ ਹੋਣ ਤੱਕ ਇਹ ਰੂਟ ਆਰਜ਼ੀ ਤੌਰ 'ਤੇ ਬੰਦ ਕਰ ਦਿੱਤੇ ਗਏ ਸਨ ਅਤੇ ਲੋਕਾਂ ਨੂੰ ਬਦਲਵੇਂ ਰਸਤਿਆਂ ਤੋਂ ਜਾਣ ਦੀ ਅਪੀਲ ਕੀਤੀ ਗਈ ਹੈ।ਡਿਪਟੀ ਕਮਿਸ਼ਨਰ ਨੇ ਬਰਨਾਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਭਾਰੀ ਬਰਸਾਤ ਦੌਰਾਨ ਘਰਾਂ ਦੇ ਅੰਦਰ ਹੀ ਰਹਿਣ ਅਤੇ ਬਰਸਾਤ ਦੌਰਾਨ ਆਪਣੇ ਬੱਚਿਆਂ ਨੂੰ ਬਿਜਲੀ ਦੇ ਉਪਕਰਨਾਂ ਜਾਂ ਤਾਰਾਂ ਨੂੰ ਹੱਥ ਨਾ ਲਾਉਣ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਮੇਂ ਸਮੇਂ 'ਤੇ ਜਾਰੀ **ਹਦਾਇਤਾਂ ਦੀ ਪਾਲਣਾ ਕਰਨ। ਡਿਪਟੀ ਕਮਿਸ਼ਨਰ ਵਲੋਂ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ** ਭਾਰੀ ਮੀਂਹ ਕਾਰਨ ਉਪਜੀ ਸਥਿਤੀ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ ਵੱਲੋਂ ਸਮੇਂ-ਸਮੇਂ 'ਤੇ ਮੀਟਿੰਗਾਂ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਉਨ੍ਹਾਂ ਅੱਜ ਵਧੀਕ ਡਿਪਟੀ ਕਮਿਸ਼ਨਰ ਜਨਰਲ ਅਤੇ ਵਿਕਾਸ, ਐੱਸ ਡੀ ਐਮਜ਼, ਨਗਰ ਕੌਂਸਲ ਅਧਿਕਾਰੀਆਂ, ਪੰਚਾਇਤੀ ਰਾਜ ਅਧਿਕਾਰੀਆਂ, ਸੀਵਰੇਜ ਬੋਰਡ, ਨੈਸ਼ਨਲ ਹਾਈਵੇਅ, ਸਿਹਤ ਵਿਭਾਗ, ਡਰੇਨੇਜ, ਲੋਕ ਨਿਰਮਾਣ ਵਿਭਾਗ ਸਣੇ ਸਾਰੇ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਅਧਿਕਾਰੀਆਂ ਨੂੰ ਲੋਕਾਂ ਦੇ ਮਸਲਿਆਂ ਦੇ ਹੱਲ ਲਈ ਤੇਜ਼ੀ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ। **ਵੱਖ ਵੱਖ ਵਿਭਾਗਾਂ ਵੱਲੋਂ ਕਾਰਜ ਜਾਰੀ** ਸਿਵਲ ਅਤੇ ਪੁਲਿਸ ਪ੍ਰਸ਼ਾਸਨ ਪਾਣੀ ਭਰੇ ਇਲਾਕਿਆਂ ਵਿੱਚ ਫਸੇ ਲੋਕਾਂ ਦੀ ਮਦਦ ਲਈ 24 ਘੰਟੇ ਕੰਮ ਕਰ ਰਿਹਾ ਹੈ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਪਿੰਡ ਕਾਲੇਕੇ, ਢਿਲਵਾਂ, ਹਮੀਦੀ, ਭੂਰੇ, ਨਾਈਵਾਲਾ, ਸੱਦੋਵਾਲ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਦੇ ਸੈਂਪਲ ਲੈ ਕੇ ਕਲੋਰੀਨ ਦੀਆਂ ਗੋਲੀਆਂ ਵੰਡੀਆਂ ਗਈਆਂ। ਲੋਕਾਂ ਨੂੰ ਪੀਣ ਤੋਂ ਪਹਿਲਾਂ ਪਾਣੀ ਨੂੰ ਉਬਾਲਣ ਜਾਂ ਇਸ ਵਿੱਚ ਕਲੋਰੀਨ ਦੀਆਂ ਗੋਲੀਆਂ ਪਾਉਣ ਦੀ ਸਲਾਹ ਦਿੱਤੀ ਗਈ।

# ਵੀਰਪਾਲ ਕੌਰ ਸਾਥੀਆਂ ਸਮੇਤ ਅਕਾਲੀ ਦਲ ਅੰਮ੍ਰਿਤਸਰ 'ਚ ਸ਼ਾਮਿਲ



ਬਰਨਾਲਾ, 27 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਇਸਤਰੀ ਵਿੰਗ ਦੀ ਜ਼ਿਲ੍ਹਾ ਜਥੇਬੰਦਕ ਸਕੱਤਰ ਭੁਪਿੰਦਰ ਜੀਤ ਕੌਰ ਦੇ ਯਤਨਾਂ ਸਦਕਾ ਆਮ ਆਦਮੀ ਪਾਰਟੀ ਦੀ ਅਹੁਦੇਦਾਰ ਆਗੂ ਵੀਰਪਾਲ ਕੌਰ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਚ ਸ਼ਮੂਲੀਅਤ ਕੀਤੀ ਹੈ । ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੁਲਾਜ਼ਮ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਲੀਲਾ ਨੇ ਦਿੱਤੀ। ਉਨ੍ਹਾਂ ਦੱਸਿਆ ਪਿੰਡ ਖੜਿਆਲ ਵਿਖੇ ਪੰਥਕ ਕਾਨਫਰੰਸ ਵਿੱਚ ਵੀਰਪਾਲ ਕੌਰ ਨੇ ਹਾਜ਼ਰੀ ਲਗਵਾਈ। ਉਥੇ ਸੀਨੀਅਰ ਬੁਲਾਰਿਆਂ ਨੂੰ ਸੁਣਿਆ। ਉਨ੍ਹਾਂ ਪ੍ਰਭਾਵਿਤ ਹੋ ਕੇ ਕਿਹਾ ਅੱਜ ਤੋਂ ਬਾਅਦ ਮੈਂ ਸਿਮਰਨਜੀਤ ਸਿੰਘ ਮਾਨ ਵੱਲੋਂ ਦਿੱਤੇ ਆਦੇਸ਼ ਮੁਤਾਬਕ ਪਾਰਟੀ ਵਿੱਚ ਇਮਾਨਦਾਰੀ ਨਾਲ ਕੰਮ ਕਰਾਂਗੀ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਦਰਸ਼ਨ ਸਿੰਘ ਮੰਡੇਰ ਜੀ ਨੇ ਵੀਰਪਾਲ ਕੌਰ ਨੂੰ ਤਪਾ ਮੰਡੀ ਦੀ ਪ੍ਰਧਾਨ ਦਾ ਨਿਯੁਕਤੀ ਪੱਤਰ ਦਿੱਤਾ ਅਤੇ ਭੁਪਿੰਦਰਜੀਤ ਕੌਰ ਨੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਵੀਰਪਾਲ ਕੌਰ ਨਾਲ ਮਹਿਕਪ੍ਰੀਤ ਸਿੰਘ, ਕੁਲਦੀਪ ਸਿੰਘ, ਬਲਵੀਰ ਕੌਰ, ਅੰਗਰੇਜ਼ ਕੌਰ ਵੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਚ ਸ਼ਾਮਿਲ ਹੋਏ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਸਰਪੰਚ ਕੁਲਦੀਪ ਸਿੰਘ ਘੁੰਨਸ, ਪ੍ਰਧਾਨ ਲਖਵੀਰ ਸਿੰਘ ਤਪਾ, ਯੂਥ ਪ੍ਰਧਾਨ ਮਨਪ੍ਰੀਤ ਸਿੰਘ ਤਪਾ, ਗੁਰਜੀਤ ਸਿੰਘ ਬੱਲੋ ਆਦਿ ਹਾਜ਼ਰ ਸਨ। ਮੀਤ ਪ੍ਰਧਾਨ ਗੁਰਚਰਨ ਸਿੰਘ ਧਨੌਲਾ ਮੁਲਾਜ਼ਮ ਵਿੰਗ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

# ਵਾਟਰ ਸਪਲਾਈ ਤੇ ਸੀਵਰੇਜ ਕਾਮਿਆਂ ਦੀਆਂ ਮੰਗਾਂ ਮੰਨਣ ਦੀ ਬਜਾਏ ਵਰਕਰਾਂ 'ਤੇ ਪਰਚੇ ਦਰਜ ਕਰਕੇ ਭੇਜੇ ਜੇਲ੍ਹ



ਬਰਨਾਲਾ, 27 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਵੱਲੋਂ ਪੰਜਾਬ ਪੱਧਰੀ ਅਣਮਿੱਥੇ ਸਮੇਂ ਦੀ ਹੜਤਾਲ ਅੱਜ ਬਾਈਵੇਂ ਦਿਨ ਵਿੱਚ ਸ਼ਾਮਲ ਹੋ ਗਈ ਹੈ। ਇਸ ਮੌਕੇ ਪੰਜਾਬ ਪ੍ਰਧਾਨ ਗੁਰਦੇਵ ਸਿੰਘ ਨਿਹੰਗ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਨਾਲ ਸਾਡਾ ਪਿਛਲੇ ਛੇ ਮਹੀਨਿਆਂ ਤੋਂ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਸੰਘਰਸ਼ ਚਲ ਰਿਹਾ ਹੈ ਪਰ ਸਰਕਾਰ ਵੱਲੋਂ ਜਥੇਬੰਦੀ ਨੂੰ ਕੋਈ ਵੀ ਭਰੋਸੇਯੋਗ ਪੱਤਰ ਜਾਰੀ ਨਹੀਂ ਕੀਤਾ ਗਿਆ। ਸੀਵਰੇਜ਼ ਦੀਆਂ ਮੋਟਰਾਂ ਬੰਦ ਕਰਨ ਦੀ ਕਾਲ ਪੰਜਾਬ ਪੱਧਰ ਤੇ ਪ੍ਰਸ਼ਾਸਨ ਨੂੰ ਦਿੱਤੀ ਹੋਈ ਸੀ। ਸਰਕਾਰ ਵੱਲੋਂ ਜਥੇਬੰਦੀ ਨੂੰ 02/09/2025 ਦੀ ਮੀਟਿੰਗ ਵੀ ਦਿੱਤੀ ਗਈ। ਪਰ ਮੌੜ ਮੰਡੀ ਪੁਲਿਸ ਪ੍ਰਸ਼ਾਸਨ ਵੱਲੋਂ ਸੀਵਰੇਜ਼ ਬੋਰਡ ਦੀ ਅਫ਼ਸਰਸ਼ਾਹੀ ਐਸ ਡੀ ਓ ਅਮਨਦੀਪ ਸਿੰਘ ਅਤੇ ਜੇ ਈ ਲਖਨ ਕੁਮਾਰ ਦੇ ਇਸ਼ਾਰੇ 'ਤੇ ਜਾਣ ਬੁੱਝ ਕੇ ਜਥੇਬੰਦੀ ਦੇ ਸ਼ਾਂਤਮਈ ਸੰਘਰਸ਼ ਨੂੰ ਢਾਹ ਲਾਉਂਦਿਆਂ ਸਾਡੇ ਵਰਕਰਾਂ ਤੇ ਝੂਠੇ ਪਰਚੇ ਦਰਜ ਕੀਤੇ ਗਏ। ਅੱਜ ਪੁਲਿਸ ਪ੍ਰਸ਼ਾਸਨ ਵੱਲੋਂ ਮੌੜ ਮੰਡੀ ਦੇ ਵਿੱਚ ਕੰਮ ਕਰਦੇ ਸੀਵਰੇਜ਼ ਬੋਰਡ ਆਊਟਸੋਰਸ ਕਾਮਿਆਂ ਨੂੰ ਤਲਵੰਡੀ ਸਾਬੋ ਅਦਾਲਤ ਵਿੱਚ ਪੇਸ਼ ਕਰਕੇ ਬਠਿੰਡਾ ਜੇਲ੍ਹ ਦੇ ਵਿੱਚ ਭੇਜਿਆ ਗਿਆ। ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਆਊਟਸੋਰਸ ਕਾਮਿਆਂ ਦੀਆਂ ਮੰਗਾਂ ਨੂੰ ਸਰਕਾਰ ਵੱਲੋਂ ਬਿਲਕੁਲ ਅਣਦੇਖਿਆਂ ਕਰਕੇ ਸਾਡੇ ਵਰਕਰਾਂ 'ਤੇ ਪਰਚੇ ਦਰਜ ਕਰ ਰਹੀ ਹੈ। ਪੰਜਾਬ ਦੇ ਵਿੱਚ ਜੋ ਫਲੱਡ ਸਥਿਤੀ ਕਾਰਨ ਰੈੱਡ ਅਲਰਟ ਸਰਕਾਰ ਵੱਲੋਂ ਜਾਰੀ ਕੀਤਾ ਹੋਇਆ ਹੈ ਜਥੇਬੰਦੀ ਵੱਲੋਂ ਪਬਲਿਕ ਹਿਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਪੰਜਾਬ ਸਰਕਾਰ ਦੇ ਬਿਲਕੁਲ ਨਾਲ ਹਾਂ। ਸੀਵਰੇਜ਼ ਬੋਰਡ ਦੇ ਮੁੱਖ ਕਾਰਜਕਾਰੀ ਅਫ਼ਸਰ ਦੇ ਦਫ਼ਤਰ ਚੰਡੀਗੜ੍ਹ ਦੀ ਅਫ਼ਸਰਸ਼ਾਹੀ ਵੱਲੋਂ ਵੀ ਇਹ ਗੱਲ ਕਹੀ ਜਾ ਰਹੀ ਹੈ ਕਿ ਆਪਣੇ ਕੰਮਾਂ ਤੇ ਵਾਪਸ ਆਓ ਅਤੇ ਪਰਚੇ ਅਸੀਂ ਰੱਦ ਕਰਵਾ ਦੇਵਾਂਗੇ। ਇਸਦਾ ਮਤਲਬ ਇਹ ਹੈ ਕਿ ਸੀਵਰੇਜ਼ ਬੋਰਡ ਦੇ ਵਿੱਚ ਕੰਮ ਕਰਦੇ ਆਊਟਸੋਰਸ ਕਾਮੇ ਆਪਣੇ ਹੱਕ ਨਾ ਮੰਗਣ। ਜੇਕਰ ਆਉਣ ਵਾਲੇ ਦਿਨਾਂ ਵਿੱਚ ਸਾਡੇ ਵਰਕਰਾਂ ਤੇ ਝੂਠੇ ਪਰਚੇ ਰੱਦ ਨਹੀ ਕੀਤੇ ਜਾਂਦੇ ਤਾਂ ਆਉਣ ਵਾਲੇ ਦਿਨਾਂ ਵਿੱਚ ਜਥੇਬੰਦੀ ਦੇ ਵਰਕਰਾਂ ਵੱਲੋਂ ਮੁੱਖ ਕਾਰਜਕਾਰੀ ਅਫ਼ਸਰ ਦੇ ਦਫ਼ਤਰ ਦਾ ਚੰਡੀਗੜ੍ਹ ਵਿਖੇ ਘਿਰਾਓ ਕੀਤਾ ਜਾਵੇਗਾ ਜਿਸਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ। ਅਣਮਿੱਥੇ ਸਮੇਂ ਦੀ ਹੜਤਾਲ ਜਾਰੀ ਰਹੇਗੀ।

# ਤਪਾ ਇਲਾਕੇ ਦੇ ਪਿੰਡਾਂ 'ਚ ਮੀਂਹ ਦੇ ਪਾਣੀ ਦੀ ਸਥਿਤੀ ਅਜੇ ਵੀ ਹੜ੍ਹਾਂ ਵਰਗੀ



ਤਪਾ ਮੰਡੀ, 27 ਅਗਸਤ (ਭੂਸ਼ਨ ਘੜੈਲਾ): ਦੋ ਦਿਨ ਲਗਾਤਾਰ ਪਏ ਭਾਰੀ ਮੀਂਹ ਨੇ ਇਲਾਕੇ ਵਿਚ ਹੜ੍ਹਾਂ ਵਰਗੀ ਸਥਿਤੀ ਪੈਦਾ ਕਰ ਦਿੱਤੀ ਹੈ। ਅੱਜ ਸਾਡੇ ਪੱਤਰਕਾਰ ਨੇ ਕਈ ਪਿੰਡਾਂ ਦਾ ਜਾਇਜ਼ਾ ਲੈਂਦੇ ਹੋਏ ਦੇਖਿਆ ਕਿ ਜ਼ਿਲ੍ਹਾ ਬਰਨਾਲਾ ਦੇ ਕਈ ਪਿੰਡਾਂ 'ਚ ਖੇਤ ਨੱਕੋ ਨੱਕ ਪਾਣੀ ਨਾਲ ਭਰੇ ਹੋਏ ਸਨ। ਕਈ ਪਿੰਡਾਂ ਵਿੱਚ ਸੜਕਾਂ ਉਪਰੋਂ ਦੀ ਪਾਣੀ ਓਵਰਫਲੋ ਹੋ ਘੜਸਮ ਮਚਾਅ ਰਿਹਾ ਸੀ। ਦੇਖਿਆ ਕਿ ਤਪਾ ਤੋਂ ਪੱਖੋਂ ਨੂੰ ਜਾਣ ਵਾਲੀ ਸੜਕ ਤੇ ਮੀਂਹ ਦੇ ਪਾਣੀ ਨੇ ਝੀਲ ਦਾ ਰੂਪ ਧਾਰਿਆ ਹੋਇਆ ਸੀ ਜਿੱਥੇ ਪਿੰਡ ਦੇ ਲੋਕਾਂ ਅਤੇ ਕਿਸਾਨਾਂ ਵੱਲੋਂ ਦੋਨੋਂ ਪਾਸੇ ਟਰਾਲੀਆਂ ਲਗਾਕੇ ,ਵੱਟਾਂ ਬਣਾਕੇ ਲੋਕਾਂ ਨੂੰ ਲੰਘਣ ਤੋਂ ਰੋਕਿਆ ਜਾ ਰਿਹਾ ਸੀ । ਉੱਥੇ ਖੜ੍ਹੇ ਲੋਕ ਦੱਸ ਰਹੇ ਸਨ ਕਿ ਮੀਂਹ ਦੇ ਪਾਣੀ ਦਾ ਤੇਜ਼ ਵਹਾਅ ਹੋਣ ਕਾਰਨ ਛੋਟੀਆਂ ਕਾਰਾਂ,ਥਰੀ ਵੀਲਰ,ਮੋਟਰਸਾਈਕਲ,ਸਕੂਟਰ ਨਹੀਂ ਲੰਘ ਸਕਦੇ ਤੇ ਇੱਕ ਵੱਡਾ ਹਾਦਸਾ ਹੋ ਸਕਦਾ ਹੈ। ਇਸੇ ਤਰ੍ਹਾਂ ਜ਼ਿਲ੍ਹਾ ਬਠਿੰਡਾ ਦੇ ਪਿੰਡ ਘੜੈਲਾ ਵਿਖੇ ਵੀ ਪਿੰਡ ਬੱਲੋ ਨੂੰ ਜਾਣ ਰਸਤੇ ਤੇ ਖੇਤਾਂ ਵਿਚ ਪਾਣੀ ਭਰ ਗਿਆ। ਇਸ ਮੌਕੇ ਪਿੰਡ ਘੜੈਲਾ ਦੇ ਨੰਬਰਦਾਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਅੱਗੇ ਨਹਿਰੀ ਪਾਣੀ ਵਾਲੀ ਕੱਸੀ ਦੀ ਠੱਲ ਹੋਣ ਕਰਕੇ ਮੀਂਹ ਦਾ ਪਾਣੀ ਖੇਤਾਂ ਵਿਚ ਭਰ ਗਿਆ, ਜਿਸ ਕਾਰਨ ਖੇਤਾਂ ਵਾਲੇ ਜ਼ਿਮੀਂਦਾਰਾਂ ਲਈ ਚਿੰਤਾ ਬਣੀ ਰਹੀ। ਉਨ੍ਹਾਂ ਕਿਹਾ ਕਿ ਇਹ ਮੌਕਾ ਸਬੰਧਤ ਪਟਵਾਰੀ ਨੂੰ ਵੀ ਦਿਖਾਇਆ ਗਿਆ। ਉੱਚ ਵਿਭਾਗ ਨੂੰ ਲੈਟਰ ਵੀ ਕੱਢਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੀਂਹ ਦੇ ਪਾਣੀ ਨਾਲ 200-250 ਏਕੜ ਦੇ ਕਰੀਬ ਫਸਲ ਵਾਲੇ ਖੇਤ ਪਾਣੀ ਵਿਚ ਡੁੱਬ ਗਏ ਜਿਨ੍ਹਾਂ ਦਾ ਭਾਰੀ ਨੁਕਸਾਨ ਹੋਵੇਗਾ। ਇਸ ਮੌਕੇ ਉਨ੍ਹਾਂ ਸਰਕਾਰ ਮੰਗ ਕੀਤੀ ਹੈ ਕਿ ਮੀਂਹ ਦੇ ਪਾਣੀ ਦੀ ਮਾਰ ਹੇਠ ਆਉਣ ਵਾਲੀ ਫਸਲ ਦੀ ਜਾਂਚ ਕੀਤੀ ਜਾਵੇ ਤੇ ਬਣਦਾ ਮੁਆਵਜਾ ਦਿੱਤਾ ਜਾਵੇ।

# ਜ਼ਿਲ੍ਹਾ ਪੱਧਰੀ ਸਾਹਿਤ ਸਿਰਜਣ ਮੁਕਾਬਲੇ 'ਚ ਕੋਮਲਪ੍ਰੀਤ ਕੌਰ ਨੇ ਹਾਸਲ ਕੀਤਾ ਪਹਿਲਾ ਸਥਾਨ



ਭਗਤਾ ਭਾਈ ਕਾ, 27 ਅਗਸਤ (ਸਵਰਨ ਸਿੰਘ ਭਗਤਾ):ਪੰਜਾਬ ਸਰਕਾਰ ਅਤੇ ਭਾਸ਼ਾ ਵਿਭਾਗ ਪੰਜਾਬ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਵੱਲੋਂ ਵਿਦਿਆਰਥੀਆਂ ਦੇ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਗਏ। ਜਿਨ੍ਹਾਂ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਹੈਡ ਮਾਸਟਰ ਮਨਦੀਪ ਸਿੰਘ ਭਗਤਾ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਸਾਹਿਤ ਸਿਰਜਣ ਮੁਕਾਬਲੇ ਵਿੱਚ ਸਰਕਾਰੀ ਹਾਈ ਸਕੂਲ ਰਾਜਗੜ੍ਹ ਦੀ ਵਿਦਿਆਰਥਣ ਕੋਮਲਪ੍ਰੀਤ ਕੌਰ ਜਮਾਤ ਸੱਤਵੀਂ ਨੇ ਕਹਾਣੀ ਰਚਨਾ ਮੁਕਾਬਲੇ ਵਿੱਚ ਪੂਰੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ। ਉਪਰੋਕਤ ਵਿਦਿਆਰਥਣ ਨੇ ਇਸ ਮਾਣ ਮੱਤੀ ਪ੍ਰਾਪਤੀ ਨਾਲ ਸਕੂਲ ਦਾ ਨਾਮ ਰੌਸ਼ਨ ਕੀਤਾ ।ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਮਨਦੀਪ ਸਿੰਘ ਨੇ ਗਾਈਡ ਅਧਿਆਪਕ ਸਿਮਰਜੀਤ ਕੌਰ ਅਤੇ ਜੇਤੂ ਵਿਦਿਆਰਥਣ ਨੂੰ ਸਵੇਰ ਦੀ ਸਭਾ ਵਿੱਚ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ।ਇਸ ਮੌਕੇ ਅਧਿਆਪਕਾਂ ਵੱਲੋਂ ਵਿਦਿਆਰਥਣ ਨੂੰ ਰਾਜ ਪੱਧਰੀ ਮੁਕਾਬਲਿਆਂ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ।

# ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਵਿਚ ਆਰਟ ਪ੍ਰਦਰਸ਼ਨੀ ਲਗਾਈ



ਭਗਤਾ ਭਾਈ ਕਾ, 27 ਅਗਸਤ (ਸਵਰਨ ਸਿੰਘ ਭਗਤਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੀ ਮਾਲਵੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਵਿਖੇ ਸਕੂਲ ਦੇ ਪ੍ਰਿੰਸੀਪਲ ਗੁਰਿੰਦਰ ਕੌਰ ਦੀ ਦੇਖ ਰੇਖ ਹੇਠ ਆਰਟ ਪ੍ਰਦਰਸ਼ਨੀ ਲਗਾਈ ਗਈ। ਇਸ ਵਿਚ 5ਵੀਂ ਤੋਂ 12ਵੀਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਅਧਿਆਪਕ ਮਾਪੇ ਮਿਲਣੀ ਸਮੇਂ ਸਕੂਲ ਵਿੱਚ ਆਰਟ ਐਗਜੀਬਿਸ਼ਨ ਲਗਾਈ ਗਈ , ਜਿਸ ਵਿੱਚ ਪੰਜਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਆਰਟ ਨੂੰ ਵੱਖ-ਵੱਖ ਤਰੀਕੇ ਨਾਲ ਪੇਸ਼ ਕੀਤਾ। ਵਿਦਿਆਰਥੀਆਂ ਦੁਆਰਾ ਕਲੇ ਮਾਡਲਿੰਗ, ਪੇਪਰ ਕ੍ਰਾਫਟ ,ਬੈਸਟ ਆਊਟ ਆਫ ਵੇਸਟ ਮਟੀਰੀਅਲ ਦਾ ਇਸਤੇਮਾਲ ਕਰਕੇ ਡੈਕੋਰੇਸ਼ਨ ਨਾਲ ਸੰਬੰਧਿਤ ਵੱਖ-ਵੱਖ ਚੀਜ਼ਾਂ ਬਣਾਈਆਂ। ਇਹ ਆਰਟ ਐਗਜੀਬਿਸ਼ਨ ਸਰਦਾਰ ਇੰਦਰਜੀਤ ਸਿੰਘ ਕੋਟਪੂਰਾ ਅਤੇ ਇੰਦਰਜੀਤ ਸਿੰਘ ਭਗਤਾ ਆਰਟ ਐਂਡ ਕਰਾਫਟ ਅਧਿਆਪਕਾਂ ਦੁਆਰਾ ਕਰਵਾਇਆ ਗਿਆ। ਪ੍ਰਿੰਸੀਪਲ ਗੁਰਿੰਦਰ ਕੌਰਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਸਾਰੇ ਵਿਦਿਆਰਥੀਆਂ ਨੂੰ ਵੱਖ-ਵੱਖ ਐਗਜੀਬਿਊਸ਼ਨ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਜੰਗ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ

# ਔਰਤ ਸਮੇਤ ਦੋ ਨੌਜਵਾਨਾਂ 280 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

ਤਪਾ ਮੰਡੀ, 27 ਅਗਸਤ (ਭੂਸ਼ਨ ਘੜੈਲਾ): ਐਸਐਸਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਵੱਲੋਂ ਚਲਾਈ ਗਈ ਨਸ਼ਾ ਵਿਰੋਧੀ ਮੁਹਿੰਮ ਤਹਿਤ ਥਾਣਾ ਤਪਾ ਦੇ ਮੁਖੀ ਸ਼ਰੀਫ ਖਾਨ ਦੇ ਅਗਵਾਈ ਹੇਠ ਤਪਾ ਸਿਟੀ ਪੁਲਿਸ ਨੇ ਨਸ਼ਾ ਵਿਰੋਧੀ ਮੁਹਿੰਮ ਤਹਿਤ ਇੱਕ ਔਰਤ ਅਤੇ ਦੋ ਨੌਜਵਾਨਾਂ ਨੂੰ 280 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਤਪਾ ਸਿਟੀ ਥਾਣਾ ਦੇ ਇੰਚਾਰਜ ਏਐਸਆਈ ਬਲਜੀਤ ਸਿੰਘ ਨੇ ਦੱਸਿਆ ਕਿ ਉਨਾਂ ਪਾਸ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪਰਮਜੀਤ ਕੌਰ ਉਰਫ ਕਾਟੋ ਵਾਸੀ ਖੁੱਡੀ ਰੋਡ ਬਰਨਾਲਾ ਜੋ ਬਾਹਰਲੇ ਸ਼ਹਿਰ ਤੋਂ ਸਸਤੇ ਭਾਅ ਵਿੱਚ ਨਸ਼ੀਲੀਆਂ ਗੋਲੀਆ ਲਿਆ ਕੇ ਅੱਗੇ ਧਰਮ ਸਿੰਘ ਉਰਫ ਗੱਗੀ ਵਾਸੀ ਦਰਾਜ, ਹਰਦੀਪ ਸਿੰਘ ਉਰਫ ਰਾਜੂ ਵਾਸੀ ਤਪਾ ਨੂੰ ਵੇਚਣ ਦਾ ਧੰਦਾ ਕਰਦੀ ਹੈ। ਜੋ ਧਰਮ ਸਿੰਘ ਉਰਫ ਗੱਗੀ ਅਤੇ ਹਰਦੀਪ ਸਿੰਘ ਉਰਫ ਰਾਜੂ ਉਕਤਾਨ ਜੋ ਦੋਵੇ ਨਸ਼ਾ ਪੱਤਾ ਕਰਨ ਅਤੇ ਵੇਚਣ ਦੇ ਆਦੀ ਹਨ। ਜੋ ਪਰਮਜੀਤ ਕੌਰ ਉਰਫ ਕਾਟੋ ਉਕਤ ਪਾਸੋਂ ਨਸ਼ੀਲੀਆਂ ਗੋਲੀਆਂ ਖਰੀਦ ਕੇ ਅੱਗੇ ਆਸ-ਪਾਸ ਵੇਚਣ ਦਾ ਧੰਦਾ ਕਰਦੇ ਹਨ। ਜੋ ਧਰਮ ਸਿੰਘ ਉਰਫ ਗੱਗੀ ਅਤੇ ਹਰਦੀਪ ਸਿੰਘ ਉਰਫ ਰਾਜੂ ਮੋਟਰਸਾਇਕਲ ਮਾਰਕਾ 'ਤੇ ਸਵਾਰ ਹੋ ਕੇ ਆ ਰਹੇ ਹਨ। ਜੇਕਰ ਹੁਣੇ ਹੀ ਮਾਤਾ ਦਾਤੀ ਰੋਡ ਤਪਾ ਵਿਖੇ ਆਸ-ਪਾਸ ਚੈਕਿੰਗ ਕੀਤੀ ਜਾਵੇ, ਤਾਂ ਉਕਤ ਵਿਅਕਤੀ ਨਸ਼ੀਲੀਆਂ ਗੋਲੀਆਂ ਸਮੇਤ ਰੰਗੇ ਹੱਥੀਂ ਕਾਬੂ ਆ ਸਕਦੇ ਹਨ,ਜਦੋਂ ਉਕਤ ਇਤਲਾਹ 'ਤੇ ਦਿਆਵੰਤੀ ਆਸ਼ਰਮ ਮਾਤਾ ਦਾਤੀ ਰੋਡ, ਤਪਾ ਤੋਂ ਕਾਬੂ ਕਰਕੇ ਇਨਾ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ ਤਾਂ ਉਹਨਾਂ ਦੇ ਕਬਜ਼ੇ ਵਿੱਚੋਂ ਇੱਕ ਲਿਫਾਫੇ ਵਿੱਚ 280 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਮੋਟਰ ਸਾਇਕਲ ਕਬਜ਼ੇ ਵਿੱਚ ਲੈਕੇ ਮਾਮਲਾ ਦਰਜ ਕੀਤਾ ਹੈ, ਅਗਲੀ ਕਾਰਵਾਈ ਜਾਰੀ ਹੈ।

# ਕੁਦਰਤੀ ਕਰੋਪੀ ਕਾਰਨ ਕਿਸਾਨਾਂ ਦੇ ਹੋਏ ਨੁਕਸਾਨ ਦਾ ਸਰਕਾਰ ਤੁਰੰਤ ਮੁਆਵਜ਼ਾ ਦੇਵੇ- ਕੁਲਵੰਤ ਮਾਨ



ਭਦੌੜ, 27 ਅਗਸਤ (ਸੁਖਵਿੰਦਰ ਪਲਾਹਾ): ਕੁਦਰਤੀ ਕਰੋਪੀ ਦੇ ਕਾਰਨ ਪੰਜਾਬ ਦੇ ਵਿੱਚ ਆਏ ਹੜ੍ਹਾਂ ਦੇ ਨਾਲ ਕਾਫ਼ੀ ਜ਼ਿਲ੍ਹਿਆਂ ਦਾ ਵੱਡਾ ਨੁਕਸਾਨ ਹੋਇਆ ਹੈ। ਉੱਥੇ ਪਿਛਲੇ ਦਿਨਾਂ ਤੋਂ ਲਗਾਤਾਰ ਪੈ ਰਹੀ ਬਾਰਿਸ਼ ਕਾਰਨ ਬਰਨਾਲੇ ਜ਼ਿਲ੍ਹੇ ਦੇ ਵਿੱਚ ਵੀ ਹੜ੍ਹਾਂ ਵਰਗੀ ਸਥਿਤੀ ਬਣੀ ਹੋਈ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਮਾਨ ਨੇ ਦੱਸਿਆ ਹੈ ਕਿ ਬਾਰਿਸ਼ ਦੇ ਪਾਣੀ ਨੇ ਜਿੱਥੇ ਸ਼ਹਿਰਾਂ ਕਸਬਿਆਂ ਪਿੰਡਾਂ ਦੇ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੈ ਉਨ੍ਹਾਂ ਕਾਫ਼ੀ ਲੋਕਾਂ ਦੀਆਂ ਦੁਕਾਨਾਂ ,ਘਰਾਂ ਅਤੇ ਕਿਸਾਨਾਂ ਦਾ ਵੱਡਾ ਨੁਕਸਾਨ ਹੋਇਆ ਹੈ। ਮੀਂਹ ਦੇ ਪਾਣੀ ਦੀ ਸਹੀ ਨਿਕਾਸੀ ਨਾ ਹੋਣ ਕਾਰਨ ਪਾਣੀ ਲੋਕਾਂ ਦੇ ਘਰਾਂ ਵਿੱਚ ਜਾ ਵੜ ਗਿਆ ਹੈ ਅਤੇ ਲੋਕਾਂ ਦੇ ਘਰ ਡਿੱਗ ਰਹੇ ਹਨ ਜਿਸ ਕਾਰਨ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਖੇਤਾਂ ਵਿੱਚ ਜੋ ਮੱਕੀ ਦਾ ਪਾਇਆ ਹੋਇਆ ਅਚਾਰ, ਤੂੜੀ ਦੀਆਂ ਧੜਾਂ, ਬੇਸ਼ੱਕ ਝੋਨੇ ਦਾ ਥੋੜ੍ਹਾ ਨੁਕਸਾਨ ਹੋਇਆ ਪਰ ਸਬਜ਼ੀਆਂ, ਹਰੇ ਚਾਰੇ ਦਾ 100% ਨੁਕਸਾਨ ਹੋਇਆ ਹੈ। ਸਮੇਂ ਸਿਰ ਡਰੇਨਾਂ ਦੀ ਸਫ਼ਾਈ ਨਾ ਹੋਣ ਕਾਰਨ ਡਰੇਨਾਂ ਦੇ ਨਜਾਇਜ਼ ਕਬਜ਼ਿਆਂ ਕਾਰਨ ਪਾਣੀ ਦੀ ਨਿਕਾਸੀ ਦਾ ਬੁਰਾ ਹਾਲ ਹੈ। ਇਸ ਕੁਦਰਤੀ ਕਰੋਪੀ ਕਾਰਨ ਹੋਏ ਨੁਕਸਾਨ ਦੀ ਪੰਜਾਬ ਸਰਕਾਰ ਮੌਕੇ 'ਤੇ ਗਰਦਾਵਰੀਆਂ ਕਰਵਾਕੇ ਕੁਦਰਤੀ ਆਫ਼ਤ ਫੰਡ ਦੇ ਵਿੱਚੋਂ ਲੋਕਾਂ ਦੇ ਹੋਏ ਨੁਕਸਾਨ ਦੀ ਤੁਰੰਤ ਭਰਪਾਈ ਕਰੇ।ਹੜ੍ਹਾਂ ਮਾਰੇ ਇਲਾਕਿਆਂ ਨੂੰ ਪਹਿਲ ਦੇ ਆਧਾਰ 'ਤੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਆਪਣੀਆਂ ਟੀਮਾਂ ਬਣਾ ਕੇ ਲੋੜਵੰਦਾਂ ਤੱਕ ਰਾਸ਼ਨ, ਡੰਗਰਾਂ ਲਈ ਹਰਾ ਚਾਰਾ ਮੁਹੱਈਆ ਕਰਾਇਆ ਜਾਵੇ ਤੇ ਹੋਏ ਨੁਕਸਾਨ ਨੂੰ ਫਾਈਲਾਂ ਵਿੱਚ ਨਾ ਬੰਦ ਕੀਤਾ ਜਾਵੇ। ਪੰਜਾਬ ਦੇ ਦਾਨੀ ਵੀਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਹੜ੍ਹ ਮਾਰੇ ਲੋਕਾਂ ਦੀ ਮੱਦਦ ਤੇ ਸਹਾਇਤਾ ਤੋਂ ਪਹਿਲਾਂ ਲੋੜਵੰਦਾਂ ਦੀ ਸਹੀ ਸ਼ਨਾਖ਼ਤ ਕਰਕੇ ਸਹੀ ਲੋੜਵੰਦਾਂ ਤੱਕ ਸਹਾਇਤਾ ਦੇਣੀ ਚਾਹੀਦੀ ਹੈ ਹੁਣ ਪੰਜਾਬ ਦੇ ਮੁੱਖ ਮੰਤਰੀ ਨੂੰ ਚੋਣਾਂ ਵੇਲੇ ਲੋਕਾਂ ਨਾਲ ਕੀਤੇ ਹੋਏ ਵਾਅਦੇ ਜ਼ਰੂਰ ਯਾਦ ਕਰ ਲੈਣੇ ਚਾਹੀਦੇ ਹਨ ਤੇ ਉਹਨਾਂ ਵਾਅਦਿਆਂ ਨੂੰ ਅਮਲੀ ਰੂਪ ਵਿੱਚ ਤੁਰੰਤ ਲਾਗੂ ਕਰਨਾ ਚਾਹੀਦਾ ਹੈ।

# ਵਾਈ.ਐਸ. ਪਬਲਿਕ ਸਕੂਲ ਦੇ ਤੀਰਅੰਦਾਜ਼ਾਂ ਨੇ ਜ਼ਿਲ੍ਹਾ ਪੱਧਰੀ ਮੁਕਾਬਲੇ 'ਚ ਜਿੱਤ ਦਰਜ ਕੀਤੀ



ਹੰਡਿਆਇਆ, 27 ਅਗਸਤ (ਅਮਨਦੀਪ ਸਿੰਘ): ਵਾਈ.ਐਸ. ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਤੀਰਅੰਦਾਜ਼ੀ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਹਰ ਸ਼੍ਰੇਣੀ ਵਿੱਚ ਸੋਨੇ ਦਾ ਤਗਮਾ ਜਿੱਤਿਆ ਅਤੇ ਹੁਣ ਰਾਜ ਪੱਧਰੀ ਚੈਂਪੀਅਨਸ਼ਿਪ ਲਈ ਚੁਣੇ ਗਏ ਹਨ। ਅੰਡਰ-14 ਕੁੜੀਆਂ ਦੇ ਵਰਗ ਵਿੱਚ ਸਾਰਿਕਾ ਸ਼ਰਮਾ, ਨੂਰਦੀਪ ਕੌਰ, ਐਸ਼ਮੀਨ ਕੌਰ ਅਤੇ ਗੁਰਪ੍ਰੀਤ ਕੌਰ ਨੇ ਸੋਨੇ ਦਾ ਤਗਮਾ ਜਿੱਤਿਆ। ਅੰਡਰ-14 ਮੁੰਡਿਆਂ ਦੇ ਵਰਗ ਵਿੱਚ ਨਿਰਮਨ ਸਿੰਘ ਮਾਨ, ਅਰਮਾਨਜੋਤ ਸਿੰਘ ਬਾਜਵਾ ਅਤੇ ਰਣਿੰਦਰ ਸਿੰਘ ਢਿੱਲੋਂ ਨੇ ਸ਼ਾਨਦਾਰ ਜਿੱਤ ਨਾਲ ਸੋਨ ਤਗਮਾ ਜਿੱਤਿਆ। ਅੰਡਰ-17 ਕੁੜੀਆਂ ਦੇ ਵਰਗ ਵਿੱਚ ਕਮਲਪ੍ਰੀਤ ਕੌਰ, ਸੁਖਪ੍ਰੀਤ ਕੌਰ ਅਤੇ ਨਵਦੀਪ ਕੌਰ ਨੇ ਸੋਨ ਤਗਮਾ ਜਿੱਤਿਆ। ਅੰਡਰ-17 ਮੁੰਡਿਆਂ ਦੇ ਵਰਗ ਵਿੱਚ ਨਿੰਦਰਵੀਰ ਸਿੰਘ, ਵਿਵੇਕ ਸਿੰਘ, ਦਵਿੰਦਰ ਸਿੰਘ ਅਤੇ ਹਰਮਨਪ੍ਰੀਤ ਸਿੰਘ ਨੇ ਵੀ ਸੋਨੇ ਦਾ ਤਗਮਾ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਅੰਡਰ-19 ਮੁੰਡਿਆਂ ਦੇ ਵਰਗ ਵਿੱਚ ਤੇਗਵੀਰ ਸਿੰਘ ਨੇ ਕਾਬਲੇ-ਤਾਰੀਫ਼ ਪ੍ਰਦਰਸ਼ਨ ਕਰਦਿਆਂ ਸੋਨੇ ਦਾ ਤਗਮਾ ਜਿੱਤਿਆ। ਹੁਣ ਇਹ ਸਾਰੇ ਚੈਂਪੀਅਨ ਰਾਜ ਪੱਧਰੀ ਤੀਰਅੰਦਾਜ਼ੀ ਮੁਕਾਬਲੇ 'ਚ ਵਾਈ.ਐਸ. ਦੀ ਨੁਮਾਇੰਦਗੀ ਕਰਨਗੇ। ਆਪਣਾ ਵਿਜ਼ਨ ਸਾਂਝਾ ਕਰਦਿਆਂ ਪ੍ਰਿੰਸੀਪਲ ਸ਼Mਰੀ ਮੋਹਿਤ ਜਿੰਦਲ ਨੇ ਕਿਹਾ ਕਿ "ਵਾਈ.ਐਸ. 'ਚ ਅਸੀਂ ਜ਼ਿੰਦਗੀ ਭਰ ਲਈ ਚੈਂਪੀਅਨ ਤਿਆਰ ਕਰਦੇ ਹਾਂ। ਹੁਣ ਤੱਕ ਸਾਡੇ ਖਿਡਾਰੀ 6484 ਰਾਸ਼ਟਰੀ ਤਗਮੇ ਅਤੇ 117 ਅੰਤਰਰਾਸ਼ਟਰੀ ਤਗਮੇ ਜਿੱਤ ਚੁੱਕੇ ਹਨ। ਇਹ ਇਤਿਹਾਸਕ ਜਿੱਤ ਸਾਡੇ ਵਿਦਿਆਰਥੀਆਂ ਦੀ ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਸਮਰਪਣ ਦਾ ਸਬੂਤ ਹੈ।"

# ਕਰੰਟ ਲੱਗਣ ਨਾਲ ਨੌਜਵਾਨ ਦੀ ਮੌਤ



ਭਦੌੜ, 27 ਅਗਸਤ (ਸੁਖਵਿੰਦਰ ਪਲਾਹਾ): ਪਿਛਲੇ ਕਈ ਦਿਨਾਂ ਤੋਂ ਹੋ ਰਹੀ ਬਾਰਿਸ਼ ਕਾਰਨ ਲੋਕਾਂ ਦੇ ਘਰਾਂ, ਕੰਧਾਂ, ਟੂਟੀਆਂ ਆਦਿ ਵਿੱਚ ਕਰੰਟ ਆਉਂਦੀਆਂ ਬਹੁਤ ਸਾਰੀਆਂ ਘਟਨਾਵਾਂ ਵੇਖਣ ਨੂੰ ਮਿਲ ਰਹੀਆਂ ਹਨ ਇੱਥੋਂ ਤੱਕ ਕਿ ਕਈ ਵਾਰ ਤਾਂ ਵਿਅਕਤੀ ਆਪਣੀ ਜਾਨ ਵੀ ਗਵਾ ਬਹਿੰਦੇ ਹਨ ਇਸੇ ਤਰ੍ਹਾਂ ਦੀ ਇੱਕ ਘਟਨਾ ਭਦੌੜ ਦੇ ਸੰਦੀਪ ਸਿੰਘ ਉਰਫ਼ ਸੀਪਾ ਪੁੱਤਰ ਬਾਜ਼ ਸਿੰਘ ਬਿਜਲੀ ਵਲਾ ਵਾਸੀ ਨਾਨਕਸਰ ਰੋਡ ਨਾਲ ਵਾਪਰੀ । ਸੰਦੀਪ ਸਿੰਘ ਸੀਪਾ ਜੋ ਕਿ ਨੇੜਲੇ ਪਿੰਡ ਵਿਧਾਤੇ ਵਿਖੇ ਇਲੈਕਟ੍ਰੀਸ਼ਨ ਦੀ ਦੁਕਾਨ ਕਰਦਾ ਸੀ ਅਤੇ ਇੱਕ ਕੰਪਲੇਟ ਕਰਨ ਲਈ ਜਦੋਂ ਉਹ ਛੱਤ 'ਤੇ ਚੜ੍ਹਿਆ ਤਾਂ ਛੱਤਾਂ ਗਿੱਲੀਆਂ ਹੋਣ ਕਾਰਨ ਤਾਰ ਦਾ ਜੋੜ ਲਗਾਉਂਦੇ ਸਮੇਂ ਕਰੰਟ ਦੀ ਚਪੇਟ ਵਿੱਚ ਆ ਗਿਆ। ਮੌਕੇ 'ਤੇ ਮੌਜੂਦ ਚਸ਼ਮਦੀਦਾਂ ਵੱਲੋਂ ਦੱਸਿਆ ਗਿਆ ਕਿ ਕਾਫੀ ਟਾਈਮ ਸੰਦੀਪ ਸਿੰਘ ਤਾਰ ਨਾਲ ਲੱਗਿਆ ਰਿਹਾ ਪਰ ਜਦ ਤੱਕ ਉਸ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਤਦ ਤੱਕ ਉਸ ਦੀ ਮੌਕੇ 'ਤੇ ਹੀ ਮੌਤ ਹੋ ਚੁੱਕੀ ਸੀ। ਸੰਦੀਪ ਸਿੰਘ ਸੀਪਾ ਆਪਣੇ ਪਿੱਛੇ ਆਪਣੇ ਬੁੱਢੇ ਮਾਂ ਪਿਓ ਤੋਂ ਇਲਾਵਾ ਆਪਣੀ ਘਰਵਾਲੀ ਇੱਕ ਛੋਟਾ ਬੱਚਾ ਛੱਡ ਕੇ ਸਦਾ ਲਈ ਦੂਰ ਚਲਾ ਗਿਆ ।ਸੰਦੀਪ ਸਿੰਘ ਸੀਪਾ ਦੀ ਘਰਵਾਲੀ ਗਰਭ ਅਵਸਥਾ ਵਿੱਚ ਹੈ ਅਤੇ ਸੰਦੀਪ ਸਿੰਘ ਨੂੰ ਤਿੰਨ ਚਾਰ ਘੰਟੇ ਪਹਿਲਾਂ ਵੀ ਇੱਕ ਵਾਰ ਕਰੰਟ ਲੱਗ ਚੁੱਕਾ ਸੀ। ਅੱਜ ਸੰਦੀਪ ਸਿੰਘ ਸੀਪਾ ਦਾ ਨੂੰ ਨਮ ਭਰੀਆਂ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ।

# ਹੜ੍ਹਾਂ ਵਰਗੀ ਸਥਿਤੀ ਦੇ ਮੱਦੇਨਜ਼ਰ ਸਿਹਤ ਸੰਬੰਧੀ ਸਲਾਹ ਜਾਰੀ

ਬਰਨਾਲਾ, 27 ਅਗਸਤ (ਬਘੇਲ ਸਿੰਘ ਧਾਲੀਵਾਲ):ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਕਿਹਾ ਕਿ ਮੀਂਹ ਦੇ ਮੌਸਮ ਦੌਰਾਨ ਸਿਹਤ ਸਬੰਧੀ ਦਿੱਕਤਾਂ ਪੇਸ਼ ਆਉਣ ਦੀ ਸੰਭਾਵਨਾ ਵਧ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਦੇ ਮੱਦੇਨਜ਼ਰ ਜ਼ਿਲਾ ਪ੍ਰਸ਼ਾਸਨ ਬਰਨਾਲਾ ਅਤੇ ਸਿਹਤ ਵਿਭਾਗ ਬਰਨਾਲਾ ਵੱਲੋਂ ਸਿਹਤ ਵਿਭਾਗ ਪੰਜਾਬ ਤੋਂ ਪ੍ਰਾਪਤ ਸਿਹਤ ਸਲਾਹ ਜਾਰੀ ਕੀਤੀ ਗਈ ਹੈ ਤਾਂ ਜੋ ਜ਼ਿਲ੍ਹਾ ਵਾਸੀ ਇਨ੍ਹਾਂ ਸਾਵਧਾਨੀਆਂ ਨੂੰ ਵਰਤਣ। ਉਨ੍ਹਾਂ ਕਿਹਾ ਕਿ ਜਿੱਥੋਂ ਤੱਕ ਹੋ ਸਕੇ ਹੜ੍ਹ ਦੇ ਪਾਣੀ ਨਾਲ ਸਿੱਧੇ ਸੰਪਰਕ ਤੋਂ ਬਚੋ। ਪਾਣੀ ਭਰੇ ਇਲਾਕਿਆਂ ਵਿੱਚ ਸੁਰੱਖਿਆ ਵਾਲੇ ਜੁੱਤੇ (ਗਮਬੂਟ ਆਦਿ) ਵਰਤੋਂ। ਸਾਬਣ ਅਤੇ ਪਾਣੀ ਨਾਲ ਵਾਰ-ਵਾਰ ਹੱਥ ਧੋਵੋ, ਖਾਸ ਕਰਕੇ ਖਾਣ ਤੋਂ ਪਹਿਲਾਂ। ਭੋਜਨ ਅਤੇ ਪੀਣ ਵਾਲੇ ਪਾਣੀ ਨੂੰ ਚੰਗੀ ਤਰ੍ਹਾਂ ਢੱਕ ਕੇ ਰੱਖੋ। ਭੋਜਨ ਸੁਰੱਖਿਅਤ ਤਰੀਕੇ ਨਾਲ ਪਕਾਓ ਅਤੇ ਸਟੋਰ ਕਰੋ। ਸਿਵਲ ਸਰਜਨ ਡਾਕਟਰ ਬਲਜੀਤ ਸਿੰਘ ਨੇ ਦੱਸਿਆ ਕਿ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਸਿਰਫ਼ ਉਬਾਲਿਆ ਜਾਂ ਕਲੋਰੀਨ ਵਾਲਾ ਪਾਣੀ ਪੀਓ। ਜਿੱਥੇ ਪਾਣੀ ਉਬਾਲਣਾ ਸੰਭਵ ਨਾ ਹੋਵੇ, ਉੱਥੇ ਕਲੋਰੀਨ ਦੀਆਂ ਗੋਲੀਆਂ ਦੀ ਵਰਤੋਂ ਕਰੋ। ਪਾਣੀ ਨੂੰ ਸਾਫ਼, ਢੱਕੇ ਹੋਏ ਭਾਂਡਿਆਂ ਵਿੱਚ ਸਟੋਰ ਕਰੋ ਅਤੇ ਪਾਣੀ ਕੱਢਣ ਲਈ ਲੰਮੀ ਡੰਡੀ ਵਾਲੇ ਭਾਂਡੇ ਜਾਂ ਟੂਟੀ ਦੀ ਵਰਤੋਂ ਕਰੋ। ਭੋਜਨ ਸਾਫ਼ ਸੁੱਥਰੇ ਤਰੀਕੇ ਨਾਲ ਰੱਖੋ, ਫਲ/ਸਬਜ਼ੀਆਂ ਨੂੰ ਸਾਫ਼ ਪਾਣੀ ਨਾਲ ਧੋਵੋ; ਹੜ੍ਹ ਦੇ ਪਾਣੀ ਦੇ ਸੰਪਰਕ ਵਿੱਚ ਆਉਣ ਵਾਲਾ ਭੋਜਨ ਨਾ ਖਾਓ। ਮੱਖੀਆਂ/ ਮੱਛਰ (ਵੈਕਟਰ ਬੋਰਨ) ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਕੰਟੇਨਰਾਂ, ਟਾਇਰਾਂ, ਛੱਤਾਂ, ਟੋਇਆਂ, ਕੂਲਰਾਂ ਵਿੱਚ ਖੜ੍ਹਾ ਪਾਣੀ ਖਾਲੀ ਕਰ ਦਿਓ। ਛੱਤ ਉੱਪਰਲੇ ਟੈਂਕਾਂ ਅਤੇ ਪਾਣੀ ਸਟੋਰ ਕਰਨ ਵਾਲੇ ਭਾਂਡਿਆਂ ਨੂੰ ਚੰਗੀ ਤਰ੍ਹਾਂ ਢੱਕੋ। ਖਾਸ ਕਰਕੇ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਮੱਛਰਦਾਨੀ ਦੀ ਵਰਤੋਂ ਕਰੋ। ਪੂਰੀਆਂ ਬਾਹਾਂ ਵਾਲੇ ਕੱਪੜੇ ਪਾਓ ਅਤੇ ਮੱਛਰ ਤੋਂ ਬਚਾਅ ਵਾਲੀ ਕਰੀਮ ਆਦਿ ਲਗਾਓ। ਪ੍ਰਭਾਵਿਤ ਖੇਤਰਾਂ ਵਿੱਚ ਫੌਗਿੰਗ/ਸਪਰੇਅ ਕੀਤੀ ਜਾਵੇ। ਸੱਪ ਦੇ ਕੱਟਣ ਤੋਂ ਰੋਕਥਾਮ ਲਈ ਹਨੇਰੇ ਤੋਂ ਬਾਅਦ ਪਾਣੀ ਭਰੇ ਜਾਂ ਝਾੜੀਆਂ ਵਾਲੇ ਖੇਤਰਾਂ ਵਿੱਚ ਜਾਣ ਤੋਂ ਬਚੋ; ਜੇ ਜਾਣਾ ਪਵੇ ਤਾਂ ਸੋਟੀ/ਟਾਰਚ ਆਦਿ ਦੀ ਵਰਤੋਂ ਕਰੋ। ਖੱਡਾਂ ਜਾਂ ਸੰਘਣੀ ਬਨਸਪਤੀ ਵਿੱਚ ਹੱਥ, ਪੈਰ ਨਾ ਪਾਓ। ਆਲੇ ਦੁਆਲੇ ਕੂੜਾ, ਚੂਹਿਆਂ ਦੀਆਂ ਖੱਡਾਂ ਆਦਿ, ਲੱਕੜ/ ਪੱਥਰਾਂ ਆਦਿ ਦੇ ਢੇਰ ਸਾਫ਼ ਕਰਕੇ ਰੱਖੋ ਜੋ ਸੱਪ ਆਦਿ ਨਾ ਆਉਣ। ਚਮੜੀ ਦੀ ਐਲਰਜੀ, ਲਾਗ, ਫੰਗਲ ਬਿਮਾਰੀਆਂ ਦੀ ਰੋਕਥਾਮ ਲਈ ਹੜ੍ਹ ਦੇ ਪਾਣੀ ਨਾਲ ਲੰਬੇ ਸਮੇਂ ਤੱਕ ਸੰਪਰਕ ਤੋਂ ਬਚੋ; ਜਿੰਨੀ ਜਲਦੀ ਹੋ ਸਕੇ ਸੁੱਕੇ ਕੱਪੜੇ ਪਾਓ। ਹੜ੍ਹ ਦੇ ਪਾਣੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਸਾਫ਼ ਪਾਣੀ ਅਤੇ ਸਾਬਣ ਨਾਲ ਨਹਾਓ ਫੰਗਲ ਇਨਫੈਕਸ਼ਨ ਰੋਕਣ ਲਈ ਚਮੜੀ ਜਿਆਦਾ ਸਮੇਂ ਤੱਕ ਗਿੱਲੀ ਨਾ ਰੱਖੋ ਬਲਕਿ ਚਮੜੀ ਸੁੱਕੀ ਰਹੇ। ਚਮੜੀ 'ਤੇ ਖੁਰਕ, ਲਾਲੀ, ਧੱਫੜ ਆਦਿ ਹੋਣ 'ਤੇ ਡਾਕਟਰ ਦੀ ਸਲਾਹ ਨਾਲ ਕਰੀਮ/ ਪਾਊਡਰ ਆਦਿ ਲਗਾਓ। ਲੋੜ ਪੈਣ 'ਤੇ ਆਪਣੀ ਨੇੜਲੀ ਆਸ਼ਾ ਵਰਕਰ/ ਸਿਹਤ ਸੰਸਥਾਵਾਂ ਵਿੱਚ ਸੰਪਰਕ ਕਰੋ।ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਵੇਲੇ ਹੜ੍ਹ ਕੰਟਰੋਲ ਰੂਮ ਦੇ ਨੰਬਰਾਂ ਬਰਨਾਲਾ 01679-233031, ਤਪਾ 01679-273201, ਮਹਿਲ ਕਲਾਂ 82641-93466 'ਤੇ ਸੰਪਰਕ ਕੀਤਾ ਜਾਵੇ।

# ਟੰਡਨ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਟੇਬਲ ਟੈਨਿਸ ਵਿਚ ਬਰੋਨਜ਼ ਮੈਡਲ ਜਿੱਤੇ

ਬਰਨਾਲਾ, 27 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਟੰਡਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਬਰੋਨਜ਼ ਮੈਡਲ ਜਿੱਤਿਆ। 69ਵੀਂ ਸਕੂਲ ਖੇਡਾਂ ਦੇ ਜਿਲ੍ਹਾ ਪੱਧਰ ਦੇ ਟੇਬਲ ਟੈਨਿਸ ਦੇ ਮੁਕਾਬਲੇ ਐੱਲ ਬੀ ਐੱਸ ਕਾਲਜ ਵਿੱਖੇ ਕਰਵਾਏ ਗਏ। ਜਿਸ ਵਿੱਚ ਵੱਖ-ਵੱਖ ਸਕੂਲਾਂ ਦੀਆਂ ਟੇਬਲ ਟੈਨਿਸ ਟੀਮਾਂ ਨੇ ਭਾਗ ਲਿਆ। ਟੰਡਨ ਇੰਟਰਨੈਸ਼ਨਲ ਸਕੂਲ ਵੱਲੋਂ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਨੇ ਭਾਗ ਲਿਆ ਅਤੇ ਵਧੀਆ ਪ੍ਰਦਰਸ਼ਨ ਕੀਤਾ। ਇਸ ਟੂਰਨਾਮੈਂਟ ਵਿੱਚ ਟੰਡਨ ਇੰਟਰਨੈਸ਼ਨਲ ਸਕੂਲ ਦੀ ਲੜਕਿਆਂ ਦੀ ਟੀਮ, ਜਿਸ ਵਿਚ ਏਕਮ ਅੱਗਰਵਾਲ, ਜੈ ਕੁਮਰ ਸ਼ਰਮਾ, ਹਰਸ਼ਿਤ ਮਨੂਰ, ਭਵੇਸ਼ ਗੋਇਲ ਅਤੇ ਅੰਸ਼ਦੀਪ ਸਿੰਘ ਨੇ ਵਧੀਆ ਪ੍ਰਦਰਸ਼ਨ ਕਰਦੇ ਹੋਏ ਬਰੋਨਜ਼ ਮੈਡਲ ਜਿੱਤਿਆ। ਇਸ ਮੁਕਾਬਲੇ ਵਿਚ ਟੰਡਨ ਸਕੂਲ ਦਾ ਵਿਦਿਆਰਥੀ ਏਕਮ ਅੱਗਰਵਾਲ ਨੂੰ ਸਟੇਟ ਪੱਧਰ ਲਈ ਚੁਣਿਆ ਗਿਆ। ਇਸ ਖਾਸ ਮੌਕੇ 'ਤੇ ਸਕੂਲ ਦੀ ਪ੍ਰਿੰਸੀਪਲ ਮੈਡਮ ਸ਼ਾਲਿਨੀ ਕੌਸ਼ਲ ਨੇ ਕਿਹਾ ਕਿ ਇਹ ਜਿੱਤ ਸਿਰਫ਼ ਖਿਡਾਰੀਆਂ ਦੀ ਨਹੀਂ ਸਗੋਂ ਪੂਰੇ ਸਕੂਲ ਦੀ ਹੈ। ਸਕੂਲ ਦੇ ਖਿਡਾਰੀਆਂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਮੈਡਲ ਜਿੱਤ ਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਟੇਬਲ ਟੈਨਿਸ ਕੋਚ ਸੁਖਦੇਵ ਸਿੰਘ ਅਤੇ ਡੀ ਪੀ ਹਰਜੀਤ ਸਿੰਘ ਨੂੰ ਵੀ ਇਸ ਜਿੱਤ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਬੱਚਿਆਂ ਵਿਚ ਹੋਰ ਜੋਸ਼ ਭਰਨ ਤਾ ਜੋ ਹੋਰ ਉੱਚੀ ਜਿੱਤ ਹਾਸਿਲ ਕਰਨ। ਸਕੂਲ ਦੇ ਐਮ ਡੀ ਸ਼ਿਵ ਸਿੰਗਲਾ ਦੀ ਮੋਟੀਵੇਸ਼ਨਲ ਸਪੀਚ ਨੇ ਬੱਚਿਆਂ ਦਾ ਹੌਸਲਾ ਹੋਰ ਵਧਾਇਆ। ਉਨ੍ਹਾਂ ਕਿਹਾ ਕਿ ਜਿੱਤ-ਹਾਰ ਖੇਡ ਦਾ ਹਿੱਸਾ ਹੈ, ਪਰ ਸੱਚੀ ਜਿੱਤ ਉਹ ਹੈ ਜੋ ਬੱਚੇ ਆਪਣੇ ਅੰਦਰ ਭਰੋਸਾ ਪੈਦਾ ਕਰਕੇ ਹਾਸਲ ਕਰਦੇ ਹਨ।

# ਛੱਪੜ ਦਾ ਬੰਨ੍ਹ ਟੁੱਟਿਆ, ਅਨੇਕਾਂ ਘਰ ਡੁੱਬੇ, ਝੋਨੇ ਦੀ ਫ਼ਸਲ ਹੋਈ ਤਬਾਹ



ਭਦੌੜ, 27 ਅਗਸਤ (ਸੁਖਵਿੰਦਰ ਪਲਾਹਾ):ਪਿਛਲੇ ਤਿੰਨ ਦਿਨਾ ਤੋਂ ਲਗਾਤਾਰ ਪੈ ਰਹੀ ਬਾਰਿਸ਼ ਕਾਰਨ ਕਸਬਾ ਭਦੌੜ ਦੇ ਵਾਰਡ ਨੰਬਰ 5 ਅਤੇ 6 ਵਿਚ ਮੱਝੂਕੇ ਰੋਡ 'ਤੇ ਜੋ ਮੇਨ ਛੱਪੜ ਹੈ, ਜਿਸ 'ਤਚ ਅੱਧੇ ਕਸਬੇ ਦਾ ਪਾਣੀ ਪੈਂਦਾ ਹੈ। ਮੀਂਹ ਦੇ ਪਾਣੀ ਨਾਲ ਨੱਕੋ ਨੱਕ ਭਰ ਜਾਣ ਕਾਰਨ ਛੱਪੜ ਦਾ ਬੰਨ ਟੁੱਟ ਗਿਆ ਹੈ, ਜਿਸ ਕਾਰਨ ਛੱਪੜ ਦੇ ਆਸੇ ਪਾਸੇ ਵਸੇ ਸੌ ਦੇ ਕਰੀਬ ਗਰੀਬਾਂ ਦੇ ਘਰ ਛੱਪੜ ਦੇ ਗੰਦੇ ਪਾਣੀ ਵਿਚ ਡੁੱਬਣ ਕਿਨਾਰੇ ਹਨ। ਬਹੁਤੇ ਘਰਾਂ ਦੇ ਅੰਦਰ ਪਾਣੀ ਵੜ ਗਿਆ ਅਤੇ ਮਕਾਨਾਂ ਦਾ ਨੁਕਸਾਨ ਵੀ ਹੋਇਆ ਹੈ। ਨਛੱਤਰ ਸਿੰਘ ਨੰਬਰਦਾਰ ਦਾ ਛੱਪੜ ਨਾਲ ਲੱਗਦਾ ਲਗਭਗ ਦੋ ਏਕੜ ਝੋਨਾ ਪੂਰੀ ਤਰ੍ਹਾਂ ਡੁੱਬ ਗਿਆ। ਇਸ ਤੋਂ ਇਲਾਵਾ ਹੋਰ ਲੋਕਾਂ ਦੀਆਂ ਫਸਲਾਂ ਦਾ ਵੀ ਬੰਨ ਟੁੱਟਣ ਕਾਰਨ ਨੁਕਸਾਨ ਹੋਇਆ ਹੈ।ਦੁਖੀ ਲੋਕਾਂ ਨੇ ਸਰਕਾਰ ਖਿਲਾਫ ਭੜਾਸ ਕੱਢਦਿਆਂ ਕਿਹਾ ਕਿ ਸਰਕਾਰਾਂ ਦੀ ਨਲਾਇਕੀ ਕਾਰਨ ਅਸੀਂ ਬਰਬਾਦ ਹੋ ਗਏ ਹਾਂ। ਸਾਡੇ ਘਰ ਡੁੱਬ ਗਏ ਹਨ ਅਤੇ ਸਾਰਾ ਸਮਾਨ ਬਰਬਾਦ ਹੋ ਗਿਆ ਹੈ। ਉਹਨਾਂ ਕਿਹਾ ਕਿ ਅਸੀਂ ਮਿਹਨਤਕਸ਼ ਲੋਕ ਹਾਂ ਅਸੀਂ ਆਪਣੇ ਨੁਕਸਾਨ ਦੀ ਭਰਭਾਈ ਕਿਵੇਂ ਕਰਾਂਗੇ ? ਇਸ ਛੱਪੜ ਦੇ ਗੰਦੇ ਪਾਣੀ ਨਾਲ ਲੋਕਾਂ 'ਚ ਬਿਮਾਰੀਆਂ ਫੈਲਣ ਦਾ ਵੀ ਖਤਰਾ ਮੰਡਰਾ ਰਿਹਾ ਹੈ। ਮੀਂਹ ਬੰਦ ਨਾ ਹੋਣ ਕਾਰਨ ਲੋਕਾਂ ਤੇ ਖਤਰੇ ਦੀ ਤਲਵਾਰ ਅਜੇ ਵੀ ਲਮਕ ਰਹੀ ਹੈ। ਛੱਪੜ ਦੇ ਬੇਕਾਬੂ ਪਾਣੀ ਅੱਗੇ ਰਾਮ ਬਾਗ ਦੀ ਕੰਧ ਢਹਿ ਢੇਰੀ ਹੋ ਗਈ। ਚਾਰ ਚੁਫੇਰੇ ਸੂਏ ਤੱਕ ਪਾਣੀ ਹੀ ਪਾਣੀ ਫਿਰਦਾ ਨਜ਼ਰ ਆ ਰਿਹਾ ਹੈ। ਮੱਝੂਕੇ ਰੋਡ ਦੇ ਕੌਂਸ਼ਲਰ ਗੁਰਪਾਲ ਸਿੰਘ ਨੇ ਕਿਹਾ ਕਿ ਪਿੱਛਲੇ ਵੀਹ ਸਾਲਾਂ ਤੋਂ ਇਸ ਛੱਪੜ ਦੀ ਕਿਸੇ ਨੇ ਸਾਰ ਨਹੀ ਲਈ। ਇਹ ਕੰਮ ਸਰਕਾਰਾਂ ਹੀ ਕਰ ਸਕਦੀਆਂ ਹਨ ਸਾਡੇ ਤਾਂ ਹੱਥ ਖੜੇ ਨੇ। ਛੱਪੜਾਂ ਦੇ ਉਫਾਨ ਦਾ ਇਕ ਕਾਰਨ ਇਹ ਵੀ ਹੈ ਕਿ ਚਾਰ ਚੁਫੇਰੇ ਤੋਂ ਛੱਪੜ 'ਤੇ ਨਜਾਇਜ਼ ਕਬਜ਼ੇ ਹੋ ਰਹੇ ਹਨ ਪ੍ਰੰਤੂ ਪ੍ਰਸ਼ਾਸਨ ਕੁੰਭ ਕਰਨੀ ਨੀਂਦ ਸੁੱਤਾ ਪਿਆ ਹੈ । ਪ੍ਰਸਾਸ਼ਨ ਵੱਲੋਂ ਬਾਰਿਸ਼ਾਂ ਤੋਂ ਪਹਿਲਾਂ ਛੱਪੜਾਂ ਨਾਲਿਆਂ ਦੀ ਸਫਾਈ ਕਰਵਾਈ ਜਾਂਦੀ ਹੈ ਕਿ ਬਾਰਿਸ਼ਾਂ ਦੇ ਮੌਕੇ ਲੋਕਾਂ ਨੂੰ ਕੋਈ ਮੁਸ਼ਕਿਲ ਨਾ ਆਵੇ ਪਰ ਭਦੌੜ ਵਿਚ ਕਿਸੇ ਵੀ ਛੱਪੜ ਦੀ ਹਾਲੇ ਤੱਕ ਕਿਸੇ ਨੇ ਸਾਰ ਨਹੀਂ ਲਈ। ਇੱਥੇ ਇਹ ਵੀ ਦੱਸਣ ਯੋਗ ਹੋਵੇਗਾ ਕਿ ਤਿੰਨ ਸਾਲ ਪਹਿਲਾਂ ਜੁਲਾਈ 2022 'ਚ ਵੀ ਇਸੇ ਛੱਪੜ ਦਾ ਬੰਨ੍ਹ ਟੁੱਟਿਆ ਸੀ।



# ਪਟਿਆਲਾ-ਆਸ/ਪਾਸ



## ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਹੈਲਪਿੰਗ ਡੈਸਕ ਸਥਾਪਿਤ

☛ਹੜ੍ਹ ਪੀੜਤਾਂ ਦੀ ਕੀਤੀ ਜਾਵੇਗੀ ਹਰ ਸੰਭਵ ਮਦਦ : ਪ੍ਰੋ. ਬਡੂੰਗਰ

☛ਔਖੇ ਸਮੇਂ 'ਚ ਆਪਣਿਆਂ ਨਾਲ ਖੜ੍ਹਨਾ ਸਾਡਾ ਨਿੱਜੀ ਫਰਜ਼ : ਗੜ੍ਹੀ



ਪਟਿਆਲਾ, 27 ਅਗਸਤ (ਅਮਰਜੀਤ ਸਿੰਘ) : ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿੱਥੇ ਧਰਮ ਦੇ ਪ੍ਰਚਾਰ ਪ੍ਰਸਾਰ ਹਿੱਤ ਕਾਰਜ ਕੀਤੇ ਜਾਂਦੇ ਹਨ ਤਾਂ ਉੱਥੇ ਹੀ ਸਮਾਜਿਕ ਖੇਤਰ 'ਚ ਵੀ ਇਹ ਸੰਸਥਾ ਵੱਡੇ ਕਾਰਜ ਕਰਦੀ ਰਹਿੰਦੀ ਹੈ। ਇਸੇ ਤਹਿਤ ਹੁਣ ਜਦੋਂ ਪੰਜਾਬ ਅੰਦਰ ਹੜ੍ਹਾਂ ਕਾਰਨ ਸਥਿਤੀ ਚਿੰਤਾਜਨਕ ਬਣੀ ਹੋਈ ਹੈ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਦਦ ਲਈ ਵੱਡੇ ਪ੍ਰਬੰਧ ਕੀਤੇ ਜਾ ਰਹੇ ਹਨ। ਇਸੇ ਤਹਿਤ ਅੱਜ ਗੁ. ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਹੜ੍ਹ ਪ੍ਰਭਾਵਿਤ ਖੇਤਰਾਂ ਤੋਂ ਆਉਣ ਵਾਲੇ ਲੋਕਾਂ ਅਤੇ ਉੱਥੇ ਜਾ ਕੇ ਮਦਦ ਕਰਨ ਹਿੱਤ ਵਿਸ਼ੇਸ਼ ਤੌਰ 'ਤੇ ਹੜ੍ਹ ਪੀੜਤਾਂ ਲਈ ਸਹਾਇਤਾ ਕੇਂਦਰ ਦੀ ਸ਼ੁਰੂਆਤ ਕੀਤੀ ਗਈ ਹੈ।ਦੱਸ ਦੇਈਏ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਨੂੰ ਸੰਗਤ ਲਈ ਉਚਿਤ ਪ੍ਰਬੰਧ ਕਰਨ ਦੀ ਹਦਾਇਤ ਕੀਤੀ ਗਈ ਹੈ। ਇਸੇ ਤਹਿਤ ਹੀ ਗੁ. ਦੂਖ ਨਿਵਾਰਨ ਸਾਹਿਬ ਵਿਖੇ ਇਹ ਹੈਲਪਿੰਗ ਡੈਸਕ ਸਥਾਪਿਤ ਕੀਤਾ ਗਿਆ ਹੈ। ਇਸ ਵਿਸ਼ੇਸ਼ ਮੌਕੇ 'ਤੇ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰੋ: ਕਿਰਪਾਲ ਸਿੰਘ ਜੀ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਸ.ਸੁਰਜੀਤ ਸਿੰਘ ਗੜ੍ਹੀ , ਮੈਂਬਰ ਸ਼੍ਰੋਮਣੀ ਕਮੇਟੀ ਸ. ਜਸਮੇਰ ਸਿੰਘ ਲਾਛੜੂ ਹਾਜ਼ਰ ਸਨ।ਅੱਜ ਜਦੋਂ ਪੰਜਾਬ ਦੇ ਹਾਲਾਤ ਨਾਜ਼ੁਕ ਹਨ ਕਿ ਲੋਕ ਹੜ੍ਹਾਂ ਕਾਰਨ ਘਰਾਂ ਤੋਂ ਬੇਘਰ ਹੋ ਰਹੇ ਹਨ ਤਾਂ ਉਸ ਸਮੇਂ ਇਹ ਫਰਜ਼ ਹੈ ਕਿ ਅਸੀਂ ਆਪਣੀ ਜ਼ਿੰਮੇਵਾਰੀ ਸਮਝਦਿਆਂ ਹੜ੍ਹ ਪੀੜਤਾਂ ਦੀ ਮਦਦ ਕਰੀਏ । ਇਹੀ ਕਾਰਨ ਹੈ ਕਿ ਅੱਜ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ ਵਿਖੇ ਇਹ ਸਹਾਇਤਾ ਡੈਸਕ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਨੇੜੇ ਕਿਸੇ ਵੀ ਹੜ੍ਹ ਪ੍ਰਭਾਵਿਤ ਨੂੰ ਜੇਕਰ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਦੀ ਜ਼ਰੂਰਤ ਹੋਵੇ ਉਹ ਗੁ. ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਸੰਪਰਕ ਕਰ ਸਕਦਾ ਹੈ।ਇਸ ਦੇ ਨਾਲ ਹੀ ਅੰਤ੍ਰਿੰਗ ਕਮੇਟੀ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪੀੜਤਾਂ ਦੀ ਹਰ ਪੱਖ ਤੋਂ ਸਹਾਇਤਾ ਕੀਤੀ ਜਾ ਰਹੀ ਹੈ। ਇਸ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸ ਦੇ ਨਾਲ ਹੀ ਉਨ੍ਹਾਂ ਸੰਗਤ ਨੂੰ ਵੀ ਅਪੀਲ ਕੀਤੀ ਕਿ ਅੱਜ ਜਦੋਂ ਪੰਜਾਬ ਅੰਦਰ ਇਹ ਨਾਜ਼ੁਕ ਹਾਲਾਤ ਬਣੇ ਹਨ ਤਾਂ ਹਰ ਵਿਅਕਤੀ ਵਾਲੰਟੀਅਰ ਬਣ ਕੇ ਹੜ੍ਹ ਪੀੜਤਾਂ ਦੀ ਮਦਦ ਕਰੇ। ਇਸ ਮੌਕੇ ਮੈਨੇਜਰ ਸ. ਭਾਗ ਸਿੰਘ ਨੇ ਦੱਸਿਆ ਕਿ ਸਾਡੇ ਵੱਲੋਂ ਹੜ੍ਹ ਪੀੜਤਾਂ ਦੀ ਰਿਹਾਇਸ਼ ਅਤੇ ਲੰਗਰ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਨੂੰ ਵੀ ਸਹਾਇਤਾ ਦੀ ਜ਼ਰੂਰਤ ਹੋਵੇ ਉਹ 99146-17900 ਨੰਬਰ ਤੇ ਸੰਪਰਕ ਕਰ ਸਕਦਾ ਹੈ। ਇਸ ਵਿਸ਼ੇਸ਼ ਮੌਕੇ 'ਤੇ ਸ. ਜਸਮੇਰ ਸਿੰਘ ਲਾਛੜੂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਜਸਵਿੰਦਰ ਸਿੰਘ ਮੈਨੇਜਰ, ਸ. ਮਨਜੀਤ ਸਿੰਘ ਪਵਾਰ ਸਮੇਤ ਵੱਡੀ ਗਿਣਤੀ 'ਚ ਸੰਗਤ ਹਾਜ਼ਰ ਸੀ।

## ਪੰਜਾਬੀ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ

➤ਗੁਰੂ ਸਾਹਿਬ ਦੀ ਸ਼ਹਾਦਤ ਅਤੇ ਸਿੱਖਿਆਵਾਂ ਤੋਂ ਜ਼ਿੰਦਗੀ ਵਿੱਚ ਸੇਧ ਲੈਣ ਦੀ ਲੋੜ: ਡਾ. ਜਗਦੀਪ ਸਿੰਘ

➤ਗੁਰਮਤਿ ਫ਼ਲਸਫ਼ੇ ਨੇ ਸਾਨੂੰ ਚੜ੍ਹਦੀਕਲਾ ਦੇ ਸੰਕਲਪ ਨਾਲ ਜਿਉਣ ਦੀ ਜਾਚ ਸਿਖਾਈ: ਡਾ. ਰੇਣੂਕਾ



ਪਟਿਆਲਾ, 27 ਅਗਸਤ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ 350ਵੇਂ ਸਾਲ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਲੜੀ ਵਿੱਚ ਪੰਜਵਾਂ ਪ੍ਰੋਗਰਾਮ ਕਰਵਾਇਆ ਗਿਆ। ਯੂਨੀਵਰਸਿਟੀ ਦੇ ਕੰਪਿਊਟਰ ਵਿਗਿਆਨ ਅਤੇ ਇੰਜਨੀਅਰਿੰਗ ਵਿਭਾਗ ਵੱਲੋਂ ਸੁਕ੍ਰਿਤ ਟਰੱਸਟ ਲੁਧਿਆਣਾ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ: ਸਿੱਖਿਆਵਾਂ ਅਤੇ ਸ਼ਹਾਦਤ 'ਇਹ ਖੋਜ ਕਠਨ ਹੈ' ਵਿਸ਼ੇ ਉੱਤੇ ਚਰਚਾ ਕੀਤੀ ਗਈ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਅਸੀਂ ਖੁਸ਼ਕਿਸਮਤ ਹਾਂ ਕਿ ਇੱਕ ਅਜਿਹੀ ਮਹਾਨ ਸ਼ਹਾਦਤ, ਜਿਸ ਵਰਗੀ ਮਿਸਾਲ ਪੂਰੀ ਦੁਨੀਆਂ ਵਿੱਚ ਕਿਤੇ ਵੀ ਹੋਰ ਨਹੀਂ ਮਿਲਦੀ, ਨਾਲ ਸਬੰਧਤ 350ਵੇਂ ਸਾਲ ਨੂੰ ਸਮਰਪਿਤ ਸਮਾਗਮ ਕਰਵਾਉਣੇ ਸਾਡੇ ਹਿੱਸੇ ਆਏ ਹਨ। ਉਨ੍ਹਾਂ ਕਿਹਾ ਕਿ ਗਿਆਨ ਦਾ ਚਾਨਣ ਵੰਡ ਰਹੀ ਪੰਜਾਬੀ ਯੂਨੀਵਰਸਿਟੀ ਤਾਂ ਇਸ ਪੱਖੋਂ ਵੀ ਖੁਸ਼ਕਿਸਮਤ ਹੈ ਕਿ ਇਹ ਅਜਿਹੇ ਇਲਾਕੇ ਵਿੱਚ ਹੈ, ਜਿਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੀ ਸ਼ਹਾਦਤ ਅਤੇ ਸਿੱਖਿਆਵਾਂ ਦੀ ਵਿਲੱਖਣਤਾ ਨੂੰ ਸਮਝਦਿਆਂ ਆਪਣੀ ਜ਼ਿੰਦਗੀ ਵਿੱਚ ਇਸ ਤੋਂ ਸੇਧ ਲੈਣ ਦੀ ਲੋੜ ਹੈ।ਮੁੱਖ ਵਕਤਾ ਡਾ. ਸਰਬਜੀਤ ਸਿੰਘ ਰੇਣੂਕਾ ਨੇ ਕਿਹਾ ਕਿ ਸੰਸਾਰ ਭਰ ਵਿੱਚ ਮਨੁੱਖੀ ਅਧਿਕਾਰਾਂ ਦੀ ਗੱਲ ਬਹੁਤ ਬਾਅਦ ਵਿੱਚ ਤੁਰੀ ਹੈ ਪਰ ਸਾਡੇ ਗੁਰੂ ਸਾਹਿਬ ਨੇ ਬਹੁਤ ਪਹਿਲਾਂ ਕਿਸੇ ਦੂਜੇ ਧਰਮ ਦੇ ਲੋਕਾਂ ਦੀ ਧਾਰਮਿਕ ਅਜ਼ਾਦੀ ਬਰਕਰਾਰ ਰੱਖਣ ਲਈ ਆਪਣੀ ਸ਼ਹਾਦਤ ਦੇ ਦਿੱਤੀ ਸੀ। ਉਨ੍ਹਾਂ ਗੁਰੂ ਸਾਹਿਬ ਦੀ ਬਾਣੀ ਵਿੱਚੋਂ ਹਵਾਲੇ ਦੇ ਕੇ ਦੱਸਿਆ ਕਿ ਕਿਸ ਤਰ੍ਹਾਂ ਗੁਰਮਤਿ ਫ਼ਲਸਫ਼ੇ ਨੇ ਸਾਨੂੰ ਚੜ੍ਹਦੀ ਕਲਾ ਦੇ ਸੰਕਲਪ ਨਾਲ ਜਿਉਣ ਦੀ ਜਾਚ ਸਿਖਾਈ ਹੈ। ਉਨ੍ਹਾਂ ਦੱਸਿਆ ਕਿ ਗੁਰੂ ਜੀ ਨੇ ਸਾਨੂੰ ਦੁੱਖ ਅਤੇ ਸੁੱਖ ਨੂੰ ਬਰਾਬਰ ਮੰਨ ਕੇ ਹਰ ਹਾਲਤ ਵਿੱਚ ਉਤਸ਼ਾਹ ਸਹਿਤ ਜਿਊਣਾ ਸਿਖਾਇਆ ਹੈ।ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ ਨੇ ਆਪਣੇ ਸਵਾਗਤੀ ਭਾਸ਼ਣ ਦੌਰਾਨ ਕਿਹਾ ਕਿ ਹੁਣ ਜਦੋਂ ਮਨੁੱਖ ਵਿਕੇਂਦਰਤ ਅਤੇ ਸਵੈ-ਕੇਂਦਰਿਤ ਹੋਣ ਨਾਲ ਜੁੜੀਆਂ ਵੱਖ-ਵੱਖ ਸਮੱਸਿਆਵਾਂ ਹੰਢਾ ਰਿਹਾ ਹੈ ਅਤੇ ਹਰ ਪਾਸੇ ਪਦਾਰਥਵਾਦ ਹਾਵੀ ਹੋ ਰਿਹਾ ਹੈ ਤਾਂ ਅਜਿਹੀ ਸਥਿਤੀ ਵਿੱਚ ਗੁਰੂ ਸਾਹਿਬ ਦੀ ਸ਼ਹਾਦਤ ਅਤੇ ਸਿੱਖਿਆਵਾਂ ਦੇ ਅਰਥ ਹੋਰ ਵੀ ਵਧੇਰੇ ਮਹੱਤਵ ਗ੍ਰਹਿਣ ਕਰ ਗਏ ਹਨ।ਪ੍ਰੋ. ਪਰਮਵੀਰ ਸਿੰਘ ਨੇ ਆਪਣੇ ਭਾਸ਼ਣ ਵਿੱਚ ਦੱਸਿਆ ਕਿ ਗੁਰੂ ਸਾਹਿਬ ਦੇ ਫ਼ਲਸਫ਼ੇ ਨੇ ਸਾਨੂੰ ਕਿਸੇ ਵੀ ਸਥਿਤੀ ਨਾਲ ਜ਼ਿੰਮੇਵਾਰੀ ਸਹਿਤ ਨਜਿੱਠਣਾ ਸਿਖਾਇਆ ਹੈ। ਗੁਰਮਤਿ ਫ਼ਲਸਫ਼ੇ ਵਿੱਚ ਸਥਿਤੀਆਂ ਤੋਂ ਭਗੌੜਾ ਹੋਣ ਨੂੰ ਕੋਈ ਥਾਂ ਨਹੀਂ ਹੈ।ਵਿਭਾਗ ਮੁਖੀ ਪ੍ਰੋ. ਹਿਮਾਂਸ਼ੂ ਅੱਗਰਵਾਲ ਨੇ ਧੰਨਵਾਦੀ ਭਾਸ਼ਣ ਦਿੱਤਾ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਡਾ. ਸੁਖਵਿੰਦਰ ਸਿੰਘ ਸਰਾਂ ਨੇ ਕੀਤਾ।

## ਭਾਜਪਾ ਦੀ ਸਰਕਾਰ 'ਚ 1984 ਦੇ ਦੰਗਾ ਪੀੜਤਾਂ ਨੂੰ ਮਿਲਿਆ ਇਨਸਾਫ : ਡਾ. ਕਾਂਸਲ



ਪਟਿਆਲਾ, 27 ਅਗਸਤ (ਚ.ਨ.ਸ.) : ਭਾਜਪਾ ਸੀਨੀਅਰ ਯੁਵਾ ਨੇਤਾ ਡਾ. ਗੁਰਵਿੰਦਰ ਕਾਂਸਲ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਧੰਨਵਾਦ ਕਰਦੇ ਕਿਹਾ ਕਿ ਸਿੱਖ ਭਰਾਵਾਂ ਦੇ ਹਮਦਰਦ ਮਾਣਯੋਗ ਸ੍ਰੀ ਨਰੇਂਦਰ ਮੋਦੀ ਅਤੇ ਨਾਇਬ ਸਿੰਘ ਸੈਣੀ ਦੁਆਰਾ 1984 ਦੇ ਦੰਗਿਆਂ ਦੌਰਾਨ ਹਰਿਆਣਾ ਵਿੱਚ ਸ਼ਹੀਦ ਹੋਏ 121 ਸਿੱਖ ਪਰਿਵਾਰਾਂ ਦੇ ਮੈਂਬਰਾਂ ਨੂੰ ਨੌਕਰੀ ਦੇਣਾਂ ਬਹੁਤ ਹੀ ਨੇਕ ਉਪਰਾਲਾ ਹੈ। ਇਸ ਉਪਰਾਲੇ ਸਦਕਾ ਵਿਛੜੀ ਰੂਹਾਂ ਦੀ ਕਮੀ ਤਾ ਪੂਰੀ ਨਹੀਂ ਹੋ ਸਕਦੀ ਪਰ ਦੰਗਿਆਂ ਵਿੱਚ ਸ਼ਹੀਦ ਹੋਏ ਸਿੱਖਾਂ ਦੇ ਪਰਵਾਰਿਕ ਮੈਂਬਰ ਨੂੰ ਸਰਕਾਰੀ ਨੌਕਰੀ ਦੇ ਕੇ ਉਹਨਾਂ ਦੇ ਜ਼ਖ਼ਮਾਂ ਉੱਤੇ ਮਲਮ ਲਾਉਣ ਦਾ ਕੰਮ ਕੀਤਾ ਹੈ। 41 ਸਾਲ ਬਾਅਦ ਉਹਨਾਂ ਦੇ ਪਰਿਵਾਰਾਂ ਨੂੰ ਭਾਰਤੀ ਜਨਤਾ ਪਾਰਟੀ ਦੁਆਰਾ ਇਨਸਾਫ਼ ਦਿੱਤਾ ਗਿਆ ਹੈ। ਡਾ. ਕਾਂਸਲ ਨੇ ਇਹ ਵੀ ਕਿਹਾ ਕੇ ਇਸ ਨੇਕ ਉਪਰਾਲੇ ਤੋਂ ਪਤਾ ਚਲਦਾ ਹੈ ਕਿ ਭਾਰਤੀ ਜਨਤਾ ਪਾਰਟੀ ਸਿੱਖ ਧਰਮ ਲਈ ਹਮੇਸ਼ਾ ਖੜ੍ਹਦੀ ਆਈ ਹੈ ਅਤੇ ਅੱਗੇ ਵੀ ਖੜ੍ਹਦੀ ਰਹੇਗੀ।

## ਉਪਕਾਰ ਸਿੰਘ ਨੇ ਆਪਣੇ ਪੁੱਤਰ ਦੇ ਜਨਮ ਦਿਨ ਮੌਕੇ ਬੂਟੇ ਲਗਾਏ



ਪਟਿਆਲਾ, 27 ਅਗਸਤ (ਚ.ਨ.ਸ.): ਪਟਿਆਲਾ ਸ਼ਹਿਰ ਦੀ ਨਾਮੀ ਸੰਸਥਾ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਪ੍ਰਧਾਨ ਉਪਕਾਰ ਸਿੰਘ ਦੀ ਅਗਵਾਈ ਵਿੱਚ ਉੱਘੇ ਸਮਾਜ ਸੇਵੀ, ਉਪਕਾਰ ਸਿੰਘ ਨੇ ਆਪਣੇ ਪੁੱਤਰ ਤਰੁਨਦੀਪ ਸਿੰਘ ਦੇ ਜਨਮਦਿਨ ਸਾਂਈ ਬਿਰਧ ਆਸ਼ਰਮ ਚੌਰਾ ਵਿੱਚ ਬਜ਼ੁਰਗਾਂ ਤੋਂ ਅਸ਼ੀਰਵਾਦ ਲੈ ਕੇ ਮਨਾਇਆ। ਇਸ ਮੌਕੇ 11 ਗੁਲਾਬ ਦੇ ਪੌਦੇ ਵੀ ਲਗਾਏ ਗਏ ਵਾਤਾਵਰਨ ਬਚਾਉਣ ਲਈ ਇਸ ਮੌਕੇ ਮਨਜੀਤ ਕੌਰ ਨੇ ਸਮਾਜ ਦੇ ਲੋਕਾਂ ਨੂੰ ਅਪੀਲ ਕੀਤੀ 'ਹਰ ਮਨੁੱਖ ਲਾਵੇ ਦੋ ਰੁੱਖ' ਇਹ ਮੁਹਿਮ ਪਿਛਲੇ ਢਾਈ ਦਹਾਕੇ ਤੋਂ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਚਲਾਈ ਹੋਈ ਹੈ।ਇਸ ਮੌਕਾ ਉਪਕਾਰ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਹਰੇਕ ਇਨਸਾਨ ਆਪਣੇ ਜਨਮਦਿਨ 'ਤੇ ਮਾਂ-ਪਿਓ ਦੇ ਜਨਮ ਦਿਨ 'ਤੇ 'ਹਰ ਮਨੁੱਖ ਲਾਵੇ ਦੋ ਰੁੱਖ' ਵਾਤਾਵਰਨ ਦੀ ਸੰਭਾਲ ਕਰਨ ਲਈ ਲਾਉਣੇ ਜ਼ਰੂਰ ਚਾਹੀਦੇ ਹਨ। ਹਰ ਇਨਸਾਨ ਜੇ ਦੋ ਰੁੱਖ ਵੀ ਲਗਾਵੇ ਤਾਂ ਵਾਤਾਵਰਨ ਵਿੱਚ ਤਬਦੀਲੀ ਆ ਸਕਦੀ ਹੈ।ਤਾਪਮਾਨ ਵਿੱਚ ਵੀ ਫਰਕ ਪਵੇਗਾ। ਆਓ 'ਹਰ ਮਨੁੱਖ ਲਾਵੇ ਦੋ ਰੁੱਖ' ਮੁਹਿੰਮ ਜੋ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਵੱਲੋਂ ਚਲਾਈ ਪ੍ਰਦੂਸ਼ਣ ਮੁਕਤ ਕਰਨ ਲਈ ਨਾਲ ਜੁੜੋ।ਇਸ ਮੌਕੇ ਬਿਰਧ ਆਸ਼ਰਮ ਦਾ ਬਹੁਤ ਸਟਾਫ ਅਤੇ ਸਤੀਸ਼ ਕੁਮਾਰ, ਦਵਿੰਦਰ ਸਿੰਘ ਰਾਜ ਕੁਮਾਰ, ਜਤਿੰਦਰ ਸਿੰਘ, ਅਨੀਲ ਸਰਮਾ ਮੋਹਨ ਖੰਨਾ ਜਤਿਨ ਧੀਮਾਨ, ਸ਼ੁਭਮ ਸੇਠੀ ਵਾਤਾਵਰਨ ਦੀ ਸੰਭਾਲ ਲਈ ਸ਼ਾਮਿਲ ਸਨ।

## ਲਾਇਨ ਕਲੱਬ ਸਮਾਣਾ ਰਾਇਲ ਨੇ ਗਣੇਸ਼ ਚਤੁਰਥੀ 'ਤੇ ਖੂਨਦਾਨ ਕੈਂਪ ਲਗਾਇਆ



ਸਮਾਣਾ, 27 ਅਗਸਤ (ਅਮਿਤ ਸ਼ਰਮਾ/) : ਲਾਇਨ ਕਲੱਬ ਸਮਾਣਾ ਰਾਇਲ ਵੱਲੋਂ ਸ੍ਰੀ ਅਸ਼ਟਵਿਨਾਇਕ ਗਣੇਸ਼ ਮੰਡਲ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਗਾਇਆ ਗਿਆ। ਇਸ ਦੇ ਨਾਲ ਹੀ 20ਵੇਂ ਗਣੇਸ਼ ਚਤੁਰਥੀ ਤਿਉਹਾਰ ਦੀ ਸ਼ੁਰੂਆਤ ਹੋਈ। ਜ਼ਿਕਰਯੋਗ ਹੈ ਕਿ ਲਾਇਨ ਕਲੱਬ ਸਮਾਣਾ ਰਾਇਲ ਸਮੇਂ-ਸਮੇਂ 'ਤੇ ਲੋਕ ਸੇਵਾ ਦੇ ਕੰਮ ਕਰਦਾ ਆ ਰਿਹਾ ਹੈ। ਇਸ ਮੌਕੇ ਲਾਇਨ ਕਲੱਬ ਸਮਾਣਾ ਰਾਇਲ ਦੇ ਪ੍ਰਧਾਨ ਜੀਵਨ ਗਰਗ, ਸਕੱਤਰ ਲਲਿਤ ਸਿੰਗਲਾ, ਪ੍ਰੋਜੈਕਟ ਚੇਅਰਮੈਨ ਡਾ.ਸੁਦੀਪ ਮਿੱਤਲ, ਅਸ਼ਵਨੀ ਗਰਗ, ਰੋਹਿਤ ਗਰਗ ਕਾਲਾ, ਜਵਾਹਰ ਗੋਇਲ ਹੈਪੀ, ਰਾਕੇਸ਼ ਬਾਂਸਲ, ਅਜੇ ਜਿੰਦਲ, ਮੋਹਿਤ ਗੋਇਲ, ਗਣੇਸ਼ ਮੰਡਲ ਮੈਂਬਰ ਕੌਂਸਲਰ ਦਰਸ਼ਨ ਮਿੱਤਲ, ਨਿਸ਼ਾਂਤ ਸਿੰਗਲਾ, ਚੇਤਨ ਗੁਪਤਾ, ਅਮਨ ਅਤੇ ਹੋਰ ਮੈਂਬਰ ਮੌਜੂਦ ਸਨ।

## ਅੱਖਾਂ ਦਾਨ ਪੰਦਰਵਾੜੇ ਸਬੰਧੀ ਕੀਤੀਆਂ ਜਾ ਰਹੀਆਂ ਨੇ ਜਾਗਰੂਕਤਾ ਗਤੀਵਿਧੀਆਂ

ਪਟਿਆਲਾ, 27 ਅਗਸਤ (ਰੁਪਾਣਾ) : ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜ਼ਿਲ੍ਹਾ ਸਿਹਤ ਵਿਭਾਗ ਪਟਿਆਲਾ ਵੱਲੋਂ 40ਵਾਂ ਕੌਮੀ ਅੱਖਾਂ ਦਾਨ ਪੰਦਰਵਾੜਾ 25 ਅਗਸਤ ਤੋਂ ਅੱਠ ਸਤੰਬਰ ਤੱਕ 'ਅੱਖਾਂ ਦਾਨ ਕਰੋ, ਅਪਣੀ ਵਿਰਾਸਤ ਛੱਡੋ' ਥੀਮ ਤਹਿਤ ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਦੀ ਅਗਵਾਈ ਹੇਠ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਪਟਿਆਲਾ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਇਸ ਪੰਦਰਵਾੜੇ ਦਾ ਮੁੱਖ ਉਦੇਸ਼ ਲੋਕਾਂ ਨੂੰ ਅੱਖਾਂ ਦੇ ਦਾਨ ਸਬੰਧੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ। ਉਹਨਾਂ ਦੱਸਿਆ ਕਿ ਪੰਦਰਵਾੜੇ ਦੌਰਾਨ ਲੋਕਾਂ ਨੂੰ ਪ੍ਰੇਰਿਤ ਕਰਕੇ ਅੱਖਾਂ ਦਾਨ ਸਬੰਧੀ ਸਹਿਮਤੀ ਫਾਰਮ ਭਰਵਾਏ ਜਾਣਗੇ। ਇਹ ਫਾਰਮ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਉਪਲੱਬਧ ਹਨ ਤੇ ਕੋਈ ਵੀ ਚਾਹਵਨ ਵਿਅਕਤੀ ਉਥੇ ਜਾ ਕੇ ਫਾਰਮ ਭਰ ਸਕਦਾ ਹੈ। ਸਿਵਲ ਸਰਜਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਵਿੱਚ ਲੱਖਾਂ ਲੋਕ ਨੇਤਰਹੀਨਤਾ ਦਾ ਸ਼ਿਕਾਰ ਹਨ। ਨੋਡਲ ਅਫਸਰ ਬਲਾਈਂਡਨੈਸ ਕੰਟਰੋਲ ਪ੍ਰੋਗਰਾਮ ਡਾ. ਦਿਵਜੋਤ ਸਿੰਘ ਨੇ ਕਿਹਾ ਕਿ ਅੱਖਾਂ ਸਾਡੇ ਸਰੀਰ ਦਾ ਅਤੀ ਅਹਿਮ ਅੰਗ ਹਨ। ਇਸ ਲਈ ਅੱਖਾਂ ਦੀ ਜਾਂਚ ਹਰ ਛੇ ਮਹੀਨੇ ਮਗਰੋਂ ਜ਼ਰੂਰ ਕਰਵਾਉਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਪੁਤਲੀ ਬਦਲਣ ਦੇ ਅਪਰੇਸ਼ਨ ਮੁਫਤ ਕੀਤੇ ਜਾਂਦੇ ਹਨ, ਜਿਸ ਵਿਅਕਤੀ ਨੂੰ ਕਾਰਨੀਅਲ ਬਲਾਇੰਡਨੈਸ ਹੁੰਦੀ ਹੈ ਉਸਦੀ ਅੱਖ ਦੀ ਪੁਤਲੀ ਬਦਲ ਕੇ ਅੰਨੇਪਣ ਨੂੰ ਦੂਰ ਕੀਤਾ ਜਾ ਸਕਦਾ ਹੈ। ਮੌਤ ਤੋਂ ਚਾਰ ਤੋਂ ਛੇ ਘੰਟੇ ਦੇ ਅੰਦਰ ਅੰਦਰ ਹੀ ਨੇਤਰਦਾਨ ਕਰ ਦੇਣਾ ਚਾਹੀਦਾ ਹੈ। ਮੌਤ ਤੋਂ ਬਾਅਦ ਅੱਖਾਂ ਦੀ ਦੇਖਭਾਲ ਲਈ ਕਮਰੇ ਦਾ ਪੱਖਾ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਅੱਖਾਂ ਉੱਪਰ ਗਿੱਲਾ ਕੱਪੜਾ ਉਦੋਂ ਤੱਕ ਪਾ ਕੇ ਰੱਖਣਾ ਚਾਹੀਦਾ ਹੈ, ਜਦੋਂ ਤੱਕ ਆਈ ਬੈਂਕ ਤੋਂ ਟੀਮ ਨੇਤਰ ਲੈਣ ਨਹੀਂ ਆ ਜਾਂਦੀ ਉਦੋਂ ਤੱਕ ਅੱਖਾਂ ਦੀ ਦੇਖਭਾਲ ਕੀਤੀ ਜਾਣੀ ਚਾਹੀਦੀ ਹੈ। ਅੱਖਾਂ ਲੈਣ ਵਿੱਚ ਸਿਰਫ 10-15 ਮਿੰਟ ਹੀ ਲੱਗਦੇ ਨੇ ਇਸ ਪ੍ਰਕਿਰਿਆ ਵਿੱਚ ਚਿਹਰੇ 'ਤੇ ਕੋਈ ਦਾਗ ਜਾਂ ਨਿਸ਼ਾਨ ਨਹੀਂ ਪੈਂਦਾ ਹੈ।

## ਭਾਰਤ ਵਿਕਾਸ ਪ੍ਰੀਸ਼ਦ ਨੇ ਸਮਾਜ ਸੇਵਾ ਗਤੀਵਿਧੀਆਂ ਨੂੰ ਹੋਰ ਉਤਸ਼ਾਹਿਤ ਕਰਨ ਦਾ ਫੈਸਲਾ ਲਿਆ



ਸਮਾਣਾ, 27 ਅਗਸਤ (ਵਿਜੇ ਕੁਮਾਰ) : ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਦੀ ਮਹੀਨਾਵਾਰ ਮੀਟਿੰਗ ਸਤੀ ਮਾਤਾ ਮੰਦਰ ਵਿਖੇ ਰਜਿੰਦਰ ਪ੍ਰਸਾਦ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੰਗਠਨ ਦੇ ਅਹੁਦੇਦਾਰਾਂ ਨੇ ਹਿੱਸਾ ਲਿਆ ਜਿਨ੍ਹਾਂ ਵਿੱਚ ਸੂਬਾਈ ਕਨਵੀਨਰ ਵਿਜੇ ਡਾਵਰ, ਜ਼ਿਲ੍ਹਾ ਕਨਵੀਨਰ ਸੰਦੀਪ ਲੱਕੀ, ਪ੍ਰਸਿੱਧ ਸਮਾਜ ਸੇਵਕ ਵਿਜੇ ਸਿੰਗਲਾ ਗਜੇਵਾਸ ਸੇਵਾਮੁਕਤ ਬੀ. ਡੀ.ਓ ਬ੍ਰਿਸ਼ਭਾਨ ਕਾਂਸਲ ਅਤੇ ਪਟਿਆਲਾ ਥੈਲੇਸੀਮਿਕ ਚਿਲਡਰਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਪਾਹਵਾ ਸ਼ਾਮਲ ਸਨ। ਪ੍ਰੋਗਰਾਮ ਦੀ ਸ਼ੁਰੂਆਤ ਜੋਤ ਜਗਾ ਕੇ ਅਤੇ ਵੰਦੇ ਮਾਤਰਮ ਗਾ ਕੇ ਕੀਤੀ ਗਈ, ਅਗਸਤ ਮਹੀਨੇ ਵਿੱਚ ਜਨਮੇ ਮੈਂਬਰਾ ਸਰਪ੍ਰਸਤ ਸ਼ਸ਼ੀ ਭੂਸ਼ਣ ਸਿੰਗਲਾ, ਹਿੱਤ ਅਭਿਲਾਸ਼ੀ ਸ਼ਰਮਾ, ਵਿਜੇ ਪਾਹਵਾ ,ਵਿਕਾਸ ਬਾਂਸਲ ਛੋਟੂ, ਦੇ ਜਨਮਦਿਨ ਮਨਾਏ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਮੀਟਿੰਗ ਵਿੱਚ ਆਉਣ ਵਾਲੇ ਦਿਨਾਂ ਵਿੱਚ ਪ੍ਰੋਜੈਕਟਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਅਤੇ ਇਸ ਸਮਾਜ ਸੇਵਾ ਮੁਹਿੰਮ ਨੂੰ ਅੱਗੇ ਵਧਾਉਣ ਦੇ ਉਦੇਸ਼ ਨਾਲ ਸਿਹਤ ਅਤੇ ਸਿੱਖਿਆ 'ਤੇ ਜ਼ੋਰ ਦੇਣ ਲਈ ਸਾਰੇ ਮੈਂਬਰਾਂ ਤੋਂ ਸਹਿਯੋਗ ਦੀ ਮੰਗ ਕੀਤੀ। ਪ੍ਰਧਾਨ ਰਾਜਿੰਦਰ ਪ੍ਰਸਾਦ ਅਤੇ ਸਕੱਤਰ ਹਰੀਸ਼ ਸਡਾਨਾ ਨੇ ਪਿਛਲੇ ਦਿਨਾਂ ਵਿੱਚ ਕੀਤੇ ਗਏ ਕੰਮਾਂ ਬਾਰੇ ਦੱਸਿਆ ਅਤੇ ਕਿਹਾ ਕਿ 5 ਸਤੰਬਰ ਨੂੰ ਦਯਾਨੰਦ ਮਾਡਲ ਸਕੂਲ ਵਿੱਚ ਅਧਿਆਪਕ ਦਿਵਸ ਦਾ ਆਯੋਜਨ ਕੀਤਾ ਜਾਵੇਗਾ ਜਿਸ ਵਿੱਚ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ 'ਤੇ ਗਰਗ ਰਾਜ ਗਰਗ ਸੁਮਿਤ ਗੋਇਲ ਰੋਹਿਤ ਵਰਮਾ ਬੇਅੰਤ ਬੱਗਾ ਪੂਜਾ ਗਰਗ ਬਲਜਿੰਦਰ ਮੌਦਗਿਲ ਪਮਿੰਦਰ ਅਰੋੜਾ ਅਤੇ ਹੋਰ ਬਹੁਤ ਸਾਰੇ ਮੈਂਬਰ ਮੌਜੂਦ ਸਨ।

## ਬਿਨਾਂ ਜੁਰਮਾਨੇ ਦੇ ਪ੍ਰਾਪਰਟੀ ਟੈਕਸ ਭਰਨ ਦੀ ਮਿਆਦ 31 ਤੱਕ ਵਧਾਈ

ਸਮਾਣਾ, 27 ਅਗਸਤ (ਅਮਿਤ ਸ਼ਰਮਾ) : ਨਗਰ ਕੌਂਸਲ ਸਮਾਣਾ ਦੇ ਕਾਰਜ ਸਾਧਕ ਅਫਸਰ ਬਰਜਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਬਿਨਾਂ ਜੁਰਮਾਨਾ ਪ੍ਰਾਪਰਟੀ ਟੈਕਸ ਭਰਨ ਦੀ ਮਿਆਦ ਵਿੱਚ ਵਾਧਾ ਕਰ ਦਿੱਤਾ ਗਿਆ ਹੈ। ਹੁਣ ਨਗਰ ਨਿਵਾਸੀ 31 ਅਗਸਤ 2025 ਤੱਕ ਆਪਣਾ ਪ੍ਰਾਪਰਟੀ ਟੈਕਸ ਬਿਨਾਂ ਕਿਸੇ ਜੁਰਮਾਨੇ ਦੇ ਜਮ੍ਹਾ ਕਰਵਾ ਸਕਣਗੇ।ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਪਹਿਲਾਂ ਇਹ ਮਿਆਦ 15 ਅਗਸਤ 2025 ਤੱਕ ਨਿਰਧਾਰਿਤ ਕੀਤੀ ਗਈ ਸੀ, ਪਰ ਨਗਰ ਨਿਵਾਸੀਆਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਇਸ ਨੂੰ ਵਧਾ ਦਿੱਤਾ ਗਿਆ ਹੈ। ਇਸ ਨਾਲ ਲੋਕਾਂ ਨੂੰ ਵਾਧੂ ਸਮਾਂ ਮਿਲੇਗਾ ਅਤੇ ਕਿਸੇ ਨੂੰ ਵੀ ਜੁਰਮਾਨਾ ਭਰਨਾ ਨਹੀਂ ਪਵੇਗਾ।ਬਰਜਿੰਦਰ ਸਿੰਘ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਬਣਦਾ ਪ੍ਰਾਪਰਟੀ ਟੈਕਸ ਨਿਰਧਾਰਿਤ ਮਿਤੀ 31 ਅਗਸਤ 2025 ਤੋਂ ਪਹਿਲਾਂ ਜ਼ਰੂਰ ਜਮ੍ਹਾਂ ਕਰਵਾ ਦੇਣ, ਤਾਂ ਜੋ ਸਰਕਾਰੀ ਸੁਵਿਧਾਵਾਂ ਦਾ ਲਾਭ ਲੈ ਸਕਣ।ਉਨ੍ਹਾਂ ਨੇ ਅੱਗੇ ਦੱਸਿਆ ਕਿ 30 ਅਤੇ 31 ਅਗਸਤ ਨੂੰ ਵੀ ਨਗਰ ਕੌਂਸਲ ਦਾ ਦਫ਼ਤਰ ਖੁੱਲ੍ਹਾ ਰਹੇਗਾ, ਤਾਂ ਜੋ ਵੱਧ ਤੋਂ ਵੱਧ ਸ਼ਹਿਰ ਨਿਵਾਸੀ ਆ ਕੇ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾ ਸਕਣ।

## ਈਥਾਨੋਲ ਦੀ ਮਿਲਾਵਟ ਵਾਲੇ ਪੈਟਰੋਲ ਦੀ ਵਰਤੋਂ ਦੇ ਅਮਲ ਨੂੰ ਸੁਪਰੀਮ ਕੋਰਟ 'ਚ ਚੁਣੌਤੀ

ਪਟਿਆਲਾ, 27 ਅਗਸਤ (ਚ.ਨ.ਸ.) : ਪੈਟਰੋਲ 'ਚ ਈਥਾਨੋਲ ਮਿਲਾਉਣ ਦੇ ਫੈਸਲੇ ਤੋਂ ਬਾਅਦ ਵਾਹਨ ਦੀ ਮਾਈਲੇਜ, ਤਕਨੀਕੀ ਸਮੱਸਿਆ, ਇੰਜਣ ਨੂੰ ਨੁਕਸਾਨ, ਤੇਲ ਦੇ ਭਾਅ ਤੇ ਬੀਮੇ ਨੂੰ ਲੈ ਕੇ ਜਿੱਥੇ ਵਾਹਨ ਮਾਲਕਾਂ ਵੱਲੋਂ ਲਗਾਤਾਰ ਸਵਾਲ ਉਠਾਏ ਜਾ ਰਹੇ ਸਨ ਉੱਥੇ ਹੁਣ ਭਾਰਤ ਸਰਕਾਰ ਦੇ ਈਥਨੋਲ ਬਲੇਡਿੰਗ ਪ੍ਰੋਗਰਾਮ ਤਹਿਤ ਵਾਹਨਾਂ ਦੇ ਪੈਟਰੋਲ ਵਿਚ 20 ਫੀਸਦੀ ਈਥਨੋਲ ਮਿਲਾਉਣ ਵਿਰੁੱਧ ਵਕੀਲ ਅਕਸ਼ ਮਲਹੋਤਰਾ ਨੇ ਵੀ ਸੁਪਰੀਮ ਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕੀਤੀ ਹੈ। ਭਾਰਤ ਸਰਕਾਰ ਵੱਲੋਂ ਵਾਤਾਵਰਨ ਦੀ ਸੁਰੱਖਿਆ, ਕੱਚੇ ਤੇਲ ਦੀ ਦਰਾਮਦ 'ਤੇ ਨਿਰਭਰਤਾ ਘਟਾਉਣ ਤੇ ਕਿਸਾਨਾਂ ਦੀ ਆਮਦਨ ਵਧਾਉਣ ਦੀ ਮਨਸ਼ਾ ਨਾਲ ਈ-20 ਈਂਧਨ ਦੀ ਵਰਤੋਂ ਸ਼ੁਰੂ ਕੀਤੀ ਸੀ। ਪੈਟਰੋਲ 'ਚ 20 ਫ਼ੀਸਦੀ ਈਥਾਨੋਲ ਮਿਲਾਉਣ ਦਾ ਟੀਚਾ ਭਾਰਤ ਸਰਕਾਰ ਪੂਰਾ ਕਰ ਕੇ ਲਾਗੂ ਕਰ ਦਿੱਤਾ ਹੈ ਅਤੇ ਅੱਗੇ 2030 'ਚ 30 ਫ਼ੀਸਦੀ ਈਥਨੋਲ ਮਿਲਾਉਣ ਦਾ ਟੀਚਾ ਪੂਰਾ ਕਰਨਾ ਹੈ। ਇਸ ਪਟੀਸ਼ਨ 'ਚ ਮੁੱਖ ਤੌਰ 'ਤੇ ਈ-20 ਬਾਲਣ ਨੂੰ ਲਾਜ਼ਮੀ ਕਰਨ ਦੇ ਅਮਲ ਨੂੰ ਲੱਖਾਂ ਵਾਹਨ ਮਾਲਕਾਂ ਦੇ ਖਪਤ ਦੇ ਮੂਲ ਅਧਿਕਾਰਾਂ ਦੀ ਉਲੰਘਣਾ ਦੱਸਿਆ ਗਿਆ ਹੈ। ਇਸ ਵਿਚ ਮੁੱਖ ਤੌਰ 'ਤੇ ਇਹ ਸਵਾਲ ਹੋ ਕਿ ਬਹੁਤ ਸਾਰੇ ਵਾਹਨ ਇਸ ਈਂਧਨ ਦੀ ਵਰਤੋਂ ਲਈ ਤਕਨੀਕੀ ਤੌਰ 'ਤੇ ਤਿਆਰ ਨਾ ਹੋਣ ਕਾਰਨ ਇਸ ਤੇਲ ਦੀ ਵਰਤੋਂ ਦੇ ਅਨੁਕੂਲ ਨਹੀਂ ਹਨ। ਇਸ ਕਰਕੇ ਇੰਜਣ ਦੇ ਪੁਰਜ਼ਿਆਂ ਨੂੰ ਨੁਕਸਾਨ ਪੁੱਜਦਾ ਹੈ ਜਿਸ ਦਾ ਖ਼ਰਚ ਮਾਲਕ ਨੂੰ ਝੱਲਣਾ ਪੈਂਦਾ ਹੈ। ਇਸ ਤੋਂ ਇਲਾਵਾ ਇਸ ਈਧਨ ਕਾਰਨ ਵਾਹਨਾਂ ਦੀ ਮਾਈਲੇਜ ਦਾ ਮੁੱਦਾ ਵੀ ਅਹਿਮ ਹੈ ਇਸ ਪਟੀਸ਼ਨ 'ਚ ਇਹ ਕਿਹਾ ਗਿਆ ਹੈ ਕਿ ਵਾਹਨਾਂ ਦੀ ਘਟੀ ਮਾਈਲੇਜ ਨੂੰ ਲੈ ਕੇ ਸ਼ਿਕਾਇਤਾਂ ਆ ਰਹੀਆਂ ਹਨ ਤੇ ਇਸ ਤੇਲ ਨਾਲ ਵਾਹਨ ਦੀ ਕਾਰਗੁਜ਼ਾਰੀ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਇਸ ਤੇਲ ਦੀ ਵਰਤੋਂ ਨਾਲ ਹੀ ਜੁੜੀ ਇਕ ਹੋਰ ਵੱਡੀ ਸਮੱਸਿਆ ਦਾ ਜ਼ਿਕਰ ਕੀਤਾ ਗਿਆ ਹੈ ਕਿ ਇਸ ਤੇਲ ਦੀ ਖਪਤ ਨਾਲ ਵਾਹਨ ਦੇ ਇੰਜਣ ਨੂੰ ਨੁਕਸਾਨ ਪੁੱਜਦਾ ਹੈ, ਜੋ ਇਸ ਲਈ ਤਿਆਰ ਨਹੀਂ ਹਨ। ਇਸ ਕਰਕੇ ਬੀਮਾ ਕੰਪਨੀਆਂ ਖ਼ਰਾਬੀ ਦੀ ਹਾਲਤ ਵਿਚ ਕਵਰ ਦੇਣ ਤੋਂ ਆਨਾਕਾਨੀ ਦੇ ਨਾਲ ਹੋਰ ਵਰੰਟੀ ਦੇਣ ਤੋਂ ਭੱਜ ਰਹੀਆਂ ਹਨ। ਇਸ ਪਟੀਸ਼ਨ ਵਿਚ ਇਕ ਦਿਲਚਸਪ ਹੋਰ ਤੱਥ ਇਹ ਵੀ ਹੈ ਕਿ 20 ਫ਼ੀਸਦੀ ਈਥਨੋਲ ਦੀ ਮਿਲਾਵਟ ਵਾਲਾ ਇਹ ਤੇਲ ਖਾਲਸ ਪੈਟਰੋਲ ਦੇ ਮੁਕਾਬਲੇ ਸਸਤਾ ਕਿਉਂ ਨਹੀ ਕੀਤਾ ਗਿਆ। ਬਹੁਗਿਣਤੀ ਅਜਿਹੇ ਖਪਤਕਾਰ ਤੇ ਵਿਕਰੇਤਾ ਹਨ ਜਿਨ੍ਹਾਂ ਨੂੰ ਅਜੇ ਤਕ ਇਹ ਪਤਾ ਹੀ ਨਹੀਂ ਕਿ ਉਹ ਜੋ ਤੇਲ ਵਰਤ ਰਹੇ ਹਨ ਉਸ ਵਿਚ ਈਥਨੋਲ ਦੀ ਮਿਲਾਵਟ ਹੈ ਜਾਂ ਨਹੀਂ। ਹੁਣ ਜਦੋਂ ਇਹ ਜਾਣਕਾਰੀ ਉਪਭੋਗਤਾ ਕੋਲ ਪਹੁੰਚ ਰਹੀ ਹੈ ਕਿ ਉਨ੍ਹਾਂ ਨੂੰ ਪੈਟਰੋਲ ਨਾਲ 20 ਫ਼ੀਸਦੀ ਈਥਨੋਲ ਮਿਲਾ ਕੇ ਦਿੱਤਾ ਜਾ ਰਿਹਾ ਹੈ ਤਾਂ ਇਸ ਨੂੰ ਲੈ ਕੇ ਗਾਹਕਾਂ 'ਚ ਸ਼ੰਕੇ ਵਧਦੇ ਜਾ ਰਹੇ ਹਨ।

## ਅਸ਼ਟਵਿਨਾਇਕ ਗਣੇਸ਼ ਮੰਡਲ ਨੇ ਗਣੇਸ਼ ਉਤਸਵ ਦੀ ਸ਼ੁਰੂਆਤ ਮੌਕੇ ਖੂਨਦਾਨ ਕੈਂਪ ਲਗਾਇਆ






ਸਮਾਣਾ, 27 ਅਗਸਤ (ਵਿਜੇ ਕੁਮਾਰ/ਸੁਖਜਿੰਦਰ ਕੁਲਾਰਾਂ/ਜਵੰਦਾ): ਸ੍ਰੀ ਅਸ਼ਟਵਿਨਾਇਕ ਗਣੇਸ਼ ਮੰਡਲ ਸਮਾਣਾ ਵੱਲੋਂ ਪਾਲਕੀ ਬਜਾਰ ਵਿਚ ਇਕ ਸੁੰਦਰ ਪੰਡਾਲ ਵਿਚ ਗਣੇਸ਼ ਜੀ ਦੀ ਮੂਰਤੀ ਸੁਸ਼ੋਭਿਤ ਕਰਕੇ ਸ਼੍ਰੀ ਗਣੇਸ਼ ਮਹਾਉਤਸਵ ਦੀ ਸ਼ੁਰੂਆਤ ਕੀਤੀ ਗਈ। ਜਿਸ ਵਿਚ ਸਵਾਮੀ ਨਰਾਇਣ ਪੁਰੀ ਕਲਵਾਨੂੰ ਵਾਲਿਆ ਨੇ ਸਿਰਕਤ ਕੀਤੀ। ਸਮਾਗਮ ਵਿਚ ਮੁੱਖ ਮਹਿਮਾਨ ਵੱਜੋਂ ਪਹੁੰਚੇ ਕੌਂਸਲਰ ਦਰਸ਼ਨ ਮਿੱਤਲ ਅਤੇ ਸਮੂਹ ਮਿੱਤਲ ਪਰਿਵਾਰ ਵੱਲੋਂ ਜਯੋਤੀ ਪੰਚਡ ਕਰਨ ਦੀ ਰਸਮ ਅਦਾ ਕਰਨ ਤੋਂ ਬਾਅਦ ਭਗਵਾਨ ਸ਼੍ਰੀ ਗਣੇਸ਼ ਜੀ ਦੀ ਅਰਾਧਨਾ ਕੀਤੀ ਗਈ।ਇਸ ਮੌਕੇ ਉਨ੍ਹਾਂ ਸੰਸਥਾ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸ਼ਹਿਰ ਵਾਸੀਆਂ ਨੂੰ ਵਧਾਈ ਦਿੱਤੀ। ਇਸ ਦੌਰਾਨ ਸਮਾਗਮ ਦੇ ਨਾਲ-ਨਾਲ ਮੰਡਲ ਵੱਲੋਂ ਲਾਇਨ ਕਲੱਬ ਰੋਇਲ ਦੇ ਸਹਿਯੋਗ ਨਾਲ ਖੂਨ ਦਾਨ ਕੈਂਪ ਵੀ ਲਗਾਇਆ ਗਿਆ। ਜਿਸ ਦਾ ਉਦਘਾਟਨ ਲਾਇਨ ਕਲੱਬ ਰੋਇਲ ਦੇ ਪ੍ਰਧਾਨ ਜੀਵਨ ਗਰਗ ਨੇ ਕੀਤਾ। ਇਸ ਮੌਕੇ ਉਹਨਾਂ ਨਾਲ ਲਾਇਨ ਕਲੱਬ ਰੋਇਲ ਦੇ ਸੈਕਟਰੀ ਲਲਿਤ ਸਿੰਗਲਾ, ਜਵਾਹਰ ਗੋਇਲ ਹੈਪੀ ਅਸ਼ਵਨੀ ਗਰਗ, ਰੋਹਿਤ ਗਰਗ, ਮੋਹਿਤ ਗੋਇਲ, ਅਜੇ ਜਿੰਦਲ, ਰਜੇਸ਼ ਮਿੰਟੂ, ਵੀ ਮੌਜੂਦ ਸਨ। ਕੈਂਪ ਦੌਰਾਨ ਡਾ: ਕੇ.ਕੇ ਜੌਹਰੀ ਬਲੱਡ ਸੈਂਟਰ ਤੋਂ ਡਾ: ਯੁਧੀ ਦੀਕਸ਼ਿਤ ਅਤੇ ਸੰਦੀਪ ਕੁਮਾਰ ਦੀ ਅਗਵਾਈ ਹੇਠ ਪਹੁੰਚੀ ਟੀਮ ਨੇ 68 ਯੂਨਿਟ ਖੂਨ ਇੱਕਤਰ ਕੀਤਾ । ਮੰਡਲ ਦੇ ਮੈਂਬਰਾਂ ਨੇ ਦੱਸਿਆ ਕਿ 5 ਦਿਨ ਤੱਕ ਚੱਲਣ ਵਾਲੇ ਇਸ ਸਮਾਗਮ ਵਿਚ ਰੋਜਾਨਾ ਦੂਰ ਦੂਰ ਤੋਂ ਪਹੁੰਚ ਕੇ ਕਲਾਕਾਰ ਗਣੇਸ਼ ਜੀ ਦੀ ਅਰਾਧਨਾ ਕਰਨਗੇ। ਉਨ੍ਹਾ ਕਿਹਾ ਕਿ ਇਸ ਵਾਰ ਸ਼੍ਰੀ ਗਣੇਸ਼ ਉਤਸਵ ਨੂੰ ਲੈ ਕੇ ਭਗਤਾ ਵਿਚ ਭਾਰੀ ਉਤਸ਼ਾਹ ਹੈ। ਇਸ ਮੌਕੇ ਹੋਰਨਾ ਤੋਂ ਇਲਾਵਾ ਸ੍ਰੀ ਨੈਨਾ ਦੇਵੀ ਪੈਦਲ ਯਾਤਰਾ ਪ੍ਰਧਾਨ ਵਿਜੇ ਬੰਟੀ,ਪ੍ਰੈੱਸ ਸਕੱਤਰ ਵਿਜੇ ਗਰਗ ਰੋਕੀ ਗੋਇਲ, ਬ੍ਰਿਸ਼ਭਾਨ ਕਾਂਸਲ, ਨਿਸ਼ਾਂਤ ਸਿੰਗਲਾ, ਸ਼ਿਵ ਕੁਮਾਰ ਭੋਲਾ, ਹਿਤੇਸ਼ ਬੋਬੀ, ਚੇਤਨ ਗੁਪਤਾ, ਅਮਨ ਗਰਗ, ਸੰਜੀਵ ਬਾਂਸਲ, ਮੰਯਕ ਸ਼ਰਮਾ, ਪਵਨ ਸਿੰਗਲਾ, ਸੰਜੀਵ ਸਿੰਗਲਾ, ਰਵੀ ਕੁਮਾਰ ਬੰਗਾਲੀ, ਸੰਦੀਪ ਸਿੰਗਲਾ, ਲੱਕੀ ਬਤਰਾ, ਵਿੱਕੀ ਮਿੱਤਲ, ਹਨੀ ਗੋਇਲ, ਚੇਤਨ ਗਰਗ, ਬਨੀ ਭੂਸ਼ਣ ਗਰਗ, ਰਕੇਸ਼ ਡਕਾਲਾ, ਹਿਮਾਂਸੂ ਸਿੰਗਲਾ ਆਦਿ ਹਾਜ਼ਰ ਸਨ।

## 480 ਨਸ਼ੀਲੀਆਂ ਗੋਲੀਆਂ ਬ੍ਰਾਮਦ

ਪਟਿਆਲਾ, 27 ਅਗਸਤ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀਆਂ ਸੁਖਵਿੰਦਰ ਕੋਰ , ਨੰਦ ਕੋਰ, ਵਿੱਕੀ ਵਾਸੀ ਪਿੰਡ ਤਰੈਂ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਚਮਕੋਰ ਸਿੰਘ ਸਮੇਤ ਪੁਲਿਸ ਪਾਰਟੀ ਪਿੰਡ ਪਸਿਆਣਾ ਪਾਸ ਮੋਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀਆਨ ਪਿੰਡ ਪਸਿਆਣਾ ਤੋਂ ਸ਼ੇਰਮਾਜਰਾ ਨੂੰ ਜਾਂਦੀ ਲਿੰਕ ਰੋਡ ਪਰ ਬਾਈਪਾਸ ਪੁੱਲ ਨੇੜੇ ਨਸ਼ੀਲੀਆਂ ਗੋਲੀਆਂ ਵੇਚਣ ਲਈ ਆਪਸ ਵਿੱਚ ਵੰਡ ਰਹੇ ਹਨ, ਜੋ ਰੇਡ ਕਰਨ ਪਰ 480 ਖੁੱਲੀਆ ਨਸ਼ੀਲੀਆ ਗੋਲੀਆ ਬ੍ਰਾਮਦ ਹੋਈਆਂ।

## ਤ੍ਰਿਭਵਨ ਗੁਪਤਾ ਦੁਸਹਿਰਾ ਕਮੇਟੀ ਦੇ ਪ੍ਰਧਾਨ ਬਣੇ



ਪਟਿਆਲਾ, 27 ਅਗਸਤ (ਚ.ਨ.ਸ.): ਰਾਸ਼ਟਰੀ ਜਯੋਤੀ ਕਲਾ ਮੰਚ ਪਟਿਆਲਾ ਦੀ ਦੁਸਹਿਰਾ ਕਮੇਟੀ ਦੀ ਪਲੇਠੀ ਮੀਟਿੰਗ ਗ੍ਰੀਨ ਮੈਨ ਭਗਵਾਨ ਦਾਸ ਜੁਨੇਜਾ ਦੀ ਸਰਪ੍ਰਸਤੀ ਅਤੇ ਡਾਇਰੈਕਟਰ ਰਾਕੇਸ਼ ਠਾਕੁਰ ਦੀ ਨਿਰਦੇਸ਼ਨਾ ਹੇਠ ਕੀਤੀ ਗਈ , ਜਿਸ ਵਿੱਚ ਮੰਚ ਦੇ ਅਹੁਦੇਦਾਰਾਂ ਅਤੇ ਸਾਰੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਤ੍ਰਿਭਵਨ ਗੁਪਤਾ ਨੂੰ ਮੁੜ ਤੋਂ 18ਵੇਂ ਦੁਸ਼ਹਿਰੇ ਮੇਲੇ ਦਾ ਪ੍ਰਧਾਨ ਚੁਣਿਆ। ਮੰਚ ਦਾ 18ਵਾਂ ਦੁਸਹਿਰਾ ਮੇਲਾ ਜਸ਼ਨ ਐਂਟਰਟੇਨਮੈਂਟ ਦੇ ਜਸ ਧਨੋਆ, ਬਿੱਟੂ ਰੰਧਾਵਾ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਐਸ ਐਸ ਟੀ ਨਗਰ ਪਟਿਆਲਾ ਵਿਖੇ ਆਯੋਜਿਤ ਕੀਤਾ ਜਾਵੇਗਾ। ਮੀਟਿੰਗ ਦੌਰਾਨ ਜਿੱਥੇ ਨਵੇਂ ਚੁਣੇ ਪ੍ਰਧਾਨ ਤ੍ਰਿਭਵਨ ਗੁਪਤਾ ਨੂੰ ਸਨਮਾਨਿਤ ਕੀਤਾ ਗਿਆ । ਇਸ ਮੌਕੇ ਗ੍ਰੀਨ ਮੈਨ ਭਗਵਾਨ ਦਾਸ ਜੁਨੇਜਾ, ਅਕਸ਼ੇ ਗੋਪਾਲ ਨਵਯੁੱਗ, ਇੰਜ. ਨਰਿੰਦਰ ਸਿੰਘ, ਬੀਰ ਚੰਦ ਖੁਰਮੀ, ਹਰਮੇਸ਼ ਸਿੰਗਲਾ, ਐਡਵੋਕੇਟ ਸੁਰਿੰਦਰ ਮੋਹਨ ਸਿੰਗਲਾ, ਗਗਨ ਗੋਇਲ, ਦਰਸ਼ਨ ਜਿੰਦਲ, ਧਰਮਪਾਲ ਗਰਗ, ਬਰਿੰਦਰ ਵਰਮਾ, ਰਾਕੇਸ਼ ਠਾਕੁਰ, ਬਿਲੀਅਮਜੀਤ ਸਿੰਘ, ਵਿਨੋਦ ਕੁਮਾਰ ਆਦਿ ਮੌਜੂਦ ਸਨ ।

## ਮਨੁੱਖਤਾ ਦੇ ਭਲੇ ਲਈ ਖੂਨਦਾਨ ਕੈਂਪ ਲਗਾਇਆ



ਡਕਾਲਾ, 27 ਅਗਸਤ (ਗੁਰਜੀਤ ਸਿੰਘ ਢੋਟ) : ਮਨੁੱਖਤਾ ਦੇ ਭਲੇ ਲਈ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਟਿੱਲਾ ਬਾਬਾ ਸ੍ਰੀ ਚੰਦ ਜੀ ਦੇ ਅਸਥਾਨ ਡਕਾਲਾ ਵਿਖੇ ਕੈਂਪ ਕਮਾਂਡਰ ਮਨਵਿੰਦਰ ਸਿੰਘ ਮਨੀ ਟੋਹੜਾ ਰਾਮਗੜ੍ਹ ਦੀ ਅਗਵਾਈ ਹੇਠ ਚੌਥਾ ਖੂਨਦਾਨ ਕੈਂਪ ਲਗਾਇਆ ਗਿਆ। ਜਿਸ ਦਾ ਰਸਮੀ ਉਦਘਾਟਨ ਇਸ਼ਾ—ਮਾਨਵ (ਭੈਣ ਭਰਾ), ਬਲਜਿੰਦਰ ਕੌਰ—ਇੰਦਰਜੀਤ ਸਿੰਘ ਮਲਕਪੁਰ (ਪਤੀ ਪਤਨੀ), ਪਰਦੀਪ ਸਿੰਘ ਸਮਾਣਾ, ਸੋਨੂੰ ਬਲਬੇੜਾ, ਚਮਕੌਰ ਸਿੰਘ ਡਕਾਲਾ, ਗੁਰਜੰਟ ਸਿੰਘ ਨਨਾਨਸੂੰ, ਵਿਰਕਮ ਡਕਾਲਾ, ਗੁਰਪ੍ਰੀਤ ਪਟਿਆਲਾ ਤੇ ਗਗਨਦੀਪ ਪਿੱਪਲਖੇੜੀ ਨੇ ਵੀ ਖੂਨਦਾਨ ਕੀਤਾ। ਖੂਨਦਾਨੀਆਂ ਨੂੰ ਭੁਪਿੰਦਰ ਸਿੰਘ ਡਕਾਲਾ, ਗੁਰਮੀਤ ਸਿੰਘ ਜੋਸਨ ਤੇ ਰਣਜੀਤ ਸਿੰਘ ਝੰਡੀ ਨੇ ਸਰਟੀਫਿਕੇਟ ਤੇ ਗਮਛਾ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਦੀ ਸ਼ਲਾਘਾ ਕੀਤੀ।

## ਭਾਜਪਾ ਦੀਆਂ ਕੋਝੀਆਂ ਚਾਲਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ: ਜੌੜਾਮਾਜਰਾ

### ਜੌੜਾਮਾਜਰਾ ਦੀ ਟੀਮ ਤੇ ਚੇਅਰਮੈਨ ਗੱਜੂਮਾਜਰਾ ਨੇ ਕੇਂਦਰ ਦੀ ਧੱਕੇਸ਼ਾਹੀ ਵਿਰੁੱਧ ਹਲਕੇ ਦੇ ਪਿੰਡਾਂ ਵਿੱਚ ਲੋਕਾਂ ਨੂੰ ਕੀਤਾ ਜਾਗਰੂਕ




ਸਮਾਣਾ, 27 ਅਗਸਤ (ਸੁਖਜਿੰਦਰ ਸਿੰਘ ਕੁਲਾਰਾਂ/ਅਮਿਤ ਸ਼ਰਮਾ) : ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੀ ਟੀਮ ਅਤੇ ਮਾਰਕੀਟ ਕਮੇਟੀ ਸਮਾਣਾ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਨੇ ਕੇਂਦਰ ਸਰਕਾਰ ਵੱਲੋਂ ਕੇਂਦਰ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਹਲਕਾ ਸਮਾਣਾ ਦੇ ਪਿੰਡਾਂ ਵਿੱਚ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਬਲਕਾਰ ਸਿੰਘ ਗੱਜੂਮਾਜਰਾ ਦੀ ਇਸ ਟੀਮ ਵਿੱਚ ਜਗਤਾਰ ਸਿੰਘ ਸਰਪੰਚ, ਸੈਂਟੀ ਸਿੰਘ ਪਿੰਡ ਤਰੌੜਾ ਖੁਰਦ, ਸਤਗੁਰ ਸਿੰਘ ਸਰਪੰਚ, ਬਲਬੀਰ ਸਿੰਘ ਬੀਰੂ ਪਿੰਡ ਤਰੌੜਾ ਕਲਾਂ, ਸ਼ੇਰ ਸਿੰਘ ਸਰਪੰਚ, ਪਰਮਿੰਦਰ ਸਿੰਘ, ਹਰਦੀਪ ਸਿੰਘ, ਗੁਰਜੀਤ ਸਿੰਘ ਪਿੰਡ ਖੇੜੀ ਮੱਲਾਂ, ਸਰਪੰਚ ਬਲਵਿੰਦਰ ਸਿੰਘ ਬਿੰਦਾ, ਜੋਗਿੰਦਰ ਸਿੰਘ ਪੰਚ , ਸਾਬਕਾ ਸਰਪੰਚ ਭੋਲਾ ਪਿੰਡ ਸੈਂਸਰਵਾਲ ਆਦਿ ਸ਼ਾਮਲ ਸਨ।ਇਸ ਦੌਰਾਨ ਵਿਧਾਇਕ ਚੇਤਨ ਸਿੰਘ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਲੋਕਾਂ ਨੂੰ ਮੁਫ਼ਤ ਅਨਾਜ ਸਕੀਮ ਤੋਂ ਵਾਂਝਾ ਰੱਖਣ ਲਈ ਜੋ ਕੋਝੀਆਂ ਚਾਲਾਂ ਚੱਲ ਰਹੀ ਹੈ, ਪੰਜਾਬੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਅਜਿਹੀਆਂ ਚਾਲਾਂ ਨੂੰ ਕਦੇ ਕਾਮਯਾਬ ਨਹੀਂ ਹੋਣ ਦੇਣਗੇ। ਉਨ੍ਹਾਂ ਨੇ ਕੇਂਦਰ ਸਰਕਾਰ ਵੱਲੋਂ ਜਨਤਕ ਵੰਡ ਪ੍ਰਣਾਲੀ ਤਹਿਤ 55 ਲੱਖ ਪੰਜਾਬੀਆਂ ਨੂੰ ਮੁਫ਼ਤ ਅਨਾਜ ਸਕੀਮ ਤੋਂ ਵਾਂਝਾ ਰੱਖਣ ਦੇ ਫ਼ੈਸਲੇ ਦੀ ਅਲੋਚਨਾ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕੇ.ਵਾਈ.ਸੀ. ਦੀ ਰਜਿਸਟ੍ਰੇਸ਼ਨ ਨਾ ਹੋਣ ਦਾ ਬਹਾਨਾ ਬਣਾ ਕੇ ਪਹਿਲਾਂ 23 ਲੱਖ ਲੋਕਾਂ ਦਾ ਮੁਫ਼ਤ ਰਾਸ਼ਨ ਬੰਦ ਕਰ ਦਿੱਤਾ ਗਿਆ ਹੈ, ਜਦਕਿ 32 ਲੱਖ ਹੋਰ ਲੋਕਾਂ ਦਾ ਮੁਫ਼ਤ ਰਾਸ਼ਨ ਬੰਦ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ।ਇਸ ਦੌਰਾਨ ਪਿੰਡਾਂ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਬਲਕਾਰ ਸਿੰਘ ਗੱਜੂਮਾਜਰਾ ਨੇ ਕਿਹਾ ਕਿ ਇਕ ਸਾਜ਼ਿਸ ਦੇ ਅਧੀਨ ਭਾਰਤੀ ਜਨਤਾ ਪਾਰਟੀ ਪੰਜਾਬ ਤੇ ਪੰਜਾਬੀਆਂ ਨੂੰ ਨਿਸ਼ਾਨਾ ਬਣਾ ਰਹੀ ਹੈ। ਉਨ੍ਹਾ ਕਿਹਾ ਕਿ ਭਾਜਪਾ ਤਿੰਨ ਕਾਲੇ ਕਾਨੂੰਨਾਂ ਦੀ ਕਿੜ ਕੱਢ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਆਪਣੇ ਮਨਸੂਬਿਆਂ ਵਿੱਚ ਕਦੇ ਵੀ ਸਫਲ ਨਹੀਂ ਹੋਵੇਗੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਹੱਕਾਂ 'ਤੇ ਡਾਕਾ ਮਾਰਨ ਵਾਲਿਆਂ ਖਿਲਾਫ ਆਵਾਜ਼ ਬੁਲੰਦ ਕਰੇਗੀ।ਭਾਜਪਾ ਵੱਲੋਂ ਪੰਜਾਬ ਵਿੱਚ 8 ਲੱਖ 2 ਹਜ਼ਾਰ 493 ਰਾਸ਼ਨ ਕਾਰਡ ਰੱਦ ਕਰਨ ਦੀਆਂ ਘਟੀਆ ਚਾਲਾਂ ਚੱਲੀਆਂ ਜਾ ਰਹੀਆਂ ਹੈ। ਕੇਂਦਰ ਦੇ ਇਸ ਫ਼ੈਸਲੇ ਨਾਲ ਸੂਬੇ ਦੇ 32 ਲੱਖ ਲੋਕਾਂ ਨੂੰ ਮੁਫ਼ਤ ਰਾਸ਼ਨ ਦੇ ਹੱਕ ਤੋਂ ਮਹਿਰੂਮ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬੀ ਕੇਂਦਰ ਸਰਕਾਰ ਦੇ ਦਬਾਅ ਪਾਉਣ ਵਾਲੇ ਇਨ੍ਹਾਂ ਹੱਥਕੰਡਿਆਂ ਅੱਗੇ ਨਹੀਂ ਝੁਕਣਗੇ ਅਤੇ ਨਾ ਹੀ ਆਪਣੇ ਜਾਇਜ਼ ਹੱਕਾਂ ਨੂੰ ਛੱਡਣਗੇ।

ਖ਼ਾਲਸਾ ਪ੍ਰਚਾਰ ਮਿਸ਼ਨ ਪਟਿਆਲਾ ਵੱਲੋਂ ਚੌਥਾ ਮਹਾਨ
21 ਰੋਜ਼ਾ ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ
**28 ਅਗਸਤ 2025 ਦਿਨ ਵੀਰਵਾਰ**
**ਗੁਰਦੁਆਰਾ ਸਾਹਿਬ ਦਸ਼ਮੇਸ਼ ਨਗਰ-ਏ, ਤ੍ਰਿਪੜੀ, ਪਟਿਆਲਾ**
ਵਿਖੇ ਸ਼ਾਮ 7 ਤੋਂ 9 ਵਜੇ ਤੱਕ ਹੋਵੇਗਾ।



# ਪਟਿਆਲਾ-ਆਸ/ਪਾਸ



## ਵਿਧਾਇਕ ਸ਼ੁਤਰਾਣਾ ਅਤੇ ਚੇਅਰਮੈਨ ਬਰਾੜ ਵੱਲੋਂ ਘੱਗਰ ਦਰਿਆ ਸਮੇਤ ਚੰਬੋ ਚੋਅ ਦਾ ਨਿਰੀਖਣ

### ਲੋਕਾਂ ਨੂੰ ਅਫਵਾਹਾਂ ਤੋਂ ਬਚਣ ਦੀ ਅਪੀਲ



ਪਾਤੜਾਂ, 27 ਅਗਸਤ (ਹਰਮਿੰਦਰ ਕਰਤਾਰਪੁਰ): ਪੰਜਾਬ ਸਮੇਤ ਸਮੁੱਚੇ ਹਿਮਾਚਲ ਪ੍ਰਦੇਸ਼ ਵਿੱਚ ਪੈ ਰਹੇ ਭਾਰੀ ਮੀਂਹ ਦੇ ਚੱਲਦਿਆਂ ਅੱਜ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਅਤੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਵਲੋਂ ਘੱਗਰ ਦਰਿਆ,ਮੇਮੀਆ ਡਰੇਨ ਅਤੇ ਚੰਬੋ ਚੋਅ ਦਾ ਨਿਰੀਖਣ ਕੀਤਾ ਗਿਆ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਫਿਲਹਾਲ ਘੱਗਰ ਦਰਿਆ ਦੇ ਪਾਣੀ ਤੋਂ ਕੋਈ ਖਤਰਾ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਕਿਹਾ ਕਿ ਸਬ ਡਵੀਜ਼ਨ ਪਾਤੜਾਂ ਵਿੱਚ ਲਗਾਤਾਰ ਪੈ ਰਹੇ ਭਾਰੀ ਮੀਂਹ ਦੇ ਚੱਲਦਿਆਂ ਘੱਗਰ ਦਰਿਆ ਨਾਲ ਲੱਗਦੇ ਨੀਵੇਂ ਇਲਾਕਿਆਂ ਵਿੱਚ ਪਾਣੀ ਜ਼ਰੂਰ ਇਕੱਠਾ ਹੋਇਆ ਹੈ, ਜੋ ਮੇਮੀਆ ਡਰੇਨ ਰਾਹੀਂ ਘੱਗਰ ਦਰਿਆ ਵਿੱਚ ਜਾ ਰਿਹਾ ਹੈ। ਉਨ੍ਹਾਂ ਘੱਗਰ ਨਾਲ ਲੱਗਦੇ ਪਿੰਡਾਂ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਅਫਵਾਹਾਂ ਉੱਪਰ ਯਕੀਨ ਨਾ ਕਰਨ ਜੇਕਰ ਉਨ੍ਹਾਂ ਕੋਲ ਹੜ੍ਹ ਨਾਲ ਸਬੰਧਤ ਕੋਈ ਜਾਣਕਾਰੀ ਆਉਂਦੀ ਹੈ ਤਰੁੰਤ ਲੋਕਲ ਪ੍ਰਸ਼ਾਸਨ ਨਾਲ ਤਾਲਮੇਲ ਕੀਤਾ ਜਾਵੇ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਇਹ ਵੀ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਗਾਤਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਨਿਰੀਖਣ ਕੀਤਾ ਜਾ ਰਿਹਾ ਹੈ ਅਤੇ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਦੀ ਪ੍ਰਸ਼ਾਸਨ ਵੱਲੋਂ ਮਦਦ ਕੀਤੀ ਜਾ ਰਹੀ ਹੈ। ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਵੱਲੋਂ ਚੰਬੋ ਚੋਅ ਦੇ ਨਾਲ ਲੱਗਦੇ ਪਿੰਡਾਂ ਦਾ ਜਾਇਜ਼ਾ ਲੈਣ ਤੋਂ ਬਾਅਦ ਦੱਸਿਆ ਕਿ ਫਿਲਹਾਲ ਸਥਿਤੀ ਕਾਬੂ ਹੇਠ ਹੈ ਪ੍ਰਸ਼ਾਸਨ ਨੂੰ ਸਮੁੱਚੀ ਸਥਿਤੀ ਉੱਪਰ ਤਿੱਖੀ ਨਜ਼ਰ ਰੱਖਣ ਦੀਆਂ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਮੌਕੇ ਪ੍ਰਧਾਨ ਪ੍ਰੀਤ ਗਿੱਲ,ਸਰਪੰਚ ਜਗਸੀਰ ਸਿੰਘ ਧਾਲੀਵਾਲ ਰਸੌਲੀ, ਚੇਅਰਮੈਨ ਲਖਵਿੰਦਰ ਸਿੰਘ ਗਲੋਲੀ,ਰਾਨਾ ਇਸ਼ਵਰ ਰਸੌਲੀ, ਕੁਲਦੀਪ ਸਿੰਘ ਥਿੰਦ, ਸਰਪੰਚ ਲਖਵਿੰਦਰ ਸਿੰਘ ਜੇਮੂ,ਸਰਪੰਚ ਹਰਦੀਪ ਸਿੰਘ ਠਰੂਆ,ਸਰਪੰਚ ਸੰਦੀਪ ਸਿੰਘ ਤੇਈਪੁਰ, ਸਰਪੰਚ ਹਰਦੀਪ ਸਿੰਘ ਸੰਧੂ, ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਯੂਥ ਪ੍ਰਧਾਨ ਮਨਵੀਰ ਸਿੰਘ ਮੋਨਾ ਸੰਧੂ ਮਲੇਵਾਲਾ,ਸਰਪੰਚ ਸਤਿਗੁਰ ਸਿੰਘ ਧੂਹੜ, ਸਰਪੰਚ ਭੁਪਿੰਦਰ ਸਿੰਘ ਭਿੰਡਾ ਮੰਮੀ,ਗੁਰਜੰਟ ਬਾਦਸ਼ਾਹ,ਨਿਸ਼ਾਨ ਸਿੰਘ ਠਰੂਆ ਸਮੇਤ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਪ੍ਰਮੁੱਖ ਤੌਰ 'ਤੇ ਹਾਜ਼ਰ ਸੀ।

## 13 ਸਤੰਬਰ ਨੂੰ ਲੱਗੇਗੀ ਕੌਮੀ ਲੋਕ ਅਦਾਲਤ

ਪਟਿਆਲਾ, 27 ਅਗਸਤ (ਵਿਨੋਦ ਸ਼ਰਮਾ) : ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਹਰਿੰਦਰ ਸਿੱਧੂ ਦੀ ਯੋਗ ਅਗਵਾਈ ਹੇਠ ਚੈੱਕ ਬਾਊਂਸ ਕੇਸਾਂ, ਪੈਸੇ ਦੀ ਵਸੂਲੀ ਦੇ ਕੇਸ, ਲੇਬਰ ਅਤੇ ਰੁਜ਼ਗਾਰ ਝਗੜਿਆਂ ਦੇ ਕੇਸ, ਬਿਜਲੀ, ਪਾਣੀ ਦੇ ਬਿੱਲਾਂ ਅਤੇ ਹੋਰ ਬਿੱਲਾਂ ਦੇ ਭੁਗਤਾਨ ਦੇ ਕੇਸ (ਨਾਨ-ਕੰਪਾਊਂਡੇਬਲ ਨੂੰ ਛੱਡ ਕੇ), ਰੱਖ-ਰਖਾਅ ਦੇ ਕੇਸ, ਹੋਰ ਫੌਜਦਾਰੀ ਕੰਪਾਊਂਡੇਬਲ ਕੇਸ ਅਤੇ ਹੋਰ ਦੀਵਾਨੀ ਝਗੜੇ ਅਤੇ ਅਦਾਲਤਾਂ ਵਿੱਚ ਲੰਬਿਤ ਕੇਸਾਂ ਨਾਲ ਸਬੰਧਤ ਟ੍ਰਿਬਿਊਨਲ ਜਿਵੇਂ ਕਿ ਕ੍ਰਿਮੀਨਲ ਕੰਪਾਊਂਡੇਬਲ ਔਫੈਂਸ, ਚੈੱਕ ਬਾਊਂਸ ਕੇਸ, ਮਨੀ ਰਿਕਵਰੀ ਕੇਸ, ਐਮ.ਏ.ਸੀ.ਟੀ ਕੇਸ, ਲੇਬਰ ਅਤੇ ਰੁਜ਼ਗਾਰ ਝਗੜੇ ਦੇ ਕੇਸ, ਬਿਜਲੀ, ਪਾਣੀ ਦੇ ਬਿੱਲ ਅਤੇ ਹੋਰ ਬਿੱਲ ਭੁਗਤਾਨ ਕੇਸ (ਨਾਨ-ਕੰਪਾਊਂਡੇਬਲ ਨੂੰ ਛੱਡ ਕੇ), ਵਿਆਹੁਤਾ ਝਗੜੇ (ਤਲਾਕ ਨੂੰ ਛੱਡ ਕੇ), ਜ਼ਮੀਨ ਗ੍ਰਹਿਣ ਮਾਮਲੇ (ਸਿਵਲ ਅਦਾਲਤਾਂ/ਟ੍ਰਿਬਿਊਨਲਾਂ ਅੱਗੇ ਲੰਬਿਤ), ਤਨਖ਼ਾਹ ਅਤੇ ਭੱਤਿਆਂ ਅਤੇ ਸੇਵਾਮੁਕਤੀ ਲਾਭਾਂ, ਮਾਲ ਕੇਸਾਂ ਆਦਿ ਨਾਲ ਸਬੰਧਤ ਕੇਸਾਂ ਲਈ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਮਿਤੀ 13.9.2025 ਦਿਨ ਸ਼ਨੀਵਾਰ ਨੂੰ ਜ਼ਿਲ੍ਹਾ ਪਟਿਆਲਾ ਵਿੱਚ ਕੀਤਾ ਜਾਵੇਗਾ। ਇਸ ਮੰਤਵ ਲਈ ਪਟਿਆਲਾ, ਰਾਜਪੁਰਾ, ਸਮਾਣਾ ਅਤੇ ਨਾਭਾ ਵਿਖੇ ਨਿਆਂਇਕ ਅਦਾਲਤਾਂ ਦੇ ਬੈਂਚਾਂ ਦਾ ਗਠਨ ਕੀਤਾ ਜਾਵੇਗਾ। ਸੀ.ਜੇ.ਐਮ./ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਅਮਨਦੀਪ ਕੰਬੋਜ ਨੇ ਦੱਸਿਆ ਕਿ ਲੋਕ ਅਦਾਲਤਾਂ ਦਾ ਮੁੱਖ ਉਦੇਸ਼ ਸਮਝੌਤਿਆਂ ਰਾਹੀਂ ਝਗੜਿਆਂ ਨੂੰ ਸੁਲਝਾਉਣਾ ਹੈ। ਇਸ ਦਾ ਉਦੇਸ਼ ਸ਼ਾਮਲ ਧਿਰਾਂ ਲਈ ਸਮਾਂ ਅਤੇ ਪੈਸਾ ਬਚਾਉਣਾ ਅਤੇ ਉਹਨਾਂ ਵਿਚਕਾਰ ਨਿੱਜੀ ਦੁਸ਼ਮਣੀ ਨੂੰ ਘਟਾਉਣਾ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਗੈਰ-ਕੰਪਾਊਂਡੇਬਲ ਅਪਰਾਧਿਕ ਕੇਸਾਂ ਨੂੰ ਛੱਡ ਕੇ, ਹਰ ਕਿਸਮ ਦੇ ਕੇਸ, ਇੱਥੋਂ ਤੱਕ ਕਿ ਮੁਕੱਦਮੇਬਾਜ਼ੀ ਤੋਂ ਪਹਿਲਾਂ ਦੇ ਪੜਾਅ 'ਤੇ ਵੀ, ਲੋਕ ਅਦਾਲਤਾਂ ਵਿੱਚ ਸੁਲਝਾਉਣ/ਜਾਂ ਨਿਪਟਾਰੇ ਲਈ ਪੇਸ਼ ਕੀਤੇ ਜਾ ਸਕਦੇ ਹਨ।

## ਡਾ. ਬਲਬੀਰ ਸਿੰਘ ਵੱਲੋਂ ਨਵਜਾਤ ਬੱਚੇ ਦਾ ਸਿਰ ਮਿਲਣ ਦੀ ਘਟਨਾ ਦਾ ਜਾਇਜ਼ਾ ਲੈਣ ਲਈ ਰਜਿੰਦਰਾ ਹਸਪਤਾਲ ਦਾ ਦੌਰਾ



ਪਟਿਆਲਾ, 27 ਅਗਸਤ (ਰੁਪਾਣਾ) : ਪੰਜਾਬ ਦੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਬੀਤੀ ਰਾਤ ਪਟਿਆਲਾ ਦੇ ਸਰਕਾਰੀ ਰਜਿੰਦਰਾ ਹਸਪਤਾਲ ਵਿਖੇ ਨਵਜਾਤ ਬੱਚੇ ਸਿਰ ਮਿਲਣ ਦੀ ਘਟਨਾ ਦਾ ਜਾਇਜ਼ਾ ਲੈਣ ਲਈ ਹਸਪਤਾਲ ਦਾ ਦੌਰਾ ਕੀਤਾ ਅਤੇ ਅਜਿਹੀ ਘਟਨਾ ਮੁੜ ਨਾ ਵਾਪਰੇ, ਬਾਰੇ ਢੁਕਵੇਂ ਕਦਮ ਉਠਾਉਣ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪੈਦਾ ਹੋਏ ਅਣਚਾਹੇ ਬੱਚਿਆਂ ਦੀ ਸੰਭਾਲ ਲਈ ਪੰਘੂੜੇ ਲਗਾਏ ਜਾਣਗੇ ਅਤੇ ਜਿਹੜੇ ਮਾਪੇ ਪੇਟ 'ਚ ਮਰੇ ਹੋਏ ਬੱਚਿਆਂ ਦੀਆਂ ਅੰਤਿਮ ਰਸਮਾਂ ਨਿਭਾਉਣ ਤੋਂ ਕਿਸੇ ਕਾਰਨ ਅਸਮਰੱਥ ਹੁੰਦੇ ਹਨ, ਅਜਿਹੇ ਬੱਚਿਆਂ ਦੇ ਮ੍ਰਿਤਕ ਸਰੀਰ ਸਮੇਟਣ ਲਈ ਵੀ ਕਦਮ ਠੋਸ ਉਠਾਏ ਜਾਣਗੇ। ਸਿਹਤ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਬੱਚਿਆਂ ਨੂੰ ਕੂੜੇ ਦੇ ਢੇਰਾਂ ਉਤੇ ਨਾ ਸੁੱਟਣ ਸਗੋਂ ਸਰਕਾਰੀ ਹਸਪਤਾਲ ਜਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਸੌਂਪਣ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਟਿਆਲਾ ਦੇ ਸਰਕਾਰੀ ਰਜਿੰਦਰਾ ਹਸਪਤਾਲ ਦੀ ਘਟਨਾ ਦੀ ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬੱਚੇ ਦੇ ਪਿਉ ਨੇ ਹੀ ਮਰੇ ਪੈਦਾ ਹੋਏ ਬੱਚੇ ਦੇ ਸਰੀਰ ਨੂੰ ਲਪੇਟਕੇ ਹਸਪਤਾਲ ਦੇ ਕੂੜੇ ਦੇ ਢੇਰ 'ਤੇ ਸੁੱਟ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਂਜ ਇਸ ਘਟਨਾ ਦੀ ਫਾਰੈਂਸਿਕ ਜਾਂਚ ਤੋਂ ਇਲਾਵਾ ਪੁਲਿਸ ਵੱਲੋਂ ਵੀ ਪੜਤਾਲ ਕੀਤੀ ਜਾ ਰਹੀ ਹੈ। ਇਸ ਦੌਰਾਨ ਡਾ. ਬਲਬੀਰ ਸਿੰਘ ਨੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ, ਏ.ਡੀ.ਸੀ. ਸਿਮਰਪ੍ਰੀਤ ਕੌਰ, ਮੈਡੀਕਲ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਆਰ.ਪੀ.ਐਸ. ਸਿਬੀਆ, ਮੈਡੀਕਲ ਸੁਪਰਡੈਂਟ ਡਾ. ਵਿਸ਼ਾਲ ਚੋਪੜਾ ਅਤੇ ਐਸ.ਪੀ. ਸਿਟੀ ਪਲਵਿੰਦਰ ਸਿੰਘ ਚੀਮਾ ਤੇ ਡਾ. ਅੰਕਿਤ ਨਾਰੰਗ ਨਾਲ ਇੱਕ ਉਚ ਪੱਧਰੀ ਬੈਠਕ ਵੀ ਕੀਤੀ। ਸਿਹਤ ਮੰਤਰੀ ਨੇ ਹਦਾਇਤ ਕੀਤੀ ਅਜਿਹੀ ਦੁਖਦਾਈ ਤੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਮੁੜ ਨਾ ਵਾਪਰਨ ਸਬੰਧੀ ਢੁਕਵੇਂ ਉਪਾਅ ਕਰਕੇ ਕਿਸੇ ਤਰ੍ਹਾਂ ਦੀ ਵੀ ਕੁਤਾਹੀ ਤੋਂ ਬਚਿਆ ਜਾਵੇ। ਉਨ੍ਹਾਂ ਨੇ ਹਸਪਤਾਲ ਵਿੱਚ ਸੁਰੱਖਿਆ ਪ੍ਰਬੰਧਾਂ, ਕੂੜੇ ਦੇ ਢੇਰਾਂ 'ਤੇ ਸੀਸੀਟੀਵੀ ਕੈਮਰਿਆਂ ਸਮੇਤ ਅਵਾਰਾ ਕੁੱਤਿਆਂ ਦੇ ਹੱਲ ਲਈ ਵੀ ਚਰਚਾ ਕੀਤੀ। ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ 'ਚ ਮਿਸਾਲੀ ਸੁਧਾਰ ਕੀਤੇ ਹਨ ਤੇ ਰਜਿੰਦਰਾ ਹਸਪਤਾਲ 'ਚ ਦਹਾਕਿਆਂ ਪੁਰਾਣੀਆਂ ਹੋਰ ਸਮੱਸਿਆਵਾਂ ਦੇ ਹੱਲ ਸਮੇਤ ਚੂਹਿਆਂ ਦੀ ਸਮੱਸਿਆ ਦਾ ਵੀ ਹੱਲ ਕੀਤਾ ਹੈ ਅਤੇ ਹੁਣ ਇੱਥੇ ਘੁੰਮਦੇ ਅਵਾਰਾ ਕੁੱਤਿਆਂ ਦਾ ਮਸਲਾ ਵੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਕ ਕਾਰਜਵਿਧੀ 'ਤੇ ਕੰਮ ਕਰਕੇ ਹੱਲ ਕੀਤਾ ਜਾਵੇਗਾ। ਡਾ. ਬਲਬੀਰ ਸਿੰਘ ਨੇ ਪਸ਼ੂ ਪ੍ਰੇਮੀਆਂ 'ਤੇ ਖਾਸ ਕਰਕੇ ਅਵਾਰਾ ਕੁੱਤਿਆਂ ਨੂੰ ਪਿਆਰ ਕਰਨ ਵਾਲਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਕੁੱਤਿਆਂ ਨੂੰ ਹਸਪਤਾਲਾਂ ਵਿੱਚੋਂ ਬਾਹਰ ਕਰਨ ਲਈ ਸਰਕਾਰ ਦੀ ਮਦਦ ਕਰਨ।

## ਜ਼ਿਲ੍ਹਾ ਬਾਰ ਐਸੋਸੀਏਸ਼ਨ ਦੀ ਮੀਟਿੰਗ

ਪਟਿਆਲਾ, 27 ਅਗਸਤ (ਵਿਨੋਦ ਸ਼ਰਮਾ) : ਜ਼ਿਲ੍ਹਾ ਬਾਰ ਐਸੋਸੀਏਸ਼ਨ ਦੀ ਮੀਟਿੰਗ ਜੋ ਜਿਲ੍ਹਾ ਬਾਰ ਐਸੋ: ਦੇ ਪ੍ਰਧਾਨ ਮਨਵੀਰ ਸਿੰਘ ਟਿਵਾਣਾ ਅਤੇ ਬਾਰ ਦੇ ਹੋਰ ਅਹੁਦੇਦਾਰਾਂ ਅਤੇ ਐਗਜੈਕਟਿਵ ਮੈਂਬਰਾਂ ਵੱਲੋਂ ਕੀਤੀ ਗਈ। ਇਸ ਮੀਟਿੰਗ ਵਿਚ ਜ਼ਿਲ੍ਹਾ ਦੇ ਸਮੂਹ ਮੈਂਬਰ ਅਤੇ ਹੋਰ ਸੀਨੀਅਰ ਵਕੀਲ ਵੀ ਹਾਜ਼ਰ ਸਨ। ਇਸ ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਇੱਕ ਮੁੱਦਾ ਉਠਾਇਆ ਗਿਆ ਕਿ ਕਿ ਇਸ ਭਾਰੀ ਮੀਂਹ ਦੌਰਾਨ ਕਿਸੇ ਤਰ੍ਹਾਂ ਦਾ ਕੋਈ ਐਡਵਰਸ ਆਰਡਰ ਨਾ ਪਾਸ ਕੀਤਾ ਜਾਵੇ। ਇਸ ਸਬੰਧੀ ਸਮੂਹ ਜੁਡੀਸ਼ੀਅਲ ਅਧਿਕਾਰੀਆਂ ਨੂੰ ਜ਼ਿਲ੍ਹਾ ਬਾਰ ਦੇ ਮੈਂਬਰਾਂ ਨੇ ਅਤੇ ਹੋਰ ਅਹੁਦੇਦਾਰਾਂ ਨੇ ਬੇਨਤੀ ਕੀਤੀ।

## ਸਿੱਧੂ ਨੇ ਬਤੌਰ ਸੁਪਰਡੈਂਟ ਦਾ ਚਾਰਜ ਸੰਭਾਲਿਆ

ਪਟਿਆਲਾ, 27 ਅਗਸਤ (ਰੁਪਾਣਾ) : ਦਫ਼ਤਰ ਡਿਪਟੀ



ਡਾਇਰੈਕਟਰ ਪਸ਼ੂ ਪਾਲਣ ਕੈਟਲ ਫਾਰਮ ਰੌਣੀ ਪਟਿਆਲਾ ਵਿਖੇ ਗੁਰਬੰਤ ਸਿੰਘ ਸਿੱਧੂ ਵੱਲੋਂ ਬਤੌਰ ਸੁਪਰਡੈਂਟ ਗਰੇਡ-2 ਦਾ ਚਾਰਜ ਸੰਭਾਲ ਲਿਆ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਨਵੇਂ ਆਏ ਸੁਪਰਡੈਂਟ ਗੁਰਬੰਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਆਪਣੀ ਡਿਊਟੀ ਮਿਹਨਤ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਕਿਸੇ ਨੂੰ ਵੀ ਕੋਈ ਸਮੱਸਿਆ ਦਿੱਕਤ ਪ੍ਰੇਸ਼ਾਨੀ ਪੇਸ਼ ਨਹੀਂ ਆਉਣ ਦੇਣਗੇ। ਇਸ ਮੌਕੇ 'ਤੇ ਦਫਤਰ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਕੈਟਲ ਫਾਰਮ ਰੌਣੀ ਦੇ ਸਮੂਹ ਕਰਮਚਾਰੀਆਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਇਸ ਮੌਕੇ ਹਰਨਾਂ ਤੋਂ ਇਲਾਵਾ ਡਾ ਰਾਜੀਵ ਗਰੋਵਰ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਕੈਟਲ ਫਾਰਮ ਰੌਣੀ , ਸੁਰਿੰਦਰਜੀਤ ਸਿੰਘ ਸਾਬਕਾ ਸੁਪਰਡੈਂਟ, ਜਗਦੀਸ਼ ਸਿੰਘ ਸਾਬਕਾ ਸੁਪਰਡੈਂਟ ਤੇ ਹੋਰ ਸਟਾਫ ਮੈਂਬਰ ਸਾਹਿਬਾਨ ਵੀ ਹਾਜ਼ਰ ਸਨ ।ਨਵੇਂ ਆਏ ਸੁਪਰਡੈਂਟ ਗੁਰਬੰਤ ਸਿੰਘ ਸਿੱਧੂ ਦਾ ਸਮੂਹ ਦਫਤਰ ਦੇ ਕਰਮਚਾਰੀ ਸਵਾਗਤ ਕਰਦੇ ਹੋਏ।

## ਮਾਤਾ ਗੁਜਰੀ ਸਕੂਲ ਗੁਥਮੜਾ ਦੀਆਂ ਵਿਦਿਆਰਥਣਾਂ ਵੱਲੋਂ ਕਿਕ ਬਾਕਸਿੰਗ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



ਦੇਵੀਗੜ੍ਹ, 27 ਅਗਸਤ (ਗੁਰਜੀਤ ਸਿੰਘ ਢੋਟ): ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ, ਗੁਥਮੜਾ ਦੀਆਂ ਵਿਦਿਆਰਥਣਾਂ ਨੇ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਆਯੋਜਿਤ 69ਵੀਂ ਗਰਮ ਰੁੱਤ ਜੋਨਲ ਸਕੂਲ ਪੱਧਰੀ ਖੇਡਾਂ (ਕਿਕ ਬਾਕਸਿੰਗ) ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਕਈ ਮੈਡਲ ਆਪਣੇ ਨਾਮ ਕਰ ਲਏ। ਇਹ ਮੁਕਾਬਲੇ ਡਾ. ਬੀ.ਐਸ. ਸੰਧੂ ਮੈਮੋਰੀਅਲ ਸਕੂਲ, ਜੁਲਾਹਖੇੜੀ ਵਿਖੇ 19 ਅਗਸਤ ਨੂੰ ਕਰਵਾਏ ਗਏ ਸਨ।ਸਕੂਲ ਦੀ ਲੜਕੀਆਂ ਦੀ ਟੀਮ ਨੇ ਅੰਡਰ-14 ਵਿੱਚ 9 ਮੈਡਲ ਜਿੱਤ ਕੇ ਆਪਣੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਅੰਡਰ-14 :7 ਗੋਲਡ 2 ਸਿਲਵਰ ਮੈਡਲ ਇਹ ਜਿੱਤ ਸਕੂਲ ਦੀ ਟੀਮ ਦੀ ਲਗਨ, ਅਨੁਸ਼ਾਸਨ ਅਤੇ ਕੋਚਿੰਗ ਦੀ ਉਤਕ੍ਰਿਸ਼ਟਤਾ ਦਾ ਪਰਿਣਾਮ ਹੈ। ਵਿਦਿਆਰਥੀਆਂ ਦੀ ਇਸ ਉਪਲੱਬਧੀ 'ਤੇ ਸਕੂਲ ਦੇ ਪ੍ਰੈਜ਼ੀਡੈਂਟ ਮੈਡਮ ਰਵਿੰਦਰ ਕੌਰ, ਡਾਇਰੈਕਟਰ ਸ. ਭੁਪਿੰਦਰ ਸਿੰਘ, ਪ੍ਰਿੰਸੀਪਲ ਮੈਡਮ ਮਮਤਾ ਮੱਕੜ ਅਤੇ ਕੋਚ ਸ. ਹਰਦੀਪ ਕੁਮਾਰ ਨੇ ਸਮੂਹ ਖਿਡਾਰਨਾਂ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਉਨ੍ਹਾਂ ਕਿਹਾ ਕਿ ਇਹ ਜਿੱਤ ਨਾ ਸਿਰਫ਼ ਸਕੂਲ ਦੇ ਨਾਂ ਨੂੰ ਉੱਚਾ ਕਰਦੀ ਹੈ, ਸਗੋਂ ਇਲਾਕੇ ਦੇ ਹੋਰ ਵਿਦਿਆਰਥੀਆਂ ਨੂੰ ਵੀ ਖੇਡਾਂ ਵੱਲ ਉਤਸ਼ਾਹਿਤ ਕਰੇਗੀ। ਕੋਚ ਸ. ਹਰਦੀਪ ਕੁਮਾਰ ਨੇ ਦੱਸਿਆ ਕਿ ਟੀਮ ਹੁਣ ਰਾਜ ਪੱਧਰੀ ਮੁਕਾਬਲਿਆਂ ਲਈ ਤਿਆਰੀ ਕਰ ਰਹੀ ਹੈ, ਜਿੱਥੇ ਵੀ ਉਹ ਹੋਰ ਉਚਾਈਆਂ ਹਾਸਲ ਕਰਨ ਲਈ ਉਤਸ਼ਾਹਤ ਹਨ।

## ਜ਼ਮੀਨੀ ਵਿਵਾਦ ਨੂੰ ਲੈ ਕੇ ਕਿਸਾਨ ਨੇ ਨਿਗਲਿਆ ਜ਼ਹਿਰ, ਮੌਤ

### ਪੰਜ ਵਿਰੁੱਧ ਮਾਮਲਾ ਦਰਜ

ਸਮਾਣਾ, 27 ਅਗਸਤ (ਵਿਜੇ ਕੁਮਾਰ) : ਸਮਾਣਾ ਹਲਕੇ ਦੇ ਪਿੰਡ ਰਾਮ ਨਗਰ ਵਿਖੇ ਜਮੀਨੀ ਵਿਵਾਦ ਨੂੰ ਲੈ ਕੇ ਚੱਲ ਰਹੀ ਆਪਸੀ ਤਕਰਾਰਬਾਜ਼ੀ ਤੋਂ ਦੁਖੀ ਹੋ ਕੇ ਇੱਕ ਕਿਸਾਨ ਨੇ ਜ਼ਹਿਰੀਲੀ ਦਵਾਈ ਨਿਗਲ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮਾਮਲੇ ਦੇ ਜਾਂਚ ਅਧਿਕਾਰੀ ਰਾਮਨਗਰ ਪੁਲਿਸ ਦੇ ਏ.ਐਸ.ਆਈ. ਦਰਸ਼ਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਗੁਰ ਧਿਆਨ ਸਿੰਘ (55) ਦੇ ਪੁੱਤਰ ਸੁਖਦੀਪ ਸਿੰਘ ਵੱਲੋਂ ਦਰਜ ਕਰਵਾਏ ਬਿਆਨ ਅਨੁਸਾਰ ਉਸ ਦੇ ਪਿਤਾ ਦਾ ਆਪਣੇ ਭਰਾਵਾਂ ਨਾਲ ਜਮੀਨ ਦੀ ਤਕਸੀਮ ਨੂੰ ਲੈ ਕੇ ਤਕਰਾਰਬਾਜ਼ੀ ਚੱਲ ਰਹੀ ਸੀ। ਮੰਗਲਵਾਰ ਦੁਪਹਿਰ ਬਾਦ ਉਸ ਦਾ ਪਿਤਾ ਗੁਰਧਿਆਨ ਸਿੰਘ ਬਿਨਾਂ ਦੱਸੇ ਘਰੋਂ ਚਲਾ ਗਿਆ। ਸ਼ਾਮ ਸਮੇਂ ਭਾਲ ਕਰਨ 'ਤੇ ਉਸ ਨੂੰ ਬੇਸੁੱਧ ਹਾਲਤ ਵਿੱਚ ਖੇਤ ਦੀ ਮੋਟਰ ਕੋਲ ਪਾਇਆ, ਜਿਸ ਨੂੰ ਬੇਸੁੱਧ ਹਾਲਤ ਵਿੱਚ ਰਜਿੰਦਰਾ ਹਸਪਤਾਲ ਪਟਿਆਲਾ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਅਨੁਸਾਰ ਮ੍ਰਿਤਕ ਦੀ ਜੇਬ ਵਿੱਚੋਂ ਇੱਕ ਸੁਸਾਈਡ ਨੋਟ ਮਿਲਿਆ ਹੈ। ਜਿਸ ਦੇ ਆਧਾਰ 'ਤੇ ਕੁਲਦੀਪ ਸਿੰਘ, ਦਰਸ਼ਨ ਸਿੰਘ, ਰਣਜੀਤ ਕੌਰ, ਦਵਿੰਦਰ ਸਿੰਘ ਤੇ ਪਲਵਿੰਦਰ ਸਿੰਘ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ, ਜਦੋਂਕਿ ਮ੍ਰਿਤਕ ਦੀ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ।

## ਡੀ.ਸੀ. ਵੱਲੋਂ ਜ਼ਿਲ੍ਹਾ ਵਾਤਾਵਰਣ ਕਮੇਟੀ ਦੀ ਮੀਟਿੰਗ 'ਚ ਐਨ.ਜੀ.ਟੀ. ਦੇ ਹੁਕਮਾਂ ਦੀ ਪਾਲਣਾ ਯਕੀਨੀ ਬਣਾਉਣ 'ਤੇ ਜ਼ੋਰ

ਪਟਿਆਲਾ, 27 ਅਗਸਤ (ਰੁਪਾਣਾ) : ਪੰਜਾਬ ਸਰਕਾਰ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਤੋਂ ਲੈ ਕੇ ਨਦੀਆਂ, ਦਰਿਆਵਾਂ ਅਤੇ ਨਾਲਿਆਂ ਦੇ ਪਾਣੀ ਨੂੰ ਸਾਫ਼ ਸੁਥਰਾ ਬਣਾਏ ਰੱਖਣ ਅਤੇ ਵਾਤਾਵਰਣ ਨੂੰ ਖੁਸ਼ਹਾਲ ਰੱਖਣ ਲਈ ਵਚਨਬੱਧ ਹੈ। ਇਸ ਗੱਲ ਦਾ ਪ੍ਰਗਟਾਵਾ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ ਪ੍ਰੀਤੀ ਯਾਦਵ ਨੇ ਜ਼ਿਲ੍ਹਾ ਵਾਤਾਵਾਰਣ ਕਮੇਟੀ ਦੀ ਅਹਿਮ ਮੀਟਿੰਗ ਦੌਰਾਨ ਕੀਤਾ। ਉਹਨਾਂ ਅਧਿਕਾਰੀਆਂ ਨੂੰ ਕੌਮੀ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਅਤੇ ਸੂਬਾ ਸਰਕਾਰ ਵੱਲੋਂ ਜਾਰੀ ਕੀਤੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਹਦਾਇਤ ਕੀਤੀ। ਉਹਨਾਂ ਮੀਟਿੰਗ ਵਿੱਚ ਸੋਲਿਡ ਵੇਸਟ ਰੂਲਜ਼ 2016, ਬਾਇਓਮੈਡੀਕਲ ਵੇਸਟ ਰੂਲਜ਼, ਈ-ਵੇਸਟ ਰੂਲਜ਼, ਐਮਬੀਏਂਟ ਕੁਆਲਟੀ, ਵਾਟਰ ਮੈਨੇਜਮੈਂਟ, ਇੰਡਸਟ੍ਰੀਅਲ ਵੇਸਟ ਮੈਨੇਜਮੈਂਟ ਦੀ ਸਮੀਖਿਆ ਕੀਤੀ ਅਤੇ ਇਹਨਾਂ ਨਿਯਮਾਂ ਦੀ ਪਾਲਣਾ ਕਰਨ ਲਈ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ । ਡਿਪਟੀ ਕਮਿਸ਼ਨਰ ਨੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਨਗਰ ਨਿਗਮ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਕਾਰਜ ਸਾਧਕ ਅਧਿਕਾਰੀਆਂ, ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਜ਼ਿਲ੍ਹੇ ਦੀ ਆਬੋ ਹਵਾ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਇਕ ਵਾਰ ਵਰਤੋਂ 'ਚ ਆਉਣ ਵਾਲੇ ਪਲਾਸਟਿਕ ਦੀਆਂ ਵਸਤਾਂ ਨਾ ਵਰਤਣ ਲਈ ਮੁਹਿੰਮ ਚਲਾਈ ਜਾਵੇ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਵਿਚੋਂ ਨਿਕਲਦੇ ਕੂੜੇ ਨੂੰ ਗਿੱਲੇ ਤੇ ਸੁੱਕੇ ਕੂੜੇ ਦੇ ਰੂਪ ' ਚ ਵੱਖ-ਵੱਖ ਕਰਕੇ ਹੀ ਕੂੜੇ ਨੂੰ ਚੁਕਵਾਉਣ। ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਅਤੇ ਨਗਰ ਕੌਂਸਲਾਂ ਦੇ ਕਾਰਜਸਾਧਕ ਅਫ਼ਸਰਾਂ ਨੂੰ ਹਦਾਇਤਾਂ ਦਿੱਤੀਆਂ ਕਿ 100 ਫੀਸਦੀ ਡੋਰ-ਟੂ-ਡੋਰ ਕੂੜਾ ਇਕੱਠਾ ਕਰਨ ਅਤੇ ਉਸਦੀ ਢੁੱਕਵੀਂ ਸੈਗਰੀਗੇਸ਼ਨ ਯਕੀਨੀ ਬਣਾਈ ਜਾਵੇ। ਉਹਨਾਂ ਕਿਹਾ ਕਿ ਐਨ.ਜੀ.ਟੀ. ਦੀਆਂ ਹਦਾਇਤਾਂ ਦੀ ਪੂਰੀ ਇੰਨ ਬਿੰਨ ਪਾਲਣਾ ਹੋਣੀ ਚਾਹੀਦੀ ਹੈ ਅਤੇ ਇਸ ਸਬੰਧੀ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀ ਕੀਤੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਈ.ਓਜ਼ ਬੂਟਾ ਸਿੰਘ, ਮੁਕੇਸ਼ ਸ਼ਿਗਲਾ, ਬਲਜਿੰਦਰ ਸਿੰਘ, ਪਰਵਿੰਦਰ ਸਿੰਘ, ਵਿਕਾਸ ਧਵਨ, ਇੰਜ: ਪੀ.ਪੀ.ਸੀ.ਬੀ. ਕੰਵਲਦੀਪ ਕੌਰ, ਇੰਜ: ਪ੍ਰਿਤਪਾਲ ਕੌਰ ਤੋ ਇਲਾਵਾ ਨਗਰ ਕੌਂਸਲ, ਨਗਰ ਨਿਗਮ, ਡਰੇਨ ਵਿਭਾਗ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ 31 ਨੂੰ

ਸਮਾਣਾ, 27 ਅਗਸਤ (ਵਿਜੇ ਕੁਮਾਰ): ਸ੍ਰੀ ਗੁਰੂ ਤੇਗ਼ ਬਹਾਦਰ ਜੀ, ਭਾਈ ਮਤੀ ਦਾਸ ਜੀ,ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲ਼ਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 421ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 31 ਅਗਸਤ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਲੰਗਰ ਘਰ ਸਮਾਣਾ ਵਿਖੇ ਕਰਵਾਇਆ ਜਾ ਰਿਹਾ ਹੈ। ਸਮਾਗਮ ਸੰਬਧੀ ਗਿਆਨੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਕਰਵਾਏ ਜਾ ਰਹੇ ਇਸ ਸਮਾਰੋਹ ਦੌਰਾਨ 29 ਅਗਸਤ ਨੂੰ ਸਵੇਰੇ 10 ਵਜੇ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਵੇਗਾ। 31 ਅਗਸਤ ਨੂੰ ਸਵੇਰੇ 9 ਵਜੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਇਆ ਜਾਵੇਗਾ , ਜਿਸ ਵਿਚ ਕਥਾਵਾਚਕ



ਭਾਈ ਮਾਨ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਰਾਗੀ ਸਿੰਘ ਭਾਈ ਕਮਲ਼ਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਭਾਈ ਜਗਨਜੋਤ ਸਿੰਘ ਗੁਰਦੁਆਰਾ ਥੜ੍ਹਾ ਸਾਹਿਬ ਸਮਾਣਾ ਵਾਲੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਨਿਹਾਲ ਕਰਨਗੇ। ਉਨ੍ਹਾਂ ਇਹ ਵੀ ਦੱਸਿਆ ਕਿ 29 ਅਗਸਤ ਦਿਨ ਸ਼ੁੱਕਰਵਾਰ ਨੂੰ ਸਵੇਰੇ 10.30 ਵਜੇ ਵੱਖ-ਵੱਖ ਗਰੁੱਪਾਂ ਦੇ ਬੱਚਿਆਂ ਦੇ ਦਸਤਾਰ ਮੁਕਾਬਲੇ ਕਰਵਾਏ ਜਾਣਗੇ ਅਤੇ ਇਨਾਮ ਦਿੱਤੇ ਜਾਣਗੇ।

## ਗੁੰਮੇ ਮੋਬਾਇਲ ਅਸਲ ਮਾਲਕਾਂ ਨੂੰ ਕੀਤੇ ਸਪੁਰਦ : ਐਸ.ਐਸ.ਪੀ.

ਮਲੇਰਕੋਟਲਾ, 27 ਅਗਸਤ (ਚ.ਨ.ਸ.): ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸੱਤਪਾਲ ਸ਼ਰਮਾਂ ਅਤੇ ਉੱਪ ਕਪਤਾਨ ਪੁਲਿਸ (ਸਥਾਨਕ) ਮਾਨਵਜੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਥਾਣਾ ਸਾਈਬਰ ਕਰਾਈਮ ਦੀ ਟੀਮ ਵੱਲੋਂ ਗੁੰਮ ਹੋਏ ਮੋਬਾਇਲ ਫੋਨ CEIR (Central Equipment Identity Register) ਪੋਰਟਲ ਰਾਹੀਂ 52 ਮੋਬਾਇਲ ਫੋਨ ਟਰੇਸ ਕਰ ਕੇ ਅਸਲ ਮਾਲਕਾਂ ਦੇ ਸਪੁਰਦ ਕੀਤੇ ਗਏ ਹਨ। ਇਨ੍ਹਾਂ ਮੋਬਾਇਲਾਂ ਦੀ ਕੀਮਤ 10 ਲੱਖ 04 ਹਜਾਰ ਰੁਪਏ ਦੇ ਕਰੀਬ ਹੈ। ਸਾਈਬਰ ਕਰਾਈਮ ਦੀ ਟੀਮ ਵੱਲੋਂ ਹੁਣ ਤੱਕ CEIR ਪੋਰਟਲ ਰਾਹੀਂ ਕਰੀਬ 250 ਗੁੰਮ ਹੋਏ ਮੋਬਾਇਲ ਫੋਨ ਟਰੇਸ ਕਰ ਕੇ ਅਸਲ ਮਾਲਕਾਂ ਦੇ ਸਪੁਰਦ ਕੀਤੇ ਜਾ ਚੁੱਕੇ ਹਨ। ਹੁਣ ਤੱਕ ਸਪੁਰਦ ਕੀਤੇ ਮੋਬਾਇਲ ਫੋਨਾਂ ਦੀ ਕੀਮਤ 40 ਲੱਖ 04 ਹਜ਼ਾਰ ਰੁਪਏ ਦੇ ਕਰੀਬ ਹੈ। ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਨੇ ਆਮ ਪਬਲਿਕ ਨੂੰ



CEIR (Central Equipment Identity Register) ਪੋਰਟਲ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਲਗਾਤਾਰ ਵੱਧ ਰਹੇ ਸਾਈਬਰ ਕਰਾਈਮ ਨੂੰ ਰੋਕਣ ਅਤੇ ਜਾਗਰੂਕ ਕਰਨ ਲਈ ਜਿਲ੍ਹੇ ਦੇ ਵੱਖ-2 ਸਕੂਲਾਂ, ਕਾਲਜਾਂ ਅਤੇ ਪਿੰਡਾਂ ਵਿੱਚ ਲਗਾਤਾਰ ਸਾਈਬਰ ਜਾਗਰੂਕ ਸੈਮੀਨਾਰ ਲਗਾਏ ਜਾ ਰਹੇ ਹਨ । ਉਹਨਾਂ ਕਿਹਾ ਕਿ ਜ਼ਿਲ੍ਹੇ ਦੇ ਵੱਖ-2 ਪਬਲਿਕ ਸਥਾਨਾਂ ਉੱਪਰ ਸਾਈਬਰ ਕਰਾਈਮ ਸਬੰਧੀ ਜਾਗਰੂਕ ਕਰਨ ਲਈ ਫਲੈਕਸ ਬੋਰਡ, ਪੈਂਫਲੇਟ ਅਤੇ ਇਸ਼ਤਿਹਾਰਬਾਜ਼ੀ ਰਾਹੀਂ ਮੁਹਿੰਮ ਚਲਾਈ ਜਾ ਰਹੀ ਹੈ। ਉਹਨਾਂ ਜੇਕਰ ਕਿਸੇ ਨਾਲ ਸਾਈਬਰ ਸਬੰਧੀ ਧੋਖਾਧੜੀ ਹੁੰਦੀ ਹੈ, ਤਾਂ ਤੁਰੰਤ ਹੈਲਪਲਾਈਨ ਨੰਬਰ 1930 'ਤੇ ਕਾਲ ਕੀਤੀ ਜਾ ਸਕਦੀ ਹੈ ਜਾਂ www.cybercrime.gov.in 'ਤੇਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

## ਅੱਖਾਂ ਦੇ ਕੈਂਪ ਦੌਰਾਨ ਅਪ੍ਰੇਸ਼ਨ ਤੇ ਲੈਂਜ਼ ਪਾਏ

ਰਾਜਪੁਰਾ, 27 ਅਗਸਤ (ਚ.ਨ.ਸ.): ਬਾਬਾ ਬਲਵੰਤ ਸਿੰਘ ਦੁੱਧਾਧਾਰੀ ਚੈਰੀਟੇਬਲ ਅੱਖਾਂ ਦਾ ਹਸਪਤਾਲ ਅਤੇ ਲੈਬੋਰੇਟਰੀ ਵੱਲੋਂ ਅੱਜ ਗੁਰਦੁਆਰਾ ਡੇਰਾ ਬਾਬਾ ਬਲਵੰਤ ਸਿੰਘ ਦੂਧਾਧਾਰੀ ਪੁਰਾਣਾ ਰਾਜਪੁਰਾ ਵਿਖੇ 51 ਲੋੜਵੰਦ ਮਰੀਜ਼ਾਂ ਦੇ ਮੁਫਤ ਅਪ੍ਰੇਸ਼ਨ ਅਤੇ ਲੈਂਜ ਪਾਏ ਗਏ। ਇਨ੍ਹਾਂ ਸਾਰੇ ਅਪ੍ਰੇਸ਼ਨਾਂ ਦੀ ਸੇਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਗਈ।

## ਦੋ ਵੱਖ-ਵੱਖ ਰੇਡਾਂ ਦੌਰਾਨ ਨਾਜਾਇਜ਼ ਸ਼ਰਾਬ ਦੀਆਂ 35 ਬੋਤਲਾਂ ਸਮੇਤ ਦੋ ਕਾਬੂ

ਸਮਾਣਾ, 27 ਅਗਸਤ (ਵਿਜੇ ਕੁਮਾਰ) : ਪੁਲਿਸ ਨੇ ਦੋ ਵੱਖ-ਵੱਖ ਮਾਮਲਿਆਂ ਵਿੱਚ ਦੋ ਵਿਅਕਤੀਆਂ ਨੂੰ 35 ਬੋਤਲਾਂ ਨਾਜਾਇਜ਼ ਸ਼ਰਾਬ ਸਣੇ ਕਾਬੂ ਕਰਕੇ ਉਨ੍ਹਾਂ ਖਿਲਾਫ ਐਕਸਾਈਜ਼ ਐਕਟ ਦੀਆਂ ਧਾਰਾਵ ਤਹਿਤ ਮਾਮਲਾ ਦਰਜ ਕੀਤਾ ਹੈ।ਮੁਲਜ਼ਮਾਂ ਦੀ ਪਛਾਣ ਮੰਗਾ ਸਿੰਘ ਵਾਸੀ ਪਿੰਡ ਮਰੋੜੀ ਅਤੇ ਹਰਮੀਤ ਸਿੰਘ ਵਾਸੀ ਡੇਰਾ ਬਸਤੀ ਗੋਬਿੰਦ ਨਗਰ ਸਮਾਣਾ ਵਜੋਂ ਹੋਈ।ਸਿਟੀ ਪੁਲਿਸ ਦੇ ਏ.ਐਸ. ਆਈ ਧਰਮਿੰਦਰ ਸਿੰਘ ਨੇ ਦੱਸਿਆ ਕਿ ਉਹ ਪੁਲਿਸ ਪਾਰਟੀ ਸਣੇ ਅਗਰਸੈਨ ਚੌਂਕ 'ਚ ਮੌਜੂਦ ਸੀ, ਕਿ ਇਤਲਾਹ ਮਿਲੀ ਕਿ ਦੋਸ਼ੀ ਸਰਾਬ ਵੇਚਣ ਲਈ ਭਾਖੜਾ ਨਹਿਰ ਪਾਸ ਖੜ੍ਹਾ ਹੈ ਤੇ ਰੇਡ ਕਰਕੇ ਮੁਲਜਮ ਨੂੰ 17 ਬੋਤਲਾਂ ਮਾਲਟਾ ਹਰਿਆਣਾ ਮਾਰਕਾ ਸਣੇ ਕਾਬੂ ਕਰ ਲਿਆ।ਇਸੇ ਤਰ੍ਹਾਂ ਇੱਕ ਹੋਰ ਮਾਮਲੇ 'ਚ ਮਵੀਕਲਾਂ ਪੁਲਿਸ ਦੇ ਏ.ਐਸ.ਆਈ ਰਣਜੀਤ ਸਿੰਘ ਸਣੇ ਪੁਲਿਸ ਪਾਰਟੀ ਪਿੰਡ ਅਰਾਈਮਾਜਰਾ ਬੱਸ ਅਡਾ ਮੌਜੂਦ ਸੀ, ਕਿ ਇਤਲਾਹ ਮਿਲੀ ਕਿ ਮੁਲਜ਼ਮ ਬਸ ਅੱਡਾ ਮਰਦਾਂਹੇੜੀ ਨੂੰ ਜਾਂਦੇ ਸੂਏ ਵਿਚਕਾਰ ਖਤਾਨਾਂ ਵਿੱਚ ਨਾਜਾਇਜ਼ ਸ਼ਰਾਬ ਰੱਖ ਕੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ, ਨੂੰ ਮੌਕੇ ਤੇ ਰੇਡ ਕਰਕੇ 18 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕਰ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮਾਂ ਨੂੰ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ।

## ਅਮਰੀਕਾ 'ਚ ਭਾਰਤੀ ਪੰਜਾਬੀ ਡਰਾਈਵਰਾਂ ਦੇ ਲਾਇਸੈਂਸ ਰੱਦ ਹੋਣੇ ਬੰਦ ਕਰਵਾਏ ਜਾਣ: ਪ੍ਰੋ. ਬਡੂੰਗਰ

ਪਟਿਆਲਾ, 27 ਅਗਸਤ (ਰੁਪਾਣਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਮਰੀਕਾ ਵਿੱਚ ਭਾਰਤੀ ਪੰਜਾਬੀ ਡਰਾਈਵਰਾਂ ਦੇ ਲਾਇਸੈਂਸ ਜੋ ਰੱਦ ਕਰਨੇ ਸ਼ੁਰੂ



ਕਰ ਦਿੱਤੇ ਹਨ, ਜਿਸ ਦੇ ਨਤੀਜੇ ਵਜੋਂ ਉਹ ਡਰਾਈਵਰ ਭਾਰਤ ਪੰਜਾਬ ਵਾਪਸ ਆਉਣ ਲਈ ਮਜਬੂਰ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਤਾਂ ਪਹਿਲਾਂ ਹੀ ਭਾਰੀ ਬੇਰੁਜ਼ਗਾਰੀ ਫੈਲੀ ਹੋਈ ਹੈ, ਇਥੋਂ ਦੇ ਬੇਰੁਜ਼ਗਾਰ ਬੱਚੇ ਨਮੋਸ਼ੀ ਕਾਰਨ ਨਸ਼ਿਆਂ ਅਤੇ ਹੋਰ ਭੈੜੀਆਂ ਵਾਦੀਆਂ ਦਾ ਸ਼ਿਕਾਰ ਹੋ ਰਹੇ ਹਨ । ਉਨ੍ਹਾਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਅਮਰੀਕੀ ਰਾਸ਼ਟਰਪਤੀ ਸ਼੍ਰੀ ਡੋਨਾਲਡ ਟਰੰਪ ਨਾਲ ਉਚੇਚੇ ਤੌਰ ਉੱਤੇ ਇਸ ਗੰਭੀਰ ਮਸਲੇ ਉੱਤੇ ਵਿਚਾਰ ਕਰਕੇ ਮਾਮਲੇ ਨੂੰ ਹੱਲ ਕਰਵਾਇਆ ਜਾਵੇ।ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਇਸ ਪੱਤਰ ਦਾ ਇੱਕ ਉਤਾਰਾ ਭਾਰਤ ਦੇ ਵਿਦੇਸ਼ ਮੰਤਰੀ ਡਾ. ਸੁਆਮੀ ਜੈ ਸ਼ੰਕਰ ਨੂੰ ਭੇਜ ਕੇ ਬੇਨਤੀ ਕੀਤੀ ਕਿ ਉਹ ਵੀ ਇਸ ਗੰਭੀਰ ਸਮੱਸਿਆ ਦਾ ਯੋਗ ਤੇ ਸਨਮਾਨਯੋਗ ਹੱਲ ਕਰਵਾਉਣ ਹਿੱਤ ਆਪਣਾ ਪੂਰਨ ਯੋਗਦਾਨ ਪਾਉਣ ਦੀ ਖੇਚਲ ਕਰਨ।

## ਸ੍ਰੀ ਵਾਮਨ ਦੁਆਦਸ਼ੀ ਦੇ ਪਵਿੱਤਰ ਤਿਉਹਾਰ ਨੂੰ ਮਨਾਉਣ ਸਬੰਧੀ ਸਨਾਤਨ ਧਰਮ ਸਭਾ ਪ੍ਰਚਾਰ ਕਮੇਟੀ ਦੀ ਮੀਟਿੰਗ

ਪਟਿਆਲਾ, 27 ਅਗਸਤ (ਚ.ਨ.ਸ.) : ਸ਼੍ਰੀ ਵਾਮਨ ਦੁਆਦਸ਼ੀ ਦੇ ਪਵਿੱਤਰ ਤਿਉਹਾਰ ਨੂੰ ਪੂਰੀ ਸ਼ਰਧਾ ਅਤੇ ਅਨੁਸ਼ਾਸਿਤ ਢੰਗ ਨਾਲ ਮਨਾਉਣ ਲਈ ਸ਼੍ਰੀ ਸਨਾਤਨ ਧਰਮ ਸਭਾ ਦੀ ਧਰਮ ਪ੍ਰਚਾਰ ਕਮੇਟੀ ਦੀ ਇੱਕ ਮੀਟਿੰਗ ਸਭਾ ਦੇ ਪ੍ਰਧਾਨ ਲਾਲ ਚੰਦ ਜਿੰਦਲ ਅਤੇ ਜਨਰਲ ਸਕੱਤਰ ਅਨਿਲ ਗੁਪਤਾ ਦੀ ਪ੍ਰਧਾਨਗੀ ਹੇਠ ਐਸ.ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ ਆਰੀਆ ਸਮਾਜ ਚੌਕ ਵਿਖੇ ਹੋਈ। ਇਸ ਮੀਟਿੰਗ ਵਿੱਚ 4—9—2025 ਦਿਨ ਵੀਰਵਾਰ ਨੂੰ ਸ਼੍ਰੀ ਵਾਮਨ ਦੁਆਦਸ਼ੀ ਦੇ ਪਵਿੱਤਰ ਤਿਉਹਾਰ ਨੂੰ ਮਨਾਉਣ ਲਈ ਸਾਰੇ ਵਿਸ਼ਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।ਇਸ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਇਸ ਤਿਉਹਾਰ ਨੂੰ ਮਨਾਉਣ ਲਈ ਸ਼੍ਰੀ ਸਨਾਤਨ ਧਰਮ ਸਭਾ ਵੱਲੋਂ ਪ੍ਰਧਾਨ ਲਾਲ ਚੰਦ ਜਿੰਦਲ ਅਤੇ ਜਨਰਲ ਸਕੱਤਰ ਅਨਿਲ ਗੁਪਤਾ ਦੀ ਅਗਵਾਈ ਹੇਠ ਕਿਲਾ ਚੌਕ ਵਿੱਚ ਇੱਕ ਸ਼ਾਨਦਾਰ ਸਟੇਜ ਸਜਾਈ ਜਾਵੇਗੀ, ਜਿਸ ਵਿੱਚ ਸਾਰੀਆਂ ਝਾਕੀਆਂ ਅਤੇ ਟਿੱਪਰੀਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਮੁਕਾਬਲੇ ਵਿੱਚ ਸ਼ਾਮਲ ਕੀਤਾ ਜਾਵੇਗਾ। ਧਰਮ ਪ੍ਰਚਾਰ ਸਕੱਤਰ ਡਾ. ਐਨ. ਕੇ. ਸ਼ਰਮਾ ਨੇ ਕਿਹਾ ਕਿ ਹਰ ਸਾਲ ਵਾਂਗ ਤਜਰਬੇਕਾਰ ਜੱਜਾਂ ਦੀ ਇੱਕ ਟੀਮ ਝਾਕੀਆਂ ਅਤੇ ਟਿੱਪਰੀਆਂ ਆਦਿ ਦਾ ਮੁਲਾਂਕਣ ਕਰੇਗੀ ਅਤੇ ਬਾਅਦ ਵਿੱਚ ਪਹਿਲੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 5100/— ਰੁਪਏ, ਦੂਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ ਲਈ 3100/— ਰੁਪਏ ਅਤੇ ਤੀਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 2100/— ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਸ਼੍ਰੀ ਸਨਾਤਨ ਧਰਮ ਸਭਾ ਵੱਲੋਂ ਸਾਰੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇੱਕ ਪੱਤਰ ਭੇਜਿਆ ਜਾਵੇਗਾ, ਜਿਸ ਵਿੱਚ ਮੰਗ ਕੀਤੀ ਜਾਵੇਗੀ ਕਿ ਉਸ ਦਿਨ ਸ਼ਹਿਰ ਵਿੱਚ ਆਵਾਜਾਈ ਦੇ ਢੁਕਵੇਂ ਪ੍ਰਬੰਧ ਕੀਤੇ ਜਾਣ ਅਤੇ ਸਮਾਜ ਵਿਰੋਧੀ ਅਨਸਰਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇ।ਸਭਾ ਵੱਲੋਂ ਸਾਰੀਆਂ ਮਾਰਕੀਟ ਕਮੇਟੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ—ਆਪਣੇ ਬਾਜ਼ਾਰਾਂ ਵਿੱਚ ਸਜਾਵਟ ਅਤੇ ਲੰਗਰ ਆਦਿ ਦਾ ਪ੍ਰਬੰਧ ਕਰਨ। ਗਰਮੀ ਦੇ ਮੌਸਮ ਕਾਰਨ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਦੀ ਵੀ ਅਪੀਲ ਕੀਤੀ ਗਈ। ਧਰਮ ਪ੍ਰਚਾਰ ਕਮੇਟੀ ਨੇ ਸਾਰੇ ਝਾਂਕੀ ਬਣਾਉਣ ਵਾਲਿਆਂ ਅਤੇ ਟਿੱਪਰੀ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ ਨਿਰਧਾਰਤ ਰਸਤੇ ਦੀ ਹੀ ਪਾਲਣਾ ਕਰਨ ਅਤੇ ਖਤਰਨਾਕ ਸਟੰਟ ਕਰਨ ਤੋਂ ਗੁਰੇਜ਼ ਕਰਨ।ਝਾਂਕੀਆਂ ਅਤੇ ਟਿੱਪਰਿਆਂ ਦਾ ਰੂਟ ਦਰਸ਼ਨੀ ਗੇਟ, ਸਰਹਿੰਦੀ ਬਾਜ਼ਾਰ, ਕੱਟੜਾ ਸਾਹਿਬ ਸਿੰਘ, ਦੋ ਪਾਰਕ, ਅਰਨਾ ਬਾਰਨਾ ਚੌਂਕ, ਜੋੜੀਆਂ ਭੱਟੀਆਂ, ਅਨਾਰਦਾਨਾ ਚੌਂਕ, ਏ.ਟੈਂਕ, ਪੁਰਾਣੀ ਕੋਤਵਾਲੀ ਚੌਂਕ, ਕਸੇਰਾ ਚੌਂਕ, ਗੁੜ ਮੰਡੀ, ਮਿਰਚ ਬਜਾਰ, ਸਨੋਰੀ ਅੱਡਾ, ਕਿਲਾ ਚੌਂਕ ਤੇ ਆ ਕੇ ਸਮਾਪਤ ਹੋਵੇਗੀ।ਇਸ ਮੌਕੇ ਸਭਾ ਦੇ ਮੀਤ ਪ੍ਰਧਾਨ ਰਾਕੇਸ਼ ਕੁਮਾਰ, ਪਵਨ ਜਿੰਦਲ, ਤ੍ਰਿਭੁਵਨ ਗੁਪਤਾ, ਡਾ: ਐਨ.ਕੇ. ਸ਼ਰਮਾ, ਵਰੁਣ ਜਿੰਦਲ, ਪ੍ਰਿੰਸੀਪਲ ਰਿਪੁਦਮਨ ਸਿੰਘ ਆਦਿ ਵੀ ਹਾਜ਼ਰ ਸਨ।

## ਡੀ.ਸੀ. ਨੇ ਨਗਰ ਨਿਗਮ/ਨਗਰ ਕੌਂਸਲਾਂ/ਨਗਰ ਪੰਚਾਇਤਾਂ ਨੂੰ ਕੰਮ ਵਿੱਚ ਤੇਜ਼ੀ ਲਿਆਉਣ ਦੇ ਦਿੱਤੇ ਨਿਰਦੇਸ਼




ਪਟਿਆਲਾ, 27 ਅਗਸਤ (ਚ.ਨ.ਸ.) : ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਕਾਰੀ ਕੰਮਕਾਜ ਨੂੰ ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਮਹੀਨਾਵਾਰ ਮੀਟਿੰਗ ਦੌਰਾਨ ਨਗਰ ਕੌਂਸਲਾਂ, ਨਗਰ ਪੰਚਾਇਤਾਂ ਅਤੇ ਨਗਰ ਨਿਗਮਾਂ ਦੇ ਦਫ਼ਤਰੀ ਕਾਰਜਾਂ, ਟੈਕਸ ਵਸੂਲੀ ਅਤੇ ਲੋਕ ਭਲਾਈ ਦੇ ਨਾਲ ਸਬੰਧਤ ਕਾਰਜਾਂ ਦੀ ਸਮੀਖਿਆ ਕੀਤੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੋਕਾਂ ਨੂੰ ਵਧੀਆ ਸਹੂਲਤਾਂ ਪ੍ਰਦਾਨ ਕਰਨਾ ਹਰੇਕ ਵਿਭਾਗ ਦੀ ਜਿੰਮੇਵਾਰੀ ਹੈ। ਇਸ ਮੌਕੇ ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਵੀ ਮੌਜੂਦ ਸਨ।ਡਿਪਟੀ ਕਮਿਸ਼ਨਰ ਨੇ ਪਬਲਿਕ ਹਿੱਤਾਂ ਲਈ ਆਨ ਲਾਈਨ ਕੰਮ ਜਿਵੇਂ ਕਿ ਨਕਸ਼ੇ ਪਾਸ ਕਰਨਾ ਆਦਿ ਮਿਆਦ ਅੰਦਰ ਕਰਨ ਦੇ ਹੁਕਮ ਜਾਰੀ ਕੀਤੇ। ਇਸ ਤੋਂ ਇਲਾਵਾ ਉਹਨਾਂ ਨਗਰ ਨਿਗਮ ਅਤੇ ਨਗਰ ਕੌਂਸਲਾਂ ਨੂੰ ਆਪਣੀ ਆਮਦਨ ਵਿੱਚ ਵਾਧਾ ਕਰਨ ਲਈ ਓਟੀਐਸ (ਵਨ ਟਾਈਮ ਸੈਟਲਮੈਂਟ) ਸਕੀਮ ਅਧੀਨ ਵੱਧ ਤੋਂ ਵੱਧ ਪ੍ਰਾਪਰਟੀ ਟੈਕਸ ਦੀ ਕੁਲੈਕਸ਼ਨ ਕਰਨ ਦੇ ਨਿਰਦੇਸ਼ ਵੀ ਜਾਰੀ ਕੀਤੇ।ਡਿਪਟੀ ਕਮਿਸ਼ਨਰ ਨੇ ਸਟਰੀਟ ਲਾਈਟਾਂ 100 ਫੀਸਦੀ ਚਾਲੂ ਹਾਲਤ ਵਿੱਚ ਰੱਖਣ ਅਤੇ ਸੜਕਾਂ ਦੀ ਤੁਰੰਤ ਰਿਪੇਅਰ ਕਰਨ ਦੇ ਨਿਰਦੇਸ਼ ਜਾਰੀ ਕੀਤੇ । ਉਹਨਾਂ ਨਗਰ ਨਿਗਮ ਅਤੇ ਨਗਰ ਕੌਂਸਲਾਂ ਨੂੰ ਹਦਾਇਤ ਕੀਤੀ ਕਿ ਪਸ਼ੂ ਪਾਲਣ ਵਿਭਾਗ ਨਾਲ ਤਾਲਮੇਲ ਕਰਕੇ ਅਵਾਰਾ ਕੁੱਤਿਆਂ ਦੀ ਵੈਕਸੀਨੇਸ਼ਨ ਅਤੇ ਅਵਾਰਾ ਪਸ਼ੂਆਂ ਦੀ ਸਾਂਭ ਸੰਭਾਲ ਕੀਤੀ ਜਾਵੇ। ਉਹਨਾਂ ਅਧਿਕਾਰੀਆਂ ਨੂੰ ਡੇਂਗੂ ਰੋਕਥਾਮ ਲਈ ਰੋਜ਼ਾਨਾ ਫੋਗਿੰਗ ਕਰਵਾਉਣ, ਸਵੱਛ ਪਾਣੀ ਦੀ ਵਰਤੋਂ ਲਈ ਕਲੋਰੀਨੇਸ਼ਨ ਕਰਨ, ਸ਼ਹਿਰ ਦੀ ਸਾਫ਼ ਸਫ਼ਾਈ ਦਾ ਵਿਸ਼ੇਸ਼ ਧਿਆਨ ਦੇਣ ਦੀ ਵੀ ਹਦਾਇਤ ਦਿੱਤੀ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

## ਅਨਮੋਲ ਨੇ ਜ਼ਿਲ੍ਹਾ ਪੱਧਰੀ ਕਰਾਟੇ ਮੁਕਾਬਲੇ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ



ਸਮਾਣਾ, 27 ਅਗਸਤ (ਜਵੰਦਾ): ਸੇਂਟ ਥੇਰੇਸਾ ਕਾਨਵੈਂਟ ਸਕੂਲ ਸਮਾਣਾ ਦੀ ਪ੍ਰਤਿਭਾਸ਼ਾਲੀ ਵਿਦਿਆਰਥਣ ਅਨਮੋਲ ਨੇ ਹਾਲ ਹੀ ਵਿੱਚ ਆਯੋਜਿਤ 69ਵੇਂ ਟੂਰਨਾਮੈਂਟ ਜ਼ਿਲ੍ਹਾ ਪੱਧਰੀ ਕਰਾਟੇ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਹਾਸਲ ਕੀਤਾ ਹੈ। ਇਸ ਉਪਲਬਧੀ ਨਾਲ ਸਕੂਲ ਪਰਿਵਾਰ, ਅਧਿਆਪਕਾਂ ਅਤੇ ਮਾਪਿਆਂ ਨੂੰ ਮਾਣ ਮਹਿਸੂਸ ਹੋ ਰਿਹਾ ਹੈ।ਮੁਕਾਬਲੇ ਵਿੱਚ ਜ਼ਿਲ੍ਹੇ ਭਰ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਸਕੂਲ ਦੀ ਪ੍ਰਿੰਸੀਪਲ ਸਿਸਟਰ ਸਨੀਤਾ ਨੇ ਇਸ ਮੌਕੇ ਤੇ ਆਪਣੀ ਖੁਸ਼ੀ ਪ੍ਰਗਟਾਈ ਅਤੇ ਇਸ ਸ਼ਾਨਦਾਰ ਉਪਲਬਧੀ ਲਈ ਸਭ ਨੂੰ ਵਧਾਈ ਦਿੱਤੀ। ਇਹ ਸਫਲਤਾ ਹੋਰ ਵਿਦਿਆਰਥੀਆਂ ਨੂੰ ਵੀ ਖੇਡਾਂ ਅਤੇ ਹੋਰ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਅਤੇ ਸਫਲਤਾ ਲਈ ਪ੍ਰੇਰਿਤ ਕਰੇਗੀ।

## ਪ੍ਰਸ਼ਾਸਨ ਵੱਲੋਂ ਸਕੂਲ ਪ੍ਰਿੰਸੀਪਲਾਂ ਤੇ ਕੌਂਸਲਰਾਂ ਲਈ ਬਾਲ ਸੁਰੱਖਿਆ ਅਤੇ ਸੋਸ਼ਲ ਮੀਡੀਆ ਜਾਗਰੂਕਤਾ 'ਤੇ ਵਰਕਸ਼ਾਪ



ਪਟਿਆਲਾ, 27 ਅਗਸਤ (ਚ.ਨ.ਸ.) : ਸੁਰੱਖਿਅਤ ਅਤੇ ਵਧੇਰੇ ਸੂਚਿਤ ਵਿਦਿਅਕ ਸਥਾਨਾਂ ਵੱਲ ਇੱਕ ਸਰਗਰਮ ਕਦਮ ਵਜੋਂ, ਅੱਜ ਪਟਿਆਲਾ ਜ਼ਿਲ੍ਹੇ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਕੌਂਸਲਰਾਂ ਲਈ 'ਸੁਰੱਖਿਅਤ ਸਿੱਖਣ ਵਾਤਾਵਰਨ ਬਣਾਉਣਾ: ਪੋਕਸੋ ਅਤੇ ਸੋਸ਼ਲ ਮੀਡੀਆ ਦੇ ਪ੍ਰਭਾਵ ਨੂੰ ਸਮਝਣਾ' ਵਿਸ਼ੇ 'ਤੇ ਇੱਕ ਵਰਕਸ਼ਾਪ ਥਾਪਰ ਇੰਸਟੀਟਿਊਟ ਆਫ ਇੰਜਨੀਅਰਿੰਗ ਅਤੇ ਤਕਨਾਲੋਜੀ ਵਿਖੇ ਆਯੋਜਿਤ ਕੀਤੀ ਗਈ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਮੁੱਖ ਮੰਤਰੀ ਫੀਲਡ ਅਫ਼ਸਰ ਸਤੀਸ਼ ਚੰਦਰ ਨੇ ਸਕੂਲਾਂ ਵਿੱਚ ਬਾਲ ਸੁਰੱਖਿਆ ਅਤੇ ਡਿਜੀਟਲ ਜਾਗਰੂਕਤਾ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਡਿਪਟੀ ਕਮਿਸ਼ਨਰ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਇਹ ਵਰਕਸ਼ਾਪ ਸਿੱਖਿਅਕਾਂ ਅਤੇ ਬਾਲ ਭਲਾਈ ਮਾਹਿਰਾਂ ਦੀ ਸਰਗਰਮ ਭਾਗੀਦਾਰੀ ਨਾਲ ਸਫ਼ਲਤਾ ਪੂਰਵਕ ਕਰਵਾਈ ਗਈ ਹੈ।ਇਸ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਮਨੋਵਿਗਿਆਨ ਵਿਭਾਗ ਦੇ ਮੁਖੀ ਡਾ. ਦਮਨਜੀਤ ਕੌਰ ਸੰਧੂ ਅਤੇ ਸੈਂਟਰ ਫਾਰ ਡਿਸਟੈਂਸ ਐਂਡ ਔਨਲਾਈਨ ਐਜੂਕੇਸ਼ਨ ਦੇ ਐਸੋਸੀਏਟ ਪ੍ਰੋਫੈਸਰ ਡਾ. ਨੈਨਾ ਸ਼ਰਮਾ ਨੇ ਮਾਹਰ ਸਿਖਲਾਈ ਪ੍ਰਦਾਨ ਕਰਦਿਆਂ ਬਾਲ ਸੁਰੱਖਿਆ ਅਤੇ ਮੀਡੀਆ ਪ੍ਰਭਾਵ ਦੇ ਮਨੋਵਿਗਿਆਨਕ ਅਤੇ ਸਮਾਜਿਕ ਪਹਿਲੂਆਂ 'ਤੇ ਮੁੱਖ ਸੂਝ ਸਾਂਝੀ ਕੀਤੀ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰੂਪਵੰਤ ਕੌਰ ਨੇ ਸੁਰੱਖਿਅਤ, ਸਮਾਵੇਸ਼ੀ ਅਤੇ ਜਵਾਬਦੇਹ ਸਿੱਖਣ ਵਾਤਾਵਰਨ ਬਣਾਉਣ ਲਈ ਸਮਰਪਣ ਲਈ ਪਤਵੰਤਿਆਂ, ਬੁਲਾਰਿਆਂ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ। ਰੂਪਵੰਤ ਕੌਰ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਸੰਵੇਦਨਸ਼ੀਲ ਮੁੱਦਿਆਂ ਤੇ ਮਾਹਰ ਮਨੋਵਿਗਿਆਨੀਆਂ ਤੋਂ ਸਕੂਲਾਂ ਦੇ ਪ੍ਰਿੰਸੀਪਲ ਅਤੇ ਕਾਉਂਸਲਰ ਨੂੰ ਸੰਵੇਦਨਸ਼ੀਲ ਟਰੇਨਿੰਗਜ਼ ਦੀ ਜ਼ਰੂਰਤ ਹੈ ਤਾਂ ਜੋ ਬੱਚਿਆਂ ਨੂੰ ਅਜਿਹੀ ਸਥਿਤੀਆਂ ਤੋਂ ਬਚਾਇਆ ਜਾ ਸਕੇ। ਇਸ ਟਰੇਨਿੰਗ ਵਿੱਚ ਬਾਲ ਵਿਕਾਸ ਅਤੇ ਪ੍ਰਾਜੈਕਟ ਅਫ਼ਸਰ, ਕਮ ਜ਼ਿਲ੍ਹ ਬਾਲ ਸੁਰੱਖਿਆ ਅਫ਼ਸਰ ਤ੍ਰਿਪਤਾ ਰਾਣੀ ਅਤੇ ਲੀਗਲ ਕਮ ਪ੍ਰੋਬੇਸ਼ਨ ਅਫ਼ਸਰ ਰਣਜੀਤ ਕੌਰ ਮੌਜੂਦ ਸਨ।